# ਅਣੂ ਕਹਾਣੀਆਂ

( ਮਿੰਨੀ ਕਹਾਣੀ ਸੰਗ੍ਰਹਿ )

ਸੰਪਾਦਕ

ਸੁਰਿੰਦਰ ਕੈਲੇ

ਅਣੂ ਮੰਚ ਲੁਧਿਆਣਾ

www.PunjabiLibrary.com

ANU KAHANIAN
(Mini Stories)

Edited by : Surinder Kailey

ਸੁਰਿੰਦਰ ਕੈਲੇ
234-ਐਫ, ਸ਼ਹੀਦ ਭਗਤ ਸਿੰਘ ਨਗਰ,
ਲੁਧਿਆਣਾ, ਭਾਰਤ-141002

ਪਹਿਲੀ ਵਾਰ:2013

ਮੁੱਲ: 200 ਰੁਪਏ

ਛਾਪਕ:
ਏਸ਼ੀਆ ਵਿਜ਼ਨਜ਼,
ਗੁਰਦੇਵ ਨਗਰ, ਲੁਧਿਆਣਾ।

ਪ੍ਰਕਾਸ਼ਕ : ਅਣੂ ਮੰਚ, ਲੁਧਿਆਣਾ।

# ਧੰਨਵਾਦ

*ਸੂਫੀ ਅਮਰਜੀਤ ਦਾ ਅਣੂ ਕਹਾਣੀਆਂ ਦੀ ਚੋਣ ਲਈ ਦਿਤੇ
ਸਹਿਯੋਗ ਲਈ।

*ਅਣੂ ਦੇ ਲੇਖਕਾਂ ਦਾ ਜਿਨਾਂ ਨੇ ਅਪਣੀਆਂ ਮਿੰਨੀ ਕਹਾਣੀਆਂ
ਭੇਜ ਕੇ ਰਚਨਾਤਮਕ ਸਹਿਯੋਗ ਦਿੱਤਾ।

*ਅਣੂ ਦੇ ਪਾਠਕਾਂ ਦਾ ਜਿਨਾਂ ਸਦਕਾ ਅਣੂ ਨੇ ਨਿਰੰਤਰ
ਚਾਲੀ ਸਾਲਾਂ ਦਾ ਸਫਰ ਤਹਿ ਕੀਤਾ ਜਿਸ ਸਦਕੇ ਇਸ
ਕਿਤਾਬ ਦੀ ਸੰਪਾਦਨਾ ਸੰਭਵ ਹੋ ਸਕੀ।

*ਸ਼੍ਰੀ ਨਿਰੰਜਨ ਬੋਹਾ, ਡਾ. ਸੁਰਜੀਤ ਬਰਾੜ, ਡਾ. ਅਨੂਪ
ਸਿੰਘ ਅਤੇ ਡਾ. ਕੁਲਦੀਪ ਸਿੰਘ ਦੀਪ ਦਾ ਅਣੂ ਕਹਾਣੀਆਂ
ਤੇ ਖੋਜ ਭਰਪੂਰ ਪੁਨਰ ਵਿਸ਼ਲੇਸ਼ਨ ਕਰਨ ਲਈ।

*ਜਨਮੇਜਾ ਸਿੰਘ ਜੌਹਲ ਦਾ, ਖੂਬਸੂਰਤ ਟਾਈਟਲ ਅਤੇ
ਛਪਾਈ ਲਈ।

**ਲੇਖਕ ਦੀਆਂ ਹੋਰ ਪੁਸਤਕਾਂ**

1. ਬੇਕਾਰ ਘੋੜਾ(ਮਿੰਨੀ ਕਹਾਣੀ ਸੰਗ੍ਰਹਿ)1992
2. ਕੂੰਜਾਂ ਦੀ ਡਾਰ(ਮਿੰਨੀ ਕਹਾਣੀ ਸੰਗ੍ਰਹਿ)1993
3. ਧੁੰਦ ਛਟਣ ਤੋਂ ਬਾਅਦ(ਕਹਾਣੀ ਸੰਗ੍ਰਹਿ)1994
4. ਪੂਰਬ ਦੀ ਲੋਅ(ਮਿੰਨੀ ਕਹਾਣੀ ਸੰਗ੍ਰਹਿ)2009

**ਸੰਪਾਦਤ ਅਤੇ ਪ੍ਰਕਾਸ਼ਿਤ ਪੁਸਤਕਾਂ**

1. ਪੈੜਾਂ(ਮਿੰਨੀ ਕਹਾਣੀ ਸੰਗ੍ਰਹਿ)1978
2. ਤਿਣਕੇ(ਮਿੰਨੀ ਕਹਾਣੀ ਸੰਗ੍ਰਹਿ)
3. ਪੱਛਮੀ ਪੌਣਾਂ(ਲਹਿੰਦੇ ਪੰਜਾਬ ਦੀਆਂ ਮਿੰਨੀ ਕਹਾਣੀਆਂ)1997
4. ਦਸਵੇਂ ਦਹਾਕੇ ਦੀ ਮਿੰਨੀ ਕਹਾਣੀ(ਮਿੰਨੀ ਕਹਾਣੀ ਸੰਗ੍ਰਹਿ)2002
5. ਸ਼ੀਸ਼ੇ ਤੋਂ ਫੌਲਾਦ ਤੱਕ/ਕਾਵਿ ਸੰਗ੍ਰਹਿ
6. ਬਾਗੀ ਸਰਦਾਰ/ਨਾਟਕ
7. ਸਮਾਂ ਐਲਾਣ ਕਰਦਾ ਹੈ/ਬੰਗਲਾ ਨਾਟਕ
8. ਮੈਂ ਵੱਡੀ ਕਦੋਂ ਹੋਵਾਂਗੀ/ਨਾਟਕ

**ਸੰਪਾਦਨਾ**

9. ਅਣੂ(ਮਿੰਨੀ ਪੱਤਰਿਕਾ) ਜੋ 1972 ਤੋਂ ਜਾਰੀ ਹੈ।

ਸਮਰਪਤ ਹੈ

ਗੁਰਪ੍ਰੀਤ ਤੇ ਆਭਾ
ਨੂੰ

ਜਿਹਨਾਂ ਦੇ ਪ੍ਰਕਾਸ਼ ਨੇ
ਪਰਿਵਾਰ ਨੂੰ ਰੁਸ਼ਨਾਇਆ ਹੈ

# ਤਤਕਰਾ


1. ਅਣੂ ਕਹਾਣੀਆਂ:ਇੱਕ ਇਤਿਹਾਸਕ ਦਸਤਾਵੇਜ਼ 7

**2. ਭਾਗ ਪਹਿਲਾ (1972-1980) 13**

3. 'ਅਣੂ' ਦੇ ਪਹਿਲੇ ਦਹਾਕੇ ਦੀਆਂ ਮਿੰਨੀ ਕਹਾਣੀਆਂ:
ਪੁਨਰ ਮੁਲਾਂਕਣ 14

4. ਅਣੂ ਕਹਾਣੀਆਂ 21

**5. ਭਾਗ ਦੂਜਾ(1981-1990) 78**

6. 'ਅਣੂ' ਦੇ ਦੂਜੇ ਦਹਾਕੇ ਦੀਆਂ ਮਿੰਨੀ ਕਥਾਵਾਂ:
ਸੁਹਜ ਅਤੇ ਵਸਤੂ ਪੱਖੋਂ ਆ ਰਿਹਾ ਨਵਾਂਪਣ 79

7. ਅਣੂ ਕਹਾਣੀਆਂ 87

**8. ਭਾਗ ਤੀਜਾ(1991-2000) 128**

9. ਮਿੰਨੀ ਕਹਾਣੀ ਵਿਧਾ ਪ੍ਰਤੀ ਇਕ ਹੋਰ ਸਾਰਥਿਕ ਉਪਰਾਲਾ 129

10. ਅਣੂ ਕਹਾਣੀਆਂ 136

**11. ਭਾਗ ਚੌਥਾ(2001-2010) 166**

12. ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਯਥਾਰਥ ਦਾ
ਪ੍ਰਤੀਬਿੰਬ ਲਘੂ ਕਥਾਵਾਂ 167

13. ਅਣੂ ਕਹਾਣੀਆਂ 172

# ਅਣੂ ਕਹਾਣੀਆਂ:-ਇਕ ਇਤਿਹਾਸਕ ਦਸਤਾਵੇਜ਼

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦਾ ਇਹ ਉਹ ਸਮਾਂ ਸੀ ਜਦੋਂ ਭਾਰਤ ਦੀ ਅਜ਼ਾਦੀ ਦੇ ਬਾਵਜੂਦ ਵੀ ਆਮ ਵਰਗ ਅਤਿ ਦੀ ਗਰੀਬੀ ਦੀ ਚੱਕੀ ਵਿਚ ਪਿਸ ਰਿਹਾ ਸੀ।ਮੁਲਕ ਵਿਚ ਜਾਗੀਰਦਾਰੀ ਢਾਂਚਾ ਪਹਿਲਾਂ ਵਾਂਗ ਹੀ ਅਪਣੀ ਪਕੜ ਮਜਬੂਤ ਕਰੀਂ ਬੈਠਾ ਸੀ।ਫਲਸਰੂਪ ਗਰੀਬ ਕਿਸਾਨ ਤੇ ਮੁਜ਼ਾਹਰੇ ਅਤਿ ਦੀ ਗਰੀਬੀ ਹਾਲਤ ਵਿਚ ਜਾਗੀਰਦਾਰਾਂ ਦੇ ਰਹਿਮੋ ਕਰਮ ਤੇ ਜੀਅ ਰਹੇ ਸਨ।ਉਧਰ ਸਮਾਜਵਾਦੀ ਵਿਚਾਰਧਾਰਾ ਵਲ ਇਕ ਗਰੁੱਪ ਜੋ ਚੀਨ ਦੀ ਕ੍ਰਾਂਤੀ ਦੇ ਪ੍ਰਭਾਵ ਸਦਕਾ, ਮਾਓ ਦੀ ਸੋਚ ਦਾ ਸਮਰਥਕ ਸੀ, ਇਸ ਸਥਿਤੀ ਨੂੰ ਲੋਕਾਂ ਦੀ ਮੁਕਤੀ ਦਾ ਸਹੀ ਸਮਾਂ ਮੰਨਦਾ ਹੋਇਆ, ਮਾਓ ਦੇ ਨਾਹਰੇ 'ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ 'ਤੇ ਅਮਲ ਕਰਦਿਆਂ ਜਾਗੀਰਦਾਰਾਂ ਨੂੰ ਕਤਲ ਕਰਕੇ, ਜ਼ਮੀਨਾਂ ਮੁਜ਼ਾਰਿਆਂ ਵਿਚ ਵੰਡਣ ਲੱਗ ਪਿਆ।ਛੇਤੀ ਹੀ ਗਰਮ ਖਿਆਲੀ ਇਸ ਲਹਿਰ ਨਾਲ ਜੁੜਦੇ ਗਏ।ਇਸ ਇਨਕਲਾਬੀ ਅਮਲ ਨੂੰ ਰੋਕਣ ਲਈ ਸਰਕਾਰ ਨੇ ਅੱਡੀ ਚੋਟੀ ਦਾ ਜੋਰ ਲਗਾਇਆ।ਕਿਉਂ ਕਿ ਇਸ ਲਹਿਰ ਦੀ ਸ਼ੁਰੂਆਤ ਪੱਛਮੀ ਬੰਗਾਲ ਦੇ ਨਕਸਲਵਾੜੀ ਇਲਾਕੇ 'ਚ ਹੋਈ ਸੀ, ਇਸ ਦਾ ਨਾਂ ਵੀ 'ਨਕਸਲਵਾਦੀ ਲਹਿਰ' ਪੈ ਗਿਆ ਅਤੇ ਇਸਦੇ ਕਾਰਕੁਨ ਨਕਸਲਵਾੜੀਏ ਕਹੇ ਜਾਣ ਲੱਗ ਪਏ ਸਨ।ਮਿੰਨੀ ਕਹਾਣੀ ਦੇ ਨਿਕਾਸ ਲਈ ਹੋਰ ਕਾਰਨਾਂ ਦੇ ਨਾਲ ਨਾਲ ਇਹ ਜੁਝਾਰੂ ਲਹਿਰ (ਨਕਸਲਵਾਦੀ)ਇਕ ਅਹਿਮ ਕਾਰਜਸ਼ੀਲ ਕਾਰਨ ਸੀ।ਫਿਰ ਇਸ ਲਹਿਰ ਦੇ ਖਾਤਮੇ ਨਾਲ ਇਸ ਨੇ ਅਖਬਾਰਾਂ ਤੇ ਪੱਤਰਕਾਰਾਂ ਵਿਚ ਖਾਸ ਸਥਾਨ ਪ੍ਰਾਪਤ ਕਰ ਲਿਆ।ਪੰਜਾਬੀ ਵਿਚ ਪ੍ਰਕਾਸ਼ਿਤ ਪਹਿਲੀ ਮਿੰਨੀ ਕਹਾਣੀ ਦੀ ਪੁਸਤਕ 'ਬਰਫੀ ਦਾ ਟੁਕੜਾ' ਮੌਲਿਕ ਪੰਜਾਬੀ ਮਿੰਨੀ ਕਹਾਣੀ ਦੀ ਪ੍ਰਕਾਸ਼ਨਾਂ ਦਾ ਆਰੰਭ ਕਰਦੀ ਹੈ।

ਬਹੁਤ ਸਾਰੇ ਲੇਖਕ ਜੋ ਸਮਾਜਵਾਦੀ ਸੋਚ ਵਾਲੇ ਸਨ, ਇਸ ਲਹਿਰ ਨਾਲ ਭਾਵੁਕਤਾਵਸ ਜੁੜ ਗਏ।ਪਰ ਪ੍ਰੈਸ ਉੱਪਰ ਵਰਤੀ ਸਰਕਾਰੀ ਸਖਤੀ ਕਾਰਨ ਉਨਾਂ ਦੀਆਂ ਲਿਖਤਾਂ ਲੋਕਾਂ ਤੱਕ ਨਾ ਪਹੁੰਚ ਸਕੀਆਂ।ਉਨਾਂ ਨੇ ਅਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਅਪਣੇ ਸੀਮਤ ਸਾਧਨਾਂ ਦੀ ਵਰਤੋਂ ਕਰਦਿਆਂ ਆਪ ਹੀ ਪ੍ਰਕਾਸ਼ਨਾਂ ਦਾ ਕੰਮ ਆਰੰਭ ਕਰ ਲਿਆ।ਛੋਟੀਆਂ ਕਿਤਾਬਾਂ, ਪੈਂਫਲਿਟ, ਦੁਵਰਕੇ, ਚੌਵਰਕੇ, ਮਿੰਨੀ ਪੱਤਰਕਾਵਾਂ, ਅੰਤਰਦੇਸੀ ਪੱਤਰ ਤੇ ਇਥੋਂ ਤੱਕ ਕਿ ਪੋਸਟ ਕਾਰਡ ਨੂੰ ਵੀ ਅਪਣੀ ਪ੍ਰਕਾਸ਼ਨਾਂ ਲਈ ਵਰਤਿਆ।ਸੀਮਤ ਸਾਧਨ, ਵਿਧਾ ਦੀ ਕਚਾਈ, ਤਜ਼ਰਬੇ ਦੀ ਘਾਟ ਆਦਿ ਕਾਰਨਾਂ ਕਰਕੇ ਕਾਫੀ ਲੇਖਕ ਖੁੱਲੀ ਕਵਿਤਾ ਵਲ ਰੁਚਿਤ ਹੋਏ।ਮਿੰਨੀ ਕਵਿਤਾ ਤੇ ਮਿੰਨੀ ਕਹਾਣੀ ਦੀ ਸ਼ੁਰੂਆਤ ਵੀ ਇਨਾਂ ਕਾਰਨਾਂ ਕਰਕੇ ਹੋਈ।ਵਿਧਾ ਦੇ ਜਾਣਕਾਰ, ਹੰਢੇ ਵਰਤੇ ਲੇਖਕਾਂ ਨੇ ਇਸ ਸਮੇਂ ਬਹੁਤ ਹੀ ਉੱਚ ਪਾਏ ਦਾ ਸਾਹਿਤ ਇਸ ਦੌਰ ਵਿਚ ਰਚਿਆ।'ਜੁਝਾਰੂ ਸਾਹਿਤ' ਇਸ ਦੀ ਇਕ ਮਿਸਾਲ ਹੈ।ਅਜਿਹੇ ਲੇਖਕਾਂ ਵਲੋਂ ਰਚੀ ਗਈ ਮਿੰਨੀ ਕਹਾਣੀ ਵਿਧਾ ਤੇ ਵਿਸ਼ੇ ਪੱਖੋਂ ਉੱਤਮ ਦਰਜੇ ਦੀ ਹੈ।ਇਸ ਲਹਿਰ ਦੇ ਖਾਤਮੇ ਨਾਲ ਹੀ ਸਾਹਿਤਕਾਰਾਂ ਦਾ ਇਹ ਗਰੁੱਪ ਅਪਣੇ ਆਪ ਅਲੋਪ ਹੋ ਗਿਆ।ਇਕ ਗੱਲ ਸਾਫ ਨਜ਼ਰ ਆਉਂਦੀ ਹੈ ਕਿ ਇਸ ਲਹਿਰ

ਨੇ ਮਿੰਨੀ ਕਹਾਣੀ ਨੂੰ ਜ਼ਰਖੇਜ ਜ਼ਮੀਨ ਦਿੱਤੀ ਅਤੇ ਬਹੁਤ ਨਵੇਂ ਲੇਖਕ ਇਸ ਵਲ ਰੁਚਿਤ ਹੋਏ।ਇਹ ਲੇਖਕਾਂ ਦਾ ਉਹ ਵਰਗ ਸੀ ਜਿਸ ਕੋਲ ਵਿਚਾਰਧਾਰਕ ਪਰਪੱਕਤਾ ਨਹੀਂ ਸੀ, ਲੇਖਣ ਤਜ਼ਰਬਾ ਨਹੀਂ ਸੀ ਅਤੇ ਕਹਾਣੀ ਦੀ ਵਿਧਾ ਦੀ ਖਾਸ ਜਾਣਕਾਰੀ ਨਹੀਂ ਸੀ।ਸਿੱਟੇ ਵਜੋਂ ਸਧਾਰਨ ਵਿਸ਼ਿਆਂ ਦੀ ਆਮ ਜਾਣਕਾਰੀ ਦਾ ਦੁਹਰਾਓ ਭਾਰੂ ਰਿਹਾ ਤੇ ਬਹੁਤਾ ਕਰਕੇ ਵਿਅੰਗ (ਚੁਟਕਲਾ ਨੁਮਾ)ਨੂੰ ਮਿੰਨੀ ਕਹਾਣੀ ਸਮਝਣ ਦਾ ਭੁਲੇਖਾ ਪਾਇਆ ਗਿਆ।ਉਸ ਵਰਗ ਲਈ ਘੱਟ ਸ਼ਬਦਾਂ ਵਿਚ ਲਿਖੀ ਵਾਰਤਿਕ ਹੀ ਮਿੰਨੀ ਕਹਾਣੀ ਸੀ।

ਇਸ ਦੌਰ ਦੀ ਮਿੰਨੀ ਕਹਾਣੀ ਦੀ ਜੇ ਖੋਜ ਕਰੀਏ ਤਾਂ ਨਿਸਚਿਤ ਰੂਪ ਵਿਚ ਸਾਨੂੰ ਭਾਰਤੀ ਭਾਸ਼ਾਵਾਂ ਦੀ ਮਿੰਨੀ ਕਹਾਣੀ ਦਾ ਮੁਲਅੰਕਣ ਕਰਨਾ ਪਵੇਗਾ ਜਿਸ ਦਾ ਮੂਲ ਤੇ ਅਹਿਮ ਸਰੋਤ ਉਸ ਸਮੇਂ ਪ੍ਰਕਾਸ਼ਿਤ ਹੁੰਦੇ ਮਿੰਨੀ ਸਾਹਿਤਕ ਪੱਤਰ ਹਨ।ਭਾਰਤੀ ਭਾਸ਼ਾਵਾਂ ਦੇ ਮਿੰਨੀ ਪਰਚਿਆਂ ਦੀ ਕਿਸੇ ਹੱਦ ਤੱਕ ਜਾਣਕਾਰੀ ਅਤੇ ਉਨਾਂ ਦਾ ਪੰਜਾਬੀ ਰੂਪ 'ਅਣੂ' ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ।ਅਦਾਰਾ ਅਣੂ ਕੋਲ ਉਸ ਸਮੇਂ ਪ੍ਰਕਾਸ਼ਿਤ ਹੁੰਦੇ ਕਰੀਬ ਅੱਧੇ ਸੈਂਕੜੇ ਪੱਤਰਾਂ ਦੇ ਨਾਂ ਤੇ ਪਤੇ ਮੌਜੂਦ ਹਨ।ਇਨਾਂ ਪੱਤਰਾਂ ਵਿਚ ਛਪੀਆਂ ਮਿੰਨੀ ਕਹਾਣੀਆਂ ਨਿਸਚੇ ਹੀ ਉਸ ਸਮੇਂ ਦੀ ਨਕਸਲਵਾਦੀ ਲਹਿਰ ਅਤੇ ਸਮਾਜਵਾਦੀ ਵਿਚਾਰਧਾਰਾ ਅਤੇ ਲੋਕ ਪੱਖੀ ਸਾਹਿਤ ਦਾ ਉੱਤਮ ਨਮੂੰਨਾ ਹਨ।

ਪੰਜਾਬੀ ਵਿਚ ਮਿੰਨੀ ਕਹਾਣੀ ਦੀ ਪ੍ਰਕਾਸਨਾਂ 'ਅਣੂ' ਦੇ ਆਗਾਜ ਨਾਲ ਆਰੰਭ ਹੋਈ।ਇਸ ਦਾ ਪਹਿਲਾ ਮਿੰਨੀ ਕਹਾਣੀ ਵਿਸੇਸ਼ ਅੰਕ 'ਵਿਦਰੋਹੀ ਰੰਗ' ਉਸ ਸਮੇਂ ਦੀ ਸਮਾਜਿਕ ਤੇ ਰਾਜਨੀਤਿਕ ਹਾਲਾਤ ਦੀ ਸਹੀ ਤਰਜਮਾਨੀ ਕਰਦਾ ਸੀ।ਭਾਰਤੀ ਭਾਸ਼ਾਵਾਂ ਦੀਆਂ ਅਨੁਵਾਦਕ ਮਿੰਨੀ ਕਹਾਣੀਆਂ ਪੂਰੇ ਦੇਸ਼ ਦੇ ਲੇਖਕਾਂ ਨੂੰ ਅਣੂ ਰਾਹੀਂ ਪਾਠਕਾਂ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਸਨ।ਦੂਸਰੇ ਪਾਸੇ ਪੰਜਾਬੀ ਮਿੰਨੀ ਕਹਾਣੀ ਲੇਖਕਾਂ ਦਾ ਨਵਾਂਪੂਰ ਅਪਣੀਆਂ ਸੀਮਾਵਾਂ ਕਾਰਨ ਮਿੰਨੀ ਕਹਾਣੀ ਦੇ ਹਾਣ ਦਾ ਨਹੀਂ ਸੀ।ਪਰ ਵਿਕਸਤ ਹੋ ਰਹੀ ਵਿਧਾ ਦੇ ਅੰਸ਼ ਜਰੂਰ ਪ੍ਰਗਟ ਹੋ ਰਹੇ ਸਨ।

ਮਿੰਨੀ ਕਹਾਣੀ ਅਣੂ ਦੇ ਕਦਮ ਨਾਲ ਕਦਮ ਮਿਲਾ ਕੇ ਸਫਰ ਕਰਦੀ ਰਹੀ ਹੈ।ਇਸਦੇ ਆਰੰਭ ਤੋਂ ਅਜੋਕੇ ਸਫਰ ਤੱਕ ਦੀ ਵਿਕਾਸ ਪਰਿਕਿਰਿਆ ਦਾ ਇਕ ਲੰਬਾ ਇਤਿਹਾਸ ਹੈ।ਇਸ ਇਤਿਹਾਸ ਨੂੰ ਪੜਾਵਾਰ ਜਾਨਣ, ਸਮਝਣ, ਅਧਿਐਨ, ਤੁਲਨਾ, ਵਿਸ਼ਲੇਸ਼ਣ ਅਤੇ ਖੋਜ ਕਰਨ ਹਿਤ ਅਣੂ ਦੀ ਕਹਾਣੀਆਂ ਨੂੰ ਇਕ ਕਿਤਾਬੀ ਰੂਪ ਵਿਚ ਪਾਠਕਾਂ ਤੇ ਖੋਜੀਆਂ ਦੇ ਹੱਥਾਂ ਤੱਕ ਪਹੁੰਚਾਉਣ ਦਾ ਹੀਲਾ ਕੀਤਾ ਹੈ।ਇਸ ਨੂੰ ਅਸੀਂ ਚਾਰ ਦਹਾਕਿਆਂ ਦੀ ਵੰਡ ਕਰਕੇ ਅਣੂ ਦੇ ਆਗਮਨ **1972** ਤੋਂ **2010** ਤੱਕ ਦੀ ਕਾਲ ਵੰਡ ਰਾਹੀਂ ਚਾਰ ਭਾਗਾਂ ਵਿਚ ਸੰਪਾਦਤ ਕੀਤਾ ਹੈ।ਹਰ ਦਹਾਕੇ ਵਿਚ ਮਿੰਨੀ ਕਹਾਣੀ ਦੀ ਤੋਰ, ਵਿਧਾਗਤ ਨਿਖਾਰ, ਵਿਸ਼ਾਗਤ ਨਵੇਂ ਉਭਾਰ ਅਤੇ ਵਖਰਤਾਵਾਂ ਸਾਫ ਨਜ਼ਰ ਆਉਂਦੀਆਂ ਹਨ।

ਪਹਿਲੇ ਭਾਗ (**1972-1980**)ਵਿਚ ਮਿੰਨੀ ਕਹਾਣੀ ਦਾ ਨਿਕਾਸ ਹੁੰਦਾ ਹੈ।ਉਸ ਸਮੇਂ ਬਹੁਤਿਆਂ ਲੇਖਕਾਂ ਕੋਲ ਆਮ ਪ੍ਰਚੱਲਤ ਵਿਸ਼ਿਆਂ ਦੀ ਇਕ ਲੜੀ ਸੀ ਤੇ ਉਨਾਂ ਵਿਸ਼ਿਆਂ ਦਾ ਸਧਾਰਨ ਤੇ ਸਿੱਧਾ ਬਿਆਨ ਹੁੰਦਾ ਸੀ।ਉਸ ਦੌਰ ਦੇ ਮੁੱਖ ਵਿਸ਼ੇ ਸਨ:ਰਿਸ਼ਵਤ ਖੋਰੀ, ਪੁਲਿਸ

ਧੱਕੇਸ਼ਾਹੀ, ਡਰੈਵਰਾਂ ਕੰਡਕਟਰਾਂ ਦਾ ਅੱਖੜ ਵਤੀਰਾ, ਕਹਿਣੀ ਤੇ ਕਰਨੀ 'ਚ ਅੰਤਰ, ਦਾਜ ਦਹੇਜ, ਨੈਤਿਕ ਕਦਰਾਂ ਕੀਮਤਾਂ ਦੀ ਗਿਰਾਵਟ, ਨਿਜਵਾਦੀ ਉਭਾਰ, ਤਿੜਕ ਰਹੇ ਪਰਿਵਾਰਿਕ ਰਿਸ਼ਤੇ, ਗਰੀਬਾਂ ਦੀ ਦੁਰਦਸ਼ਾ ਆਦਿ।ਇਨ੍ਹਾਂ ਵਿਸ਼ਿਆਂ ਉੱਪਰ ਕਰੀਬ ਸਾਰੇ ਮਿੰਨੀ ਲੇਖਕਾਂ ਨੇ ਕਲਮ ਅਜਮਾਈ ਕੀਤੀ ਸੀ।ਦੂਸਰੀ ਗੱਲ ਉਸ ਸਮੇਂ ਵਿਸ਼ਿਆਂ ਦਾ ਦੁਹਰਾਓ ਆਮ ਗੱਲ ਸੀ।

ਉਸ ਦੌਰ ਦੀ ਇਕ ਗੱਲ ਹੋਰ ਗੌਲਣਯੋਗ ਹੈ ਕਿ ਮਿੰਨੀ ਕਹਾਣੀ ਦੇ ਨਿਯਮਾਂ ਦੇ ਨਾ ਹੋਣ ਕਰਕੇ ਲੇਖਕ ਕੇਵਲ ਮਿੰਨੀ ਰਚਨਾ ਨੂੰ ਮਿੰਨੀ ਕਹਾਣੀ ਕਹਿ ਕੇ ਲਿਖ ਰਹੇ ਸਨ।ਫਲਸਰੂਪ ਚੁਟਕਲੇ ਨੁਮਾ ਵਿਅੰਗ, ਦੋ ਵਿਰੋਧੀ ਘਟਨਾਵਾਂ ਜਾਂ ਸਥਿਤੀਆਂ ਦੀ ਸਧਾਰਨ ਵਾਰਤਕ ਨੂੰ ਹੀ ਮਿੰਨੀ ਕਹਾਣੀ ਕਿਹਾ ਜਾਂਦਾ ਸੀ।ਕਿਉਂ ਕਿ ਉਸ ਸਮੇਂ ਦੀ ਮਿੰਨੀ ਕਹਾਣੀ ਬਿਲਕੁਲ ਨਵੀਂ ਵਿਧਾ ਸੀ ਇਸ ਕਰਕੇ ਉਹ ਪਾਠਕਾਂ ਤੱਕ ਅਪਣੀ ਗੱਲ ਦਾ ਸੰਚਾਰ ਨਹੀਂ ਸੀ ਕਰ ਸਕਦੀ।ਇਸੇ ਕਰਕੇ ਲੇਖਕ ਅੰਤ ਵਿਚ ਲਿਖਦਾ ਸੀ 'ਮੈਨੂੰ ਜਾਪਿਆ' 'ਮੈਂ ਮਹਿਸੂਸ ਕੀਤਾ' 'ਮੈਂ ਕਿਹਾ' ਆਦਿ ਸ਼ਬਦਾਂ ਰਾਹੀਂ ਅਪਣੀ ਗੱਲ ਸਪਸ਼ਟ ਕਰਦਾ ਸੀ ਜੋ ਕਿ ਕਹਾਣੀ ਦਾ ਇੱਕ ਵੱਡਾ ਦੋਸ਼ ਹੈ।

ਮੁੱਢਲੇ ਦੌਰ ਦੀਆਂ ਕਮਜ਼ੋਰੀਆਂ ਤੇ ਘਾਟਾ ਦੇ ਬਾਵਜੂਦ ਵੀ ਮਿੰਨੀ ਕਹਾਣੀ ਸੰਭਾਵਨਾ ਦਾ ਪ੍ਰਗਟਾ ਕਰਦੀ ਨਜ਼ਰ ਆਉਂਦੀ ਸੀ।ਉਸ ਦੌਰ ਦੀਆਂ ਕੁੱਛ ਕਹਾਣੀਆਂ ਜਿਵੇਂ ਕੰਧ ਤੇ ਟੰਗਿਆਂ ਹਾਸਾ/ਸ਼ਰਨ ਮੱਕੜ, ਸੂਹੇ ਫੁੱਲ/ਸੁਰਿੰਦਰ ਕੌਰ, ਇਕ ਸਵਾਲ/ਕਿਰਨਜੀਤ ਗਿੱਲ ਤੱਸਲੀ/ਅਵਤਾਰ, ਆਖਰੀ-ਸਫਰ/ਮਨਮੋਹਨ ਸਿੰਘ, ਧੁੰਨ ਰੋਂਦੀ ਰਹੀ/ਦੁਰਗਾ ਦੱਤ ਕਪਿਲ, ਜ਼ਿੰਦਗੀ/ਰੌਸ਼ਨ ਫੂਲਵੀ, ਵਿਹੁ-ਵਰਗਾ-ਖੰਡ ਵਰਗਾ/ਜਸਵੀਰ ਢੰਡ, ਪਛਾਣ/ਚਿਤਰਾ ਮੁਦਗਿਲ, ਧੁੱਪ/ਮੋਹਨ ਸਿੰਘ ਪ੍ਰੀਤ, ਡਰਾਪਸ਼ੀਨ/ਸਰਦਾਰ ਬਸਰਾ, ਦਾ ਪਾਠ ਆਸ ਦਿਵਾਉਂਦਾ ਸੀ ਕਿ ਲੇਖਕ ਮਿੰਨੀ ਕਹਾਣੀ ਨੂੰ ਹੌਲੀ-ਹੌਲੀ ਸਮਝਣ ਲੱਗੇ ਹਨ ਤੇ ਇਹ ਕਹਾਣੀਆਂ ਭਵਿਖੀ ਸੰਭਾਵਨਾਵਾਂ ਦਾ ਪ੍ਰਗਟਾ ਕਰਦੀਆਂ ਹਨ।

ਉਸ ਦੌਰ ਵਿਚ ਸਥਾਪਤ ਲੇਖਕਾਂ ਨੇ ਵੀ ਮਿੰਨੀ ਕਹਾਣੀ ਨੂੰ ਅਪਣਾਇਆ ਅਤੇ ਉੱਚ ਪਾਏ ਦੀਆਂ ਮਿੰਨੀ ਕਹਾਣੀਆਂ ਦੀ ਰਚਨਾ ਕੀਤੀ।ਮਿਸਾਲ ਦੇ ਤੌਰ ਤੇ ਪ੍ਰੋ ਅਜਮੇਰ ਸਿੰਘ ਔਲਖ ਦੀ ਕਹਾਣੀ 'ਦੋਰਾਹੇ ਤੇ' ਲਈ ਜਾ ਸਕਦੀ ਹੈ।ਇਹ ਇਕ ਪ੍ਰਤੀਕਾਤਮਕ ਕਹਾਣੀ ਹੈ ਜਿਸ ਵਿਚ ਇਕ ਵਿਅਕਤੀ ਦੋਰਾਹੇ ਤੇ ਖੜਾ ਹੁੰਦਾ ਹੈ।ਇਕ ਰਾਹ ਸੱਜੇ ਜਾਂਦਾ ਹੈ ਜਿਸ ਵਿਚ ਬਾਗ ਬਗੀਚੇ, ਮਨਮੋਹਣੀਆਂ ਇਮਾਰਤਾਂ, ਸੁੰਦਰ ਔਰਤਾਂ, ਫਰਰ-ਫਰਰ ਉੱਡਦੀਆਂ ਕਾਰਾਂ ਤੇ ਚਾਂਦੀ ਦੀ ਚਣਕਾਰ ਹੈ।ਦੂਸਰਾ ਖੱਬਾ ਰਾਹ ਉਘੜ ਦੁਘੜ-ਟੋਏ ਟਿੱਬਿਆਂ ਵਾਲਾ, ਭਿਆਨਕ ਖੱਡਾਂ, ਥਾਂ ਥਾਂ ਸੂਲੀਆਂ ਤੇ ਉਨਾਂ ਤੇ ਲਮਕਦੇ ਈਸਾ, ਮਨਸੂਰ ਤੇ ਭਗਤ ਸਿੰਘ।ਉਸ ਦੇ ਸੱਜੇ ਰਾਹ ਚੱਲਣ ਸਮੇਂ ਦੋ ਥਾਲ ਭੇਟ ਹੁੰਦੇ ਹਨ।ਇਕ ਚਾਂਦੀ ਦੇ ਰੁਪਿਆਂ ਵਾਲਾ ਤੇ ਦੂਸਰਾ ਖਾਲ੍ਹੀ ਜਿਸ ਵਿਚ ਉਸ ਨੂੰ ਜ਼ਮੀਰ ਰੱਖਣ ਲਈ ਕਿਹਾ ਜਾਂਦਾ ਹੈ।ਉਹ ਵਾਪਿਸ ਖੱਬੇ ਪਾਸੇ ਮੁੜ ਆਉਂਦਾ ਹੈ ਤੇ ਮਿੱਟੀ ਨੂੰ ਚੁੰਮ ਕੇ ਮੱਥੇ ਨੂੰ ਲਾਉਂਦਾ ਹੈ।ਈਸਾ, ਮਨਸੂਰ ਤੇ ਭਗਤ ਸਿੰਘ ਉਸਨੂੰ ਜੀਅ ਆਇਆਂ ਆਖਦੇ ਹਨ।

ਉਪਰੋਕਤ ਕਹਾਣੀ ਵਿਚ ਲੇਖਕ ਪ੍ਰਤੀਕਾਂ ਰਾਹੀਂ ਅਪਣੀ ਗੱਲ ਪਾਠਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ।ਜ਼ਿੰਦਗੀ ਦੇ ਸਫਰ ਵਿਚ ਇਕ ਪਾਸੇ ਸੁੱਖ ਆਰਾਮ, ਧਨ ਦੌਲਤ, ਹਰ

ਤਰ੍ਹਾਂ ਦਾ ਆਰਾਮ ਤੇ ਐਸ਼ੋ ਇਸ਼ਰਤ ਹੈ ਜਿਸ ਨੂੰ ਦੇਣ ਲਈ ਸੱਤਾ ਥੋੜਾ ਲੋਭ ਦਿੰਦੀ ਹੈ ਪਰ ਬਦਲੇ ਵਿਚ ਉਸ ਦੀ ਜ਼ਮੀਰ ਮਾਰ ਦਿੰਦੀ ਹੈ, ਭਾਵ ਵਿਅਕਤੀ ਸੱਤਾ ਦਾ ਮੋਹਰਾ ਬਣ ਕੇ ਰਹਿ ਜਾਂਦਾ ਹੈ ਤੇ ਦੂਸਰੇ ਪਾਸੇ ਕੁਰਬਾਨੀਆਂ ਦਾ ਰਾਹ ਹੈ।ਇਨਕਲਾਬੀ ਕਲਿਆਣਕਾਰੀ ਸਮਾਜ ਦੀ ਸਥਾਪਨਾ ਲਈ ਸੰਘਰਸ਼ ਦਾ ਰਾਹ ਚੁਣਦੇ ਹਨ।ਸੋ ਇੰਝ ਸਮਾਜਵਾਦੀ ਸੋਚ ਵਾਲੇ ਵਿਅਕਤੀ ਸੁੱਖ ਅਰਾਮ ਦੀ ਜ਼ਿੰਦਗੀ ਦੀ ਥਾਂ ਮਿਹਨਤ ਤੇ ਸੰਘਰਸ਼ ਦੇ ਰਾਹ ਪੈਂਦੇ ਹਨ।ਉਪਰੋਕਤ ਕਹਾਣੀ ਵਿਧਾ ਤੇ ਵਿਸ਼ੇ ਪੱਖੋਂ ਸਰੇਸ਼ਟ ਕਹਾਣੀ ਹੈ।

ਕਿਤਾਬ ਦੇ ਦੂਸਰੇ ਭਾਗ (**1981-1990**)ਵਿਚ ਇਸ ਦਹਾਕੇ ਦੀਆਂ ਕਹਾਣੀਆਂ ਸਫਰ ਦੀ ਅਮਲੀ ਪੁਲਾਂਗ ਪੁੱਟਦੀਆਂ ਹਨ।ਚੁੱਟਕਲੇ ਕਹਾਣੀਆਂ ਨਾਲੋਂ ਮੋਹ ਭੰਗ ਹੁੰਦਾ ਹੈ, ਵਿਸ਼ਿਆਂ ਦੇ ਦੁਹਰਾਓ ਤੋਂ ਲੇਖਕ ਸੁਚੇਤ ਹੁੰਦੇ ਹਨ।ਵਿਸ਼ਿਆਂ ਵਿਚ ਵਨ-ਸੁਵੰਨਤਾ ਆਉਂਦੀ ਹੈ ਅਤੇ ਨਵੇਂ ਵਿਸ਼ਿਆਂ ਦੀ ਤਲਾਸ਼ ਸ਼ੁਰੂ ਹੁੰਦੀ ਹੈ।ਲੇਖਕ ਗੰਭੀਰਤਾ ਦਾ ਪੱਲਾ ਫੜਦੇ ਹਨ।ਸਿਆਮ ਸੁੰਦਰ ਅਗਰਵਾਲ ਮਿੰਨੀ ਕਹਾਣੀ ਦੇ ਪੋਸਟਰਾਂ ਰਾਹੀ ਵਿਧਾ ਦਾ ਸੰਚਾਰ ਕਰਦਾ ਹੈ।ਲੇਖਕ ਜੁੜ ਬੈਠਦੇ ਹਨ।ਵਿਚਾਰਾਂ ਹੁੰਦੀਆਂ ਹਨ ਤੇ ਮਿੰਨੀ ਕਹਾਣੀ ਦੇ ਨਿਯਮਾਂ ਦੀ ਤਲਾਸ਼ ਹੁੰਦੀ ਹੈ।ਫਲਸਰੂਪ ਮਿੰਨੀ ਕਹਾਣੀ ਪਹਿਲੇ ਭਾਗ ਦੀ ਕਹਾਣੀ ਨਾਲੋਂ ਵੱਖਰਤਾ ਦਾ ਪ੍ਰਗਟਾਵਾ ਕਰਦੀ ਹੈ।ਪ੍ਰਸਿੱਧ ਗਲਪਕਾਰ ਮਿੱਤਰ ਸੈਣ ਮੀਤ ਅਤੇ ਭਾਸ਼ਾ ਵਿਗਿਆਨੀ ਤੇ ਸਮਾਜਵਾਦੀ ਕਵੀ ਜ਼ੋਗਾ ਸਿੰਘ ਮਿੰਨੀ ਕਹਾਣੀ  ਵਲ ਰੁਚਿਤ ਹੁੰਦੇ ਹਨ ਤੇ 'ਮਿੰਨੀ ਅਤਿਵਾਦੀ' ਤੇ 'ਸੱਚ' ਵਰਗੀਆਂ ਮਿੰਨੀ ਕਹਾਣੀਆਂ ਪਾਠਕਾਂ ਦੀ ਝੋਲੀ ਪਾਉਂਦੇ ਹਨ।ਇਸ ਸਮੇਂ ਅਗਾਂਹ ਵਧੂ ਵਿਚਾਰਧਾਰਕ ਕਵੀ ਅਮਰਜੀਤ ਕਾਉਂਕੇ 'ਸਵੇਰ ਹੋਣ ਤੱਕ' ਕਹਾਣੀ ਦੀ ਰਚਨਾ ਕਰਦਾ ਹੈ।ਬਗਾਵਤੀ ਮਿੱਟੀ, ਨੌਕਰੀ/ਹਰਭਜਨ ਖੇਮਕਰਨੀ, ਪੇਸ਼ਕਸ਼/ਵਿਪਨ ਗੋਇਲ, ਇਨਕਲਾਬੀ/ਰਮੇਸ਼ ਢੰਡ, ਦਿਹਾੜੀ/ਪ੍ਰੋਚਾਨਣ ਸਿੰਘ, ਤੜਪਦੀ ਰੀਝ ਦਾ ਸਿਵਾ/ਬਲਬੀਰ ਪਰਵਾਨਾ, ਆਉਣ ਵਾਲਾ ਤੂਫਾਨ/ਡਾ.ਅਮਰ ਕੋਮਲ, ਖੁਮਾਰੀ/ਧਰਮਪਾਲ ਸਾਹਿਲ, ਚੇਤਨਾ/ਗੁਰਮੇਲ ਮਡਾਹੜ, ਏਥੇ-ਉਥੇ/ਨੂਰ ਸੰਤੋਖਪੁਰੀ, ਤੇ ਮਨੁੱਖਤਾ ਰੋ ਪਈ/ਦੇਵ ਤਲਵੰਡੀ, ਮਜਮਾ/ਮੋਹਨ ਸਿੰਘ ਪ੍ਰੀਤ, ਅਣਖੀ ਲਹੂ/ਅੰਗਰੇਜ ਸਿੰਘ ਔਲਖ, ਚੁੱਪ ਦਾ ਅਸਰ/ਬਿਪਨ ਗੋਇਲ ਆਦਿ ਇਸ ਦਹਾਕੇ ਦੀਆਂ ਗੌਲਣਯੋਗ ਤੇ ਉੱਤਮ ਕਹਾਣੀਆਂ ਦੇ ਰਚਨਾਕਾਰ ਸਾਹਮਣੇ ਆਉਂਦੇ ਹਨ।

ਤੀਜੇ ਭਾਗ (**1991-2000**)ਵਿਚਲੀਆਂ ਅਣੂ ਕਹਾਣੀਆਂ ਕਿਤੇ ਵੱਧ ਸ਼ਪਸ਼ਟ, ਰੌਚਿਕ, ਕਲਾਤਮਿਕ ਹੋਣ ਦੇ ਨਾਲ ਨਾਲ ਨਵੇਂ ਵਿਸ਼ਿਆਂ ਦੀ ਆਮਦ ਨਾਲ ਭਰਪੂਰ ਹਨ।ਇਸ ਸਮੇਂ ਮਿੰਨੀ ਕਹਾਣੀ ਇਕ ਵੱਖਰੀ ਵਿਧਾ ਦੇ ਤੌਰ ਤੇ ਪਰਵਾਨ ਹੋ ਜਾਂਦੀ ਹੈ ਅਤੇ ਮਿੰਨੀ ਕਹਾਣੀ ਦੇ ਗੁਣ ਤੇ ਨਿਯਮ ਸਥਾਪਤ ਹੋ ਜਾਂਦੇ ਹਨ।ਇਹੋ ਹੀ ਕਾਰਨ ਹੈ ਕਿ ਇਸ ਸਮੇਂ ਮਿੰਨੀ ਕਹਾਣੀ ਦੀ ਲੋਕ ਪ੍ਰਿਅਤਾ ਵਿਚ ਵਿਸ਼ੇਸ਼ ਵਾਧਾ ਹੁੰਦਾ ਹੈ ਅਤੇ ਪਾਠਕ ਦੀ ਪਹਿਲੀ ਪਸੰਦ ਬਣਦੀ ਹੈ।ਕਹਾਣੀ ਵਿਚ ਵਿਗਿਆਨਕ ਸੋਚ, ਲੋਕ ਪੱਖੀ ਝੁਕਾਅ, ਚੰਗੇ ਸਮਾਜ ਦੀ ਸਿਰਜਣਾ, ਧਾਰਮਿਕ ਕੱਟੜਤਾ ਦਾ ਵਿਰੋਧ, ਅਮੀਰੀ ਦਾ ਬੋਲਬਾਲਾ, ਗਰੀਬਾਂ ਦੀ ਦੁਰਦਸ਼ਾ, ਰਿਸ਼ਤਿਆਂ ਦਾ ਮੋਹ ਭੰਗ ਆਦਿ ਵਿਸ਼ਿਆਂ ਦੀ ਕਲਾਤਮਿਕ ਰਚਨਾ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ।

ਅਣੂ ਕਹਾਣੀਆਂ ਦੇ ਇਸ ਤੀਸਰੇ ਦਹਾਕੇ ਲੱਛਮੀ/ਧਰਮਪਾਲ ਸਾਹਿਲ, ਤਮੀਜ਼/ਸਿਆਮ

ਸੁੰਦਰ ਦੀਪਤੀ, ਐਡਜਸਟ/ਭੁਪਿੰਦਰ ਕੌਰ, ਸਿਲਾ/ਮੰਨਪ੍ਰੀਤ ਕੌਰ ਭਾਟੀਆ, ਭਵਿੱਖ/ਕੇਸਰਾ ਰਾਮ ਤਲਵਾੜਾ, ਕਹਾਣੀ ਲੇਖਕ/ਡਾ ਜੁਗਿੰਦਰ ਸਿੰਘ ਨਿਰਾਲਾ, ਅਰਜੋਈ/ਜਰਨੈਲ ਸੇਖਾ, ਅਵੱਲੀ ਰੀਝ/ਗੁਰਦੀਪ ਸਿੰਘ ਖਿੰਡਾ, ਸੱਚਾਈ/ਅਸ਼ਰਫ ਸੁਹੇਲ(ਲਹੌਰ), ਸੰਸਕ੍ਰਿਤੀ/ਹਰੀ ਕ੍ਰਿਸ਼ਨ ਮਾਇਰ, ਸਮਝੌਤਾ/ਰਾਓ ਵਰਿੰਦਰ ਸਿੰਘ ਆਦਿ ਕਹਾਣੀਆਂ ਨਮੂਨੇ ਦੀਆਂ ਕਹਾਣੀਆਂ ਹਨ।

ਇਸ ਕਾਲ ਦੀ ਇਕ ਗੌਲਣਯੋਗ ਗੱਲ ਇਹ ਹੈ ਕਿ ਮਿੰਨੀ ਕਹਾਣੀ ਦੇ ਅਰੰਭਕ ਦੌਰ ਤੋਂ ਹੀ ਨਾਮੀ ਤੇ ਸਥਾਪਤ ਲੇਖਕ ਇਸ ਵਿਸ਼ਾ ਵਲ ਰੁਚਿਤ ਹੋਏ ਸਨ ਤੇ ਉਨਾਂ ਨੇ ਸਫਲ ਕਹਾਣੀਆਂ ਰਚ ਕੇ ਨਵੇਂ ਲੇਖਕਾਂ ਨੂੰ ਰਾਹ ਦਰਸਾਇਆ ਸੀ।ਪਰ ਹੌਲੀ-ਹੌਲੀ ਉਨਾਂ ਦੀ ਰੁਚੀ ਘਟਦੀ ਗਈ ਤੇ ਅਖੀਰ ਇਸ ਵਿਧਾ ਵਲੋਂ ਮੂੰਹ ਮੋੜ ਲਿਆ।ਫਿਰ ਵੀ ਕੋਈ ਟਾਵਾਂ ਟੱਲਾ ਲੇਖਕ ਮਿੰਨੀ ਕਹਾਣੀ ਲਿਖਦਾ ਰਿਹਾ ਮਿਸਾਲ ਦੇ ਤੌਰ ਤੇ ਇਸ ਦੌਰ 'ਚ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਇਹ ਤੇ ਉਹ' ਵਿਸ਼ੇ ਤੇ ਕਲਾਂ ਪੱਖੋਂ ਪਾਠਕਾਂ ਦਾ ਧਿਆਨ ਖਿੱਚਦੀ ਹੈ।

ਚੌਥੇ ਭਾਗ (2001-2010)ਦੀਆਂ ਅਣੂ ਕਹਾਣੀਆਂ ਦੀ ਵੱਖਰਤਾ ਪਰਤੱਖ ਰੂਪ ਵਿਚ ਦੇਖੀ ਜਾ ਸਕਦੀ ਹੈ।ਕਈ ਪੱਖਾਂ ਤੋਂ ਇਸ ਕਾਲ ਦੀਆਂ ਕਹਾਣੀਆਂ ਵਿਸ਼ੇਸ਼ ਗੁਣਾਂ ਨਾਲ ਭਰਪੂਰ ਹਨ।ਇਸ ਦੌਰ ਦਾ ਲੇਖਕ ਵਧੇਰੇ ਗਿਆਨਵਾਨ, ਸੋਚਵਾਨ ਅਤੇ ਸੂਝਵਾਨ ਹੋਣ ਦਾ ਪ੍ਰਗਟਾ ਕਰਦਾ ਹੈ।ਉਸ ਸੀ ਸੋਚ ਤੇ ਪਹੁੰਚ ਅੰਤਰ-ਰਾਸ਼ਟਰੀ ਹੁੰਦੀ ਹੈ।ਇਸ ਦੌਰ ਦੀਆਂ ਕਹਾਣੀਆਂ ਵਿਚ ਸੰਸਾਰ ਇਕ ਪਿੰਡ, ਸੰਸਾਰ ਮੰਡੀ ਦੇ ਪ੍ਰਭਾਵ, ਪੂੰਜੀਵਾਦ ਦਾ ਫੈਲਾ ਅਤੇ ਵਿਕਾਸਸ਼ੀਲ ਦੇਸਾਂ ਉੱਪਰ ਜਕੜ, ਭੋਗਵਾਦੀ ਵਸਤਾਂ ਦਾ ਪਸਾਰ ਆਦਿ ਦੇ ਨਾਲ ਨਾਲ ਮਨੋਵਿਗਿਆਨ, ਮਨੋਵਿਸਲੇਸ਼ਨ, ਮਨ ਦੀਆਂ ਪ੍ਰਤਾਂ ਦੀ ਗਹਿਰਾਈ, ਸੰਵੇਦਨਾ, ਬਾਲਮਨਾਂ ਦੀ ਥਾਹ ਵਗੈਰਾ ਵਿਸ਼ਿਆਂ ਨੂੰ ਅਪਣੀ ਕਹਾਣੀ ਵਿਚ ਸਮਾਉਣ ਦਾ ਸਫਲ ਯਤਨ ਕਰਦਾ ਹੈ।

ਇਕ ਹੋਰ ਰੁਝਾਣ ਇਸ ਦੌਰ ਦੀਆਂ ਕਹਾਣੀਆਂ ਵਿਚ ਦੇਖਣ ਨੂੰ ਮਿਲਦਾ ਹੈ, ਉਹ ਹੈ ਕਹਾਣੀ ਵਿਚ ਨਵੇਂ ਤਜਰਬੇ।ਕੁਛ ਲੇਖਕਾਂ ਨੇ ਛਿਣ ਪਲ ਦੀ ਪਕੜ ਵਾਲੀਆਂ ਕਹਾਣੀਆਂ ਦੇ ਆਮ ਪ੍ਰਚਲਤ ਧਾਰਨਾ ਤੋਂ ਉਲਟ ਲੰਬੇ ਸਮੇਂ 'ਚ ਵਾਪਰਨ ਵਾਲੀਆਂ ਕਹਾਣੀਆਂ ਦੀ ਰਚਨਾ ਕੀਤੀ ਅਤੇ ਇਸ ਪੱਖੋਂ ਕਈ ਸਫਲ ਕਹਾਣੀਆਂ ਪਾਠਕਾਂ ਨੂੰ ਦਿੱਤੀਆਂ।ਸਿੱਟੇ ਵਜੋਂ ਮਿੰਨੀ ਕਹਾਣੀ ਵਿਚ 'ਕਾਲ ਦੋਸ਼' ਦੀ ਧਾਰਨਾ ਨੂੰ ਤੋੜਿਆ ਗਿਆ।

ਮਿੰਨੀ ਕਹਾਣੀ ਵਿਚ ਅਜਿਹੀਆਂ ਕਲਪਤ ਘਟਨਾਵਾਂ ਜਿੰਨਾਂ ਦੇ ਵਾਪਰਨ ਦਾ ਬਹੁਤ ਘੱਟ ਮੌਕਾ ਹੋ ਸਕਦਾ ਹੈ ਨੂੰ ਅਧਾਰ ਬਣਾ ਕੇ ਉਨਾਂ ਘਟਨਾਵਾਂ ਕਾਰਨ ਪੈਦਾ ਹੋਣ ਵਾਲੇ ਸੰਕਟ, ਸਮੱਸਿਆਵਾਂ, ਪ੍ਰਭਾਵ ਆਦਿ ਦਾ ਵਰਣਨ ਕਰਦਿਆਂ ਮਨੁੱਖੀ ਮਨ ਦੀ ਵੇਦਨਾ, ਸੰਵੇਦਨਾ, ਦੂਰਅੰਦੇਸ਼ੀ ਆਦਿ ਦਾ ਖੂਬਸੂਰਤ ਚਿਤਰਨ ਦੀ ਸਿਰਜਣਾ ਪੰਜਾਬੀ ਮਿੰਨੀ ਕਹਾਣੀ ਦਾ ਹਾਸਲ ਹੈ।

ਆਮ ਤੌਰ ਤੇ ਮਿੰਨੀ ਕਹਾਣੀ ਇਕਹਰੀ ਘਟਨਾ, ਹਾਲਾਤ ਤੇ ਕਾਲ ਨੂੰ ਲੈ ਕੇ ਚਲਦੀ ਹੈ।ਇਹ ਫਖਰ ਵਾਲੀ ਗੱਲ ਹੈ ਕਿ ਮਿੰਨੀ ਕਹਾਣੀ ਵਿਚ ਦੋ ਘਟਨਾਵਾਂ ਦਾ ਜੋੜ, ਵੱਖ-ਵੱਖ ਸਮਿਆਂ ਦਾ ਸੁਮੇਲ ਜਾਂ ਦੋ ਅਲੱਗ ਹਾਲਾਤਾਂ ਨੂੰ ਇਕ ਲੜੀ ਵਿਚ ਪਰੋ ਕੇ ਸਫਲ ਮਿੰਨੀ ਕਹਾਣੀ

ਦੀ ਰਚਨਾ ਵੀ ਪੰਜਾਬੀ ਮਿੰਨੀ ਕਹਾਣੀ ਵਿਚ ਕੀਤੀ ਗਈ ਹੈ।

ਇੰਞ ਇਸ ਦਹਾਕੇ ਦੀ ਕਹਾਣੀ ਨੇ ਨਵੇਂ ਤਜਰਬੇ ਕਰਕੇ ਇਕ ਹੋਰ ਸਫਲ ਪੁਲਾਂਘ ਪੁੱਟੀ ਹੈ ਤੇ ਮਿੰਨੀ ਕਹਾਣੀ ਨੂੰ ਨਵੇਂ ਪਸਾਰ ਦਿੱਤੇ ਹਨ।ਇਸ ਕਰਕੇ ਇਹ ਕਾਲ ਮਿੰਨੀ ਕਹਾਣੀ ਦਾ ਉੱਚਤਮ ਕਲਾਤਮਕ ਪ੍ਰਗਟਾ ਤੇ ਨਵੇਂ ਦਿਸਹੱਦਿਆਂ ਦੀ ਪਛਾਣ ਦਾ ਸਮਾਂ ਹੈ।ਪਲਾਸਟਿਕ ਦੀਆਂ ਗੁੱਡੀਆਂ/ਰੇਨੂੰ, ਮਾਂ ਨੂੰ ਛੁੱਟੀ/ਕਰਮਜੀਤ ਗਰੇਵਾਲ, ਭਲਾ ਮਨੁੱਖ/ਨਿਰੰਜਨ ਬੋਹਾ, ਤਰਾਸ਼ਿਆ ਪੱਥਰ/ਡਾ. ਬਲਦੇਵ ਸਿੰਘ ਖਹਿਰਾ, ਨਵੀਂ ਸੋਚ/ਅੰਮ੍ਰਿਤ ਲਾਲ ਮੰਨਣ, ਦਰਦ ਦੀ ਸਾਂਝ/ਰਘਵੀਰ ਸਿੰਘ ਮਹਿਮੀ, ਦੁਖਾਂਤ/ਗੁਰਚਰਨ ਸਿੰਘ ਗੁਲਸ਼ਨ, ਟੁੱਟੀ ਪੌੜੀ/ਰਸ਼ੀਦ ਅੱਬਾਸ, ਮੱਛੀਆਂ/ਜਸਵੀਰ ਢੰਡ, ਕਾਨੂੰਨ/ਰਾਜਿੰਦਰ ਕੌਰ ਵੰਤਾ, ਪੁਜਾਰਨ/ਡਾ.ਮਨੋਹਰ ਗਿੱਲ, ਮੂਰਤੀ/ਸਿਆਮ ਸੁੰਦਰ ਦੀਪਤੀ ਆਦਿ ਕਹਾਣੀਆਂ ਇਸ ਕਾਲ ਦੀਆਂ ਪ੍ਰਤੀਨਿਧ ਅਣੂ ਕਹਾਣੀਆਂ ਦੀ ਕਸੌਟੀ ਤੇ ਪੂਰੀਆਂ ਉਤਰਦੀਆਂ ਹਨ।

ਇਸ ਕਿਤਾਬ ਦੀ ਸੰਪਾਦਨਾਂ ਪਿੱਛੇ ਇਹ ਸੋਚ ਹੈ ਕਿ ਅਣੂ ਦੇ ਪਿਛਲੇ ਚਾਲੀ ਸਾਲ ਦਾ ਮਿੰਨੀ ਕਹਾਣੀ ਦਾ ਇਤਿਹਾਸ ਇਕ ਥਾਂ ਇਕੱਠਾ ਕੀਤਾ ਜਾਵੇ ਤਾਂ ਜੁ ਮਿੰਨੀ ਕਹਾਣੀ ਦੇ ਨਿਕਾਸ ਤੇ ਵਿਕਾਸ ਨੂੰ ਪੜਾਅ ਵਾਰ ਜਾਣਿਆ ਜਾ ਸਕੇ।ਸਮੇਂ ਸਮੇਂ ਇਸ ਵਿਚ ਆਈਆਂ ਵਿਧਾਗਤ ਤਬਦੀਲੀਆਂ ਤੇ ਵਿਸ਼ਾਗਤ ਪਸਾਰ ਦਾ ਕਾਲਵਧ ਨਿਖੇੜਾ ਕੀਤਾ ਜਾ ਸਕੇ।ਇਸ ਨੂੰ ਚਾਰ ਦਹਾਕਿਆਂ ਦੇ ਚਾਰ ਭਾਗਾਂ ਵਿਚ ਵੰਡਣ ਨਾਲ ਜਿਥੇ ਪਾਠਕਾਂ ਨੂੰ ਇਸਦੇ ਵੱਖਰੇ ਪੜਾਵਾਂ ਦੀ ਜਾਣਕਾਰੀ ਮਿਲੇਗੀ ਉਥੇ ਮਿੰਨੀ ਕਹਾਣੀ ਦੀ ਯਾਤਰਾ ਦਾ ਇਤਿਹਾਸਕ ਦਸਤਾਵੇਜ ਬਣਕੇ ਖੋਜੀਆਂ ਲਈ ਇਸਦੇ ਇਤਿਹਾਸ ਨੂੰ ਪੜ੍ਹਣ, ਸਮਝਣ, ਬਦਲਦੇ ਝੁਕਾਵਾਂ ਦੀ ਨਿਸ਼ਾਨਦੇਹੀ ਕਰਨ ਅਤੇ ਸੰਭਾਵਨਾਵਾਂ ਦੀ ਭਵਿੱਖਬਾਣੀ ਕਰਨ ਲਈ ਸਮੱਗਰੀ ਮੁਹੱਈਆ ਹੋਵੇਗੀ।

**ਸੁਰਿੰਦਰ ਕੈਲੇ**

# ਅਣੂ ਕਹਾਣੀਆਂ

## ਭਾਗ ਪਹਿਲਾ

## (1972-1980)



# 'ਅਣੂ' ਦੇ ਪਹਿਲੇ ਦਹਾਕੇ ਦੀਆਂ ਮਿੰਨੀ ਕਹਾਣੀਆਂ: ਪੁਨਰ ਮੁੱਲਾਂਕਣ

ਪੰਜਾਬੀ ਭਾਸ਼ਾ ਦੇ ਵਧੇਰੇ ਵਿਦਵਾਨ ਤੇ ਆਲੋਚਕ ਆਧੁਨਿਕ ਪੰਜਾਬੀ ਮਿੰਨੀ ਕਹਾਣੀ ਦਾ ਜਨਮ **1970** ਦੇ ਨੇੜ ਤੇੜ ਹੀ ਮੰਨਦੇ ਹਨ। ਭਾਵੇਂ ਇਸ ਤੋਂ ਪਹਿਲਾਂ ਵੀ ਵੱਖ ਵੱਖ ਨਾਵਾਂ ਹੇਠ ਇਸ ਵਿਧਾ ਨਾਲ ਮਿਲਦੀ ਜੁਲਦੀ ਗਲਪੀ ਰਚਨਾ ਹੋ ਰਹੀ ਸੀ ਪਰ ਇਸ ਵਿਧਾ ਦੇ ਗਲਪੀ ਰੂਪ ਦੇ ਵਿਸ਼ੇਸ਼ ਤੱਤਾਂ ਤੇ ਲੱਛਣਾਂ ਦੀ ਪਹਿਚਾਣ ਕਰਨ ਦੀ ਸੁਚੇਤ ਸ਼ੁਰੂਆਤ ਇਸ ਸਮੇਂ ਦਰਮਿਆਨ ਹੀ ਹੋਈ। **1972** ਵਿੱਚ ਸਤਵੰਤ ਕੈਂਥ ਨੇ ਇਸ ਵਿਧਾ ਨਾਲ ਸਬੰਧਤ ਪ੍ਰਥਮ ਮਿੰਨੀ ਕਹਾਣੀ ਸੰਗ੍ਰਹਿ 'ਬਰਫੀ ਦਾ ਟੁੱਕੜਾ' ਪ੍ਰਕਾਸ਼ਿਤ ਕਰਨ ਦੀ ਪਹਿਲ ਕੀਤੀ। ਹੁਣ ਆਧੁਨਿਕ ਪੰਜਾਬੀ ਮਿੰਨੀ ਕਹਾਣੀ ਕੋਲ ਆਪਣੀ ਵਿਕਾਸ ਪ੍ਰੀਕ੍ਰਿਆ ਦਾ ਚਾਲੀ ਸਾਲ ਪੁਰਾਣਾ ਇਤਿਹਾਸ ਹੈ ਪਰ **1970-72** ਦੇ ਨੇੜ-ਤੇੜ ਇਹ ਬਿਲਕੁਲ ਬਾਲੜੀ ਅਵੱਸਥਾ ਵਿਚ ਸੀ। ਉਸ ਵੇਲੇ ਚੁਟਕਲੇ ਤੇ ਮਿੰਨੀ ਕਹਾਣੀ ਵਿਚ ਸਪੱਸ਼ਟ ਨਿਖੇੜਾ ਵੀ ਨਹੀਂ ਸੀ ਹੋਇਆ। ਉਸ ਸਮੇਂ ਦੇ ਮਿੰਨੀ ਕਹਾਣੀਕਾਰ ਰਿਸ਼ਵਤਖੋਰੀ, ਦਾਜ ਦਹੇਜ ਤੇ ਮਨੁੱਖ ਦੀ ਕਹਿਣੀ ਤੇ ਕਰਨੀ ਵਿਚਲੇ ਫਰਕ ਵਰਗੇ ਗਿਣੇ ਚੁਣੇ ਰਵਾਇਤੀ ਵਿਸ਼ਿਆਂ ਨੂੰ ਹੀ ਵਾਰ ਵਾਰ ਦੁਹਰਾਅ ਰਹੇ ਸਨ। **1972** ਵਿਚ ਹੀ ਪੰਜਾਬੀ ਦੀ ਪਹਿਲੀ ਮਿੰਨੀ ਪੱਤ੍ਰਿਕਾ 'ਅਣੂ' ਦਾ ਜਨਮ ਹੋਇਆ। ਜੇਬੀ ਸਾਇਜ਼ **5½×3½** ਇੰਚ ਦੇ ਵਿਲੱਖਣ ਅਕਾਰ ਵਾਲੀ ਇਸ ਪਤ੍ਰਿਕਾ ਲਈ ਜਰੂਰੀ ਸੀ ਕਿ ਉਹ ਵੱਧ ਤੋਂ ਵੱਧ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਆਪਣੇ ਵਿਚ ਸਥਾਨ ਦੇਣ ਲਈ ਛੋਟੇ ਅਕਾਰ ਦੀਆਂ ਗਲਪੀ, ਕਾਵਿ ਤੇ ਵਾਰਤਕ ਰਚਨਾਵਾਂ ਨੂੰ ਹੀ ਪਹਿਲ ਦੇਵੇ। ਮਿੰਨੀ ਕਹਾਣੀ ਦਾ ਛੋਟਾ ਅਕਾਰ 'ਅਣੂ' ਦੀਆਂ ਸੰਪਾਦਕੀ ਲੋੜਾਂ ਦੇ ਮੇਚ ਆ ਗਿਆ ਤੇ ਇਸ ਤਰ੍ਹਾਂ ਮਿੰਨੀ ਕਹਾਣੀ ਤੇ 'ਅਣੂ' ਇਕ ਦੂਜੇ ਦੇ ਪੂਰਕ ਹੋ ਨਿਬੜੇ।

'ਅਣੂ' ਦੇ ਸੰਪਾਦਕ ਸੁਰਿੰਦਰ ਕੈਲੇ ਦਾ ਆਪਣਾ ਸ਼ੁਮਾਰ ਵੀ ਕਲਾਤਮਿਕ ਮਿੰਨੀ ਕਹਾਣੀ ਲਿਖਣ ਵਾਲੇ ਮੋਢੀ ਲੇਖਕਾਂ ਵਿਚ ਹੈ। ਇਸ ਲਈ ਮਿੰਨੀ ਕਹਾਣੀ ਵਿਕਾਸ ਪ੍ਰੀਕ੍ਰਿਆ ਦੇ ਪਹਿਲੇ ਦਹਾਕੇ ਵਿਚ 'ਅਣੂ' ਤੇ ਇਸਦੇ ਸੰਪਾਦਕ ਦਾ ਯੋਗਦਾਨ ਅਹਿਮ ਮਹੱਤਤਾ ਰੱਖਦਾ ਹੈ। **1970** ਤੋਂ ਲੈ ਕੇ **1980** ਤੀਕ ਰੋਜ਼ਾਨਾ ਅਖ਼ਬਾਰ ਜਾਂ ਸਾਹਿਤਕ ਮੈਗਜ਼ੀਨ ਆਪਣਾ ਕੋਈ ਖਾਲੀ ਕੋਨਾ ਭਰਨ ਲਈ ਮਿੰਨੀ ਕਹਾਣੀ ਦੀ ਵਰਤੋਂ ਫਿਲਰ ਵਜੋਂ ਹੀ ਕਰਦੇ ਰਹੇ। ਉਸ ਸਮੇਂ ਮਿੰਨੀ ਕਹਾਣੀ ਦਾ ਕੋਈ ਲਿਖਤੀ ਜਾਂ ਅਲਿਖਤੀ ਆਲੋਚਨਾ ਕਾਵਿ ਸ਼ਾਸ਼ਤਰ ਵੀ ਤਿਆਰ ਨਹੀਂ ਸੀ ਹੋਇਆ। 'ਅਣੂ' ਵਿਚ ਸੰਨ **1972** ਤੋਂ ਲੈ ਕੇ ਸੰਨ **1980** ਤੱਕ ਪ੍ਰਕਾਸ਼ਿਤ ਮਿੰਨੀ ਕਹਾਣੀਆਂ ਇਸ ਗੱਲ ਦੀ ਪੁਖਤਾ ਗਵਾਹੀ ਦੇਂਦੀਆਂ ਹਨ ਕਿ ਸੰਪਾਦਕ ਦੇ ਜ਼ਿਹਨ ਵਿਚ ਕਲਾਤਮਿਕ ਮਿੰਨੀ ਕਹਾਣੀ ਦਾ ਇਕ ਮਾਡਲ ਜਰੂਰ ਮੌਜੂਦ ਸੀ, ਜਿਸਦੇ ਅਧਾਰ 'ਤੇ ਉਹ ਉਸ

ਸਮੇਂ ਦੀਆਂ ਸਰੋਵਤਮ ਮਿੰਨੀ ਕਹਾਣੀਆਂ ਦੀ ਚੋਣ ਕਰਨ ਵਿਚ ਸਫਲ ਰਿਹਾ। 'ਅਣੂ' ਵਿਚ ਪ੍ਰਕਾਸ਼ਿਤ ਪਹਿਲੀ ਕਹਾਣੀ 'ਅੰਤਰ' ਵੀ ਸੰਪਾਦਕ ਦੀ ਆਪਣੀ ਹੈ। ਮੇਰੇ ਅਧਿਐਨ ਲਈ ਆਈਆਂ ਮਿੰਨੀ ਕਹਾਣੀਆਂ ਪੜ੍ਹ ਕੇ ਤਸੱਲੀ ਹੋਈ ਕਿ ਇਹ ਕਹਾਣੀਆਂ ਵਿਸ਼ੇ ਦੀ ਚੋਣ ਤੋਂ ਲੈ ਕੇ ਇਸ ਦੀ ਕਲਾਤਮਿਕ ਅਭਿਵਿਅਕਤੀ ਤੀਕ ਆਜੋਕੇ ਸਮੇਂ ਦੇ ਪਾਠਕਾਂ ਦੀ ਸੁਹਜ ਸੰਤੁਸ਼ਟੀ ਕਰਵਾ ਸਕਣ ਵਿਚ ਸਫਲ ਵਿਖਾਈ ਦੇਂਦੀਆਂ ਹਨ।

'ਅਣੂ' ਪੰਜਾਬੀ ਮਿੰਨੀ ਕਹਾਣੀ ਨੂੰ ਗੰਭੀਰਤਾ ਨਾਲ ਅਪਨਾਉਣ ਵਾਲੀ ਪੰਜਾਬੀ ਦੀ ਪਹਿਲੀ ਸਾਹਿਤਕ ਪਤ੍ਰਿਕਾ ਹੈ। ਇਸ ਲਈ ਮਿਆਰੀ ਤੇ ਕਲਾਤਮਿਕ ਮਿੰਨੀ ਕਹਾਣੀ ਦੀ ਪਹਿਚਾਣ ਸਥਾਪਿਤ ਕਰਨ ਵਿਚ ਇਸ ਦਾ ਮਹੱਤਵਪੂਰਨ ਯੋਗਦਾਨ ਹੈ। 'ਅਣੂ' ਦੇ ਪਹਿਲੇ ਦਹਾਕੇ ਦੌਰਾਨ ਪ੍ਰਕਾਸ਼ਿਤ ਮਿੰਨੀ ਕਹਾਣੀਆਂ ਦੇ ਭਾਵ ਬੋਧ, ਅਭਿਵਿਅਕਤੀਗਤ ਪ੍ਰਗਟਾਅ ਤੇ ਪੇਸ਼ਕਾਰੀ ਵਿਚ ਇਕ ਨਿਸਚਿਤ ਅਨੁਸਾਸ਼ਨ ਕੰਮ ਕਰਦਾ ਹੈ। ਇਨ੍ਹਾਂ ਵਿਚ ਆਧੁਨਿਕ ਮਿੰਨੀ ਕਹਾਣੀ ਦੇ ਵਿਸ਼ੇਸ਼ ਗੁਣ ਜਿਵੇਂ ਸੰਖੇਪਤਾ, ਸਰਲਤਾ, ਸੰਜਮਤਾ, ਸੂਖਮਤਾ, ਕਟਾਖਸ਼ੀ ਚੋਭ ਤੇ ਇਕਹਿਰਾ ਤੇ ਕਸਵਾਂ ਕਥਾਨਕ ਆਦਿ ਮੌਜੂਦ ਹਨ। ਜੇ ਇਨ੍ਹਾਂ ਦੇ ਪ੍ਰਕਾਸ਼ਨ ਤੋਂ ਤੀਹ ਪੈਂਤੀ ਵਰ੍ਹੇ ਬਾਅਦ ਅਸੀਂ ਇਨਾਂ ਦਾ ਮੁਕਾਬਲਾ ਆਜੋਕੇ ਸਮੇਂ ਦੌਰਾਨ ਲਿਖੀ ਜਾ ਰਹੀ ਮਿੰਨੀ ਕਹਾਣੀ ਨਾਲ ਕਰੀਏ ਤਾਂ ਅਸਾਨੀ ਨਾਲ ਇਨ੍ਹਾਂ ਵਿੱਚੋਂ ਮੀਨ ਮੇਖ ਕੱਢਣ ਵਿਚ ਕਾਮਯਾਬ ਹੋ ਜਾਵਾਂਗੇ, ਪਰ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਇਹ ਮਿੰਨੀ ਕਹਾਣੀਆਂ ਆਪਣੇ ਸਮੇਂ ਦੀ ਮਿੰਨੀ ਕਹਾਣੀ ਕਲਾ ਦਾ ਉਚਤਮ ਮਾਡਲ ਸਨ।

ਜਦੋਂ 'ਅਣੂ' ਨੇ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕੀਤਾ ਤਾਂ ਉਸ ਸਮੇਂ ਜੀਵਨ ਦੇ ਪੂੰਜੀਵਾਦੀ ਮੁੱਲ ਤੇਜੀ ਨਾਲ ਜਗੀਰਦਾਰੀ ਮੁੱਲਾਂ ਦਾ ਸਥਾਨ ਲੈ ਰਹੇ ਸਨ। ਇਸ ਤਰ੍ਹਾਂ 'ਅਣੂ' ਦੇ ਪਹਿਲੇ ਦਹਾਕੇ ਦੌਰਾਨ ਪ੍ਰਕਾਸ਼ਿਤ ਹੋਈਆਂ ਮਿੰਨੀ ਕਹਾਣੀਆਂ ਪੂੰਜੀਵਾਦੀ ਤਰਜ਼ ਦੀ ਜੀਵਨ ਜਾਚ ਨੂੰ ਭਲੀ ਭਾਂਤ ਰੂਪਮਾਨ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਰਾਹੀਂ ਤੱਤਕਾਲੀ ਸਮਾਜ ਦੀ ਸਮਾਜਿਕ, ਰਾਜਨੀਤਕ, ਆਰਥਿਕ ਤੇ ਸਭਿਆਚਾਰਕ ਵਿਵਸਥਾ ਬਾਰੇ ਭਰੋਸੇਮੰਦ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ। ਇਹ ਕਹਾਣੀਆਂ ਪੂੰਜੀਵਾਦੀ ਯੁਗ ਦੀ ਵਿਸ਼ੇਸ਼ ਦੇਣ ਵਿਅਕਤੀਵਾਦੀ ਵਰਤਾਰੇ ਨੂੰ ਵਿਸ਼ੇਸ਼ ਰੂਪ ਵਿਚ ਆਪਣੀ ਆਲੋਚਨਾ ਦਾ ਨਿਸ਼ਾਨਾ ਬਣਾਉਂਦੀਆਂ ਹਨ। ਕਹਾਣੀਆਂ ਦੇ ਵਿਸ਼ਲੇਸ਼ਣੀ ਸਿੱਟੇ ਦੱਸਦੇ ਹਨ ਕਿ ਪੂੰਜੀਵਾਦੀ ਚੇਤਨਾਂ ਨੇ ਮਨੁੱਖ ਨੂੰ ਆਪਣੇ ਸਮਾਜਿਕ ਤੇ ਮਨੁੱਖੀ ਫਰਜ਼ਾਂ ਪ੍ਰਤੀ ਏਨਾ ਸੰਵੇਦਨਹੀਨ, ਗੈਰ ਜਿੰਮੇਵਾਰ ਤੇ ਨਿਰਮੋਹਾ ਕਰ ਦਿੱਤਾ ਹੈ ਕਿ ਉਹ ਆਪਣੇ ਨਿੱਜੀ ਨਫ਼ੇ-ਨੁਕਸਾਨ ਤੋਂ ਇਲਾਵਾ ਹੋਰ ਕੁਝ ਸੋਚਣਾ ਹੀ ਨਹੀਂ ਚਾਹੁੰਦਾ।

ਪਰਚੇ ਵਿਚ ਸ਼ਾਮਿਲ ਅਜੀਤ ਕਮਲ ਦੀ ਮਿੰਨੀ ਕਹਾਣੀ 'ਸੁੱਕੀ ਟਾਹਣੀ' ਇਸ ਤੱਥ ਨੂੰ ਭਲੀ ਭਾਂਤ ਉਜਾਗਰ ਕਰਦੀ ਹੈ ਕਿ ਪੂੰਜੀਵਾਦੀ ਯੁਗ ਦੇ ਸਮਾਜਿਕ ਰਿਸ਼ਤੇ ਤੇ ਪਿਆਰ ਸਬੰਧ ਜਾਗੀਰਦਾਰੀ ਯੁਗ ਵਾਂਗ ਹੰਢਣਸਾਰ ਤੇ ਟਿਕਾਊ ਨਹੀਂ ਰਹੇ। ਜਗਸੀਰ ਜੋਸਣ ਦੀ ਮਿੰਨੀ

ਕਹਾਣੀ 'ਮੁੱਲ ਦਾ ਪਿਆਰ' ਵੀ ਉਪਰੋਕਤ ਧਾਰਨਾ ਦੀ ਪੁਸ਼ਟੀ ਕਰਦਿਆਂ ਇਸ ਵਿਸ਼ਲੇਸ਼ਣੀ ਸਿੱਟੇ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ਕਿ ਇਸ ਯੁਗ ਦਾ ਪਿਆਰ ਵੀ ਵੇਚ ਖ਼ੀਦ ਦੀ ਵਸਤੂ ਬਣ ਕੇ ਰਹਿ ਗਿਆ ਹੈ। ਨਿਰੰਜਣ ਸ਼ਰਮਾ ਸੇਖਾ ਦੀ ਮਿੰਨੀ ਕਹਾਣੀ 'ਹਮਦਰਦੀ' ਤੇ ਹਰਚੰਦ ਗਿਲਮਿਆਣੀ ਦੀ ਮਿੰਨੀ ਕਹਾਣੀ 'ਸਾਊ' ਇਸ ਸੱਚ ਨੂੰ ਬਿਆਨ ਕਰਦੀ ਹੈ ਕਿ ਸਮਾਜ ਦੀ ਪੂੰਜੀ ਅਧਾਰਿਤ ਵਿਕਾਸ ਪ੍ਰੀਕ੍ਰਿਆ ਨੇ ਮਨੁੱਖ ਅੰਦਰਲੀਆਂ ਦੂਜੇ ਦਾ ਦੁੱਖ ਦਰਦ ਮਹਿਸੂਸ ਕਰਨ ਵਾਲੀਆਂ ਸੰਵੇਦਨਾਵਾਂ ਨੂੰ ਇਸ ਹੱਦ ਤੀਕ ਖਤਮ ਕਰ ਦਿੱਤਾ ਹੈ ਕਿ ਕਿਸੇ ਦੀ ਲਾਸ਼ ਦੇ ਦੁਆਲੇ ਖੜ੍ਹੇ ਲੋਕ ਮ੍ਰਿਤਕ ਵਿਅਕਤੀ ਪ੍ਰਤੀ ਦਿਲੀ ਹਮਦਰਦੀ ਪ੍ਰਗਟਾਉਣ ਦੀ ਬਜਾਏ ਕੇਵਲ ਅਜਿਹਾ ਕਰਨ ਦਾ ਵਿਖਾਵਾ ਹੀ ਕਰਦੇ ਹਨ। ਤੇਲੂ ਰਾਮ ਕੁਹਾੜਾ ਦੀ ਮਿੰਨੀ ਕਹਾਣੀ 'ਮਾਵਾਂ' ਅਨੁਸਾਰ ਅੱਜ ਦਾ ਮਨੁੱਖ ਆਪਣੇ ਸੁਆਰਥ ਲਈ ਪੱਥਰ ਰੂਪੀ ਦੇਵੀ ਮਾਂ ਨੂੰ ਤਾਂ ਪੂਜ ਰਿਹਾ ਹੈ ਪਰ ਧਰਤੀ ਤੇ ਵਿਚਰਦੀਆਂ ਜਿਉਂਦੀਆਂ ਜਾਗਦੀਆਂ ਮਾਵਾਂ ਉਸ ਲਈ ਰਾਹ ਦੇ ਪੱਥਰ ਹਨ। ਪਰਚੇ ਵਿਚ ਸ਼ਾਮਿਲ ਮਿੰਨੀ ਕਹਾਣੀ ਦੁਰਘਟਨਾ, ਏਕਸ ਕੇ ਹਮ ਬਾਰਿਕ (ਪ੍ਰਿੰ. ਸੁਲੱਖਣ ਮੀਤ) ਗਰੀਬ ਦੀ ਮੱਦਦ (ਰਜਿੰਦਰ ਕੌਰ), ਤਸੱਲੀ (ਅਵਤਾਰ) ਤੇ ਰਾਖੇ (ਮਨਜੀਤ ਕੌਰ) ਆਦਿ ਵੀ ਮਨੁੱਖੀ ਸੋਚ ਤੇ ਨੈਤਿਕ ਕਦਰਾਂ ਕੀਮਤਾਂ ਵਿਚ ਆ ਰਹੇ ਨਿਘਾਰ ਨੂੰ ਯਥਾਰਥਿਕ ਰੂਪ ਵਿਚ ਪੇਸ਼ ਕਰਦੀਆਂ ਹਨ।

'ਅਣੂ' ਦੇ ਪਹਿਲੇ ਦਹਾਕੇ ਦੀਆਂ ਮਿੰਨੀ ਕਹਾਣੀਆਂ ਪ੍ਰਾਪਤ ਸਮਾਜਿਕ ਯਥਾਰਥ ਵਿਚ ਮਿਹਨਤਕਸ਼ ਤੇ ਗਰੀਬ ਲੋਕਾਂ ਦੀ ਹੋ ਰਹੀ ਦੁਰਗਤੀ ਦੇ ਅਜਿਹੇ ਮਾਰਮਿਕ ਵੇਰਵੇ ਪੇਸ਼ ਕਰਦੀਆਂ ਹਨ ਕਿ ਪਾਠਕੀ ਮਨਾਂ ਵਿੱਚ ਅਜਿਹੀ ਸਮਾਜਿਕ ਤੇ ਆਰਥਿਕ ਵਿਵਸਥਾ ਵਿਰੁੱਧ ਰੋਸ ਲਾਜ਼ਮੀ ਤੌਰ ਤੇ ਜਾਗਦਾ ਹੈ। ਪਰਚੇ ਵਿਚ ਸ਼ਾਮਿਲ ਸਰਦਾਰ ਬਸਰਾ ਦੀ ਮਿੰਨੀ ਕਹਾਣੀ 'ਡਰਾਪਸੀਨ' ਇਸ ਕੌੜੇ ਸੱਚ ਦਾ ਬੇ-ਬਾਕ ਖੁਲਾਸਾ ਕਰਦੀ ਹੈ ਕਿ ਦੇਸ਼ ਨੂੰ ਕਥਿਤ ਰੂਪ ਵਿਚ ਅਜਾਦੀ ਮਿਲਣ ਦੇ ਬਾਵਜੂਦ ਵੀ ਇੱਥੋਂ ਦੇ ਬਹੁ-ਗਿਣਤੀ ਲੋਕ ਆਰਥਿਕ ਤੌਰ 'ਤੇ ਗੁਲਾਮ ਹਨ। ਕਿਰਨਜੀਤ ਗਿੱਲ ਦੀ ਮਿੰਨੀ ਕਹਾਣੀ 'ਇੱਕ ਸਵਾਲ' ਅਨੁਸਾਰ ਆਪਣਾ ਸਾਰਾ ਸਮਾਂ ਤੇ ਸਿਰਜਣਾਤਮਕ ਸਮਰੱਥਾ ਖਰਚ ਕੇ ਵੀ ਦੋ ਵਕਤ ਦੀ ਰੋਟੀ ਦਾ ਜੁਗਾੜ ਨਾ ਕਰ ਸਕਣ ਵਾਲੇ ਲੋਕਾਂ ਲਈ ਦੇਸ਼ ਦਾ ਸਵਤੰਤਰਤਾ ਜਾਂ ਗਣਤੰਤਰ ਦਿਵਸ ਕੋਈ ਅਰਥ ਨਹੀਂ ਰੱਖਦੇ। ਗੁਰਮੀਤ ਪਲਾਹੀ ਦੀ ਮਿੰਨੀ ਕਹਾਣੀ 'ਵਸੀਅਤ' ਅਨੁਸਾਰ ਦੇਸ਼ ਦੇ ਮੌਜੂਦਾ ਆਰਥਿਕ ਪ੍ਰਬੰਧ ਵਿਚ ਗਰੀਬ ਵਿਅਕਤੀ ਆਪਣੀ ਔਲਾਦ ਨੂੰ ਵਿਰਾਸਤ ਵਿਚ ਵੀ ਗਰੀਬੀ ਤੇ ਬੇ-ਵਸੀ ਹੀ ਦੇ ਕੇ ਜਾਂਦਾ ਹੈ। ਗੁਰਮੇਲ ਮਡਾਹੜ ਦੀ ਕਹਾਣੀ 'ਚਿੱਤਰ' ਅਨੁਸਾਰ ਇਹ ਆਰਥਿਕ ਪ੍ਰਬੰਧ ਕਿਰਤੀ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਦੀਆਂ ਛੋਟੀਆਂ-ਛੋਟੀਆਂ ਖਾਹਸ਼ਾਂ ਦੀ ਪੂਰਤੀ ਦਾ ਮੌਕਾ ਵੀ ਨਹੀਂ ਦੇਂਦਾ। ਦੁਰਗਾ ਦੱਤ ਕਪਿਲ ਦੀ ਮਿੰਨੀ ਕਹਾਣੀ 'ਧੁੰਨ ਰੋਂਦੀ ਰਹੀ' ਇਸ ਤੋਂ ਵੀ ਅੱਗੇ ਜਾਂਦਿਆਂ ਕਲਾ ਤੇ ਕਿਰਤ ਵੇਚਣ ਵਾਲੇ ਉਨ੍ਹਾਂ ਲੋਕਾਂ ਦੀ ਤ੍ਰਾਸਦੀ ਨੂੰ ਬਿਆਨਦੀ ਹੈ, ਜਿਨ੍ਹਾਂ ਕੋਲ

ਆਪਣੇ ਨਜਦੀਕੀਆਂ ਦੇ ਮਾਤਮ ਵਿਚ ਸ਼ਾਮਿਲ ਹੋਣ ਦਾ ਵੀ ਮੌਕਾ ਨਹੀਂ ਹੁੰਦਾ। ਮਨੁੱਖੀ ਬੇ-ਵਸੀ ਦੀ ਇਸ ਤੋਂ ਵੱਡੀ ਉਦਾਹਰਣ ਹੋਰ ਕੀ ਹੋਵੇਗੀ ਕਿ ਕਹਾਣੀ ਵਿਚਲੇ ਬੈਂਡ ਮਾਸਟਰ ਨੂੰ ਆਪਣੀ ਪਤਨੀ ਦੀ ਮੌਤ ਦੀ ਸੂਚਨਾ ਮਿਲ ਜਾਂਦੀ ਹੈ ਪਰ ਉਹ ਉਸਦੇ ਦਾਹ ਸੰਸਕਾਰ 'ਤੇ ਆਉਣ ਵਾਲੇ ਖਰਚੇ ਲਈ ਵਿਆਹ ਪਾਰਟੀ ਵਿੱਚ ਬੈਂਡ ਵਜਾਉਂਦੇ ਰਹਿਣ ਲਈ ਮਜਬੂਰ ਹੈ। ਪਰਚੇ ਵਿਚ ਸ਼ਾਮਿਲ ਮਿੰਨੀ ਕਹਾਣੀ ਮਜਬੂਰੀ (ਮਹਿੰਦਰ ਰਾਮਪੁਰੀ), ਗੁਜਾਰਾ (ਮਹਿੰਦਰ ਮਾਨ), ਦੁਰਘਟਨਾ (ਸੁਲੱਖਣ ਮੀਤ), ਦਲ ਬਦਲੂ (ਅਮਰਪ੍ਰੀਤ), ਨਿਕੰਮੀ ਦਵਾਈ (ਰਾਮ ਸਰੂਪ ਜਿੰਦਲ) ਵੀ ਨਿਮਨ ਸ਼੍ਰੇਣੀ ਤੇ ਛੋਟੀ ਕਿਸਾਨੀ ਦੇ ਜੀਵਨ ਦੀਆਂ ਤੰਗੀਆਂ ਤੁਰਸੀਆਂ ਤੇ ਮਜਬੂਰੀਆਂ ਨੂੰ ਚੰਗੀ ਤਰਾਂ ਉਜਾਗਰ ਕਰਦੀਆਂ ਹਨ।

'ਅਣੂ' ਦੇ ਪਹਿਲੇ ਦਹਾਕੇ ਦੀਆਂ ਮਿੰਨੀ ਕਹਾਣੀਆਂ ਦੇਸ਼ ਦੀ ਆਰਥਿਕ ਤੇ ਰਾਜਨੀਤਕ ਵਿਵਸਥਾ ਦੀ ਆਪਸੀ ਸਾਂਝ ਨੂੰ ਵੀ ਭਲੀ ਭਾਂਤ ਵਿਸ਼ਲੇਸ਼ਿਤ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਦੇਸ਼ ਦੀ ਰਾਜ ਸੱਤਾ ਤੇ ਪੂੰਜੀਵਾਦੀ ਜਮਾਤ ਦਾ ਹੀ ਕਬਜ਼ਾ ਹੈ ਇਸ ਲਈ ਇਹ ਰਾਜਨੀਤਕ ਨਿਜਾਮ ਉਨ੍ਹਾਂ ਹੀ ਆਰਥਿਕ ਨੀਤੀਆਂ ਨੂੰ ਲਾਗੂ ਕਰਦਾ ਹੈ ਜੋ ਗਰੀਬ ਨੂੰ ਹੋਰ ਗਰੀਬ ਤੇ ਅਮੀਰ ਨੂੰ ਹੋਰ ਅਮੀਰ ਬਣਾਉਂਦੀਆਂ ਹੋਣ। ਇਸ ਸਬੰਧੀ ਸ਼ਰਨ ਮੱਕੜ ਦੀ ਕਲਾਸਿਕ ਪੱਧਰ ਦੀ ਮਿੰਨੀ ਕਹਾਣੀ 'ਕੰਧ ਤੇ ਟੰਗਿਆ ਹਾਸਾ' ਸਾਡਾ ਧਿਆਨ ਵਿਸ਼ੇਸ਼ ਤੌਰ 'ਤੇ ਖਿੱਚਦੀ ਹੈ। ਇਹ ਕਹਾਣੀ ਸੰਕੇਤਕ ਢੰਗ ਨਾਲ ਇਸ ਤੱਥ ਨੂੰ ਬਿਆਨਦੀ ਹੈ ਕਿ ਅਮੀਰਾਂ ਤੇ ਗਰੀਬਾਂ ਵਿਚਕਾਰਲਾ ਵੱਡਾ ਆਰਥਿਕ ਪਾੜਾ ਪੂੰਜੀਵਾਦੀ ਰਾਜ ਸੱਤਾ ਦੀ ਉਮਰ ਹੋਰ ਲੰਮੀ ਕਰਦਾ ਹੈ। ਇਸੇ ਲਈ ਹੀ ਗੁਰਬਤ ਦੇ ਦ੍ਰਿਸ਼ ਵੇਖ ਕੇ ਦੇਸ਼ ਦੇ ਰਾਜ ਨੇਤਾਵਾਂ ਦੇ ਮੂੰਹ 'ਤੇ ਹਾਸਾ ਹੀ ਰਹਿੰਦਾ ਹੈ। ਕਹਾਣੀ ਅਨੁਸਾਰ ਧਰਮ ਵੱਲੋਂ ਦਿੱਤਾ ਰੱਬ ਦੀ ਰਜ਼ਾ ਵਿਚ ਰਹਿਣ ਤੇ ਸ਼ਾਂਤੀ ਦਾ ਉਪਦੇਸ਼ ਵੀ ਇਸ ਰਾਜ ਸੱਤਾ ਦੇ ਹੱਕ ਵਿਚ ਭੁਗਤਦਾ ਹੈ। ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀ 'ਊਠ ਦਾ ਬੁੱਲ੍ਹ' ਇਸ ਅਮਾਨਵੀ ਸਥਿਤੀ ਦਾ ਅਗਲੇ ਪਸਾਰ ਤੀਕ ਪਹੁੰਚਦਿਆਂ ਇਹ ਸਿੱਟਾ ਕੱਢਦੀ ਹੈ ਕਿ ਦੇਸ਼ ਦੇ ਰਾਜਨੀਤਕ ਨਿਜ਼ਾਮ ਤੋਂ ਲੋਕਾਂ ਦੇ ਭਲੇ ਦੀ ਆਸ ਰੱਖਣਾ, ਆਪਣੇ ਆਪ ਨੂੰ ਧੋਖਾ ਦੇਣ ਦੇ ਬਰਾਬਰ ਹੈ। ਮੋਹਨ ਸਿੰਘ ਪ੍ਰੀਤ ਦੀ ਕਹਾਣੀ 'ਧੁੱਪ' ਅਨੁਸਾਰ ਪੂੰਜੀਪਤੀ ਜਮਾਤ ਨੇ ਆਪਣੀ ਸਾਧਣ ਸੰਪੰਨਤਾ ਦੇ ਬਲਬੂਤੇ 'ਤੇ ਹੱਥੀਂ ਕਿਰਤ ਕਰਨ ਵਾਲੇ ਲੋਕਾਂ ਦੇ ਹਿੱਸੇ ਆਉਂਦੀ ਸੁੱਖ-ਅਰਾਮ ਰੂਪ ਧੁੱਪ 'ਤੇ ਵੀ ਕਬਜ਼ਾ ਕਰ ਲਿਆ ਹੈ। ਪਰਚੇ ਵਿੱਚ ਸ਼ਾਮਿਲ ਹੋਰ ਮਿੰਨੀ ਕਹਾਣੀਆਂ ਅੰਨ੍ਹਾ ਚਾਲਕ, ਭੇਡਾਂ (ਸ਼ਰਨ ਮੱਕੜ), ਉਲਟੀ ਵਾੜ ਖੇਤ ਕੋ ਖਾਈ (ਕੁਲਦੀਪ ਸਿੰਘ ਹਾਉਰਾ), ਐਮਰਜੈਂਸੀ (ਰਣਜੀਤ ਸਿੰਘ ਮੰਡੇਰ), ਰੋਂਦੇ ਪੱਥਰ (ਹਰਬੰਸ ਸਿੰਘ ਆਹਲੂਪੁਰੀਆਂ), ਨਿਆਂ (ਪਾਂਧੀ ਨਨਕਾਣਵੀ), ਕਿਰਾਇਆ (ਗੁਰਚਰਨ ਸਿੰਘ ਸੇਕ), ਜੋਕ (ਸੁਰਜੀਤ ਸੂਦ) ਤੇ ਧੁੱਪ ਛਾਂ (ਹਰਭਜਨ ਖੇਮਕਰਨੀ) ਵੀ ਰਾਜਨੀਤਕ ਤੇ ਪ੍ਰਸਾਸਨਿਕ ਖੇਤਰ ਵਿਚ ਭ੍ਰਿਸ਼ਟਾਚਾਰ ਨੂੰ ਮਿਲ ਰਹੀ ਵਿਆਪਕ ਮਾਨਤਾ 'ਤੇ ਆਪਣੀ ਤਿੱਖੀ

ਪ੍ਰਤੀਕ੍ਰਿਆ ਦਰਜ਼ ਕਰਵਾਉਂਦੀਆਂ ਹਨ।

ਜਦੋਂ ਰਾਜਨੀਤਕ ਤੇ ਆਰਥਿਕ ਖੇਤਰ ਦੇ ਕਬਜ਼ਾਧਾਰੀ ਮਨੁੱਖ ਤੇ ਮਨੁੱਖਤਾ ਨੂੰ ਨੁਕਸਾਨ ਪਹੁੰਚਾਉਣ ਦੇ ਸਬੰਧ ਵਿਚ ਕੋਈ ਕਸਰ ਬਾਕੀ ਨਾ ਰੱਖ ਰਹੇ ਹੋਣ ਤਾਂ ਸਿੱਖਿਆ, ਸਾਹਿਤ ਤੇ ਅਧਿਆਤਮ ਖੇਤਰ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਇਹ ਖੇਤਰ ਮਨੁੱਖੀ ਖਾਸੇ ਤੋਂ ਟੁੱਟਦੀ ਜਾ ਰਹੀ ਸਮਾਜਿਕ ਜ਼ਿੰਦਗੀ ਵਿਚ ਹਾਂ ਪੱਖੀ ਦਖ਼ਲ ਅੰਦਾਜ਼ੀ ਕਰਕੇ ਖਿੰਡ ਪੁੰਡ ਰਹੀ ਸਮਾਜਿਕ ਵਿਵਸਥਾ ਦੀ ਮਨੁੱਖਤਾਵਾਦੀ ਤਰਜ਼ 'ਤੇ ਪੁਨਰ ਸਿਰਜਣਾ ਕਰਨ। ਦਹਾਕੇ ਦੇ ਮਿੰਨੀ ਕਹਾਣੀਕਾਰ ਉਪਰੋਕਤ ਖੇਤਰਾਂ ਵੱਲੋਂ ਨਿਭਾਈ ਜਾ ਰਹੀ ਸਮਾਜਿਕ ਭੂਮਿਕਾ ਤੋਂ ਵੀ ਸੰਤੁਸ਼ਟ ਨਹੀਂ ਹਨ। 'ਅਣੂ' ਵਿਚ ਇਸ ਸਮੇਂ ਦੌਰਾਨ ਪ੍ਰਕਾਸ਼ਿਤ ਹੋਈਆਂ ਮਿੰਨੀ ਕਹਾਣੀਆਂ ਇਸ ਤਲਖ ਸੱਚ ਨੂੰ ਬਿਆਨਦੀਆਂ ਹਨ ਕਿ ਸਮੇਂ ਦੀ ਬਦਲ ਰਹੀ ਚਾਲ ਨਾਲ ਇਹ ਖੇਤਰ ਵੀ ਆਪਣੀ ਲੋਕ ਕਲਿਆਣਕਾਰੀ ਭੂਮਿਕਾ ਤੋਂ ਦੂਰ ਹੁੰਦੇ ਜਾ ਰਹੇ ਹਨ। ਇਸ ਸਬੰਧੀ ਜੇ ਮਿੰਨੀ ਕਹਾਣੀ ਮਾਇਆ ਨਗਰੀ (ਰਣਜੀਤ ਸਿੰਘ ਮੰਡੇਰ), ਮਜ਼ਬੂਰੀ (ਸਾਧੂ), ਸਿਆਣਾ (ਦਰਸ਼ਨ ਧੰਜਲ) ਆਦਿ ਆਪਣੇ ਪਾਠਕਾਂ ਨੂੰ ਧਰਮ ਦੀ ਨਕਾਬ ਹੇਠ ਛੁਪੇ ਘਿਰਣਿਤ ਚਿਹਰਿਆਂ ਦੀ ਸ਼ਨਾਖਤ ਕਰਾਉਂਦੀਆਂ ਹਨ ਤਾਂ ਮਿੰਨੀ ਕਹਾਣੀ ਇਮਾਨਦਾਰੀ (ਗੁਰਮੀਤ ਪਲਾਹੀ), ਗਰੀਬ ਦੀ ਮੱਦਦ (ਜੁਗਿੰਦਰ ਕੌਰ) ਤੇ ਵਿਹੁ ਵਰਗਾ ਖੰਡ ਵਰਗਾ (ਜਸਵੀਰ ਢੰਡ) ਆਦਿ ਵਿਦਿਅਕ ਖੇਤਰ ਵੱਲੋਂ ਗ੍ਰਹਿਣ ਕੀਤੇ ਭ੍ਰਿਸ਼ਟਾਚਾਰੀ ਤੇ ਅਮਾਨਵੀ ਖਾਸੇ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। ਭੁਪਿੰਦਰ ਸਿੰਘ ਪੀ.ਸੀ.ਐਸ. ਦੀ ਮਿੰਨੀ ਕਹਾਣੀ 'ਕਾਲ ਗਰਲ' ਅਨੁਸਾਰ ਸਮਾਜ ਨੂੰ ਅਗਾਂਹਵਧੂ ਸੇਧ ਦੇਣ ਦਾ ਦਾਅਵੇਦਾਰ ਲੇਖਕ ਵਰਗ ਵੀ ਪੂੰਜੀਵਾਦੀ ਯੁਗ ਵਿਚ ਪਹੁੰਚ ਕੇ ਕਾਲ ਗਰਲ ਵਾਂਗ ਵਿਕਾਊ ਚੀਜ਼ ਬਣਦਾ ਜਾ ਰਿਹਾ ਹੈ।

ਭਾਵੇਂ ਸਮਾਜ ਵਿਚ ਅਮਾਨਵੀ ਖਾਸੇ ਵਾਲੇ ਲੋਕਾਂ ਦੀ ਬਹੁਤਾਤ ਹੈ ਪਰ 'ਅਣੂ' ਦੀਆਂ ਕਹਾਣੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਬਦੀ ਦੀਆਂ ਤਾਕਤਾਂ ਦਾ ਮੁਕਾਬਲਾ ਕਰਨ ਤੇ ਮਨੁੱਖਤਾ ਲਈ ਕੁਝ ਕਰ ਗੁਜਰਣ ਦੀ ਭਾਵਨਾ ਰੱਖਣ ਵਾਲੇ ਘੱਟ ਗਿਣਤੀ ਲੋਕ ਹਰ ਯੁਗ ਵਿਚ ਮੌਜੂਦ ਰਹਿੰਦੇ ਹਨ। ਪਰਚੇ ਵਿਚ ਪ੍ਰਕਾਸ਼ਿਤ **1972** ਤੋਂ ਲੈ ਕੇ **1980** ਤੱਕ ਦੀਆਂ ਮਿੰਨੀ ਕਹਾਣੀਆਂ ਵਿਚ ਵੀ ਮਨੁੱਖੀ ਪ੍ਰਗਤੀ ਵਿਚ ਬਾਧਕ ਸਮਾਜਿਕ, ਆਰਥਿਕ ਤੇ ਰਾਜਨੀਤਕ ਸਥਿਤੀਆਂ ਪ੍ਰਸਿਥੀਆਂ ਨੂੰ ਚੁਣੌਤੀਆਂ ਦੇਣ ਵਾਲੇ ਬਹੁਤ ਸਾਰੇ ਜਾਗਰੂਕ ਪਾਤਰ ਮੌਜੂਦ ਹਨ। ਪਰਚੇ ਦੀਆਂ ਮਿੰਨੀ ਕਹਾਣੀਆਂ ਸਮਾਜ ਦੀ ਵਿਸੰਗਤ ਵਿਵਸਥਾ ਵਿਰੁੱਧ ਪਾਠਕਾਂ ਦੀ ਮਾਨਸਿਕ ਪ੍ਰਤੀਕ੍ਰਿਆ ਨੂੰ ਚਿੰਤਨ ਤੇ ਚੇਤਨਾਂ ਵਿਚ ਤਬਦੀਲ ਕਰਨ ਦਾ ਕਾਰਜ਼ ਵੀ ਸੁਚੇਤ ਪੱਧਰ ਤੇ ਨਿਭਾਉਂਦੀਆਂ ਹਨ। 'ਅਣੂ' ਦੇ ਪਹਿਲੇ ਦਹਾਕੇ ਦੌਰਾਨ ਸਾਹਿਤ ਵਿਚ ਪ੍ਰਗਤੀਵਾਦੀ ਧਾਰਾ ਦਾ ਪੂਰਾ ਬੋਲ ਬਾਲਾ ਸੀ। ਇਸ ਲਈ ਉਸ ਦੌਰ ਦੀਆਂ ਮਿੰਨੀ ਕਹਾਣੀਆਂ ਵਿੱਚ ਵੀ ਲੋਕ ਪੱਖੀ ਮੋਰਚੇ ਤੇ ਲੜਨ ਵਾਲੇ ਪਾਤਰਾਂ ਦੀ ਬਹੁਤਾਤ ਰਹੀ ਹੈ, ਜਦੋਂ ਕੇ ਆਜੋਕੀ ਮਿੰਨੀ ਕਹਾਣੀ ਵਿੱਚੋਂ

ਅਜਿਹੇ ਪਾਤਰਾਂ ਦੀ ਤਦਾਦ ਲਗਾਤਾਰ ਘੱਟ ਰਹੀ ਹੈ। ਉਸ ਸਮੇਂ ਦੀ ਮਿੰਨੀ ਕਹਾਣੀ ਵਿਚ ਲੋਕ ਪੱਖੀ ਚੇਤਨਾ ਦਾ ਖੁਲਾਸਾ ਕਰਨ ਲਈ ਅਜਮੇਰ ਸਿੰਘ ਔਲਖ ਦੀ ਮਿੰਨੀ ਕਹਾਣੀ 'ਦੁਰਾਹੇ 'ਤੇ' ਦਾ ਵਿਸ਼ੇਸ਼ ਜ਼ਿਕਰ ਕੀਤੇ ਜਾਣ ਦੀ ਲੋੜ ਹੈ। ਇਸ ਮਿੰਨੀ ਕਹਾਣੀ ਅਨੁਸਾਰ ਲੋਕ ਸੰਘਰਸ਼ ਦੇ ਰਾਹ 'ਤੇ ਤੁਰਣ ਵਾਲੇ ਲੋਕਾਂ ਨੂੰ ਸਥਾਪਿਤ ਪ੍ਰਬੰਧ ਵੱਲੋਂ ਕਈ ਤਰ੍ਹਾਂ ਦੇ ਲੋਭ-ਲਾਲਚ ਦੇ ਕੇ ਆਪਣੇ ਨਾਲ ਮਿਲਾਉਣ ਦਾ ਯਤਨ ਕੀਤਾ ਜਾਂਦਾ ਹੈ ਪਰ ਜਾਗਦੀ ਜ਼ਮੀਰ ਵਾਲੇ ਇਨਕਲਾਬੀ ਲੋਕ ਸ਼ਹੀਦਾਂ ਵੱਲੋਂ ਤਿਆਰ ਕੀਤੇ ਕੁਰਬਾਨੀਆਂ ਤੇ ਜ਼ੋਖਮ ਭਰੇ ਰਾਹ ਦੀ ਹੀ ਚੋਣ ਕਰਦੇ ਹਨ। ਦਰਸ਼ਨ ਮਿੱਤਵਾ ਦੀ ਮਿੰਨੀ ਕਹਾਣੀ 'ਫਾਹੇ ਟੰਗੇ ਗੀਤ' ਵਿਚਲਾ ਜਾਗਰੂਕ ਲੇਖਕ ਵੀ ਪੂੰਜੀਵਾਦੀ ਪ੍ਰਲੋਭਣਾਂ ਨੂੰ ਤਿਆਗ ਕੇ ਗੰਦੇ ਨਾਲੇ ਤੇ ਝੁੱਗੀਆਂ ਵਿਚ ਬੈਠੇ ਕਿਰਤੀ ਲੋਕਾਂ ਨੂੰ ਆਪਣਾ ਸਾਥੀ ਬਣਾਉਂਦਾ ਹੈ। ਪ੍ਰੋ. ਸੁਰਿੰਦਰ ਕੌਰ ਦੀ ਮਿੰਨੀ ਕਹਾਣੀ 'ਸੂਹੇ ਫੁੱਲ' ਵਿਚਲੀ ਲੇਖਕਾ ਸਮਾਜਿਕ ਜਾਗ੍ਰਿਤੀ ਪੈਦਾ ਕਰਨ ਵਾਲੀਆਂ ਘਟਨਾਵਾਂ ਦਾ ਪ੍ਰਭਾਵ ਆਪ ਵੀ ਕਬੂਲਦੀ ਹੈ ਤੇ ਆਪਣੇ ਪਾਤਰਾਂ ਅੰਦਰ ਵੀ ਇਸ ਜਾਗ੍ਰਿਤੀ ਦਾ ਸੰਚਾਰ ਕਰਦੀ ਹੈ।

ਸੁਰਜੀਤ ਸੂਦ ਦੀ ਮਿੰਨੀ ਕਹਾਣੀ 'ਜਾਗ੍ਰਿਤੀ' ਤੇ ਰਾਮ ਪ੍ਰਤਾਪ ਦੀ ਇਸ ਨਾਂ ਵਾਲੀ ਮਿੰਨੀ ਕਹਾਣੀ ਸਮੇਂ ਨਾਲ ਮਜਦੂਰ ਤੇ ਕਿਰਤੀ ਜਮਾਤ ਅੰਦਰ ਪੈਦਾ ਹੋ ਰਹੀ ਆਪਣੇ ਹੱਕਾਂ ਤੇ ਹਿੱਤਾਂ ਪ੍ਰਤੀ ਚੇਤਨਾ ਨੂੰ, ਰੂਪਮਾਨ ਕਰਦੀਆਂ ਹਨ। ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀ 'ਹੜਤਾਲ ਹੋ ਗਈ' ਇਸ ਵਿਸਵਾਸ਼ ਨੂੰ ਪੱਕਿਆਂ ਕਰਦੀ ਹੈ ਕਿ ਸਥਾਪਤ ਪ੍ਰਬੰਧ ਲੱਖ ਜਬਰ ਜੁਲਮ ਕਰਕੇ ਵੀ ਲੋਕ ਹੱਕਾਂ ਤੇ ਹਿੱਤਾਂ ਦੀ ਅਵਾਜ਼ ਨੂੰ ਪੂਰੀ ਤ੍ਰਾਂ ਖਤਮ ਨਹੀਂ ਕਰ ਸਕਦਾ। ਜਸਵੀਰ ਢੰਡ ਦੀ ਮਿੰਨੀ ਕਹਾਣੀ 'ਰਾਵਨ ਹੋਰ ਪਰੇ ਹੋਰੁ ਹੋਰ' ਤੇ ਦਰਸਨ ਧੰਜਲ ਦੀ ਮਿੰਨੀ ਕਹਾਣੀ 'ਸਿਆਣਾ' ਨਾਰੀ ਸੰਵੇਦਨਾ ਨੂੰ ਨਾਰੀ ਸੰਘਰਸ਼ ਵਿਚ ਤਬਦੀਲ ਕਰਨ ਦਾ ਕਾਰਜ ਬਾ-ਖੂਬੀ ਨਿਭਾਉਂਦੀਆਂ ਹਨ।

ਭਾਵੇਂ ਆਪਣੀ ਵਿਕਾਸ ਪ੍ਰੀਕ੍ਰਿਆ ਦੇ ਆਜੋਕੇ ਪੜਾਅ ਤੀਕ ਪੁਜਦਿਆਂ ਪੰਜਾਬੀ ਮਿੰਨੀ ਕਹਾਣੀ ਨੇ ਪੜਾਅ ਦਰ ਪੜਾਅ ਬਹੁਤ ਸਫਲਤਾ ਹਾਸਿਲ ਕੀਤੀ ਹੈ ਪਰ **1970** ਤੋਂ ਲੈ ਕੇ **1980** ਤੱਕ ਦੀ ਮਿੰਨੀ ਕਹਾਣੀ ਵਧੇਰੇ ਕਰਕੇ ਕਥਾਯੁਕਤ ਘਟਨਾਕ੍ਰਮ ਦਾ ਸਰਲ ਤੇ ਸਪਾਟ ਬਿਆਨੀ ਬਿਰਤਾਂਤ ਹੀ ਸਿਰਜਦੀ ਰਹੀ ਹੈ। ਇਸ ਸਮੇਂ ਦੌਰਾਨ 'ਅਣੂ' ਵਿਚ ਪ੍ਰਕਾਸ਼ਿਤ ਹੋਈਆਂ ਮਿੰਨੀ ਕਹਾਣੀਆਂ ਵੀ ਉਪਰੋਕਤ ਦੋਸ਼ਾਂ ਤੋਂ ਮੁਕਤ ਨਹੀਂ ਹਨ। ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਪਰਚੇ ਵਿੱਚ ਸ਼ਾਮਿਲ ਮਿੰਨੀ ਕਹਾਣੀ 'ਦੁਰਾਹੇ ਤੇ' (ਅਜਮੇਰ ਸਿੰਘ ਔਲਖ), ਕੰਧਾਂ ਤੇ ਟੰਗਿਆ ਹਾਸਾ (ਸ਼ਰਨ ਮੱਕੜ), ਉਠ ਦਾ ਬੁੱਲ (ਸੁਰਿੰਦਰ ਕੈਲੇ), ਭੂਤ (ਡਾ. ਤੇਜਵੰਤ ਮਾਨ), ਕਾਲ ਗਰਲ (ਭੁਪਿੰਦਰ ਸਿੰਘ ਪੀ.ਸੀ.ਐਸ), ਫਾਹੇ ਟੰਗੇ ਗੀਤ (ਦਰਸ਼ਨ ਮਿੱਤਵਾ), ਜਿੰਦਗੀ (ਰੋਸ਼ਨ ਫੂਲਵੀ) ਤੇ ਪਛਾਣ (ਚਿਤਰਾ ਮੁਦਗਿਲ) ਆਦਿ ਪੂਰੇ ਵਿਸ਼ਵਾਸ਼ ਨਾਲ ਅੱਜ ਦੇ ਸਮੇਂ ਵਿਚ ਲਿਖੀ ਜਾ ਰਹੀ ਮਿੰਨੀ ਕਹਾਣੀ ਦਾ ਮੁਕਾਬਲਾ ਕਰ ਸਕਦੀਆਂ ਹਨ। ਇਨ੍ਹਾਂ ਵਿਚ ਕਈ

ਮਿੰਨੀ ਕਹਾਣੀਆਂ ਤਾਂ ਅੱਜ ਦੇ ਨਵੇਂ ਮਿੰਨੀ ਕਹਾਣੀਕਾਰਾਂ ਨੂੰ ਵੀ ਚੰਗੀ ਸੇਧ ਦੇ ਸਕਣ ਦੇ ਸਮਰੱਥ ਹਨ।

ਭਾਵੇਂ ਪਰਚੇ ਵਿਚ ਸ਼ਾਮਿਲ ਸੁਰੇਸ਼ ਰਤਨ ਦੀ ਮਿੰਨੀ ਕਹਾਣੀ 'ਐਸਾ ਕਿਉਂ' , ਸੁਰਜੀਤ ਸੂਦ ਦੀ ਮਿੰਨੀ ਕਹਾਣੀ 'ਅਨੋਖਾ ਦਾਨ' ਤੇ ਸਰਵਣ ਅਲਬੇਲਾ ਦੀ ਕਹਾਣੀ 'ਚੋਰ' ਆਦਿ ਆਪਣੀ ਕਥਾ ਤੱਤ ਦੀ ਯਥਾਰਥਕਿਤਾ ਨੂੰ ਭਰੋਸੇਯੋਗ ਨਹੀਂ ਬਣਾ ਸਕੀਆਂ ਤੇ ਨਾਗਪਾਲ ਅਜਨਾਲਵੀ ਦੀ ਮਿੰਨੀ ਕਹਾਣੀ 'ਰਿਸ਼ਵਤ' ਚੁਟਕਲੇ ਦੇ ਨੇੜੇ ਜਾ ਪਹੁੰਚੀ ਹੈ, ਪਰ ਆਪਣੇ ਵਿਕਾਸ ਪ੍ਰੀਕ੍ਰਿਆ ਦੇ ਮੁਢਲੇ ਦੌਰ ਵਿਚ ਲੰਘ ਰਹੀ ਉਸ ਸਮੇਂ ਦੀ ਮਿੰਨੀ ਕਹਾਣੀ ਤੇ ਆਜੋਕੀ ਮਿੰਨੀ ਕਹਾਣੀ ਦੇ ਮਾਪਦੰਡ ਲਾਗੂ ਨਹੀਂ ਕੀਤੇ ਜਾ ਸਕਦੇ। ਇਸੇ ਤਰ੍ਹਾਂ ਇਨ੍ਹਾਂ ਮਿੰਨੀ ਕਹਾਣੀਆਂ ਦੀ ਸੰਗਠਾਤਮਕ ਬਣਤਰ ਤੇ ਬੁਣਤਰ ਵਿਚਲੇ ਢਿੱਲੇ ਪਣ ਅਤੇ ਬੇ-ਲੋੜੇ ਵਿਸਥਾਰ ਵਰਗੇ ਦੋਸ਼ਾਂ ਨੂੰ ਵੀ ਨਜ਼ਰ ਅੰਦਾਜ਼ ਕਰਨਾ ਪਵੇਗਾ। ਸਾਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਜਿਸ ਵੇਲੇ ਇਹ ਮਿੰਨੀ ਕਹਾਣੀਆਂ ਲਿਖੀਆਂ ਗਈਆਂ, ਉਸ ਵੇਲੇ ਮਿੰਨੀ ਕਹਾਣੀ ਕਥਨ ਪ੍ਰੀਕ੍ਰਿਆ ਦੇ ਕੋਈ ਸਥਾਈ ਨਿਯਮ ਹੋਂਦ ਵਿਚ ਨਹੀਂ ਸਨ ਆਏ ਤੇ ਨਾ ਹੀ ਇਸ ਵਿਧਾ ਦੀ ਕੋਈ ਵੱਖਰੀ ਆਲੋਚਨਾਤਮਕ ਪੱਧਤੀ ਸਥਾਪਿਤ ਹੋਈ ਸੀ। 'ਅਣੂ' ਵਿਚਲੀਆਂ ਹਥਲੀਆਂ ਮਿੰਨੀ ਕਹਾਣੀਆਂ ਦੇ ਸੁਹਿਰਦ ਪਾਠ ਤੋਂ ਬਾਅਦ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਇਹ ਕਹਾਣੀਆਂ ਉਸ ਸਮੇਂ ਦੀ ਮਿੰਨੀ ਕਹਾਣੀ ਕਲਾ ਦਾ ਉਤਮ ਨਮੂਨਾ ਸਨ ਤੇ ਇਹ ਤੱਤਕਾਲੀ ਸਮੇਂ ਦੀ ਗਤੀ ਨੂੰ ਠੀਕ ਢੰਗ ਨਾਲ ਮਾਪ ਸਕਣ ਵਿਚ ਸਫਲ ਰਹੀਆਂ ਹਨ।

'ਅਣੂ' ਦੇ ਪਹਿਲੇ ਦਹਾਕੇ ਦੌਰਾਨ ਇਸ ਵਿਚ ਪ੍ਰਕਾਸ਼ਿਤ ਹੋਈਆਂ ਮਿੰਨੀ ਕਹਾਣੀਆਂ ਨਾਲ ਸਬੰਧਤ ਬਹੁਤ ਸਾਰੇ ਲੇਖਕ ਹੁਣ ਸਰੀਰਕ ਰੂਪ ਵਿਚ ਮੌਜੂਦ ਨਹੀਂ। ਅਰੰਭਕ ਦੌਰ ਦੀ ਮਿੰਨੀ ਕਹਾਣੀ ਦਾ ਪੁਨਰ ਮੁਲਾਂਕਣ ਕਰਨ ਦਾ ਉਪਰਾਲਾ ਕਰਕੇ 'ਅਣੂ' ਦੇ ਸੰਪਾਦਕ ਨੇ ਇੱਕ ਇਤਿਹਾਸਕ ਮਹੱਤਤਾ ਵਾਲਾ ਕਾਰਜ ਕੀਤਾ ਹੈ। ਪਰਚੇ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਉਹ ਆਪਣੇ ਸਮੇਂ ਦੇ ਬਹੁ ਚਰਚਿਤ, ਸਥਾਪਿਤ ਤੇ ਨਾਮਵਰ ਲੇਖਕਾਂ ਦੀਆਂ ਮਿੰਨੀ ਕਹਾਣੀ ਪ੍ਰਾਪਤ ਕਰਨ ਵਿਚ ਸਫਲ ਰਿਹਾ ਹੈ। 'ਅਣੂ' ਦੇ ਇਸ ਵਿਸ਼ੇਸ਼ ਅੰਕ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਬਹੁਤ ਘੱਟ ਲੇਖਕਾਂ, ਪਾਠਕਾਂ ਨੂੰ ਪਤਾ ਹੋਵੇਗਾ ਕਿ ਅੱਜ ਦੇ ਸੁ-ਪ੍ਰਸਿੱਧ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਵੀ ਕਿਸੇ ਸਮੇਂ ਕਲਾਸਿਕ ਪੱਧਰ ਦੀਆਂ ਮਿੰਨੀ ਕਹਾਣੀਆਂ ਲਿਖਦੇ ਰਹੇ ਹਨ। ਮੈਂ 'ਅਣੂ' ਦੇ ਇਸ ਸ਼ਲਾਘਾਯੋਗ ਉਦਮ ਦਾ ਹਾਰਦਿਕ ਰੂਪ ਵਿਚ ਸਵਾਗਤ ਕਰਦਾ ਹਾਂ।

**-ਨਿਰੰਜਣ ਬੋਹਾ**
ਪਿੰਡ ਤੇ ਡਾਕ: ਬੋਹਾ
ਜਿਲ੍ਹਾ-ਮਾਨਸਾ

## ਡਰਾਪ ਸੀਨ/ਸਰਦਾਰ ਬੱਸਰਾ

ਵਗਦੀ ਸੜਕ ਤੇ ਇਕ ਬੁੱਢਾ ਗਲ ਵਿਚ ਟੀਨ ਦਾ ਛਾਬਾ ਲਮਕਾਈ ਛੋਲੇ ਮੂੰਗਫਲੀ ਵੇਚ ਰਿਹਾ ਹੈ। ਉਸ ਦੀ ਸਾਰੀ ਰਾਸ ਸੇਰ ਦੇ ਲਗਭਗ ਹੋਵੇਗੀ, ਉਹ ਇਨਾਂ ਵਿਰਧ ਹੈ ਕਿ ਉਸ ਤੋਂ ਹੋਕਾ ਨਹੀਂ ਦਿੱਤਾ ਜਾਂਦਾ। ਨਜ਼ਰ ਬਹੁਤ ਕਮਜ਼ੋਰ ਹੈ, ਐਨਕ ਤੇ ਵਲੇਟਿਆ ਧਾਗਾ ਕਾਲਾ ਹੋ ਚੁੱਕਾ ਹੈ, ਉਸ ਨੂੰ ਸੁਣਦਾ ਵੀ ਕਾਫੀ ਉੱਚਾ ਹੈ।

ਬਿਰਧ ਦੇ ਕੋਲ ਇਕ ਅੱਠ ਨੌ ਸਾਲ ਦਾ ਮੁੰਡਾ ਬੈਠਾ ਹੈ, ਉਸ ਦੇ ਹੱਥ ਵਿਚ ਇਕ ਮੈਲਾ ਨਿੱਕਾ ਜਿਹਾ ਝੋਲਾ ਹੈ ਜਿਸ ਵਿਚ ਲਾਲ ਤੇ ਕਾਲੇ ਬੂਟ ਪਾਲਸ਼ ਦੀਆਂ ਡੱਬੀਆਂ ਹਨ। ਇਕ ਬੂਟ ਉਸ ਨੇ ਹੱਥ ਵਿਚ ਫੜਿਆ ਹੋਇਆ ਹੈ। ਇਕ ਨੌਜੁਆਨ ਇਹਨਾਂ ਦੇ ਕੋਲ ਆਕੇ ਖਲੋਂਦਾ ਹੈ। ਉਸ ਦੀ ਹਜਾਮਤ ਦੋ ਦਿਨਾਂ ਦੀ ਵਧੀ ਹੋਈ ਹੈ, ਗਲ ਖਸਤੀ ਜਿਹੀ ਕਮੀਜ਼ ਹੈ, ਪੈਂਟ ਵੀ ਖਸਤੀ ਹੈ। ਉਹ ਲੁਕਦਾ ਲੁਕਦਾ ਆਪਣੀ ਜੇਬ ਟਟੋਲਦਾ ਹੈ, ਕਦੇ ਕਦੇ ਬਿਰਧ ਦੇ ਛਾਬੇ ਵਲ ਵੇਖ ਲੈਂਦਾ ਹੈ। ਇਕ ਆਦਮੀ ਕਾਹਲੀ ਕਾਹਲੀ ਉਹਨਾਂ ਕੋਲ ਆਉਂਦਾ।

ਆਦਮੀ- ਬਾਬਾ ਅਗੋਂ ਹਟ ਜਾ ਜਲੂਸ ਆ ਰਿਹਾ, ਆਜ਼ਾਦੀ ਦਾ ਜਲੂਸ।

ਬਿਰਧ- ਕੀ, ਜਲੂਸ, ਆਜ਼ਾਦੀ ਕਿੱਥੇ? ਬੂਟ ਪਾਲਸ਼ ਵਾਲਾ ਮੁੰਡਾ ਇਹਨਾਂ ਵਲ ਝਾਕਦਾ ਹੈ, ਉਸ ਦੇ ਚੇਹਰੇ ਤੋਂ ਪਤਾ ਲਗ ਰਿਹਾ ਕਿ ਉਸ ਨੂੰ ਇਹਨਾਂ ਦੀਆਂ ਗੱਲਾਂ ਦੀ ਸਮਝ ਨਹੀਂ ਆਈ। ਨੌਜੁਆਨਾਂ ਬਿਲਕੁਲ ਰੀਐਕਟ ਨਹੀਂ ਕਰਦਾ, ਉਹ ਆਪਣੀਆਂ ਜੇਬਾਂ ਟਟੋਲਣੋ ਹਟ ਗਿਆ ਹੋਇਆ ਹੈ। ਉਸ ਦੀ ਸਾਹਮਣੇ ਵਾਲੀ ਕੰਧ ਤੇ ਵੱਡੇ ਵੱਡੇ ਹਰਫਾਂ ਵਿਚ ਲਿਖੇ ਹੋਏ ਹਨ:

ਵੋਟ ਇੰਦਰਾ ਕਾਂਗਰਸ

ਵੋਟ ਕਾਂਗਰਸ

ਵੋਟ ਕਮਿਊਨਿਸਟ

ਵੋਟ ਕਮਿਊਨਿਸਟ (ਮਾਰਕਿਸਟ)

ਉਹ ਖਾਲੀ ਖਾਲੀ ਨਜ਼ਰਾਂ ਨਾਲ ਉਹਨਾਂ ਵੱਲ ਝਾਕਦਾ ਹੈ ਤੇ ਫੇਰ ਚਲ ਪੈਂਦਾ ਹੈ- ਆਪਣੇ ਰਾਹ।

*ਅਗਸਤ-1972*

## ਭੂਤ/ਤੇਜਵੰਤ ਮਾਨ

ਕੁਝ ਕਹਿੰਦੇ ਉਹ ਮਰ ਗਿਆ ਸੀ...ਕੁਝ ਕਹਿੰਦੇ ਮਾਰ ਦਿੱਤਾ ਗਿਆ ਸੀ...ਸਰਕਾਰੀ ਤੌਰ ਤੇ ਐਲਾਨ ਕਰ ਦਿੱਤਾ ਗਿਆ ਹੈ ਕਿ ਉਸਨੇ ਆਤਮਘਾਤ ਕਰ ਲਿਆ ਹੈ.....!

ਅੱਜ ਇਸ ਬਸਤੀ 'ਚ ਇਕ ਅਜੀਬ ਜਿਹਾ ਸ਼ੋਰ ਹੈ....ਕੋਈ ਕਹਿੰਦਾ ਹੈ ਉਸਦਾ ਸਿਵਾ ਜਾਗ ਪਿਆ ਹੈ.....ਉਹ ਅੱਜ ਰਾਤੀਂ ਬਸਤੀ 'ਚ ਹੋਕਾ ਦਿੰਦਾ ਰਿਹਾ....ਲੋਕੋ ਜਾਗੋ.....ਲੋਕੋ ਜਾਗੋ......ਡਾਕੂ ਤੁਹਾਡਾ ਮਾਲ ਲੁਟ ਰਹੇ ਨੇ.....।

ਅੱਗ ਦੇ ਭਬੂਕੇ ਵਾਂਗ ਇਹ ਗੱਲ ਸਾਰੇ ਫੈਲ ਗਈ....

'ਨਹੀਂ....ਨਹੀਂ.....ਉਹ ਭੂਤ ਹੈ....।' ਉਹ ਕਹਿੰਦੇ ਹਨ.....'ਤੁਹਾਨੂੰ ਚੰਬੜ ਜਾਏਗਾ.....ਕੱਚੀ

ਉਮਰ 'ਚ ਆਤਮਘਾਤ ਕਰ ਲੈਣ ਵਾਲਾ ਭੂਤਾਂ ਦੀ ਜੂਨ ਹੀ ਪੈਂਦਾ ਹੈ....

ਕੋਈ ਸਾਇੰਸ ਦਾ ਪੜ੍ਹਾਕੂ ਕਹਿੰਦਾ ਹੈ ਕਿ ....ਇਹ ਤਾਂ ਉਸਦੀਆਂ ਹੱਡੀਆਂ ਦਾ ਫਾਸਫੋਰਸ ਚਮਕ ਰਿਹਾ ਹੈ...

....ਪਰ ਫਾਟਕ ਤੇ ਲਾਲਟੈਨ ਤਾਂ ਅੱਜ ਫਿਰ ਲਾਲ ਰੰਗ ਦੇ ਪਾਸੇ ਵਾਲੀ ਹੈ....

ਉਹ ਵੀ ਕਿਧਰੇ ਨਜ਼ਰ ਨਹੀਂ ਆਉਂਦਾ...ਜੋ ਕਹਿੰਦਾ ਹੁੰਦਾ ਸੀ...ਲਾਲ ਰੰਗ ਤਾਂ ਲਹੂ ਦਾ ਹੁੰਦਾ ਹੈ....ਲਹੂ ਜੋ ਕਿਸੇ ਦਾ ਵਹਾਇਆ ਜਾਂਦਾ ਹੈ ਜਾਂ ਕਿਸੇ ਲਈ ਵਹਾਇਆ ਜਾਂਦਾ ਹੈ...ਖ਼ੂਨ ਖ਼ੂਨ 'ਚ ਫਰਕ ਹੁੰਦਾ ਹੈ....ਖ਼ੂਨ ਦਾ ਰੰਗ ਪੀਲਾ ਵੀ ਹੁੰਦਾ ਹੈ....ਲਾਲ ਵੀ......

ਉਸ ਦੀਆਂ ਮੱਥੇ ਵਿਚਲੀਆਂ ਤਿਊੜੀਆਂ ਦਾ ਖ਼ੂਨ ਉਸਦੀਆਂ ਅੱਖਾਂ 'ਚ ਉਤਰ ਆਇਆ ਸੀ..... ਪਤਾ ਨਹੀਂ ਉਹ ਸੱਚਮੁਚ ਹੀ ਭੂਤ ਸੀ...ਇਸ ਬਸਤੀ ਦੀਆਂ ਅੱਖਾਂ 'ਚੋਂ ਖ਼ੂਨ ਖੌਲ ਰਿਹਾ ਸੀ.....ਪਤਾ ਨਹੀਂ ਕਿਉਂ ਇਸ ਬਸਤੀ ਦੇ ਸਾਰੇ ਹੱਥ ਲਾਲ ਸਨ....ਉਸਦਾ ਚਿਹਰਾ ਲਾਲ ਸੀ...।

***ਅਕਤੂਬਰ 1972***

## ਸੁੱਕੀ ਟਾਹਣੀ/ਅਜੀਤ ਕਮਲ

ਰਮੇਸ਼ ਨੇ ਸੀਮਾ ਨੂੰ ਕਿਹਾ ਕਿ ਉਹ ਉਸ ਨਾਲ ਸ਼ਾਦੀ ਕਰਵਾ ਲਵੇਗਾ ਪਰ ਜੇ ਉਹ ਆਪਣਾ ਗਰਭ ਗਿਰਾ ਲਵੇ। ਸੀਮਾ ਕਿਸੇ ਵੀ ਹਾਲਤ 'ਚ ਰਮੇਸ਼ ਨੂੰ ਪ੍ਰਾਪਤ ਕਰਨਾ ਚਾਹੁੰਦੀ ਸੀ ਕਿਉਂਕਿ ਉਹ ਉਸਨੂੰ ਬੇਹਦ ਪਿਆਰ ਕਰਦੀ ਸੀ। ਉਸਦੇ ਪੇਟ 'ਚ, ਭਾਵੇਂ ਰਮੇਸ਼ ਦਾ ਹੀ ਬੱਚਾ ਸੀ- ਪਰ ਉਹ ਗਰਭ ਗਿਰਾਉਣ ਲਈ ਤਿਆਰ ਹੋ ਗਈ।

ਗਰਭ ਗਿਰਾਕੇ ਉਹ ਜਦ ਰਮੇਸ਼ ਨੂੰ ਮਿਲੀ ਤਾਂ ਉਹ ਖਿੜ ਖਿੜਾਕੇ ਹੱਸ ਪਿਆ। ਸੀਮਾ ਹੈਰਾਨ ਸੀ। ਉਹ ਬੋਲਿਆ, 'ਸੀਮਾ ਹੁਣ ਤੂੰ ਮੈਨੂੰ ਸ਼ਾਦੀ ਲਈ ਮਜ਼ਬੂਰ ਨਹੀਂ ਕਰ ਸਕਦੀ। ਇਹ ਬੱਚਾ ਹੀ ਸਬੂਤ ਸੀ ਜੋ ਨਸ਼ਟ ਹੋ ਚੁੱਕਾ ਹੈ। ਮੈਂ ਤੇਰੇ ਨਾਲ ਸ਼ਾਦੀ ਨਹੀਂ ਕਰਵਾ ਸਕਦਾ....।

***ਅਕਤੂਬਰ-1972***

## ਪ੍ਰਸੰਸਾ/ਰਾਜਵੰਤ ਕੌਰ

ਰੋਟੀ ਖਾਣ ਮਗਰੋਂ ਦੋਵੇਂ ਬਿਸਤਰੇ 'ਚ ਪੈ ਗਏ, ਕੁਝ ਚਿਰ ਚੁੱਪ ਰਹਿਣ ਮਗਰੋਂ ਪਤੀ ਨੇ ਪੁੱਛਿਆ-

'ਕਿੰਨੇ ਬਜੇ ਨੇ?'

'ਊਂ...ਹੂੰ...ਨੀਂਦ ਆਉਂਦੀ ਹੈ।' ਪਤਨੀ ਨੇ ਪਾਸਾ ਪਰਤਕੇ ਮੂੰਹ ਦੂਜੇ ਪਾਸੇ ਕਰ ਲਿਆ।

ਜ਼ਰਾ ਕੁ ਰੁਕਕੇ ਪਤੀ ਫਿਰ ਬੋਲਿਆ,

'ਅਜ ਤੂੰ ਬੜੀ ਸੋਹਣੀ ਲਗਦੀ ਏਂ।'

'ਨੌ ਵੱਜਣ ਵਾਲੇ ਨੇ।' ਪਤਨੀ ਨੇ ਫਿਰ ਪਾਸਾ ਪਰਤਕੇ ਪਤੀ ਦੇ ਕੋਲ ਨੂੰ ਹੁੰਦਿਆਂ ਕਿਹਾ।

***ਅਕਤੂਬਰ-1972***

## ਕਰਾਂਤੀਕਾਰੀ/ਦਵਿੰਦਰ 'ਦੀਦਾਰ'

ਉਸ ਦੇ ਹਰ ਅੱਖਰ ਦਾ ਮਤਲਬ ਇਨਕਲਾਬ ਹੁੰਦਾ ਸੀ। ਉਹ ਏਨੀ ਜੋਸ਼ੀਲੀ ਕਵਿਤਾ ਲਿਖਦਾ ਸੀ ਕਿ ਚਾਕੂ ਤੋਂ ਲੈ ਕੇ ਹਾਈਡਰੋਜਨ ਤੇ ਹਰ ਐਟਮੀ ਸ਼ਕਤੀ ਤੱਕ ਆਪਣੀ ਕਵਿਤਾ ਵਿਚ ਵਰਤਦਾ ਸੀ। ਉਸ ਦਿਨ ਉਸ ਨੇ ਬਹੁਤ ਹੀ ਗਰਮੀਲੀ ਕਵਿਤਾ ਲਿਖੀ ਜਿਸ ਵਿਚ ਚੀਨ ਵੱਲੋਂ ਚਲਾਏ ਅਖੀਰਲੇ ਐਟਮੀ ਬੰਬ ਦਾ ਜ਼ਿਕਰ ਤੱਕ ਸੀ। ਘਰੋਂ ਬਾਹਰ ਨਿਕਲਿਆ ਤਾਂ ਅੱਗੋਂ ਇੱਕ 'ਕੁੱਤਾ' ਆਉਂਦਾ ਦਿਸਿਆ। 'ਕੁੱਤੇ' ਤੋਂ ਡਰਨਾ ਉਸ ਦੀ ਬਚਪਨ ਦੀ ਆਦਤ ਸੀ ਖੌਰੇ ਕਿਸ ਵਕਤ ਸਾਲੇ ਨੇ ਚੱਕ ਮਾਰ ਦੇਣਾ। ਫੇਰ ਉਸਨੂੰ ਆਪਣੀ ਲਿਖੀ ਕਵਿਤਾ ਦਾ ਖਿਆਲ ਆਇਆ ਤਾਂ ਉਹ ਅੱਗੇ ਵਧਣ ਲੱਗਾ ਪਰ 'ਕੁੱਤੇ' ਨਾਲ ਨਜ਼ਰਾਂ ਮਿਲਣ ਤੇ ਫੇਰ ਕੰਬ ਗਿਆ। ਕੁੱਤੇ ਨੂੰ ਹਰ ਆਦਮੀ ਵਲ ਵੇਖ ਕੇ ਘੁਰਕਣ ਦੀ ਵਾਦੀ ਸੀ। ਪਹਿਲਾਂ ਉਸ ਨੇ ਕੁੱਤੇ ਨੂੰ ਡਰਾਉਣ ਲਈ ਆਪਣੀ ਕਵਿਤਾ ਸੁਨਾਉਣ ਦੀ ਸੋਚੀ। ਪਰ ਜੇ ਕੁੱਤੇ ਤੇ ਉਲਟਾ ਅਸਰ ਹੋਇਆ ਤਾਂ? ਇਕ ਬੰਨੇ ਕਵਿਤਾ ਉਸ ਦਾ ਉਤਸ਼ਾਹ ਵਧਾਉਂਦੀ ਪਰ ਦੂਸਰੇ ਬੰਨੇ ਕੁੱਤੇ ਦਾ ਡਰ ਵਾਪਸ ਜਾਣ ਲਈ ਮਜ਼ਬੂਰ ਕਰ ਦਿੰਦਾ। ਅਖੀਰ ਉਸ ਨੇ ਇੱਟ ਫੜਕੇ ਕੁੱਤੇ ਦਾ ਮੁਕਾਬਲਾ ਕਰਨ ਦੀ ਸੋਚੀ। 'ਕੁੱਤਾ' ਇਤਨੇ ਚਿਰ ਨੂੰ ਨਜ਼ਦੀਕ ਆ ਚੁੱਕਾ ਸੀ। ਇਸ ਤੋਂ ਪਹਿਲਾਂ ਕਿ 'ਕੁੱਤਾ' ਉਸ ਵੱਲ ਵੇਖਦਾ ਜਾਂ ਉਸ ਨੂੰ ਘੂਰਦਾ ਕਰਾਂਤੀਕਾਰੀ ਆਪਣੀ ਕਵਿਤਾ ਫੜ ਆਪਣੇ ਕਮਰੇ ਵੱਲ ਭੱਜਾ ਜਾ ਰਿਹਾ ਸੀ।

*ਨਵੰਬਰ-1972*

## ਸੱਠ ਰੁਪਏ/ਦਵਿੰਦਰ ਸਿੰਘ ਨਾਰੰਗ

'ਮੰਮੀ.....ਮੰਮੀ....ਮੰਮੀ.... ਸਾਹਮਣੀ ਤੋਥੀ ਵਿਚ ਜਿਹੜਾ ਪੁਰੀ ਸੈਬ ਰਹਿੰਦੈ ਉਹਨਾਂ ਦਾ ਤੁੱਤਾ ਅਧਾ ਤਿਲੋ ਦੁਦ ਤੇ ਦਾਲਮੀਆਂ ਦੇ ਬਿਸਕੁਟ ਥਾਂਦਾ ਏ ਮੈਂ ਪੁਰੀ ਸੈਬ ਨੂੰ ਤਹਾਂਗਾ ਕਿ ਤੁਤੀਂ ਤੁੱਤੇ ਦੇ ਥਾਂ ਤੇ ਮੈਨੂੰ ਆਪਣੇ ਤੋਲ ਰਥ ਲਓ' ਇਹ ਨਿੱਕੀਆਂ ਨਿੱਕੀਆਂ ਗੱਲਾਂ 4-5 ਸਾਲ ਦੇ ਪੱਪੂ ਨੇ ਕਹੀਆਂ।

'ਪੁੱਤਰ ਮੈਂ ਕੀ ਕਹਾਂ ਆਪਣੇ ਡੈਡੀ ਨੂੰ ਪੁੱਛ' ।

'ਦੈਦੀ ਦੈਦੀ, ਤੁਥੀਂ ਦਥੋ ਨਾਂ- ਮੈਂ ਪੁਰੀ ਹੋਰਾਂ ਦੇ....। ਗੱਲਾਂ ਕਰਦੇ ਕਰਦੇ ਉਹ ਭਾਰਤ ਨਗਰ ਦੇ ਚੌਂਕ ਵਿਚ ਆ ਚੁਕੇ ਸਨ। ਇਸ ਚੌਂਕ ਵਿਚ ਇਕ ਵੱਡੇ ਸਾਰੇ ਕੱਪੜੇ ਉਤੇ ਮਾਟੋ ਲਿਖਿਆ ਹੋਇਆ ਸੀ 'ਮਾਸ ਸਤੰਬਰ ਮੇ 60 ਰੁਪਏ ਕਮਾਓ ਜ਼ਿਲਾ ਲੁਧਿਆਣਾ ਵਿਚ ਨਸਬੰਦੀ ਕਰਾਓ।' ਨਾਲ ਇਕ ਸਟੇਜ ਲੱਗੀ ਹੋਈ ਸੀ ਜਿਸ ਤੇ ਅਨਾਊਸਮੈਂਟ ਹੋ ਰਹੀ ਸੀ: 60 ਰੁਪਏ ਕਮਾਓ, 60 ਰੁਪਏ ਕਮਾਓ....।

ਪੱਪੂ ਕਹਿਣ ਲੱਗਾ 'ਦੈਦੀ ਆਉ ਆਪਾਂ ਵੀ ਸੱਥ ਪਲਈਏ ਲੈ ਲਈਏ।'

*ਨਵੰਬਰ-1972*

## ਬਿੱਲੀ ਗਲ ਟੱਲੀ ਨਹੀਂ ਪੈਂਦੀ /ਗੁਰਪਾਲ ਕੌਰ

ਇੱਕ ਥਾਂ ਤੇ ਰਹਿੰਦੇ ਬਹੁਤ ਸਾਰੇ ਚੂਹੇ ਇੱਕ ਬਿੱਲੀ ਤੋਂ ਤੰਗ ਸਨ। ਬਿੱਲੀ ਦਾਅ ਬਚਾ ਕੇ ਆਉਂਦੀ ਤੇ ਇੱਕ ਅੱਧ ਚੂਹੇ ਨੂੰ ਪਾਰ ਬੁਲਾ ਜਾਂਦੀ। ਚੂਹਿਆਂ ਨੇ ਇਕੱਠ ਕੀਤਾ।

ਉਸ ਪਿੰਡ ਦਾ ਜਗੀਰਦਾਰ ਲੋਕਾਂ ਲਈ ਕਹਿਰ ਸੀ। ਲੋਕਾਂ ਨੂੰ ਉਧਾਰ ਦੇ ਕੇ ਉਹਨਾਂ ਦੀਆਂ ਜ਼ਮੀਨਾਂ ਗਿਰਵੀ ਰੱਖੀ ਬੈਠਾ ਸੀ। ਕਿਸੇ ਦੀ ਧੀ ਭੈਣ ਦੀ ਇੱਜ਼ਤ ਸੁਰੱਖਿਅਤ ਨਹੀਂ ਸੀ ਤੇ ਉਸ ਪਿੰਡ ਦੇ ਲੋਕ ਮਿਲ ਬੈਠੇ।

ਚੂਹਿਆਂ ਇਕੱਠ ਕੀਤਾ-ਬਿੱਲੀ ਤੋਂ ਬਚਾ ਕਿਵੇਂ ਕੀਤਾ ਜਾਵੇ?

ਪਿੰਡ ਦੇ ਬੰਦਿਆਂ ਸੋਚ ਵਿਚਾਰ ਕੀਤੀ ਕਿ ਕਿਵੇਂ ਉਸ ਦੈਂਤ ਜਗੀਰਦਾਰ ਦੇ ਕਹਿਰ ਤੋਂ ਬਚਿਆ ਜਾਵੇ?

'ਬਿੱਲੀ ਦੇ ਗਲ ਟੱਲੀ ਪਾ ਦਿਓ!' ਇੱਕ ਚੂਹੇ ਨੇ ਰਾਏ ਦਿੱਤੀ।

ਜਗੀਰਦਾਰ ਖਿਲਾਫ ਮੁਕੱਦਮਾ ਕੀਤਾ ਜਾਣਾ ਚਾਹੀਦਾ ਹੈ। ਕੁਝ ਪੜ੍ਹੇ ਲਿਖੇ ਅੱਧਖੜ ਬੰਦਿਆਂ ਨੇ ਸਲਾਹ ਦਿੱਤੀ।

ਬਿੱਲੀ ਆਈ ਤਾਂ ਸਾਰੇ ਚੂਹੇ ਡਰਦੇ ਮਾਰੇ ਭੱਜ ਗਏ।

ਮੁਕੱਦਮੇ ਵਿਚ ਜਗੀਰਦਾਰ ਦਾ ਪੈਸਾ ਰੰਗ ਲਗਾ ਗਿਆ। ਲੋਕ ਹੋਰ ਤੰਗ ਹੋ ਗਏ....।

ਚੂਹਿਆਂ ਦੀ ਮੀਟਿੱਗ ਫਿਰ ਕਦੀ ਨਹੀਂ ਹੋਈ।

ਪਰ ਉਸ ਪਿੰਡ ਦੇ ਕੁਝ ਨੌਜਵਾਨ ਮੁੰਡੇ ਇੱਕ ਹਨੇਰੀ ਰਾਤ ਨੂੰ ਇਕ ਖੂਹ ਉਤੇ ਗੁਪਤ ਮੀਟਿੰਗ ਵਿਚ ਇਕੱਠੇ ਹੋ ਗਏ....।

'ਬਿੱਲੀ ਦੇ ਗਲ ਟੱਲੀ ਨਹੀਂ ਪਾਈ ਜਾ ਸਕਦੀ' , ਇਕ ਮੁੰਡੇ ਨੇ ਰਾਏ ਦਿੱਤੀ',

'ਬਿੱਲੀ ਮਾਰੀ ਤਾਂ ਜਾ ਸਕਦੀ ਹੈ।' ਦੂਸਰੇ ਨੇ ਠਰੰਮੇ ਨਾਲ ਕਿਹਾ...।

ਅਗਲੇ ਦਿਨ ਇੱਕ ਲਾਸ਼ ਲਹੂ ਲੁਹਾਣ ਹੋਈ ਪਈ ਸੀ ਤੇ ਧਰਤੀ ਤੇ ਪੈ ਰਹੀਆਂ ਸੂਰਜ ਦੀਆਂ ਕਿਰਨਾਂ ਬੜੀਆਂ ਸੁਨਿਹਰੀ ਲੱਗ ਰਹੀਆਂ ਸਨ।

*ਜੂਨ-1975*

## ਮਜਬੂਰੀ/ਮਹਿੰਦਰ 'ਰਾਪੁਰੀ' ਮਾਨਸਾ

ਜਦ ਹੁਸੈਨੇ ਨੇ ਆਪਣੀ ਛੋਟੀ ਧੀ ਨਸੀਰਾਂ ਨੂੰ ਵੀ ਆਪਣੀ ਵੱਡਾ ਧੀ ਨੂਰਾਂ ਪਾਸ ਦਿੱਲੀ ਦੇ ਕੋਠਿਆਂ ਵਿਚ ਤੋਰ ਦਿੱਤਾ, ਤਾਂ ਸਾਰਾ ਪਿੰਡ ਮੂੰਹ ਵਿਚ ਉਂਗਲਾਂ ਲੈ ਲੈ ਗੱਲਾਂ ਕਰ ਰਿਹਾ ਸੀ।

ਸੱਥ ਵਿਚ ਬੈਠੇ ਨੰਬਰਦਾਰ ਉਜਾਗਰ ਸਿੰਘ ਨੇ ਹੁਸੈਨੇ ਦੇ ਫੱਟਾਂ ਤੇ ਲੂਣ ਛਿੜਕਣ ਦੀ ਨੀਅਤ ਨਾਲ ਉਸਦੀ ਧੀ ਬਾਬਤ ਗੱਲ ਤੋਰ ਹੀ ਲਈ।

'ਹੁਸੈਨਿਆਂ ਤੂੰ ਕੰਮ ਚੰਗਾ ਨਹੀਂ ਕੀਤਾ ਕੁੜੀ ਤੋਰ ਕੇ।'

'ਹੋਰ ਸਰਦਾਰ ਸਾਬ੍ਹ ਕੋਈ ਚਾਰਾ ਈ ਨਹੀਂ। ਜੁਆਕ ਭੁੱਖੇ ਮਰਦੇ ਸਨ ਤੇ ਨਸੀਰਾਂ ਦੀ

ਅੰਮੀ ਮੰਜੇ ਤੇ ਪੈ ਗਈ ਹੈ।' ਹੁਸੈਨਾ ਮਰੀ ਹੋਈ ਅਵਾਜ਼ ਵਿਚ ਬੋਲ ਰਿਹਾ ਸੀ।

'ਪਰ ਕੰਮ ਤੂੰ ਬਹੁਤ ਮਾੜਾ ਕੀਤਾ, ਧੀ ਭੈਣ ਦੀ ਇਜ਼ਤ ਸਾਂਝੀ ਹੁੰਦੀ ਐ।'

'ਉਹ ਤਾਂ ਥੋਡੀ ਗੱਲ ਠੀਕ ਐ ਸਰਦਾਰ ਜੀ ਪਰ ਮਜਬੂਰੀ ਬੰਦੇ ਤੋਂ ਬਹੁਤ ਕੁਝ ਕਰਵਾ ਦਿੰਦੀ ਆ।'

'ਉਹ ਤੈਨੂੰ ਕੀ ਮਜਬੂਰੀ ਸੀ ਹੁਸੈਨਿਆਂ?'

'ਸੌ ਮਜਬੂਰੀਆਂ ਹੁੰਦੀਆਂ ਘਰਾਂ ਦੀਆਂ ਸਰਦਾਰ ਸਾਹਿਬ।' ਹੁਸੈਨਾ ਨੀਵੀਂ ਪਾਈ ਗੱਲ ਕਰ ਰਿਹਾ ਸੀ।

'ਮਜਬੂਰੀ ਸੀ, ਤੈਨੂੰ? ਖਾਣੀਆਂ ਫੀਮਾਂ, ਪੀਣੀਆਂ ਸ਼ਰਾਬਾਂ, ਦੱਸਣੀਆਂ ਮਜ਼ਬੂਰੀਆਂ' , ਨੰਬਰਦਾਰ ਸਰਦਾਰੀ ਦਾ ਰੋਹਬ ਪਾ ਰਿਹਾ ਸੀ।

ਹੁਣ ਜਦ ਨੰਬਰਦਾਰ ਹੱਦ ਟੱਪ ਗਿਆ ਤਾਂ ਹੁਸੈਨੇ ਨੂੰ ਬੋਲਣਾ ਹੀ ਪਿਆ।

'ਸਰਦਾਰ ਸਾਬ੍ਹ ਥੋਡੇ ਵੱਡ ਵਡੇਰਿਆਂ ਨੂੰ ਕੀ ਮਜਬੂਰੀ ਸੀ, ਜਿਨ੍ਹਾਂ ਨੇ ਮਹਾਰਾਜੇ ਨੂੰ ਕੁੜੀ ਦਿੱਤੀ ਸੀ?'

ਹੁਸੈਨਾ ਗੁੱਸੇ ਨਾਲ ਕੰਬਦਾ ਹੋਇਆ ਬੋਲ ਰਿਹਾ ਸੀ।

ਸੱਥ ਵਿਚ ਬੈਠੇ ਬੰਦੇ ਹੁਸੈਨੇ ਵੱਲ 'ਓਪਰਾ ਓਪਰਾ' ਝਾਕ ਰਹੇ ਸਨ ਤੇ ਨੰਬਰਦਾਰ ਧਰਤੀ ਵਿਚ ਨਿਗ੍ਹਾ ਗਡੋਈ ਮਿੱਟੀ ਖੁਰਚ ਰਿਹਾ ਸੀ।

***ਦਸੰਬਰ-1975***

## ਗੁਰੂ ਦੇਵ/ਸੁਲੱਖਣ ਮੀਤ

ਮੇਰੇ ਗੁਆਂਢੀ ਤੇ ਵਾਕਿਫ ਘੜੀ-ਸਾਜ਼ ਦੀ ਦੁਕਾਨ ਦੇ ਖੁੱਲ੍ਹਣ ਦਾ ਕੋਈ ਵੇਲਾ ਨਹੀਂ ਸੀ-ਬਸ, ਜਦੋਂ ਸਾਡੇ ਗੁਆਂਢਲੇ ਗੁਰਦੁਆਰੇ ਭੋਗ ਪੈਂਦਾ, ਉਹ ਦੇਗ਼ ਵਾਲੇ ਹੱਥ ਦਾਹੜੀ ਨਾਲ ਸਾਫ ਕਰਦਾ, 'ਵਾਹਿਗੁਰੂ, ਵਾਹਿਗੁਰੂ' ਕਹਿੰਦਾ ਦੁਕਾਨ ਖੋਲ੍ਹਦਾ, ਗੁਰੂ ਨਾਨਕ ਸਾਹਿਬ ਦੀ ਤਸਵੀਰ ਨੂੰ ਧੂਪ ਦਿੰਦਾ, ਆਪਣੇ ਸੰਦ ਝਾੜਦਾ ਤੇ ਆਪਣਾ ਕੰਮ ਸ਼ੁਰੂ ਕਰ ਦੇਦਾ।

ਰਾਤੀਂ ਮੇਰੀ ਘੜੀ ਖਲੋ ਗਈ ਸੀ। ਜਿਉਂ ਹੀ ਸਵੇਰੇ ਉਸ ਦੀ ਦੁਕਾਨ ਖੁੱਲ੍ਹੀ ਤੇ ਮੈਂ ਸਿਰ ਤੇ ਪੱਗ ਧਰਦਿਆਂ ਓਧਰ ਚੱਲ ਪਿਆ। ਅਜੇ ਉਹ ਦੁਕਾਨ ਵਿਚ ਧੂਪ ਹੀ ਦੇ ਰਿਹਾ ਸੀ ਕਿ ਮੈਂ ਉਸਦੀ ਦੁਕਾਨ ਤੇ ਪੁੱਜ ਗਿਆ। ਉਸ ਨੇ ਮਿਸ਼ਰੀ ਘੁਲੀ ਜ਼ੁਬਾਨ ਨਾਲ ਮੈਨੂੰ ਕਈ ਵਾਰ 'ਆਓ ਜੀ, ਆਉ ਜੀ....' ਕਿਹਾ। ਮੈਂ 'ਆਏ ਜੀ' ਕਹਿੰਦਿਆਂ, ਹੱਥ ਮਿਲਾਂਦਿਆਂ, ਸੋਫੇ ਤੇ ਬਹਿੰਦਿਆਂ, ਗੁੱਟ ਤੋਂ ਘੜੀ ਲਾਹ ਕੇ ਦੇਂਦਿਆਂ ਕਿਹਾ, 'ਭਾਈ ਸਾਹਿਬ! ਇਹਨੂੰ ਵੇਖਣਾ ਜ਼ਰਾ। ਉਸ ਨੇ ਘੜੀ ਫੜੀ ਤੇ ਆਈ ਗਲਾਸ ਅੱਖ ਤੇ ਚਾੜ੍ਹਦਿਆਂ ਚਮਟੀ ਨਾਲ ਉਸ ਦੀ ਇੱਕ ਨਾੜ ਵੇਖੀ। ਅੰਤ ਉਹ ਬੋਲਿਆ, 'ਪੰਜ ਸੱਤ ਮਿੰਟ ਲੱਗਣਗੇ, ਹੁਣੇ ਠੀਕ ਕਰ ਦੇਨਾਂ।'

ਮੈਂ ਉਥੇ ਹੀ ਬੈਠ ਗਿਆ। ਉਸ ਨੇ ਅੱਖ ਦੀ ਝਮਕੇ ਵਿਚ ਘੜੀ ਚੱਲਦੀ ਕਰਕੇ ਮੇਰੇ ਹੱਥ ਤੇ ਰੱਖ ਦਿੱਤੀ। 'ਸੇਵਾ ਪੁੱਛਣ ਤੇ ਉਹ ਬੋਲਿਆ, 'ਸਿਰਫ ਪੰਜ ਰੁਪੈ।'

ਪੰਜ ਰੁਪਏ ਮੈਂ ਦੇ ਦਿੱਤੇ, ਪਰ ਮੈਨੂੰ ਦੁੱਖ ਬਹੁਤ ਹੋਇਆ। ਮੈਂ ਆਪਣਾ ਦੁੱਖ ਜ਼ਾਹਰ ਜਰੂਰ

ਕਰਨਾ ਚਾਹੁੰਦਾ ਸਾਂ ਪਰ ਸੋਚ ਰਿਹਾ ਸਾਂ ਕਿ ਆਖਾਂ ਤਾਂ ਕਿਸ ਤਰ੍ਹਾਂਆਖਾਂ ਤਾਂ ਕਿ ਗੱਲ ਇਸ ਨੂੰ ਚੁਭੇ ਨਾ। ਮੈਂ ਅਜੇ ਸੋਚ ਹੀ ਰਿਹਾ ਸੀ ਕਿ ਉਸ ਨੇ ਸਾਹਮਣੀ ਦੁਕਾਨ ਤੇ ਚਾਹ ਦਾ ਆਰਡਰ ਦੇ ਦਿੱਤਾ ਭਾਵੇਂ ਮੈਂ ਘਰੋਂ ਚਾਹ ਪੀਕੇ ਹੀ ਗਿਆ ਸਾਂ ਪਰ ਮੈਂ ਮੌਕਾ ਦੇਖ ਕੇ ਬੈਠ ਗਿਆ। ਚਾਹ ਆ ਗਈ। ਉਸ ਨੇ ਗੱਲ ਤੋਰੀ, 'ਤੁਸੀਂ ਕਦੇ ਗੁਰਦੁਆਰੇ ਨਹੀਂ ਆਏ ਪ੍ਰੋਫੈਸਰ ਸਾਹਿਬ?'

ਮੇਰਾ ਦਾਅ ਲੱਗ ਗਿਆ, 'ਨੇਕ ਕਮਾਈ ਕਰਦੇ ਹਾਂ- ਭੁੱਲ ਬਖਸ਼ਾਉਣ ਦੀ ਲੋੜ ਹੀ ਨਹੀਂ ਪੈਂਦੀ।'

ਘੜੀ-ਸਾਜ਼ ਨੇ 'ਵਾਹਿਗੁਰੂ ਵਾਹਿਗੁਰੂ' ਕਹਿੰਦਿਆਂ ਹੱਥ ਫੜ ਲਏ। ਮੈਨੂੰ ਦੋ ਰੁਪਏ ਵਾਪਸ ਦੇਂਦਿਆਂ ਉਹ ਬੋਲਿਆ, 'ਮੁਆਫ ਕਰਨਾ ਗੁਰੂ ਦੇਵ- ਮੇਰੇ ਦਿਮਾਗ ਦੇ ਕਪਾਟ ਤਾਂ ਅੱਜ ਖੁੱਲੇ ਹਨ।'

*ਦਸੰਬਰ-1975*

## ਹਮਦਰਦੀ/ਨਿਰੰਜਨ ਸ਼ਰਮਾ

ਸ਼ਹਿਰ ਦੇ ਇਕ ਘੁੱਗ ਵਸਦੇ ਮੁਹੱਲੇ ਵਿਚ ਉਹ ਮਰਿਆ ਸੀ। ਉਸ ਦੀ ਲੋਥ ਦੇ ਆਲੇ ਦੁਆਲੇ ਕਾਫੀ ਲੋਕ ਇਕੱਠੇ ਹੋ ਰਹੇ ਸਨ। ਜਿਵੇਂ ਕਿ ਭਾਂਤ ਭਾਂਤ ਦੀਆਂ ਗੱਲਾਂ-ਬਾਤਾਂ ਕਰ ਰਹੇ ਸਨ।

ਇਕ ਬੋਲਿਆ 'ਬਈ ਇਹ ਸ਼ਰਾਬ ਜਿਆਦਾ ਪੀਂਦਾ ਸੀ ਇਸ ਕਾਰਨ ਇਹਦਾ ਹਾਰਟ ਫੇਲ੍ਹ ਹੋ ਗਿਆ।'

ਦੂਜੇ ਨੇ ਕਿਹਾ- 'ਨਹੀਂ, ਇਹ ਗੱਲ ਨਹੀਂ, ਇਹ ਤਾਂ ਬੇਰੋਜ਼ਗਾਰ ਸੀ, ਭੁੱਖ ਦੇ ਦੁੱਖੋਂ ਇਸ ਨੇ ਖੁਦਕਸ਼ੀ ਕੀਤੀ।'

ਤੀਸਰੇ ਬੰਦੇ ਦੀ ਅਵਾਜ਼ ਆਈ- 'ਭਲਾ ਜੇ ਇਹ ਬੇਰੋਜ਼ਗਾਰ ਸੀ ਤਾਂ ਇਸਨੇ ਇੰਪਲਾਇਮੈਂਟ ਐਕਸਚੇਂਜ਼ ਵਿਚ ਆਪਣਾ ਨਾਂ ਦਰਜ ਕਿਉਂ ਨਾ ਕਰਵਾਇਆ?'

*ਜਨਵਰੀ-1976*

## ਵਿਚਾਰੇ ਲੇਖਕ/ਹਰਜੀਤ 'ਬੇਦੀ'

ਮੇਰਾ ਗੁਆਂਢੀ ਕਹਾਣੀਕਾਰ ਹੈ। ਸੰਘਣੇ ਸ਼ਹਿਰ ਵਿਚ ਵਸਦਾ ਹੋਇਆ ਵੀ ਉਹ ਕਦੇ ਕਦੇ ਬਹੁਤ ਉਦਾਸ ਹੋ ਜਾਂਦਾ ਹੈ। ਉਸ ਦਾ ਸਾਰਾ ਪਰਿਵਾਰ ਆਪਣੀ ਆਪਣੀ ਰਾਮ ਰੌਲੀ ਪਾਈ ਜਾਂਦਾ, ਪਰ ਉਹ ਕਿਸੇ ਡੂੰਘੀ ਸੋਚ ਵਿਚ ਗੁੰਮ ਇੱਧਰ ਉੱਧਰ ਬੇਚੈਨੀ ਵਿਚ ਘੁੰਮ ਰਿਹਾ ਹੁੰਦਾ। ਇਸ ਸਮੇਂ ਵਿਚ ਨਾ ਉਸ ਨੂੰ ਖਾਣ ਦਾ ਸੁਆਦ, ਨਾ ਸੌਣ ਦਾ, ਨਾ ਕੰਮ ਦਾ ਅਤੇ ਨਾ ਹੀ ਕਿਸੇ ਨਾਲ ਖਿੜੇ ਮੱਥੇ ਗੱਲ ਕਰਦਾ ਹੈ। ਕਿੰਨੇ ਕਿੰਨੇ ਦਿਨ ਉਹ ਅਜਿਹੀਆਂ ਸੋਚਾਂ ਵਿਚ ਗੁਲਤਾਨ ਰਹਿੰਦਾ। ਫਿਰ ਜਦ ਉਹ ਕਹਾਣੀ ਲਿਖਣ ਦੇ ਮੂਡ ਵਿਚ ਆ ਜਾਵੇ ਤਾਂ ਆਪਣੇ ਕੰਮੋਂ ਛੁੱਟੀ ਕਰ ਲੈਂਦਾ ਹੈ। ਆਪਣੇ ਆਪ ਨੂੰ ਸਮੇਟ ਉਹ ਕਹਾਣੀ ਲਿਖਦਾ ਹੈ। ਕੋਈ ਚਾਰ ਘੰਟੇ ਉਹ ਕਹਾਣੀ ਲਿਖਣ ਨੂੰ ਲਾਉਂਦਾ ਹੈ- ਫਿਰ ਉਸ ਨੂੰ ਪੜ੍ਹਦਾ ਹੈ, ਠੀਕ ਕਰਦਾ ਹੈ ਤੇ ਪਸੰਦ ਨਾ ਆਉਣ

ਤੇ ਸਾਰੇ ਕਾਗਜ਼ ਟੁਕੜੇ ਟੁਕੜੇ ਕਰ ਦਿੰਦਾ ਹੈ। ਕਹਾਣੀਕਾਰ ਕਹਾਣੀ ਫਿਰ ਲਿਖਦਾ ਹੈ, ਠੀਕ ਕਰਦਾ ਹੈ ਤੇ ਅਖਬਾਰਾਂ ਦੀ ਰੱਦੀ ਵੇਚ ਕੇ ਡਾਕ- ਖਾਨਿਓਂ ਟਿਕਟਾਂ ਲੈ ਕੇ ਉਹ ਆਪਣੀ ਕਹਾਣੀ ਕਿਸੇ ਲੇਖਕ, ਸੰਪਾਦਕ, ਪ੍ਰਕਾਸ਼ਕ, ਮਾਲਕ ਤੇ ਪ੍ਰਿੰਟਰ' ਵਰਗੇ ਮਾਸਕ ਪੱਤਰ ਦੇ ਮਾਨਯੋਗ ਸੰਪਾਦਕ ਨੂੰ ਭੇਜਦਾ ਹੈ। ਕੋਈ ਤਿੰਨਾਂ ਮਹੀਨਿਆਂ ਪਿੱਛੋਂ ਉਸ ਦੀ ਇਕ ਕਹਾਣੀ ਮੁੜ ਆਉਂਦੀ ਹੈ ਤੇ ਇਕ ਪ੍ਰਕਾਸ਼ਤ ਹੋ ਜਾਂਦੀ ਹੈ...। ਕਹਾਣੀਕਾਰ ਆਪਣੀ ਤਨਖਾਹ ਵਿੱਚੋਂ ਇਕ ਰੁਪਿਆ ਖਰਚ ਕੇ ਉਹ ਮੈਗਜ਼ੀਨ ਖ਼੍ਰੀਦਦਾ ਹੈ, ਜਿਸ ਵਿਚ ਉਸ ਦੀ ਕਹਾਣੀ ਪ੍ਰਕਾਸ਼ਤ ਹੋਈ ਹੁੰਦੀ ਹੈ।

ਮੇਰੇ ਦੋਸਤ ਕਹਾਣੀਕਾਰ ਦੀ ਪਤਨੀ ਅਤੇ ਬੱਚੇ ਉਸ ਦੇ ਇਸ ਵਿਹਾਰ ਤੇ ਸਿਰ ਖਪਾਈ ਤੇ ਸਖਤ ਖਫਾ ਰਹਿੰਦੇ ਹਨ। ਕਹਾਣੀਕਾਰ ਦੀ ਪਤਨੀ ਨੇ ਇਕ ਦਿਨ ਮੈਨੂੰ ਕਿਹਾ ਕਿ ਤੁਹਾਡੇ ਲੇਖਕ ਦੋਸਤ ਨਾਲੋਂ ਤਾਂ ਮੈਂ ਹੀ ਵਧ ਕਮਾ ਲੈਂਦੀ ਹਾਂ, ਜਿਨਾਂ ਚਿਰ ਉਹ ਕਾਗਜ ਤੇ ਕਲਮ ਘਸਾਉਂਦੇ ਤੇ ਕਿਤਾਬਾਂ ਨਾਲ ਮੱਥਾ ਮਾਰਦੇ ਰਹਿੰਦੇ ਹਨ ਉਨੇ ਸਮੇਂ ਵਿਚ ਮੈਂ ਲਫਾਫੇ ਬਣਾ ਸਵਾ ਤਿੰਨ ਰੁਪਏ ਕਮਾ ਲੈਂਦੀ ਹਾਂ...' ਇਹ ਕਹਿੰਦੇ ਹੋਏ ਉਸ ਦੇ ਪਤਲੇ ਬੁੱਲਾਂ ਤੇ ਬਨਾਵਟੀ ਜਹੀ ਮੁਸਕਰਾਹਟ ਪਸਰੀ ਸੀ। ਇਹ ਸੁਣ ਮੈਂ ਆਪਣੇ ਦੋਸਤ ਦੀ ਜ਼ਿੰਦਗੀ ਜੋ ਮੋਮਬੱਤੀ ਵਾਂਗ ਪਿਘਲਦੀ ਜਾ ਰਹੀ ਸੀ ਬਾਰੇ ਸੋਚਦਾ ਸੋਚਦਾ ਉਦਾਸ ਹੋ ਗਿਆ ਸਾਂ। ਲੇਖਕ ਦੇ ਸਾਹਮਣੇ ਘਰ 'ਰਾਮੇ ਘੁਮਿਆਰ' ਦਾ ਕੋਹਲੂ ਉਸ ਬੌਲਦ ਨਾਲ ਚੀਂਅ ਚੀਂਅ ਕਰ ਰਿਹਾ ਸੀ। ਪਰ ਦੂਜੇ ਘਰ 'ਚਰਨੇ ਸਮਗਲਰ' ਦਾ ਪਾਲਤੂ ਕੁੱਤਾ ਦਿਨੋ ਦਿਨ ਫੈਲਦਾ ਜਾ ਰਿਹਾ ਸੀ। ਮੇਰਾ ਕਿੰਨੀ ਵੇਰ ਜੀਅ ਕੀਤਾ ਕਿ ਕਹਾਣੀਕਾਰ ਦੋਸਤ ਨੂੰ ਪੁੱਛਾਂ ਕਿ ਤੈਨੂੰ ਇਸ ਖਰਚੀਲੇ, ਸਿਰ ਖਪਾਈ ਵਾਲੇ ਸ਼ੁਗਲ ਵਿੱਚੋਂ ਕੀ ਮਿਲਦਾ ਹੈ-? ਪਰ ਹਿੰਮਤ ਨਹੀਂ ਕਰ ਸਕਿਆ। ਸੋਚਦਾ ਹਾਂ ਭਲਾ ਕੋਈ ਮਾਂ ਨੂੰ ਪੁੱਛ ਸਕਦਾ ਹੈ ਕਿ ਇਹ ਨਵਾਂ ਜੁਆਕ ਉਸ ਕਿਉਂ ਜੰਮਿਆ ਹੈ....?

***ਫਰਵਰੀ-1976***

## ਐਸਾ ਕਿਉਂ?/ਸੁਰੇਸ਼ ਰਤਨ

ਇੰਝ ਲਗਦਾ ਸੀ ਜਿਵੇਂ ਉਹ ਇਕ ਦੂਜੇ ਨੂੰ ਸਮਝ ਚੁੱਕੇ ਹੋਣ। ਉਨ੍ਹਾਂ ਦੀ ਕੋਈ ਵੀ ਗੱਲ ਇਕ ਦੂਜੇ ਤੋਂ ਲੁਕੀ ਹੋਈ ਨਹੀਂ ਸੀ। ਸੌਰਭ ਦੀ ਹਰੇਕ ਸੋਚ ਦਾ ਹੱਲ ਅਨੂ ਹੀ ਸੀ। ਸੌਰਭ ਲਈ ਤਾਂ ਅਨੂ ਜਿਵੇਂ ਇਕ ਚਾਨਣਾ, ਪ੍ਰੇਰਣਾ, ਉਤਸ਼ਾਹ ਸਭੋ ਕੁਝ ਸੀ ਤੇ ਅਨੂ ਵੀ ਤਾਂ ਸੌਰਭ ਵਿੱਚੋਂ ਆਪਣਾ ਆਪ ਪੂਰਾ ਹੁੰਦਾ ਵੇਖ-ਵੇਖ ਜੀਊਂਦੀ ਸੀ।

ਅਨੂ ਦੇ ਦ੍ਰਿੜ ਹੱਥ ਸੌਰਭ ਦੀਆਂ ਭਾਵੁਕ ਅੱਖਾਂ ਦੇ ਅੱਥਰੂ ਪੂੰਝਦੇ। ਟੁੱਟਿਆ ਤੇ ਵੈਰਾਗ ਸੌਰਭ ਅਨੂ ਦੀ ਗੋਦ 'ਚ ਸਿਰ ਰੱਖ ਇੰਝ ਨਿਸ਼ਚਿੰਤ ਹੋ ਸੌਂ ਜਾਂਦਾ ਜਿਵੇਂ ਬੱਚਾ ਹੋਵੇ।

ਪਰ ਇਹ ਤਾਂ ਨੌਜਵਾਨ ਦੋਸਤਾਂ ਦੀ ਸਾਂਝ ਸੀ- ਇਕ ਦੂਜੇ ਦੇ ਹਰ ਵਕਤ ਦੇ ਸਨੇਹੀ- ਦੋ ਚੰਗੇ ਸਾਥੀ, ਪ੍ਰੇਮ ਭਿੱਜੇ, ਪਰ ਅੱਤ ਸ਼ਾਂਤ....

ਅੱਜ ਕੋਈ ਨਵੀਂ ਗੱਲ ਨਹੀਂ ਸੀ ਹੋਈ ਸੌਰਭ ਬਹੁਤ ਉਦਾਸ ਸੀ। ਅਨੂ ਦੇ ਹੱਥਾਂ ਨੇ ਉਸਨੂੰ ਸਹਾਰਾ ਦਿੱਤਾ ਤੇ ਸੌਰਭ ਅਨੂ ਦੀ ਗੋਦ 'ਚ ਲੰਮੇ ਪਿਆ ਫੁੱਟ ਫੁੱਟ ਕੇ ਰੋਣ ਲੱਗ ਪਿਆ, ਬਹੁਤ ਉਦਾਸ ਅੱਥਰੂ....ਅਚਾਨਕ ਸੌਰਭ ਨੂੰ ਕੁਝ ਮਹਿਸੂਸ ਹੋਇਆ। ਉਸਨੇ ਅੱਖਾਂ ਖੋਹਲੀਆਂ। ਅਨੂ

ਦਾ ਚਿਹਰਾ ਉਸਦੇ ਚਿਹਰੇ ਵੱਲ ਝੁਕਦਾ ਆ ਰਿਹਾ ਸੀ। ਸੌਰਭ ਤ੍ਰਬਕ ਗਿਆ। ਇਸ ਚਿਹਰੇ ਵਿਚ ਤਾਂ ਅਨੂ ਹੈ ਹੀ ਨਹੀਂ ਸੀ, ਉਥੇ ਤਾਂ ਕੋਈ ਹੋਰ ਹੀ ਲਾਲਸਾ ਸੀ-

ਸੌਰਭ ਜਲਦੀ ਨਾਲ ਉਠ ਖੜੋਤਾ, ਅਨੂ ਦੇ ਹੱਥ ਬੜੀ ਆਸ਼ਾ ਨਾਲ ਵਧੇ, ਅਨੂ ਦੀਆਂ ਅੱਖਾਂ ਤਰਲਾ ਕਰ ਰਹੀਆਂ ਸਨ, ਉਸਦਾ ਸਾਰਾ ਸਰੀਰ ਜਿਵੇਂ ਨਿਮੰਤ੍ਰਣ ਦੇ ਰਿਹਾ ਹੋਵੇ। ਸੌਰਭ ਨੇ ਇਕ ਡੂੰਘੀ ਤਕਣੀ ਅਨੂ ਵੱਲ ਪਾਈ ਤੇ ਬਾਹਰ ਤੁਰ ਗਿਆ।

ਅਗਲੀ ਸਵੇਰ ਸੌਰਭ ਨੇ ਜਦ ਅਨੂ ਦਾ ਦਰਵਾਜ਼ਾ ਖਟਖਟਾਇਆ ਤਾਂ ਅਵਾਜ਼ ਆਈ, 'ਵਾਪਿਸ ਚਲੇ ਜਾਓ' ਇਹ ਅਵਾਜ਼ ਸੀ ਕਿ ਫੁੰਕਾਰ, ਜ਼ਹਿਰੀਲੀ, ਬਦਲੇ ਨਾਲ ਭਰੀ, ਸੌਰਭ ਹੈਰਾਨ ਸੀ-

ਸ਼ਾਮ ਨੂੰ ਸੌਰਭ ਫੇਰ ਵਾਪਸ ਆਇਆ, ਫਿਰ ਦਰਵਾਜ਼ਾ ਖਟਖਟਾਇਆ, ਦਰਵਾਜ਼ਾ ਖੁੱਲ ਗਿਆ, ਪਰ ਅੰਦਰ ਅਨੂ ਜ਼ਿੰਦਾ ਨਹੀਂ ਸੀ।

*ਮਾਰਚ, ਅਪ੍ਰੈਲ-1976*

# ਬਿੱਲੀ ਤੇ ਚੂਹੇ/ਸ਼ਿਵਤਾਰ ਮਾਂਗਟ

ਇਕ ਵਾਰ ਇੱਕ ਬਿੱਲੀ ਨੇ ਚੂਹਿਆਂ ਦੇ ਘਰ ਜਾ ਕੇ ਕਿਹਾ ਕਿ ਉਹ ਉਸ ਦੇ ਘਰ ਰੋਟੀ ਖਾਣ। ਚੂਹਿਆਂ ਨੇ ਖੁੱਡਾਂ ਅੰਦਰ ਹੀ ਕਿਹਾ'ਪਰ ਮਾਸੀ ਸਾਨੂੰ ਡਰ ਲੱਗਦਾ ਕਿ ਤੂੰ ਧੋਖਾ ਦੇ ਕੇ ਸਾਨੂੰ ਹੀ ਨਾ ਖਾ ਜਾਵੇਂ।' 'ਨਹੀਂ ਭਾਣਜਿਉ ਮੈਂ ਤੁਹਾਨੂੰ ਕੁਝ ਨਹੀਂ ਕਹਿੰਦੀ।' ਬਿੱਲੀ ਨੇ ਵਿਸ਼ਵਾਸ਼ ਦਵਾਇਆ 'ਮਾਸੀ ਤੂੰ ਆਪਣੇ ਧਰਮ ਈਮਾਨ ਨੂੰ ਜਾਣਕੇ ਕਸਮ ਖਾਹ ਕਿ ਕੁਝ ਨਹੀਂ ਕਹੇਂਗੀ।' ਇਕ ਬਜ਼ੁਰਗ ਚੂਹੇ ਨੇ ਕਿਹਾ।

'ਹਾਂ ਭਾਣਜੇ ਮੈਂ ਕਸਮ ਖਾ ਕੇ ਕਹਿੰਦੀ ਆਂ ਕਿ ਤੁਹਾਨੂੰ ਕੁਝ ਨਹੀਂ ਕਹਾਂਗੀ।' ਚੂਹੇ ਮੰਨ ਗਏ ਤੇ ਮਿੱਥੇ ਦਿਨ ਬਿੱਲੀ ਦੇ ਘਰ ਚਲੇ ਗਏ ਜਦੋਂ ਸਾਰੇ ਚੂਹੇ ਅੰਦਰ ਵੜ ਗਏ ਤਾਂ ਬਿੱਲੀ ਦਰਾਂ 'ਚ ਆ ਕੇ ਕਹਿਣ ਲੱਗੀ 'ਭਾਣਜਿਉ ਮੈਨੂੰ ਭੁੱਖ ਲੱਗੀ ਏ ਪਹਿਲਾਂ ਮੈਨੂੰ ਭੁੱਖ ਮਿਟਾ ਲੈਣ ਦੇਵੋ।' ਇਕ ਜਵਾਨ ਚੂਹੇ ਨੇ ਸਾਰੇ ਚੂਹਿਆਂ ਨੂੰ ਅੱਖ ਨਾਲ ਕੁਝ ਸਮਝਾਇਆ ਤੇ ਬਿੱਲੀ ਨੂੰ ਕਹਿਣਾ ਲੱਗੇ:

'ਮਾਸੀ ਤੂੰ ਤਾਂ ਕਸਮ ਖਾਧੀ ਸੀ ਕਿ ਸਾਨੂੰ ਕੁਝ ਨਹੀਂ ਕਹੇਂਗੀ।'

'ਪਰ ਭਾਣਜੇ ਕੀ ਕਰਾਂ ਭੁੱਖ ਤਾਂ ਮੌਤ ਤੋਂ ਵੀ ਬੁਰੀ ਹੁੰਦੀ ਏ।'

'ਪਰ ਮਾਸੀ ਤੂੰ ਕਸਮ ਤਾਂ ਖਾਧੀ ਸੀ ਨਾ।'

'ਹਾਂ ਪਰ....।

ਇਸ ਤਰ੍ਹਾਂ ਕਾਫੀ ਚਿਰ ਉਹ ਗੱਲਾਂ ਕਰਦੇ ਰਹੇ ਜਦੋਂ ਤੱਕ ਬਾਕੀ ਦੇ ਚੂਹਿਆਂ ਨੇ ਖੁੱਡਾਂ ਪੁੱਟ ਲਈਆਂ ਸਨ। 'ਚੰਗਾ ਮਾਸੀ ਤੇਰੀ ਮਰਜ਼ੀ' ਕਹਿ ਕੇ ਚੂਹਾ ਖੁੱਡ ਵਿਚ ਜਾ ਵੜਿਆ।

*ਅਪ੍ਰੈਲ-1976*

## ਗੁਣਾਂ ਦੀ ਕਦਰ/ਸ਼ਰਨ ਮੱਕੜ

ਜਿਠਾਨੀ ਵਿਚ ਨਾ ਰੂਪ ਸੀ ਤੇ ਨਾ ਕੋਈ ਗੁਣ, ਪਰ ਉਹ ਬਹੁਤ ਅਮੀਰ ਮਾਪਿਆਂ ਦੀ ਧੀ ਸੀ। ਦਰਾਨੀ ਵਿਚ ਰੂਪ ਸੀ, ਗੁਣ ਸੀ, ਗੱਲਬਾਤ ਕਰਨ ਦਾ ਸਲੀਕਾ ਸੀ, ਪਰ ਉਹ ਦਰਮਿਆਨੇ ਪਰਿਵਾਰ ਦੀ ਧੀ ਸੀ। ਸੱਸ ਨੂੰ ਵੱਡੀ ਨੂੰਹ ਬਹੁਤ ਚੰਗੀ ਲੱਗਦੀ ਸੀ। ਉਹ ਦੋਵੇਂ ਛੋਟੀ ਨੂੰਹ ਨੂੰ ਤੁੱਛ ਸਮਝਦੀਆਂ ਸਨ ਤੇ ਬੇ-ਇਜ਼ਤੀ ਕਰਨ ਲੱਗਿਆਂ ਕਦੇ ਨਾ ਖਿਆਲ ਕਰਦੀਆਂ।

ਛੋਟੀ ਦਾ ਪਤੀ ਆਪਣੀ- ਮਨ ਪਸੰਦ ਦੀ ਪਤਨੀ ਨਾਲ ਬਹੁਤ ਖੁਸ਼ ਸੀ। ਉਹਦੀਆਂ ਨਜ਼ਰਾਂ ਵਿਚ ਪੈਸੇ ਤੋਂ ਵੱਧ ਗੁਣਾਂ ਦੀ ਕਦਰ ਸੀ। ਘਰ ਵਿਚ ਹੁੰਦੀਆਂ ਨੋਕਾਂ ਝੋਕਾਂ ਉਹਦੇ ਕੋਲੋਂ ਲੁਕੀਆਂ ਹੋਈਆਂ ਨਹੀਂ ਸਨ। ਇਕ ਦਿਨ ਉਹ ਆਪਣੀ ਪਤਨੀ ਤੋਂ ਚਿੜ੍ਹ ਪਿਆ। ਜਠਾਨੀ ਆਖਣ ਲੱਗੀ 'ਤੂੰ ਆਪਣੀ ਵਹੁਟੀ ਨੂੰ ਸਮਝਦਾ ਕੀ ਏਂ? ਭੈੜੇ ਭੁੱਖਿਆਂ ਦੀ ਧੀ।'

'ਮੈਂ ਦੱਸਾਂ ਭਾਬੀ ਮੈਂ ਉਹਨੂੰ ਕੀ ਸਮਝਦਾ ਹਾਂ। ਮੇਰੀਆਂ ਨਜ਼ਰਾਂ ਵਿਚ ਉਹ ਫੁੱਲ ਹੈ, ਤਿਤਲੀ ਹੈ। ਜਦੋਂ ਰੱਬ ਨੇ ਫੁੱਲਾਂ ਨੂੰ ਬਣਾਇਆ, ਤਿਤਲੀਆਂ ਨੂੰ ਬਣਾਇਆ ਤਾਂ ਉਹਨੇ ਰੂਪ ਤੇ ਗੁਣਾਂ ਦੇ ਸਾਰੇ ਰੰਗ ਭਰ ਦਿੱਤੇ। ਤੇ ਜਦੋਂ ਰੱਬ ਨੇ ਹਾਥੀ ਬਣਾਇਆ, ਊਠ ਬਣਾਇਆ, ਖੋਤਾ ਬਣਾਇਆ, ਮੱਝ ਬਣਾਈ ਤਾਂ ਉਹਨੇ ਇਕੋ ਰੰਗ ਵਿਚ ਡੋਬਾ ਦੇ ਦਿੱਤਾ।' ਉਹ ਭਾਬੀ ਦੇ ਮੋਟੇ, ਬੇ-ਸੁਰੇ ਜਿਸਮ ਅਤੇ ਅਕਲੋਂ ਸੱਖਣੇ ਦਿਮਾਗ ਵੱਲ ਤੱਕ ਕੇ ਹੱਸਿਆ। ਭਾਬੀ ਸੜ ਬਲ ਕੇ ਕੋਲਾ ਹੋ ਗਈ।

*ਜੂਨ-1976*

## ਏਕਸ ਕੇ ਹਮ ਬਾਰਿਕ/ਸੁਲੱਖਣ ਮੀਤ

ਕਾਲਜ ਵਿਚ ਡਰਾਮਾ ਹੋ ਕੇ ਹਟਿਆ ਸੀ- ਏਕਸ ਕੇ ਹਮ ਬਾਰਿਕ।

ਇਸ ਡਰਾਮੇ ਵਿਚ ਮਨੁੱਖਤਾ ਦੀ ਬਰਾਬਰੀ ਦਰਸਾਉਣ ਤੇ ਜ਼ੋਰ ਦਿੱਤਾ ਗਿਆ ਸੀ।

ਡਰਾਮਾ ਐਨਾ ਪ੍ਰਭਾਵਸ਼ਾਲੀ ਸੀ ਕਿ ਸੜਕ ਤੇ ਤੁਰੇ ਜਾਂਦੇ ਦਰਸ਼ਕ ਅਜੇ ਵੀ ਡਰਾਮੇ ਦੀਆਂ ਹੀ ਗੱਲਾਂ ਕਰ ਰਹੇ ਸਨ।

ਮੇਰੇ ਅੱਗੇ ਅੱਗੇ ਜਾ ਰਹੀਆਂ ਮੇਰੇ ਕਾਲਜ ਦੀਆਂ ਕੁੜੀਆਂ ਵੀ ਇਸੇ ਡਰਾਮੇ ਦੇ ਹੀਰੋ ਦੀਆਂ ਗੱਲਾਂ ਕਰ ਰਹੀਆਂ ਸਨ।

ਮੈਂ ਸੁਣ ਰਹੀਂ ਸਾਂ, 'ਅਮਰਿੰਦਰ ਨੇ ਕਮਾਲ ਦਾ ਰੋਲ ਕੀਤੈ।' ਇੱਕ ਆਵਾਜ਼।

'ਉਹ ਤਾਂ ਨਿਰਾ ਹਰੀਜਨ ਲੱਗਦਾ ਸੀ ਉੱਥੇ ਤਾਂ।' ਦੂਸਰੀ ਆਵਾਜ਼।

'ਚੱਲ ਨੀ ਚੱਲ, ਕੁਛ ਸੋਚ ਕੇ ਬੋਲ। ਹਰੀਜਨ ਹੋਊ ਤੇਰਾ ਕੋਈ...।' ਇੱਕ ਆਵਾਜ਼।

'ਮੈਂ ਤਾਂ ਕਹਿਨੀਆਂ ਉਹ ਹੈ ਹੀ ਹਰੀਜਨ।' ਦੂਸਰੀ ਆਵਾਜ਼।

'ਆਹੋ ਕੁੜੇ, ਇਹਦਾ ਫਾਦਰ ਵੀ ਪੀਅਨ ਲੱਗਿਆ ਹੋਇਆ, ਈ.ਟੀ.ਓ. ਦੇ ਦਫਤਰ ਵਿਚ।' ਤੀਜੀ ਆਵਾਜ਼।

'ਪੀਅਨ ਸਿਰਫ ਹਰੀਜਨ ਈ ਤਾਂ ਨ੍ਹੀਂ ਲੱਗਦੇ।' ਇੱਕ ਆਵਾਜ਼।
'ਬਹੁਤੇ ਉਹੀ ਲੋਕ ਹੁੰਦੇ ਨੇ।' ਦੂਜੀ ਆਵਾਜ਼।
'ਫਿਰ ਤਾਂ ਜੇ ਇਹ ਠੀਕ ਹੋਇਆ, ਮੈਂ ਸਵੇਰੇ ਉਸ ਨੂੰ ਮਿਲੂੰਗੀ।' ਇੱਕ ਆਵਾਜ਼।
'ਕਿਉਂ?' ਦੂਜੀ ਆਵਾਜ਼।
'ਮੇਰੇ ਨਾਲ ਉਹਨੇ ਧੋਖਾ ਕੀਤੈ।' ਪਹਿਲੀ ਆਵਾਜ਼।
'ਬਿਲਕੁਲ! ਬਿਲਕੁਲ!! ਦੂਜੀ ਆਵਾਜ਼।
'ਸਵੇਰੇ ਗੱਲ ਕਰੂੰਗੀ।' ਪਹਿਲੀ ਆਵਾਜ਼।
'ਕੀ ਗੱਲ ਕਰੇਂਗੀ?' ਮੈਥੋਂ ਹੁਣ ਰਿਹਾ ਨਾ ਗਿਆ।
ਉਸ ਨੇ ਕੁਝ ਸੋਚ ਕੇ ਕਿਹਾ, 'ਮੈਡਮ ਕੋਈ ਗਊ ਗਧੇ ਦਾ ਮੇਲ ਹੁੰਦੈ?'
'ਸ਼ੱਟ ਅੱਪ!' ਮੈਂ ਸਾਰਾ ਗੁੱਸਾ ਬਾਹਰ ਕੱਢਿਆ।
ਰੈਨੂੰ ਵਾਤਸ ਬੁੜ ਬੁੜਾ ਰਹੀ ਸੀ।
ਮੈਂ ਵੀ ਬੁੜ ਬੁੜਾ ਰਹੀ ਸੀ, 'ਆਈਆਂ ਨੇ ਡਰਾਮਾ ਦੇਖ ਕੇ, ਨਾ ਅਕਲ, ਨਾ ਮੌਤ।'

*ਜੂਨ-1976*

## ਵਸੀਅਤਨਾਮਾ/ਗੁਰਮੀਤ 'ਪਲਾਹੀ'

ਮੈਂ ਲਾਭਾ ਪੁੱਤਰ ਸ਼ੇਰਾ (ਲੱਭੂ ਦਿਆਂ ਦਾ) ਸਕਨਾਂ ਕਾਨਾ ਜੱਟਾਂ, ਆਪਣੇ ਹੋਸ਼ ਹਵਾਸ ਕਾਇਮ ਰੱਖਦਾ ਹੋਇਆ ਵਸੀਅਤ ਕਰ ਰਿਹਾ ਹਾਂ ਤਾਂ ਕਿ ਬਾਅਦ 'ਚ ਕਿਸੇ ਕਿਸਮ ਦਾ ਝਗੜਾ ਝਾਊਲਾ ਨਾ ਰਹੇ:-

ਵੱਡੇ ਪੁੱਤ ਮਸੰਦੇ ਨੂੰ (ਇਹ ਮੇਰਾ ਪਲੇਠੀ ਦਾ ਪੁੱਤ ਹੈ):- ਕੰਗਾਲੀ+ਲੂੰਡੀ ਪੂਛ ਵਾਲਾ ਇੱਕ ਝੋਟਾ, ਟੁੱਟੇ ਹੋਏ ਰੱਸੇ ਅਤੇ ਮੋਹਰੀ ਸਮੇਤ।

ਛੋਟੇ ਪੁੱਤ ਮਕੰਦੇ ਨੂੰ:- ਕਰਜ਼ਾ+ਢਾਰਾ ਜਿਹਦੇ ਤੇ ਕੋਈ ਛੱਤ ਨਹੀਂ+ ਟਾਹਲੀ ਦਾ ਇਕ ਖੂੰਡਾ ਖੂੰਗਿਆਂ ਸਮੇਤ+ ਸ਼ਰਾਬ ਦੇ ਦੋ ਘੁੱਟ ਜਿਹੜੇ ਪਿਛਲੇ ਸਾਲ ਮੈਂ ਆਪਣੇ ਯਾਰ ਤੋਂ ਉਧਾਰੇ ਲਏ ਸਨ।

ਛੋਟੇ ਪੁੱਤ ਸ਼ਿੰਦੇ ਨੂੰ (ਇਹ ਮੇਰਾ ਲਾਡਲਾ ਪੁੱਤ ਹੈ)। ਨੀਲੀ ਛਤਰੀ ਦਾ ਸਾਇਆ (ਹੋਰ ਕੁਝ ਬਚਿਆ ਹੀ ਨਹੀਂ)

ਧੀ ਪ੍ਰੀਤੋ ਨੂੰ:- ਦੁੱਖ, ਝੋਰੇ, ਮੁਸੀਬਤਾਂ (ਆਸਾਂ ਦੇ ਸੁਪਨਿਆਂ ਦੇ ਕਤਲ ਸਮੇਤ)।

| | |
|---|---|
| ਸਹੀ/ਗਵਾਹੀ | ਸਹੀ/ਬਕਲਮ ਖੁਦ |
| ਨੱਥਾ ਸਿੰਘ ਨੰਬਰਦਾਰ | ਲਾਭਾ ਪੁੱਤਰ ਸ਼ੇਰਾ |
| ਸਹੀ/ਗਵਾਹੀ | |
| ਬੂਝਾ ਪੁੱਤਰ ਢੇਰੂ | |

*ਜੂਨ-1976*

## ਰਾਵਣ ਹੋਰੁ ਪਰੇ ਹੋਰੁ ਹੋਰ/ਜਸਬੀਰ ਢੰਡ

'ਹੁਣ ਫੇਰ ਤੇਰਾ ਕੀ ਇਰਾਦਾ ਹੈ?'

'ਕਿਉਂ? ਕਿਸ ਗੱਲ ਦਾ ਇਰਾਦਾ?'

'ਮੈਂ ਤੈਨੂੰ ਰਾਵਣ ਦੇ ਪੰਜੇ 'ਚੋਂ ਛੁਡਾ ਕੇ ਨਹੀਂ ਲਿਆਇਆ?'

'ਮੈਂ ਕਦ ਮੁੱਕਰਦੀ ਆਂ। ਇਸ ਗੱਲ ਲਈ ਮੈਂ ਤੇਰੀ ਦਿਲੋਂ ਧੰਨਵਾਦੀ ਆਂ ਤੇ ਉਮਰ ਭਰ ਤੇਰਾ ਅਹਿਸਾਨ ਨਹੀਂ ਭੁੱਲਾਂਗੀ।'

'ਸੁੱਕੇ ਧੰਨਵਾਦ ਨਾਲ ਕੀ ਹੁੰਦੇ ਮਾਈ ਡੀਅਰ।'

ਤੇ ਜਦ ਉਸਨੇ ਉਸਦੀਆਂ ਅੱਖਾਂ ਵਿਚ ਵਹਿਸ਼ਤ ਦੇ ਉਹੀ ਡੋਰੇ ਉਭਰਦੇ ਦੇਖੇ! ਆਪਣੇ ਸ਼ਿਕਾਰ ਨੂੰ ਕਾਬੂ ਵਿਚ ਰੱਖ (ਉਹੀ) ਲਪਲਪਾਉਂਦੀ ਜੀਭ ਵੇਖੀ, ਉਸੇ ਪਲ ਪੁਰਾਣੇ ਨੇ ਉਸ ਨੂੰ ਦੱਸਿਆ ਕਿ ਰਾਵਣ ਹਾਲੀ ਮੋਇਆ ਨਹੀਂ, ਸਿਰਫ ਭੇਸ ਬਦਲ ਕੇ ਆਇਆ ਹੈ ਤੇ ਉਸਨੇ ਭੀ ਸੰਘਰਸ਼ ਦਾ ਪੈਂਤਰਾ ਬਦਲ ਲਿਆ।

'ਨਹੀਂ ਮੇਰੀ ਜਾਨ....ਸੁੱਕਾ ਧੰਨਵਾਦ ਕਿਉਂ? ਆ ਤੇਰੀ ਚਿਰਾਂ ਦੀ ਪਿਆਸੀ ਜਿੰਦ ਦੀ ਪਿਆਸ ਬੁਝਾ....।'

ਉਸਨੇ ਬਾਹਾਂ ਖੋਹਲ ਦਿੱਤੀਆਂ ਤੇ ਜਦ ਉਹ ਉਸਦੀ ਛਾਤੀ ਨਾਲ ਆ ਲੱਗਾ, ਲੰਮੀ ਕੈਦ ਵਿਚ ਵਧੇ ਹੋਏ ਆਪਣੇ ਨਹੁੰ ਉਸ ਪੂਰੇ ਜ਼ੋਰ ਨਾਲ ਮਰਦ ਦੀ ਗਰਦਨ ਵਿਚ ਗੱਡ ਦਿੱਤੇ।

'ਇਹ ਤੂੰ ਕੀ ਕੀਤਾ ਵੈਰਨੇ....?'ਕਟੇ ਹੋਏ ਰੁਖ ਵਾਂਗ ਡਿਗਦਿਆਂ ਉਹ ਬੋਲਿਆ।

'ਲੋਕ ਅਕ੍ਰਿਤਘਣ ਤਾਂ ਜ਼ਰੂਰ ਕਹਿਣਗੇ ਪਰ ਇੱਕ ਰਾਵਣ ਦੇ ਪੰਜੇ 'ਚੋਂ ਨਿਕਲ ਕੇ ਦੂਸਰੇ ਦੀ ਚੁੰਗਲ 'ਚ ਜਾ ਫਸਣਾ ਮੈਨੂੰ ਗਵਾਰਾ ਨਹੀਂ ਨਾਲੇ ਸੁੱਕੇ ਧੰਨਵਾਦ ਨਾਲ ਕੀ ਹੁੰਦੇ?'

ਉਸੇ ਦੇ ਸ਼ਬਦਾਂ ਨੂੰ ਦੁਹਰਾਇਆ ਉਸ ਨੇ ਘੰਡੀ ਉੱਤੇ ਅੰਗੂਠਿਆਂ ਦਾ ਦਬਾ ਉਸ ਸਮੇਂ ਤੀਕ ਜਾਰੀ ਰੱਖਿਆ ਜਦ ਤੀਕ ਕਿ ਨਵੇਂ ਖਲਨਾਇਕ ਦੀ ਜੂਨੀ-ਬਦਲ ਨਹੀਂ ਗਈ।

*ਜੁਲਾਈ-1976*

## ਪੇਟ ਦੀ ਅੱਗ/ਤ੍ਰਿਲੋਕ ਢਿੱਲੋਂ

ਸਰਵਿਸ ਸਲੈਕਸ਼ਨ ਬੋਰਡ ਦੀ ਦੁਮੰਜਲੀ ਬਿਲਡਿੰਗ ਦੇ ਬਾਹਰ ਬੇ-ਰੁਜ਼ਗਾਰਾਂ ਦੀ ਭੀੜ ਇਕ ਅਸਾਮੀ ਲਈ ਲਗਪਗ ਸੌ ਕੈਂਡੀਡੇਟ। ਸਭ ਦੇ ਚਿਹਰਿਆਂ ਤੇ ਨਿਰਾਸ਼ਾ-ਆਸ਼ਾ ਦੇ ਮਿਲਵੇਂ ਚਿੰਨ੍ਹ। ਬੋਰਡ ਦੇ ਚੇਅਰਮੈਨ ਸਾਹਿਬ ਦੇ ਲੇਟ ਹੋ ਜਾਣ ਕਾਰਨ, ਇੰਟਰਵਿਊ 10 ਵਜੇ ਦੀ ਨਿਸਬਤ 12 ਵਜੇ ਅਰੰਭ ਹੋਈ। ਮੁਲਾਕਾਤੀਆਂ ਦੀ ਤਰ੍ਹਾਂ ਵਾਰੀ ਵਾਰੀ ਕੈਂਡੀਡੇਟ ਅੰਦਰ ਜਾਂਦੇ ਰਹੇ ਤੇ ਵਾਪਸ ਆਉਂਦੇ ਰਹੇ ਢਾਈ ਵਜੇ ਤੱਕ ਸਾਰੇ ਦੇ ਸਾਰੇ ਭੁਗਤ ਚੁੱਕੇ ਸਨ। ਅਖੀਰ ਵਿਚ ਉਸ ਨੌਜਵਾਨ ਨੂੰ ਸਮਾਂ ਦਿੱਤਾ ਗਿਆ, ਆਪਣੀ ਵਾਰੀ ਤੋਂ ਖੁੰਝ ਚੁਕਾ ਸੀ।

'ਤੁਸੀਂ ਏਨੇ ਲੇਟ ਕਿਉਂ ਹੋ ਗਏ ਹੋ?'ਚੇਅਰਮੈਨ ਨੇ ਨੌਜਵਾਨ ਤੇ ਸਰਸਰੀ ਝਾਤ ਸੁਟਦਿਆਂ ਪੁੱਛਿਆ।

'ਜੀ ਮੈਂ ਰੋਟੀ ਖਾਣ ਚਲਾ ਗਿਆ ਸਾਂ।'

'ਤੁਹਾਨੂੰ ਪਤਾ ਏ, ਇੰਟਰਵਿਊ ਦਾ ਸਮਾਂ 2 ਵਜੇ ਤੱਕ ਸੀ ਜਦਕਿ ਹੁਣ ਢਾਈ ਵੱਜ ਚੁੱਕੇ ਨੇ।'ਚੇਅਰਮੈਨ ਦੀ ਨਾਲ ਦੀ ਕੁਰਸੀ ਤੇ ਬੈਠੇ ਭੱਦਰਪੁਰਸ਼ ਨੇ ਕਲਾਕ ਵੱਲ ਤਕਦਿਆਂ ਕਿਹਾ।

'ਅਸਲ ਵਿਚ ਮੈਂ ਜਦੋਂ ਗਿਆ ਸਾਂ, ਉਸ ਸਮੇਂ ਮੇਰੇ ਤੋਂ ਪਹਿਲਾਂ ਹਾਲੇ ਕਾਫੀ ਕੈਂਡੀਡੇਟ ਸਨ' ਨੌਜਵਾਨ ਬੜਾ ਹੀ ਸੰਜੀਦਾ ਹੋ ਗਿਆ ਸੀ।

'ਤੇ ਫਰਜ਼ ਕਰੋ- ਤੁਹਾਡੀ ਇਸ ਲੇਟ ਕਾਰਣ, ਤੁਹਾਨੂੰ ਰੀਜੈਕਟ ਕਰ ਦਿੱਤਾ ਜਾਂਦਾ, ਤਾਂ ਕੀ ਤੁਹਾਨੂੰ ਆਪਣੀ ਗਲਤੀ ਦਾ ਅਹਿਸਾਸ ਨਾ ਹੁੰਦਾ।'

'ਜਰੂਰ ਹੁੰਦਾ ਪਰ ਫਿਰ ਉਸ ਤੋਂ ਵੀ ਵੱਧ ਹੋਣਾ ਸੀ, ਜੇ ਭੁੱਖਾ ਵੀ ਰਹਿੰਦਾ ਤੇ ਨੌਕਰੀ ਵੀ ਨਾ ਮਿਲਦੀ....!!'

ਬੋਰਡ ਦਾ ਚੇਅਰਮੈਨ ਤੇ ਮੈਂਬਰ ਪ੍ਰਸ਼ਨ-ਵਿਹੂਣ ਹੋ ਗਏ।

*ਜੁਲਾਈ-1976*

## ਫਾਹੇ ਟੰਗੇ ਗੀਤ/ਦਰਸ਼ਨ 'ਮਿੱਤਵਾ'

ਪਹਿਲਾਂ ਉਹ ਚਾਹੇ ਆਪ ਰੋਂਦਾ ਜਾਂ ਹਸਦਾ ਉਸਦੇ ਗੀਤ ਹੱਸਦੇ ਹੀ ਰਹਿੰਦੇ ਸਨ। ਹੁਣ ਭਾਵੇਂ ਉਹ ਆਪ ਹੱਸਦਾ ਹੈ, ਉਸ ਦੇ ਗੀਤ ਹਰ ਵੇਲੇ ਰੋਂਦੇ ਰਹਿੰਦੇ ਹਨ। ਲੋਕ ਕਹਿੰਦੇ ਹਨ ਕਿ ਉਹ ਮਰੇ ਹੋਏ ਗੀਤ ਜੰਮਦਾ ਹੈ।

'ਮੈਂ ਮਰੇ ਹੋਏ ਗੀਤ ਕਿਉਂ ਜੰਮਦਾ ਹਾਂ-?' ਉਹ ਹੁਣ ਹਰ ਵੇਲੇ ਸੋਚਦਾ ਆਪਣੀ ਕੋਠੀ ਦੇ ਅੰਦਰ ਝਾਤ ਮਾਰਦਾ ਰਹਿੰਦਾ ਹੈ। ਉਸਨੂੰ ਜਾਪਦਾ ਹੈ ਜਿਵੇਂ ਕੋਠੀ ਦੇ ਇਕ ਕੋਨੇ ਵਿਚ ਉਸ ਦੇ ਗੀਤ ਗਲ ਵਿਚ ਰੱਸਾ ਪਾਕੇ ਆਪੇ ਫਾਹਾ ਲਾਈ ਲਟਕ ਰਹੇ ਹੋਣ। ਉਹ ਰੋ ਪੈਂਦਾ ਹੈ।

ਫੇਰ ਉਸਦਾ ਧਿਆਨ ਬਾਹਰ ਖੇਲਦੇ ਛੋਟੇ ਛੋਟੇ ਬੱਚਿਆਂ 'ਤੇ ਪੈਂਦਾ ਹੈ ਜਿੰਨ੍ਹਾਂ ਦੇ ਗਲ ਪਾਟੀਆਂ ਲੀਰਾਂ, ਹੱਥ ਖਾਲੀ ਬਾਟੇ ਤੇ ਢਿੱਡਾਂ ਵਿਚ ਭੁੱਖ ਨਹੁੰਦਰਾਂ ਮਾਰ ਰਹੀ ਹੈ। ਉਹ ਕੁਝ ਕੁਝ ਗਾ ਰਹੇ ਹਨ। ਗੀਤਕਾਰ ਨੂੰ ਲੱਗਦਾ ਹੈ ਜਿਵੇਂ ਉਹ ਬੱਚੇ ਉਸ ਨੂੰ ਗਾ ਗਾ ਕੇ ਕੁਝ ਕਹਿ ਰਹੇ ਹੋਣ:

'ਇਨ੍ਹਾਂ ਹਵੇਲੀਆਂ ਦੀ ਆਵੋ ਹਵਾ ਤੇਰੇ ਗੀਤਾਂ ਮਾਫਕ ਨਹੀਂ, ਗੀਤਕਾਰ। ਇਸੇ ਲਈ ਤੇਰੇ ਗੀਤ ਜੀਉਂਦੇ ਹੀ ਮਰ ਜਾਂਦੇ ਨੇ।...ਜੇ ਤੂੰ ਚਾਹੁੰਦਾ ਏ ਤੇਰੇ ਗੀਤ ਹੱਸਣ, ਖੇਲਣ, ਕੁੱਦਣ...ਤੂੰ ਮੁੜ ਆਪਣੀ ਪਹਿਲੀ ਦੁਨੀਆਂ ਵਿਚ ਭੱਜ ਜਾ...ਤੇਰੇ ਗੀਤ ਮੁੜ ਹੱਸਣਗੇ ਤੇ ਤੈਨੂੰ ਮੁੜ ਕੋਈ ਨਹੀਂ ਕਹੇਗਾ ਕਿ ਤੂੰ ਮਰੇ ਹੋਏ ਗੀਤ ਜੰਮਦਾ ਹੈ.....।'

...ਤੇ ਗੀਤਕਾਰ ਉਸੇ ਵੇਲੇ ਹੀ ਆਪਣੀ ਕੋਠੀ ਦੀਆਂ ਪੌੜੀਆਂ ਉਤਰ ਸ਼ਹਿਰੋਂ ਬਾਹਰ ਗੰਦੇ ਨਾਲੇ ਤੇ ਝੁੱਗੀਆਂ ਪਾ ਬੈਠੇ ਲੋਕਾਂ ਨੂੰ ਹੋ ਲੈਂਦਾ ਹੈ'..।

*ਜੁਲਾਈ-1976*

## ਇਹ ਫਾਰਨ ਨਹੀਂ/ਸ੍ਰੀਮਤੀ ਹਰਜਿੰਦਰ ਢਿੱਲੋਂ

'ਮਨਿੰਦਰ ਜੀ! (ਸ਼ਰਾਰਤੀ ਲਹਿਜੇ 'ਚ) ਹਰਜੀਤ ਅੱਜ ਦਫਤਰ ਨਹੀਂ ਆਇਆ?'

'ਕਿਉਂ?'

'ਕੰਮ ਸੀ'

'ਆਇਐ...ਪਰ ਹੁਣ ਪਤਾ ਨਹੀਂ ਕਿੱਥੇ ਹੈ' ਤੇ ਉਸ ਦੀਆਂ ਉਂਗਲਾਂ ਫਿਰ ਟਾਈਪ ਤੇ ਨੱਚਣ ਲੱਗੀਆਂ...

'ਮੇਰਾ ਇੱਕ ਮੈਸੇਜ ਕਨਵੇਅ ਕਰ ਦੇਣਾ ਕਿ ਉਹ ਸ਼ਾਮ ਨੂੰ ਮੈਨੂੰ ਜ਼ਰੂਰ ਮਿਲੇ' ਮਨਿੰਦਰ ਦੇ ਕੋਲ ਨੂੰ ਹੁੰਦਿਆਂ ਓਸਨੇ ਕਿਹਾ। ਸਰਦਾਰ ਜੀ! (ਗੁੱਸੇ ਭਰੇ ਅੰਦਾਜ਼ 'ਚ)

'ਅੱਜ ਤੇ ਮੈਂ ਤੁਹਾਡਾ ਇਹ ਸੰਦੇਸ਼ਾ ਲਾ ਦੇਵਾਂਗੀ ਪਰ ਅੱਗੋਂ ਲਈ ਮੈਨੂੰ ਬੁਲਾਓਣ ਤੋਂ ਜ਼ਰਾ ਸੰਕੋਚ ਕਰਨਾ'

'ਤੁਸੀਂ ਮਾਈਂਡ ਕਰ ਗਏ...ਮੈਂ ਤਾਂ ਸਹਿਜ ਸੁਭਾ ਹੀ ਜਿਵੇਂ ਫਾਰਨ ਵਗੈਰਾ 'ਚ ਪੁੱਛਗਿੱਛ ਕਰ ਲੈਂਦੇ ਹਨ, ਪੁੱਛਿਆ ਸੀ'

'ਪਰ ਸ੍ਰੀਮਾਨ ਜੀ! ਇਹ ਫਾਰਨ ਨਹੀਂ...ਇਹ ਬਠਿੰਡਾ ਹੈ' ਤੇ ਫਿਰ ਓਹ ਟਾਈਪ ਦੀ ਟਿਕ ਟਿਕ ਵਿਚ ਗੁੰਮ ਗਈ।

*ਜੁਲਾਈ-1976*

## ਇਹ ਮੰਗਤੇ/ਸ਼ਰਨ ਮੱਕੜ

ਸੇਠ ਧਰਮ ਚੰਦ ਦੇ ਪੁੱਤਰ ਦੀ ਸੇਹਰਾਬੰਦੀ ਹੋ ਰਹੀ ਸੀ। ਸਾਰੇ ਦੋਸਤ ਰਿਸ਼ਤੇਦਾਰ ਮੁੰਡੇ ਦੇ ਗਲ ਵਿਚ ਨੋਟਾਂ ਦੇ ਹਾਰ ਪਾ ਕੇ ਫੋਟੋ ਖਿਚਵਾਈ ਜਾ ਰਹੇ ਸਨ। ਹਾਰਾਂ ਦੇ ਨਾਲ ਮੁੰਡੇ ਦਾ ਗਲ ਤੂਸੜਿਆ ਪਿਆ ਸੀ, ਜਿਸਨੂੰ ਦੇਖ ਕੇ ਲਗਦਾ ਸੀ ਜਿਵੇਂ ਉਹ ਲਾੜਾ ਨਹੀਂ ਕੋਈ ਨੋਟ ਚੁਕਣ ਵਾਲਾ ਕੁਲੀ ਸੀ। ਏਨੇ ਵਿਚ ਨਾਈ ਉੱਠ ਕੇ ਬੋਲਿਆ, 'ਨਾਨਕੇ ਘਰ ਦਾ ਤਮੋਲ ਪੰਜ ਸੌ ਇਕ ਰੁਪਏ।' ਬਸ ਫਿਰ ਕੀ ਸੀ ਨੋਟ ਆਈ ਜਾ ਰਹੇ ਸਨ ਤੇ ਨਾਈ ਖੜ੍ਹਾ ਹੋ ਕੇ ਹੋਕਾ ਦੇਈ ਜਾ ਰਿਹਾ ਸੀ ਤੇ ਇਕ ਜਣਾ ਕਾਪੀ ਪੈਂਸਲ ਫੜੀ ਫਟਾ ਫਟ ਨੋਟ ਕਰੀ ਜਾ ਰਿਹਾ ਸੀ।

ਇਸ ਰਸਮ ਨੂੰ ਦੇਖ ਕੇ ਇਕ ਨੌਜਵਾਨ ਨਾਲ ਖੜੇ ਆਪਣੇ ਦੋਸਤ ਨੂੰ ਆਖਣ ਲੱਗਾ, 'ਯਾਰ ਇਹ ਕੀ ਮੰਗਤਿਆਂ ਵਾਂਗ ਨੋਟ ਇਕੱਠੇ ਕਰਨ ਲੱਗ ਪਏ ਨੇ।'

'ਯਾਰ ਇਹਨਾਂ ਮੰਗਤਿਆਂ ਵਿਚ ਤੇ ਉਹਨਾਂ ਮੰਗਤਿਆਂ ਵਿਚ ਇਕ ਫਰਕ ਏ।'

ਦੂਜੇ ਦੋਸਤ ਨੇ ਜੁਆਬ ਦਿੱਤਾ 'ਉਹ ਕੀ'

ਉਹ ਇਹ ਕਿ ਉਹ ਮੰਗਤੇ ਹਿਸਾਬ ਕਿਤਾਬ ਨਹੀਂ ਰੱਖਦੇ, ਪਰ ਇਹ ਪੂਰਾ ਹਿਸਾਬ ਰੱਖਦੇ ਨੇ।

*ਅਗਸਤ-1976*

## ਸਾਊ/ਹਰਚੰਦ ਗਿੱਲ ਮਿਆਣੀ

ਪਿਛਲੇ ਸਾਲ ਦੇਸ਼ ਵਿਚ ਬਹੁਤ ਸਰਦੀ ਪਈ ਤੇ ਕਈ ਦਿਨ ਲਗਾਤਾਰ ਧੁੰਦ ਪੈਣ ਕਰਕੇ ਸੂਰਜ ਦੇਵਤਾ ਨੇ ਲੋਕਾਂ ਨੂੰ ਮੂੰਹ ਨਹੀਂ ਦਿਖਾਇਆ ਸੀ। ਫੁੱਟ ਪਾਥਾਂ ਤੇ ਰਹਿਣ ਵਾਲੇ ਗਰੀਬ ਲੋਕ ਸਰਦੀ ਦਾ ਸ਼ਿਕਾਰ ਹੋ ਗਏ ਸਨ ਕਿੰਨੇ ਦਿਨਾਂ ਤੋਂ ਰੇਡੀਓ ਵਿਚ ਠੰਢ ਨਾਲ ਮਰਨ ਵਾਲੇ ਲੋਕਾਂ ਦੀਆਂ ਵੱਖੋ ਵੱਖਰੇ ਥਾਵਾਂ ਤੋਂ ਖਬਰਾਂ ਆ ਰਹੀਆਂ ਸਨ।

ਮੇਰੇ ਪਿੰਡ ਦਾ ਲਾਲੂ ਫਕੀਰ ਕਿੰਨੇ ਦਿਨਾਂ ਤੋਂ ਠੰਢ ਲੱਗ ਜਾਣ ਕਾਰਨ ਬਿਮਾਰ ਸੀ। ਉਹ ਦੁਨੀਆਂ ਵਿਚ ਇਕੱਲਾ ਹੀ ਸੀ। ਉਸ ਦੀ ਬਿਮਾਰੀ ਬਾਰੇ ਕਿਸੇ ਵੀ ਪਿੰਡ ਦੇ ਆਦਮੀ ਨੇ ਧਿਆਨ ਨਹੀਂ ਦਿੱਤਾ ਸੀ ਤੇ ਸਾਰੇ ਪਿੰਡ ਦੇ ਲੋਕ ਆਪਣੇ ਕੰਮ ਕਾਰਾਂ ਵਿਚ ਰੁੱਝੇ ਰਹੇ।

ਪੰਜ ਛੇ ਦਿਨ ਬਿਮਾਰ ਰਹਿਕੇ ਲਾਲੂ ਮਰ ਗਿਆ। ਉਸ ਦੀ ਮੌਤ ਦੀ ਖਬਰ ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਪਿੰਡ ਦੇ ਲੋਕਾਂ ਨੇ ਕੱਫਣ ਤੇ ਲੱਕੜੀ ਦਾ ਪ੍ਰਬੰਧ ਕਰਕੇ ਉਸ ਦੀ ਲਾਸ਼ ਟਿਕਾਣੇ ਲਾ ਦਿੱਤੀ ਸੀ। ਸਾਰਿਆ ਨੇ ਕਿਹਾ, 'ਲਾਲੂ ਕਿੱਡਾ ਸਾਊ ਸੀ।'

*ਅਗਸਤ-1976*

## ਮਾਇਆ ਨਾਗਣੀ/ਰਣਜੀਤ ਮੰਡੇਰ ਐਮ.ਏ.

ਦੀਵਾਨ ਸਜਿਆ ਹੋਇਆ ਸੀ। ਇੱਕ ਰਾਗੀ ਜੱਥਾ ਕੀਰਤਨ ਕਰ ਰਿਹਾ ਸੀ। ਵਿੱਚੋਂ ਹੀ ਇਕ ਜਣਾ ਵਿਆਖਿਆ ਕਰਨ ਲੱਗਾ 'ਮਾਇਆ ਨਾਗਣੀ ਹੈ। ਸਿਆਣੇ ਬੰਦੇ ਇਸ ਤੋਂ ਦੂਰ ਰਹਿੰਦੇ ਹਨ।ਸਭ ਕੁਕਰਮਾਂ ਦੀ ਜੜ੍ਹ ਮਾਇਆ ਹੀ ਹੈ' ਏਨੇ 'ਚ ਹੀ ਇੱਕ ਬੁੱਢੀ ਨੇ ਰੁਪਿਆ ਫੜਾ ਦਿੱਤਾ ਰਾਗੀ ਸਿੰਘ ਕੀਰਤਨ ਅੱਧ 'ਚ ਹੀ ਛੱਡ ਮਾਈ ਨੂੰ ਅਸੀਸਾਂ ਦੇਣ ਲੱਗਾ 'ਮਾਈ ਜੀ ਸਵਾ ਲੱਖ ਦਮੜਾ ਅਰਦਾਸ ਕਰਾਉਂਦੇ ਹਨ ਰੱਬ ਇਨ੍ਹਾਂ ਦੀਆਂ ਮਨੋ ਕਾਮਨਾ ਪੂਰੀਆਂ ਕਰੇ ਜਿਸ ਖਜ਼ਾਨੇ ਵਿੱਚੋਂ ਲਿਆਏ ਸੋ ਖਜ਼ਾਨਾ ਭਰਪੂਰ ਕਰੇ!'

*ਅਗਸਤ-1976*

## ਮੁੱਲ ਦਾ ਪਿਆਰ/ਜਗੀਰ ਜੋਸ਼ਨ

ਬਾਜ਼ਾਰ ਵਿਚ ਘੁੰਮਦਿਆ ਫਿਰਦਿਆਂ ਉਨ੍ਹਾਂ ਨੂੰ ਕਾਫੀ ਭੁੱਖ ਲੱਗ ਗਈ। ਭੁੱਖ ਮਿਟਾਉਣ ਲਈ ਉਹ ਇਕ ਹੋਟਲ ਵਿਚ ਜਾ ਵੜੇ। ਮੇਜ ਉਤੇ ਅਰਕਾਂ ਰੱਖ ਕੇ ਉਸ ਨੇ ਅਪਣੀ ਸਾਥਣ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ, 'ਨਿਰਮਲਾ ਸਹੁੰ ਖਾ ਕੇ ਆਖ ਕਿ ਤੂੰ ਮੈਨੂੰ ਪਿਆਰ ਕਰਦੀ ਏਂ ਮੈਨੂੰ ਭੁੱਖ ਬਹੁਤ ਲੱਗੀ ਏ ਪਹਿਲਾਂ ਬੈਰੇ ਨੂੰ ਕੁਝ ਆਰਡਰ ਕਰੋ' ਉਸ ਨੇ ਬੈਰੇ ਨੂੰ ਖਾਣ ਪੀਣ ਦੀਆਂ ਚੀਜ਼ਾਂ ਲਿਆਉਣ ਲਈ ਆਰਡਰ ਕਰ ਦਿੱਤਾ ਤੇ ਫਿਰ ਆਪਣਾ ਪਹਿਲਾਂ ਵਾਲਾ ਸਵਾਲ ਦੁਹਰਾਇਆ। ਨਿਰਮਲਾ ਬੋਲੀ- ਸਹੁੰ ਖਾ ਕੇ ਤੇ ਨਹੀਂ ਕੁਝ ਖਾ ਪੀ ਕੇ ਆਖਾਂਗੀ

ਕਿ ਮੈਂ ਤੁਹਾਨੂੰ ਪਿਆਰ ਕਰਦੀ ਹਾਂ ਅਤੇ ਜਿਨ੍ਹਾਂ ਚਿਰ ਇਸ ਤਰ੍ਹਾਂ ਹੋਟਲਾਂ 'ਚ ਆਉਣ ਜਾਣ ਦਾ ਸਿਲਸਲਾ ਚਲਦਾ ਰਹੇਗਾ ਮੈਂ ਤੁਹਾਨੂੰ ਪਿਆਰ ਕਰਦੀ ਰਹਾਂਗੀ। ਹੁਣ ਉਹ ਆਪਣੀ ਡਾਇਰੀ ਕੱਢ ਕੇ ਬੈਂਕ ਬੈਲੇਂਸ ਦਾ ਹਿਸਾਬ ਲਾਉਣ ਲੱਗਾ ਤਾਂ ਕਿ ਪਤਾ ਲੱਗ ਜਾਵੇ ਕਿ ਪਿਆਰ ਕਿੰਨ੍ਹਾਂ ਚਿਰ ਹੋਰ ਹੋ ਸਕਦਾ ਏ।

***ਅਗਸਤ-1976***

# ਊਠ ਦਾ ਵੂਲ੍ਹ/ਸੁਰਿੰਦਰ ਕੈਲੇ

ਸਾਰੇ ਕਿੰਨੇ ਖੁਸ਼ ਸਨ ਪਰ ਬਾਬੇ ਦੀ ਖੁਸ਼ੀ ਦਾ ਤਾਂ ਕੋਈ ਅਪਾਰ ਨਹੀਂ ਸੀ। ਇਸ ਸਾਲ ਕਣਕ ਦੀ ਫਸਲ ਪਿਛਲੇ ਕਈ ਸਾਲਾਂ ਨਾਲੋਂ ਬਹੁਤ ਵਧੀਆ ਸੀ। ਲਹਿਲਾਉਂਦੀ ਫਸਲ ਨੂੰ ਵੇਖ ਬਾਬਾ ਖੁਸ਼ੀ 'ਚ ਝੂਮਣ ਲਗਦਾ। ਪਿਛਲੇ ਕਈ ਸਾਲਾਂ ਦੇ ਚੜ੍ਹੇ ਆਉਂਦੇ ਕਰਜ਼ੇ ਉਹ ਇਸ ਵਾਰੀ ਦੀ ਕਣਕ ਵੇਚ ਕੇ ਲਾਹ ਦੇਵੇਗਾ। ਆਪਣੇ ਲਈ ਚਿੱਟੀ ਲੱਠੇ ਦੀ ਧੋਤੀ ਤੇ ਝੱਗਾ ਅਤੇ ਬੱਚਿਆਂ ਲਈ ਨਵੇਂ ਕੱਪੜੇ ਖ੍ਰੀਦੇਗਾ। ਹੁਣ ਸੁਸਾਇਟੀ ਵਾਲੇ ਖਾਦ ਦੇ ਕਰਜ਼ੇ ਦੀ ਉਗਰਾਹੀ ਲਈ ਉਸਦੇ ਘਰ ਨਹੀਂ ਆਉਣਗੇ। ਉਹ ਚੈਨ ਦੀ ਨੀਂਦ ਸੌਂ ਸਕੇਗਾ। ਬਾਬਾ ਕਿੰਨਾ ਹੀ ਕੁਝ ਸੋਚੀਂ ਜਾ ਰਿਹਾ ਸੀ। ਇਸ ਤਰ੍ਹਾਂ ਦੀ ਮਸਤੀ 'ਚ ਮਸਤ ਹੋਇਆ ਬਾਬਾ ਸੌਂ ਗਿਆ।

ਦਿਨ ਚੜ੍ਹਦੇ ਨੂੰ ਸਾਰੇ ਪਿੰਡ 'ਚ ਕਾਵਾਂ ਰੌਲੀ ਮੱਚੀ ਹੋਈ ਸੀ। ਕੱਲ੍ਹ ਸ਼ਾਮ ਦੇ ਖਿੜਦੇ ਚਿਹਰੇ ਮੁਰਝਾ ਗਏ ਸਨ- ਜਿਵੇਂ ਫੁੱਲਾਂ ਸਮੇਤ ਬੂਟੇ ਪੁੱਟੇ ਗਏ ਹੋਣ। ਬਾਬਾ ਸੋਟੀ ਦੇ ਸਹਾਰੇ ਖੇਤਾਂ ਵੱਲ ਗਿਆ। ਰਾਤ ਦੇ ਝੱਖੜ ਤੇ ਗੜਿਆਂ ਨੇ ਕਣਕ ਦੀ ਡਾਲ ਡਾਲ ਤੋੜ ਦਿੱਤੀ ਸੀ। ਕੋਈ ਬੱਲੀ ਦਿਖਾਈ ਨਹੀਂ ਸੀ ਦਿੰਦੀ। ਰੁੰਡ ਮਰੁੰਡ ਖੜੀਆਂ ਤੀਲਾਂ ਜਿਵੇਂ ਮੂੰਹ ਚਿੜਾ ਰਹੀਆਂ ਹੋਣ। ਬਾਬੇ ਨੂੰ ਲੱਗਿਆ ਜਿਵੇਂ ਰਾਤੋ ਰਾਤ ਕੋਈ ਅਬਦਾਲੀ ਲੁੱਟ ਗਿਆ ਹੋਵੇ। ਚਾਰੇ ਪਾਸੇ ਨਮੋਸ਼ੀ ਹੀ ਨਮੋਸ਼ੀ।

ਬਾਬਾ ਵਾਪਸ ਮੁੜਿਆ।ਪਿੰਡ 'ਚ ਸਰਕਾਰੀ ਗੱਡੀਆਂ ਹਰਲ ਹਰਲ ਕਰਦੀਆਂ ਫਿਰਦੀਆਂ ਸਨ। ਜੀਪਾਂ ਤੇ ਲੱਗੇ ਸਪੀਕਰ ਕਹਿ ਰਹੇ ਸਨ ਕਿ ਕੱਲ੍ਹ ਕੋਈ ਵੱਡਾ ਮੰਤਰੀ ਆ ਰਿਹਾ ਹੈ ਜੋ ਆਪਣੀਆਂ ਅੱਖਾਂ ਨਾਲ ਦੇਖਕੇ ਨੁਕਸਾਨ ਦਾ ਜਾਇਜ਼ਾ ਲਏਗਾ ਤੇ ਵਕਤ ਸਮੇਂ ਲੋਕਾਂ ਲਈ ਸਰਕਾਰ ਵੱਲੋਂ ਪੂਰੀ ਮਦਦ ਦਿਵਾਏਗਾ।

ਵਕਤ ਦੇ ਮਾਰੇ ਲੋਕਾਂ 'ਚ ਥੋੜ੍ਹੀ ਹਿੰਮਤ ਆਈ। ਉਹ ਬੜੀ ਬੇਸਬਰੀ ਨਾਲ ਕੱਲ੍ਹ ਦੀ ਉਡੀਕ ਕਰਨ ਲੱਗੇ। ਅਗਲੇ ਦਿਨ, ਦਿਨ ਚੜ੍ਹਦੇ ਤੋਂ ਹੀ ਨਿਆਈਂ 'ਚ ਲੋਕ ਜਮ੍ਹਾਂ ਹੋ ਗਏ ਜਿੱਥੇ ਮੰਤਰੀ ਨੇ ਆਉਣਾ ਸੀ। ਪਿਛਲੇ ਸਾਲ ਇੱਥੇ ਨਿਆਈਂ 'ਚ ਗੌਣ ਲੱਗਿਆ ਸੀ, ਆਲੇ ਦੁਆਲੇ ਦੇ ਸਾਰੇ ਪਿੰਡਾਂ ਦੇ ਲੋਕ ਆਏ ਸੀ ਪਰ ਨਿਆਈਂ ਖਾਲੀ ਖਾਲੀ ਲੱਗਦੀ ਸੀ ਪਰ ਅੱਜ ਤਿਲ ਧਰਲ ਨੂੰ ਥਾਂ ਨਹੀਂ ਸੀ ਮਿਲਦੀ। ਬਾਬਾ ਵੀ ਬੋਤੇ ਉਪਰ ਬੈਠ ਕੇ ਆ ਗਿਆ ਸੀ। ਪਿੱਛੇ ਜਿਹੇ ਬੋਤੇ ਦੀ ਮੁਹਾਰ ਢਿੱਲੀ ਛੱਡ ਕੇ ਬਾਬਾ ਬੈਠ ਗਿਆ।

ਮੰਤਰੀ ਜੀ ਆ ਗਏ ਜਨਤਾ ਨੇ ਤਾੜੀਆਂ ਮਾਰ ਮਾਰ ਅਕਾਸ਼ ਗੁੰਜਾ ਦਿੱਤਾ। ਮੰਤਰੀ ਜੀ ਭਾਸ਼ਨ ਦੇ ਰਹੇ ਸਨ ਕਿ ਇਸ ਇਲਾਕੇ ਵਿਚ ਪਿਛਲੇ ਦਿਨ ਜੋ ਕੁਦਰਤ ਦੀ ਕਰੋਪੀ ਹੋਈ ਉਸ

ਨਾਲ ਬਹੁਤ ਨੁਕਸਾਨ ਹੋਇਆ ਹੈ। ਇਹ ਨੁਕਸਾਨ ਲਾਏ ਗਏ ਅੰਦਾਜ਼ੇ ਨਾਲੋਂ ਕਿਤੇ ਵੱਧ ਹੈ। ਇਸ ਪੀੜ ਸਮੇਂ ਸਰਕਾਰ ਜੰਤਾ ਦੇ ਨਾਲ ਹੈ ਖਾਸ ਕਰਕੇ ਮੰਤਰੀ ਜੀ ਦੀ ਦਿਲੀ ਹਮਦਰਦੀ। ਗੜੇਮਾਰੀ ਨਾਲ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਮੰਤਰੀ ਜੀ ਵਾਅਦੇ ਤੇ ਵਾਅਦਾ ਕਰ ਰਹੇ ਸਨ। ਅਖੀਰ 'ਚ ਮੰਤਰੀ ਜੀ ਨੇ ਲੋਕਾਂ ਨੂੰ ਇਸ ਮੁਸੀਬਤ ਦਾ ਟਾਕਰਾ ਕਰਨ ਲਈ ਹੌਸਲੇ ਬੁਲੰਦ ਰੱਖਣ ਲਈ ਕਿਹਾ।

ਮੰਤਰੀ ਜੀ ਦੇ ਭਾਸ਼ਨ ਤੇ ਲੋਕਾਂ ਨੇ ਫਿਰ ਇਕ ਵਾਰੀ ਤਾੜੀਆਂ ਦਾ ਹੜ ਲਿਆ ਦਿੱਤਾ। ਉਨ੍ਹਾਂ ਮਹਿਸੂਸ ਕੀਤਾ ਜਿਵੇਂ ਰੱਬ ਆਪ ਉਨ੍ਹਾਂ ਦੀ ਮਦਦ ਲਈ ਆ ਬਹੁੜਿਆ ਹੋਵੇ। ਬਾਬੇ ਨੇ ਉਗਾਲੀ ਕਰ ਰਹੇ ਊਠ ਵੱਲ ਦੇਖਿਆ। ਲਗਦਾ ਸੀ ਕਿ ਊਠ ਦਾ ਵੁਲ੍ਹ ਡਿਗਿਆ ਕਿ ਡਿਗਿਆ। ਪਰ ਊਠ ਦਾ ਬੁਲ੍ਹ ਕਦੇ ਨਹੀਂ ਡਿੱਗਣਾ। ਬਾਬੇ ਨੇ ਦਿਲ 'ਚ ਸੋਚਿਆ ਤੇ ਖੂੰਡੀ ਸਹਾਰੇ ਉੱਠ ਕੇ ਬੋਤੇ ਉੱਪਰ ਬੈਠ ਕੇ ਘਰ ਨੂੰ ਮੁੜ ਪਿਆ।

***ਅਕਤੂਬਰ-1976***

## ਸਿਆਣਾ/ਦਰਸ਼ਨ ਧੰਜਲ

ਪੰਜ ਮਹੀਨੇ ਪਹਿਲਾਂ ਬਿਸ਼ਨੀ ਦੇ ਵਿਹੜੇ ਪੰਜਵੀਂ ਕਲੀ ਖਿੜ ਚੁੱਕੀ ਸੀ।' 'ਕੁੜੇ ਪੱਥਰ ਘੜ ਘੜ ਰਖੀ ਜਾਨੀ ਏਂ, ਕਿਸੇ ਸਿਆਣੇ ਦੇ ਜਾਣਾ ਸੀ' 'ਧੀ ਤਾਂ ਇੱਕ ਨੀਂ ਮਾਨ ਕੁੜੇ, ਤੇਰੇ ਕੰਨ ਜੂੰ ਨਹੀਂ ਸਰਕਦੀ, ਕਿਤਿਉਂ ਧਾਗਾ ਤਵੀਤ ਈ ਕਰਾ ਲੈਣਾ ਸੀ'

'ਪੁੱਤਾਂ ਦੇ ਮੂੰਹ ਦੇਖਣ ਲਈ ਸੌ ਪਾਪ ਕਰੀਦੇ, ਸੌ ਖੂਹ ਜਾਲ ਪਾਈਦੇ'

ਭਾਂਤ ਭਾਂਤ ਦੀ ਬੋਲੀ ਸੁਣ ਬਿਸ਼ਨੀ ਅੱਕ ਗਈ ਸੀ, ਥੱਕ ਗਈ ਸੀ, ਤੇ ਵਿਚੇ ਵਿਚ ਸੜ ਗਈ ਸੀ' ਹੁਣ ਉਸ ਦੇ ਅੰਦਰ ਪੁੱਤ ਦੀ ਭੁੱਖ ਭਖ ਗਈ ਸੀ।'

ਬਿਸ਼ਨੀ ਤੇ ਉਸ ਦੀ ਸੱਸ ਪਿੰਡੋਂ ਬਾਹਰ ਸਿਆਣੇ ਦੇ ਡੇਰੇ ਪੁੱਜੀਆਂ। ਇੱਕੀ ਰੁਪਏ ਮੱਥਾ ਟੇਕਿਆ ਸਿਰ ਨਿਵਾਇਆ ਤੇ ਸਿਆਣੇ ਤੋਂ ਪੁੱਤ ਦਾ ਮੂੰਹ ਦੇਖਣ ਲਈ ਮੰਗ ਮੰਗੀ ਤਰਲਾ ਲਿਆ ਤੇ ਪੱਲਾ ਅੱਡਿਆ।

ਸਿਆਣਾ ਮਾਲਾ ਫੇਰ ਰਿਹਾ ਸੀ। ਮਣਕੇ ਤੇ ਮਣਕਾ ਘੁਮਾ ਰਿਹਾ ਸੀ ਤੇ ਮੂੰਹ ਵਿਚ ਕੁਝ ਕਹਿ ਰਿਹਾ ਸੀ।

ਸਿਆਣੇ ਨੇ ਬਿਸ਼ਨੀ ਦੀ ਸੱਸ ਨੂੰ ਅੰਦਰੋਂ ਬਾਹਰ ਜਾਣ ਲਈ ਸੈਨਤ ਕੀਤੀ ਤੇ ਉਹ......

ਪਰਾਏ ਮਰਦ ਪਾਸ ਬੈਠਣਾ ਬਿਸ਼ਨੀ ਨੂੰ ਚੰਗਾ ਨਾ ਲੱਗਾ ਤੇ ਉਸਨੂੰ ਆਪਣੇ ਆਪ 'ਚੋਂ ਫਿਟਕਾਰ ਪੈਂਦੀ ਮਹਿਸੂਸ ਹੋਈ ਪਰ.....।

ਨਬਜ਼ ਦੇਖਦਿਆਂ ਦੇਖਦਿਆਂ ਸਿਆਣੇ ਨੇ ਝਟਕੇ ਨਾਲ ਬਿਸ਼ਨੀ ਨੂੰ ਆਪਣੇ ਨੇੜੇ ਕਰ ਲਿਆ ਤੇ ਉਸ ਦੇ ਲੱਕ ਦੁਆਲੇ ਬਾਹਾਂ ਫੇਰ ਦਿੱਤੀਆਂ।

ਬਾਬਾ ਇਹ ਕੀ......?

'ਬਸ.....ਬਸ ਬਸ ਚੁੱਪ ਕਰ ਬੀਬੀ'

'ਅੱਛਾ.....?'

'ਸੰਤਾਂ ਕਿਹੜੀ ਡਾਕਟਰੀ ਕੀਤੀ ਆ.....ਬੀਬੀ ਸਾਡਾ ਇਹੀ ਓੜਪੋੜ।ਹੁਣ ਬਿਸ਼ਨੀ ਅੰਦਰ ਪੁੱਤ ਦੀ ਭੁੱਖ ਤੇ ਪੱਤ ਦੀ ਭੁੱਖ ਭਾਰੂ ਹੋ ਚੁੱਕੀ ਸੀ। ਉਸ ਨੇ ਸਿਆਣੇ ਦੇ ਗੱਲ ਵਿਚ ਸਿਰ ਦੀ ਧੁਸ ਦਿੱਤੀ ਤੇ ਉਸਦੇ ਪੱਟਾਂ ਵਿਚਕਾਰ ਟਿਕਾਣੇ ਜਿਹੇ ਗੋਡਾ ਠੋਕ ਦਿੱਤਾ ਤੇ ਸਿਆਣਾ ਪੋਚਾ ਫਿਰੀ ਧਰਤ ਤੇ ਜਾ ਪਿਆ ਵਿਸ ਘੋਲਦੇ ਸੱਪ ਵਾਂਗ।

*ਅਕਤੂਬਰ-1976*

## ਰਿਸ਼ਵਤ/ਨਾਗਪਾਲ ਅਜਨਾਲਵੀ

ਪਤੀ ਜਦ ਮਰਨ ਲੱਗਾ ਤਾਂ ਉਸਨੇ ਆਪਣੀ ਪਤਨੀ ਨੂੰ ਬੁਲਾ ਕੇ ਕਿਹਾ, 'ਡਾਰਲਿੰਗ! ਲਉ 25 ਲੱਖ ਰੁਪਏ ਦਾ ਚੈਕ। ਜੋ ਮੇਰੀ ਆਖਰੀ ਪੂੰਜੀ ਹੈ। ਤੁਹਾਡੇ ਕਿਸੇ ਕੰਮ ਆਏਗੀ।'

'ਨਹੀਂ! ਨਹੀਂ!! ਤੁਹਾਡੀ ਸਾਰੀ ਜਾਇਦਾਦ ਮੇਰੇ ਕੋਲ ਹੀ ਹੈ। ਤੁਸੀਂ ਇਸ ਨੂੰ ਆਪਣੇ ਕੋਲ ਰੱਖ ਲਉ, ਤੁਹਾਡੇ ਕਿਸੇ ਕੰਮ ਆਏਗਾ।' ਡੁਸਕਦੀ ਪਤਨੀ ਬੋਲੀ।

'ਪਰ ਰੱਬ ਦੇ ਬੈਂਕ ਵਿਚ ਤਾਂ ਸਾਡੀ ਕਰੰਸੀ ਨਹੀਂ ਚੱਲਦੀ।' ਪਤਨੀ ਨੇ ਤਲਖੀ ਨਾਲ ਕਿਹਾ।

'ਫਿਰ ਕੀ ਹੋਇਆ! ਮੈਨੇਜਰ ਨੂੰ ਇਕ ਪਾਸੇ ਖੜ੍ਹਕੇ ਫਿਫਟੀ ਫਿਫਟੀ ਕਹਿਣਾ, ਉਹ ਜ਼ਰੂਰ ਮੰਨ ਜਾਏਗਾ।' ਪਤਨੀ ਨੇ ਤਰਲਾ ਲਿਆ।

*ਅਕਤੂਬਰ-1976*

## ਮਾਵਾਂ/ਤੇਲੂ ਰਾਮ ਕੁਹਾੜਾ

ਅਸੀਂ ਰਾਤ ਦੇ ਹਨ੍ਹੇਰੇ ਵਿਚ ਮੰਦਿਰ ਵੱਲ ਨੂੰ ਚੜ੍ਹ ਰਹੇ ਸਾਂ। ਸਾਡੇ ਥੱਲੇ ਵੱਲ ਤੇ ਸਾਡੇ ਉਪਰ ਵੱਲ 'ਜੈ ਮਾਤਾ ਦੀ' ਦੀਆਂ ਆਵਾਜ਼ਾਂ ਪਹਾੜੀਆਂ ਦੇ ਪੱਥਰਾਂ ਨਾਲ ਟਕਰਾ ਕੇ ਗੂੰਜ ਰਹੀਆਂ ਸਨ। ਅਸੀਂ ਗਿਆਰਾਂ ਵਜੇ, ਪਹਾੜੀ ਦੀ ਟੀਸੀ 'ਤੇ ਵੱਸਦੇ ਸ਼ਹਿਰ ਦੀਆਂ ਗਲੀਆਂ ਵਿਚ ਪ੍ਰਵੇਸ਼ ਹੋ ਕੇ ਮੰਦਿਰ ਵੱਲ ਨੂੰ ਤੁਰ ਪਏ।

ਚਾਰ ਵਜੇ ਮੰਦਿਰ ਦੇ ਦੁਆਰ ਖੁੱਲ੍ਹੇ-ਧੱਕਾ ਵੱਜਣ ਲੱਗਿਆ। ਕਈ ਵਾਰੀ ਤਾਂ ਕਈ, ਕਈ ਮਿੰਟ ਧਰਤੀ ਉਤੇ ਪੈਰ ਨਾ ਲੱਗਦਾ। ਮੰਦਿਰ ਅੰਦਰ ਪ੍ਰਵੇਸ਼ ਹੋ ਕੇ ਮੈਂ ਅੰਦਰ ਬਣੀ ਮਾਤਾ ਦੀ ਮੂਰਤੀ ਦੇ ਪੈਰਾਂ ਨੂੰ ਛੂਹ ਕੇ, ਅੱਖਾਂ ਬੰਦ ਕਰ ਕੇ ਪ੍ਰਾਰਥਨਾ ਕੀਤੀ 'ਹੇ ਮਾਂ! ਸੁੱਖ ਸ਼ਾਂਤੀ ਪ੍ਰਦਾਨ ਕਰੀਂ।' ਕਹਿ ਕੇ ਮੈਂ ਫਿਰ ਮੂਰਤੀ ਦੇ ਪੈਰਾਂ 'ਤੇ ਹੱਥ ਫੇਰਿਆ, ਏਨੇ ਨੂੰ ਪਿੱਛੋਂ ਅਵਾਜ਼ ਆਈ 'ਚਲੋ, ਚਲੋ, ਛੇਤੀ ਬਾਹਰ ਨਿਕਲੋ, ਐਨਾ ਵਕਤ! ਪਿਛੇ ਭਗਤਾਂ ਦਾ ਹੜ੍ਹ...।' ਰੌਲੇ ਜਹੇ ਵਿਚ ਹੀ ਧੱਕਾ ਵੱਜਣ ਨਾਲ ਮੈਂ ਬਾਹਰ ਹੋ ਗਿਆ।

ਸੂਰਜ ਇਕ ਵਾਰ ਚਮਕ ਕੇ, ਪਹਾੜੀਆਂ ਦੀਆਂ ਵੱਖੀਆਂ ਓਹਲੇ ਗੁਆਚ ਗਿਆ-ਹਲਕੀ ਜਿਹੀ ਧੁੰਦ ਚਾਰੇ ਪਾਸੇ ਛਾ ਗਈ। ਅਸੀਂ ਹੇਠਾਂ ਉਤਰ ਰਹੇ ਸਾਂ 'ਜੈ ਮਾਤਾ ਦੀ।' ਆਵਾਜ਼ਾਂ

ਫਿਰ ਹੇਠਾਂ ਉਪਰ ਗੂੰਜਦੀਆਂ ਸੁਣਾਈ ਦਿੰਦੀਆਂ ਸਨ।

ਰਸਤੇ ਦੇ ਦੋਹੀਂ ਪਾਸੀਂ ਭਾਰਤ ਭਰ ਦੇ ਮੰਗਤੇ ਆਪਣੇ, ਆਪਣੇ ਢੰਗ ਨਾਲ ਮੰਗ ਰਹੇ ਸਨ। ਰਾਤ, ਹਨ੍ਹੇਰੇ ਵਿਚ ਉਹ ਰਸਤੇ ਦੇ ਦੁਪੰਸੀਂ ਪੱਥਰਾਂ ਵਾਂਗ ਪਏ ਨਜ਼ਰੀਂ ਆਉਂਦੇ ਸਨ- ਤੇ ਹੁਣ ਹੱਥ ਫੈਲਾ-ਫੈਲਾ, ਝੋਲੀ ਅੱਡ-ਅੱਡ ਕੇ 'ਪੈਸਾ ਦੇ ਜਾ ਭਗਤਾ, ਭਗਤਾ ਦੇ ਜਾ ਪੈਸਾ।' ਮੰਗ ਰਹੇ ਸਨ।

ਕਈ ਔਰਤਾਂ ਜਿਹਨਾਂ ਦੀ ਉਮਰ ਮੇਰੀ ਮਾਂ ਦੇ ਬਰਾਬਰ ਜਾਪੀ ਰਸਤੇ ਵਿਚ ਜਾਂਦੇ ਲੋਕਾਂ ਦੇ ਪੈਰਾਂ ਨੂੰ ਫੜ ਕੇ ਪੈਸਾ ਮੰਗ ਰਹੀਆਂ ਸਨ। ਕਈ ਔਰਤਾਂ ਮੇਰੇ ਪੈਰਾਂ ਨੂੰ ਵੀ ਛੂਹਣ ਦਾ ਯਤਨ ਕਰਦੀਆਂ ਪਰ....। ਮੈਂ ਸੋਚਦਾ ਇਕ ਮਾਂ ਦੇ ਪੈਰਾਂ ਨੂੰ ਰਾਤ ਦੀ ਏਨੀ ਦੁਨੀਆਂ ਹੱਥ ਲਾ ਕੇ ਆ ਰਹੀ ਹੈ...ਫਿਰ ਏਨੀਆਂ ਮਾਵਾਂ ਸਾਡੇ ਪੈਰਾਂ ਨੂੰ ਹੱਥ ਲਾ ਰਹੀਆਂ ਹਨ। ਉਹ ਮਾਂ ਪੱਥਰ ਦੀ ਇਕ ਮੂਰਤੀ ਇਹ ਮਾਵਾਂ ਹੱਡ-ਮਾਸ ਦੀਆਂ ਪੁਤਲੀਆਂ। ਉਹ ਮਾਂ ਪਹਾੜੀ ਦੀ ਟੀਸੀ ਤੇ ਸੁੰਦਰ ਮੰਦਿਰ ਵਿਚ ਬਰਾਜਮਾਨ, ਇਹ ਮਾਵਾਂ ਰਾਹਾਂ ਦੇ ਪੱਥਰ।

*ਦਸੰਬਰ-1976*

## ਭੇਡਾਂ/ਸ਼ਰਨ ਮੱਕੜ

ਰੰਗ ਲਗੀਆਂ ਹੋਈਆਂ ਭੇਡਾਂ ਦਾ ਇੱਜੜ ਕਸਾਈ ਪਾਸ ਲਿਆਂਦਾ ਗਿਆ। ਉਹ ਖਿੜ ਖਿੜਾ ਕੇ ਹੱਸਿਆ। ਉਹਦੇ ਹਾਸੇ ਦੀ ਦਹਿਸ਼ਤ ਸਾਰੀਆਂ ਭੇਡਾਂ ਵਿਚ ਫੈਲ ਗਈ। ਇਕ ਭੇਡ ਕਸਾਈ ਦੀ ਛੁਰੀ ਹੇਠ ਸੀ ਅਤੇ ਉਹ ਕਲਮਾਂ ਪੜ੍ਹ ਰਿਹਾ ਸੀ। ਭੀੜ ਵਿੱਚੋਂ ਭੇਡ ਨੇ ਸੋਚਿਆ ਕਿ ਅਸੀਂ ਐਨੀਆਂ ਸਾਰੀਆਂ ਹਾਂ, ਜੇ ਸਾਰੀਆਂ ਹੀ ਕਸਾਈ ਤੇ ਟੁੱਟ ਕੇ ਪੈ ਜਾਈਏ ਤਾਂ ਕਸਾਈ ਨੂੰ ਝੱਟ ਮਾਰ ਮੁਕਾ ਸਕਦੀਆਂ ਹਾਂ।

ਅਗਲੇ ਪਲ ਉਸ ਭੇਡ ਨੇ ਹੌਕਾ ਭਰਿਆ, ਪਰ ਸਾਡੇ ਵਿਚ ਏਨੀ ਹਿੰਮਤ ਤੇ ਏਕਤਾ ਕਿੱਥੇ?

*ਮਾਰਚ-1977*

## ਅੰਨ੍ਹਾ ਚਾਲਕ/ਸ਼ਰਨ ਮੱਕੜ

ਦਾਦਾ ਆਪਣੇ ਪੋਤਰੇ ਪੋਤਰੀਆਂ ਨੂੰ ਮਹਾਂ ਭਾਰਤ ਦੀ ਕਥਾ ਸੁਣਾ ਰਿਹਾ ਸੀ।

'ਦਾਦਾ ਜੀ ਧਿਰਤ ਰਾਸ਼ਟਰ ਅੰਨ੍ਹਾ ਸੀ ਤੇ ਫੇਰ ਉਹ ਰਾਜ ਕਿਸ ਤਰ੍ਹਾਂ ਕਰਦਾ ਸੀ?

'ਬੇਟਾ, ਰਾਜ ਕਰਨ ਵਾਲਾ ਅੰਨ੍ਹਾ ਹੀ ਤਾਂ ਹੁੰਦਾ ਹੈ। ਉਸਨੂੰ ਸਿਵਾਏ ਆਪਣੇ ਹਿਤਾਂ ਦੇ ਹੋਰ ਕੁਝ ਨਹੀਂ ਦਿਸਦਾ।'

'ਹੱਛਾ ਦਾਦਾ ਜੀ, ਇਹ ਦਸੋ ਕਿ ਧਿਰਤ ਰਾਸ਼ਟਰ ਤਾਂ ਭਲਾ ਅੰਨ੍ਹਾ ਸੀ ਪਰ ਉਸਦੀ ਪਤਨੀ ਆਪਣੀਆਂ ਅੱਖਾਂ ਤੇ ਪੱਟੀ ਬੰਨਕੇ ਅੰਨ੍ਹੀ ਕਿਉਂ ਬਣ ਗਈ?'

'ਬੇਟਾ, ਜਦੋਂ ਰਾਜ ਚਾਲਕ ਅੰਨ੍ਹਾ ਹੋਵੇ ਤਾਂ ਉਸਦੇ ਮੰਤਰੀ ਜਾਣ ਬੁਝਕੇ ਅੰਨ੍ਹੇ ਬਣ ਜਾਂਦੇ ਹਨ।'

*ਮਾਰਚ-1977*

## ਨਕਸਲਵਾੜੀਆ/ਸੁਰਿੰਦਰ ਕੈਲੇ

ਪੁਲਸੀਏ ਦਸਤੇ ਨੇ ਮਾਸਟਰ ਗੁਰਦਿਆਲ ਸਿੰਘ ਨੂੰ ਵੱਡੇ ਥਾਣੇਦਾਰ ਦੇ ਪੇਸ਼ ਕੀਤਾ ਕਿਉਂਕਿ ਉਸ ਨੇ ਰਾਤ ਕੰਮੀਆਂ ਦੀ ਬੰਤੋ ਨਾਲ ਜ਼ਬਰਦਸਤੀ ਕਰਨ ਲੱਗੇ ਸ਼ਰਾਬੀ ਸਿਪਾਹੀ ਦੇ ਹੱਡ ਭੰਨ ਦਿੱਤੇ ਸਨ।

'ਸਾਲਿਆ, ਹਰਾਮੀਆ! ਤੈਨੂੰ ਪਤਾ ਸਿਪਾਹੀਆਂ ਤੇ ਹੱਥ ਚੱਕਣ ਵਾਲੇ ਦੀ ਅਸੀਂ ਮਾਂ ਦੀ' ...ਥਾਣੇਦਾਰ ਦੀ ਗਰਜ਼ ਵਿਚ ਹੀ ਰਹਿ ਗਈ, ਜਿਉਂ ਹੀ ਉਸ ਨੇ ਮਾਸਟਰ ਦੀਆਂ ਅੱਗ ਵਰਸਾ ਰਹੀਆਂ ਅੱਖਾਂ ਵਲ ਦੇਖਿਆ ਤੇ ਬਾਹਰ ਆ ਕੇ ਸਿਪਾਹੀਆਂ ਨੂੰ ਹੁਕਮ ਦਿੱਤਾ।

'ਡਰਾ ਧਮਕਾ ਕੇ ਛੱਡ ਦਿਉ, ਸਾਲਾ ਨਕਸਲਵਾੜੀਆ ਲਗਦੈ।'

*ਮਾਰਚ-1977*

## ਗਰੀਬ ਦੀ ਮਦਦ/ਰਜਿੰਦਰ ਕੌਰ

ਤਿਮਾਹੀ ਇਮਤਿਹਾਨ ਸਨ। ਮੈਂ ਕਲਾਸ ਵਿਚ ਗਈ ਤਾਂ ਸੁਨੀਤਾ ਜ਼ਾਰ ਜ਼ਾਰ ਹੋ ਰਹੀ ਸੀ। ਕੁੜੀਆਂ ਨੇ ਦੱਸਿਆ, 'ਦੀਦੀ, ਸੁਨੀਤਾ ਕੋਲ ਇਕ ਵੀ ਕਿਤਾਬ ਨਹੀਂ। ਇਹ ਖ਼੍ਰੀਦ ਨਹੀਂ ਸਕਦੀ। ਇਹਦਾ ਬਾਪ ਹੈ ਨਹੀਂ, ਭਰਾ ਪਾਗਲ ਏ ਤੇ ਮਾਂ ਭਾਂਡੇ ਮਾਜਦੀ ਏ।'

ਮੈਨੂੰ ਲੱਗਾ ਕਿ ਮੇਰੀਆਂ ਅੱਖਾਂ ਦੇ ਕੋਨਿਆਂ ਵਿਚ, ਕਲਾਸ ਵਿਚ ਬੈਠਿਆਂ ਹੀ ਅੱਥਰੂ ਝਲਕ ਆਏ ਸਨ।

ਮੈਂ ਕਲਾਸ ਦੀਆਂ ਕੁੜੀਆਂ ਨੂੰ ਕੁਝ ਦਿਨਾਂ ਲਈ ਉਹਨੂੰ ਕਿਤਾਬਾਂ ਦੇਣ ਲਈ ਕਿਹਾ। ਦੋ ਤਿੰਨ ਕਿਤਾਬਾਂ ਮੈਂ ਉਹਨੂੰ ਆਪਣੇ ਨਾਂ ਤੇ ਲਾਇਬ੍ਰੇਰੀ ਵਿੱਚੋਂ ਕਢਵਾ ਦਿੱਤੀਆਂ ਤੇ ਉਹਦੇ ਕੋਲੋਂ ਪੂਅਰ ਫੰਡ ਇੰਚਾਰਜ ਦੇ ਨਾਂ ਇੱਕ ਪ੍ਰਾਰਥਨਾ ਪੱਤਰ ਲਿਖਵਾ ਲਿਆ, ਸਕੂਲ ਵੱਲੋਂ ਕਿਤਾਬਾਂ ਦੀ ਮਦਦ ਲਈ।

ਪੂਅਰ-ਫੰਡ ਇੰਚਾਰਜ ਨੇ ਦੱਸਿਆ ਕਿ ਸਕੂਲ ਵੱਲੋਂ ਉਹਨੂੰ ਸਿਰਫ ਦੋ ਕਿਤਾਬਾਂ ਮਿਲ ਸਕਦੀਆਂ ਸਨ ਕਿਉਂਕਿ ਬਹੁਤ ਸਾਰੀਆਂ ਕੁੜੀਆਂ ਦੀਆਂ ਅਰਜ਼ੀਆਂ ਆਈਆਂ ਸਨ। ਪੂਅਰ ਫੰਡ ਵਿਚ ਹਾਲੇ ਇੰਨੇ ਪੈਸੇ ਵੀ ਨਹੀਂ ਸਨ ਕਿਉਂਕਿ ਕੁਝ ਦਿਨ ਪਹਿਲਾਂ ਹੀ ਪ੍ਰਿੰਸੀਪਲ ਦੇ ਆਫਿਸ ਦਾ ਗਲੀਚਾ ਉਸੇ ਵਿੱਚੋਂ ਆਇਆ ਸੀ।

ਮੈਂ ਜਿਹੜੀਆਂ ਕਲਾਸਾਂ ਵਿਚ ਪੜ੍ਹਾਂਦੀ ਸਾਂ, ਉਹਨਾਂ ਸਭ ਨੂੰ ਕੁਝ ਪੈਸੇ ਇਕੱਠੇ ਕਰਨ ਲਈ ਕਿਹਾ। ਕਿਤਾਬਾਂ ਦੀ ਲਿਸਟ ਬਣਾਈ। ਕੋਈ ਵੀ ਕਿਤਾਬ ਅੱਠ, ਦੱਸ ਰੁਪਏ ਤੋਂ ਘੱਟ

ਨਹੀਂ ਸੀ। ਮੈਨੂੰ ਸਮਾਜਵਾਦ ਦਾ ਨਾਅਰਾ ਯਾਦ ਆਇਆ।

ਦੋ ਤਿੰਨ ਕੁੜੀਆਂ ਤਾਂ ਇਕ ਇਕ ਕਿਤਾਬ ਹੀ ਖ਼੍ਰੀਦ ਲਿਆਈਆਂ। ਇਸੇ ਦੌਰਾਨ ਪਤਾ ਲੱਗਾ ਕਿ ਰਵਿੰਦਰ ਕੋਲ ਵੀ ਕਿਤਾਬਾਂ ਨਹੀਂ ਸਨ। ਉਹਨਾਂ ਦੇ ਘਰ ਦੇ ਹਾਲਾਤ ਵੀ ਬਹੁਤ ਖਰਾਬ ਹਨ।

ਰਵਿੰਦਰ ਨੇ ਦੱਸਿਆ ਕਿ ਪ੍ਰਿੰਸੀਪਲ ਨੇ ਇਕ ਕਿਤਾਬ ਲੈਣ ਵਿਚ ਉਹਦੀ ਮਦਦ ਕੀਤੀ ਸੀ।

'ਉਹ ਕਿਸ ਤਰ੍ਹਾਂ?'

ਮੈਂ ਹੈਰਾਨ ਹੁੰਦੇ ਹੋਏ ਪੁੱਛਿਆ।

ਉਹ ਕੰਬਦੀ ਹੋਈ ਬੋਲੀ, 'ਉਹਨਾਂ ਮੇਰੀ ਬੜੀ ਮਦਦ ਕੀਤੀ।' ਆਪ ਬੁਲਾ ਕੇ ਕਿਤਾਬ ਦਿੱਤੀ ਤੇ ਕਿਹਾ, 'ਅੱਧੇ ਪੈਸੇ ਮੈਂ ਆਪਣੇ ਕੋਲੋਂ ਪਾ ਦਿਆਂਗੀ।'

ਮੈਂ ਪੁੱਛਿਆ, ਤੂੰ ਕਿੰਨੇ ਪੈਸੇ ਦਿੱਤੇ ਸਨ?

'ਜੀ ਛੇ ਰੁਪਏ।' ਉਹ ਥਿੜਕਦੀ ਆਵਾਜ਼ ਵਿਚ ਬੋਲੀ।

ਮੈਂ ਕਿਤਾਬ ਲੈ ਕੇ ਵੇਖੀ। ਪਬਲਿਸ਼ਰ ਵੱਲੋਂ ਸੈਂਪਲ ਕਾਪੀ ਸੀ। ਪ੍ਰਿੰਸੀਪਲ ਨੇ ਉਸ ਮਜ਼ਮੂਨ ਦੀ ਅਧਿਆਪਕਾ ਨੂੰ ਕਿਤਾਬ ਦੇਣ ਦੀ ਥਾਂ ਇਕ ਗਰੀਬ ਕੁੜੀ ਦੀ ਮਦਦ ਕਰ ਦਿੱਤੀ ਸੀ। ਕਿਤਾਬ ਦਾ ਮੁਲ ਅੱਠ ਰੁਪਏ ਕੁਝ ਪੈਸੇ ਸੀ। ਮੈਨੂੰ ਸਮਝ ਨਹੀਂ ਆ ਰਹੀ ਕਿ ਛੇ ਰੁਪਏ ਦੀ ਮਦਦ ਕਿਸ ਨੇ ਕਿਸ ਨੂੰ ਕੀਤੀ ਸੀ। ਕੀ ਕੁੜੀ ਨੇ ਛੇ ਰੁਪਏ ਦੇ ਕੇ ਪ੍ਰਿੰਸੀਪਲ ਦੀ ਮਦਦ ਨਹੀਂ ਸੀ ਕੀਤੀ?

***ਦਸੰਬਰ-1977***

## ਮਾਈ ਬਾਪ/ਹਮਦਰਦਵੀਰ ਨੌਸ਼ਹਿਰਵੀ

ਸ਼ਹਿਰ ਦੇ ਵੱਡੇ ਸ਼ਾਹੂਕਾਰ ਦੇ ਗੁਪਤ ਗੁਦਾਮਾਂ ਵਿਚ ਚੋਰੀ ਹੋ ਗਈ ਸੀ, ਪਰ ਚੋਰ ਨਹੀਂ ਸੀ ਮਿਲ ਰਿਹਾ।

ਚੋਰੀ ਤੂੰ ਕੀਤੀ ਏ?

ਮਾਈ ਬਾਪ, ਮੇਰਾ ਕੋਈ ਕਸੂਰ ਨਹੀਂ। ਥਾਣੇ ਤੋਂ ਬਾਹਰ ਪਾਟੀ ਕਮੀਜ਼ ਗੁੱਛਾ ਮੁੱਛਾ ਹੋ ਕੇ ਬੈਠਾ ਦਿਹਾੜੀਦਾਰ ਕਾਮਾ ਰੋਣੀ ਆਵਾਜ਼ ਵਿਚ ਸਹਿਕਿਆ।

ਮਾਈ ਕੀ ਓਏ, ਗੋਰੇ ਤਾਂ ਚਲੇ ਗਏ। ਅਫਸਰ ਦੀ ਆਕੜੀ ਵਰਦੀ ਗਰਜੀ।

ਤੁਸੀਂ ਸਾਡੇ ਲਈ ਗੋਰੇ ਹੀ ਹੋ, ਮਾਈ ਬਾਪ।

***ਦਸੰਬਰ-1977***

## ਅਨੋਖਾ ਦਾਨ/ਸੁਰਜੀਤ ਸੂਦ

ਇਸ ਗੱਲ ਦੀ ਬੜੀ ਹੀ ਚਰਚਾ ਹੋ ਰਹੀ ਸੀ ਕਿ ਉਸਨੇ ਆਪਣੀ ਪਤਨੀ ਕਿਸੇ ਜੋਤਸ਼ੀ ਨੂੰ ਦਾਨ ਕਰ ਦਿੱਤੀ ਹੈ। ਲੋਕ ਕਹਿੰਦੇ ਸਨ ਕਿ ਉਸ ਨੂੰ ਇਕ ਜੋਤਸ਼ੀ ਨੇ ਦੱਸਿਆ ਸੀ ਕਿ ਜੇ ਉਸ ਨੇ ਆਪਣੀ ਪਤਨੀ ਆਪਣੇ ਘਰ ਰੱਖੀ ਤਾਂ ਉਹ ਮਰ ਜਾਏਗੀ...ਜੇਕਰ ਉਹ ਆਪਣੀ ਪਤਨੀ ਦੀ ਜ਼ਿੰਦਗੀ ਚਾਹੁੰਦਾ ਹੈ ਤਾਂ ਉਸ ਨੂੰ ਆਪਣੀ ਪਤਨੀ ਕਿਸੇ ਨੂੰ ਦਾਨ ਕਰ ਦੇਣੀ ਚਾਹੀਦੀ ਹੈ।

ਉਹ ਬਹੁਤ ਹੀ ਸੋਚਾਂ ਵਿਚ ਪੈ ਗਿਆ। ਅੰਤ ਉਸ ਨੇ ਇਸ ਅਨੋਖੇ ਦਾਨ ਨੂੰ ਅਮਲੀ ਰੂਪ ਦੇਣ ਲਈ ਆਪਣਾ ਇਰਾਦਾ ਬਣਾ ਲਿਆ। ਉਸ ਨੇ ਆਪਣੀ ਪਤਨੀ ਪ੍ਰਤੀ ਏਨਾ ਪਿਆਰ ਦਿਖਾਇਆ ਕਿ ਪਤਨੀ ਉਸ ਦੇ ਫੈਸਲੇ ਨਾਲ ਸਹਿਮਤ ਹੋ ਗਈ। ਉਸ ਦੀ ਪਤਨੀ ਆਪਣੇ ਪਤੀ ਪਿਆਰ ਤੇ ਖੀਵੀ ਹੋ ਗਈ ਅਤੇ ਉਸ ਨੇ ਆਪਣੀ ਪਤਨੀ ਦਾ ਦਾਨ ਉਸੇ ਹੀ ਜੋਤਸ਼ੀ ਨੂੰ ਕਰ ਦਿੱਤਾ ਜਿਸ ਨੇ ਪਤਨੀ ਦਾਨ ਕਰਨ ਲਈ ਉਸ ਨੂੰ ਕਿਹਾ ਸੀ।ਜੋਤਸ਼ੀ ਦੂਰ ਪਹਾੜਾਂ ਤੋਂ ਆਇਆ ਸੀ।

ਕੁਝ ਲੋਕ ਤਾਂ ਉਸ ਦੇ ਪਿਆਰ ਦੀ ਸ਼ਲਾਘਾ ਕਰ ਰਹੇ ਸਨ ਅਤੇ ਕੁਝ ਲੋਕ ਉਸ ਨੂੰ ਮੂਰਖ ਸਮਝ ਰਹੇ ਸਨ। ਉਹ ਲੋਕਾਂ ਅੱਗੇ ਏਨਾ ਗੰਭੀਰ ਰਹਿੰਦਾ ਕਿ ਲੋਕ ਸਮਝਦੇ ਕਿ ਵਿਚਾਰਾ ਠੱਗਿਆ ਗਿਆ ਏ। ਕੁਝ ਲੋਕਾਂ ਨੇ ਇਸ ਠੱਗੀ ਦੀ ਰਿਪੋਰਟ ਪੁਲੀਸ ਕੋਲ ਲਿਖਵਾਉਣ ਲਈ ਵੀ ਪ੍ਰੇਰਤ ਕੀਤਾ ਪਰ ਉਹ ਟੱਸ ਤੋਂ ਮੱਸ ਨਾ ਹੋਇਆ।

ਉਸ ਦਾ ਇਕ ਦੋਸਤ ਇਸ ਅਨੋਖੇ ਦਾਨ ਦੀ ਖਬਰ ਸੁਣ ਕੇ ਉਸ ਕੋਲ ਆਇਆ ਤੇ ਵਿਅੰਗ ਨਾਲ ਕਹਿਣ ਲੱਗਾ- ਤੈਨੂੰ ਪਤਨੀ ਨਾਲ ਐਨਾ ਪਿਆਰ ਸੀ ਕਿ ਤੂੰ ਉਸਦੇ ਜੀਵਨ ਲਈ ਉਸ ਦਾ ਹੀ ਦਾਨ ਕਰ ਦਿੱਤਾ।

ਉਹ ਬੜੀ ਉਤਸੁਕਤਾ ਨਾਲ ਕਹਿਣ ਲੱਗਾ- ਯਾਰ! ਮੈਨੂੰ ਉਸ ਨਾਲ ਪਿਆਰ ਤੇ ਕੋਈ ਨਹੀਂ ਸੀ, ਮੈਂ ਤਾਂ ਇਸ ਬਹਾਨੇ ਇੱਕ ਬਦਚਲਨ ਪਤਨੀ ਤੋਂ ਛੁਟਕਾਰਾ ਪਾਇਆ ਏ।

*ਜਨਵਰੀ-1978*

## ਉਲਟੀ ਵਾੜ ਖੇਤ ਕੋ ਖਾਈ/ਕੁਲਦੀਪ ਸਿੰਘ ਹਉਰਾ

'ਵਾਹ ਭਾਈ ਵਾਹ! ਕਮਾਲ ਕਰ ਦਿੱਤੀ ਅਮਰ ਸਿੰਘ ਨੇ ਤਾਂ।'

'ਲੱਖਾਂ ਦਾ ਨੁਕਸਾਨ ਹੋਣ ਤੋਂ ਬਚਾ ਲਿਆ! ਸ਼ਾਬਾਸ਼ੇ!!'

'ਇਸੇ ਲਈ ਕਹਿੰਦੇ ਹਨ ਪਈ ਫੌਜੀ, ਫੌਜੀ ਹੀ ਹੁੰਦਾ ਹੈ। ਜੇਕਰ ਕੋਈ ਹੋਰ ਹੁੰਦਾ ਤਾਂ ਡਰਦਾ ਬਿਰਕਦਾ ਨਾ। ਪਰ ਜੱਟ ਦੇ ਪੁੱਤ ਨੇ ਬੰਨ੍ਹਕੇ ਨਿਸ਼ਾਨਾ ਮਾਰਿਆ, ਜੋ ਚੋਰ ਜ਼ਖਮੀ ਹੋ ਕੇ ਨੱਸ ਗਿਆ।'

'ਉਹ ਜੀ ਨਾਲ ਦੇ ਕੰਨ੍ਹੇੜੇ ਚੁੱਕ ਕੇ ਲੈ ਗਏ? ਨਹੀਂ ਤਾਂ ਅਮਰ ਸਿੰਘ ਨੇ ਜਾਨੋ ਮਾਰ ਦੇਣਾ ਸੀ।'

ਕੋਆਪਰੇਟਿਵ ਐਂਡ ਥਰਿਫਟ ਸੁਸਾਇਟੀ ਦੀ ਬੈਂਕ ਵਿਚ ਡਾਕਾ ਪੈਣ ਤੇ ਚੌਂਕੀਦਾਰ ਦੀ ਚੁਸਤੀ ਨਾਲ ਨੁਕਸਾਨ ਹੋਣੋਂ ਬਚ ਗਿਆ ਨਹੀਂ ਤਾਂ ਡਾਕੂ ਟਰੈਕਟਰ ਟਰਾਲੀ ਨਾਲ ਲੈ ਕੇ ਆਏ ਸਨ ਤੇ ਉਹਨਾਂ ਰਾਤੋ ਰਾਤ ਖੰਡ ਤੇ ਖਾਦ ਦੀਆਂ ਸਾਰੀਆਂ ਬੋਰੀਆਂ ਲੱਦ ਖੜਨੀਆਂ ਸਨ।

ਅਮਰ ਸਿੰਘ ਚੌਂਕੀਦਾਰ ਪੈਨਸ਼ਨੀ ਫੌਜੀ ਹੋਣ ਕਰਕੇ, ਉਸ ਕੋਲ ਆਪਣੀ ਬੰਦੂਕ ਸੀ। ਡਾਕੂਆਂ ਨੇ ਉਸ ਤੇ ਫਾਇਰ ਕੀਤਾ ਤੇ ਉਸ ਨੇ ਆਪਣੇ ਬਚਾ ਲਈ ਗੋਲੀ ਚਲਾਈ ਜਿਸ ਨਾਲ ਡਾਕੂਆਂ ਵਿੱਚੋਂ ਇੱਕ ਫੱਟੜ ਹੋ ਗਿਆ ਸੀ ਤੇ ਸਾਥੀ ਉਸ ਨੂੰ ਚੁੱਕ ਕੇ ਲੈ ਗਏ ਸਨ।

ਅੱਜ ਮੈਂਬਰਾਂ ਦੀ ਮੀਟਿੰਗ ਹੋ ਰਹੀ ਸੀ ਜਿਸ ਵਿਚ ਫੈਸਲਾ ਹੋਣਾ ਸੀ ਕਿ ਅਮਰ ਸਿੰਘ ਚੌਂਕੀਦਾਰ ਨੂੰ ਉਸਦੀ ਦਲੇਰੀ ਤੇ ਫਰਜ਼ ਸ਼ਨਾਸੀ ਬਦਲੇ ਕੀ ਇਨਾਮ ਦਿੱਤਾ ਜਾਏ?

ਬੈਂਕ ਦੇ ਮੈਂਬਰ ਆਪੋ ਆਪਣੀ ਰਾਏ ਦੇ ਰਹੇ ਸਨ। ਕੋਈ ਸਿਰਫ ਨਕਦੀ ਇਨਾਮ ਤਜਵੀਜ਼ ਕਰ ਰਿਹਾ ਸੀ, ਕੋਈ ਨਕਦ ਦੇ ਨਾਲ ਸਰਟੀਫਿਕੇਟ ਤੇ ਕੋਈ ਸਿਫਾਰਸ਼ ਕਰ ਰਿਹਾ ਸੀ ਕਿ ਅਮਰ ਸਿੰਘ ਦਾ ਉਮਰ ਭਰ ਦਾ ਵਜੀਫਾ ਲਾ ਦਿੱਤਾ ਜਾਵੇ। ਇਕ ਹੋਰ ਮੈਂਬਰ ਨੇ ਤਜਵੀਜ਼ ਕੀਤਾ ਕਿ ਸਥਾਨਕ ਇਨਾਮ ਦੇਣ ਤੋਂ ਛੁਟ ਅਮਰ ਸਿੰਘ ਦੀ ਬਹਾਦਰੀ ਦਾ ਕਿੱਸਾ ਅਖਬਾਰਾਂ ਵਿਚ ਵੀ ਦਿੱਤਾ ਜਾਵੇ ਤੇ ਸਰਕਾਰ ਪਾਸ ਵੀ ਇਨਾਮ ਲਈ ਸਿਫਾਰਸ਼ ਕੀਤੀ ਜਾਵੇ।

ਪਰ ਚੇਅਰਮੈਨ ਨੇ ਇਹ ਆਖ ਕੇ ਸਾਰਿਆਂ ਨੂੰ ਹੈਰਾਨੀ ਵਿਚ ਪਾ ਦਿੱਤਾ ਕਿ ਹਾਂ ਇਨਾਮ ਕਾਹਦਾ ਦੇਣਾ ਏ, ਏਸ ਤਾਂ ਸਾਡਾ ਮੁੰਡਾ ਹੀ ਜ਼ਖ਼ਮੀ ਕਰ ਦਿੱਤਾ, ਉਹ ਤਾਂ ਕਿਸਮਤ ਚੰਗੀ ਸੀ ਕਿ ਜਾਨੋਂ ਬਚ ਗਿਆ।'

*ਫਰਵਰੀ-1978*

## ਮਿਆਰ/ਸ਼ਰਨ ਮੱਕੜ

ਮੇਰੀ ਸਹੇਲੀ ਬਹੁਤ ਪ੍ਰੇਸ਼ਾਨ ਸੀ। ਆਖਰੀ ਦਿਨ ਸੀ, ਉਹਨੇ ਪੇਪਰ ਦੇਖ ਕੇ ਰਿਪੋਰਟ ਤਿਆਰ ਕਰਕੇ ਪ੍ਰਿੰਸੀਪਲ ਨੂੰ ਦੇਣੀ ਸੀ। ਉਹਦਾ ਸਿਰ ਦਰਦ ਨਾਲ ਫਟਦਾ ਜਾ ਰਿਹਾ ਸੀ ਅਤੇ ਉਹਨੂੰ ਹਲਕਾ ਹਲਕਾ ਬੁਖਾਰ ਵੀ ਸੀ। ਉਹਦੀ ਸਹਾਇਤਾ ਕਰਨ ਲਈ ਉਹਦੇ ਹਿੱਸੇ ਆਏ ਪੇਪਰਾਂ ਵਿੱਚੋਂ ਕੁਝ ਪੇਪਰ ਦੇਖਣ ਲੱਗੀ। ਪੇਪਰ ਅੰਗਰੇਜ਼ੀ ਦਾ ਸੀ। ਸੈਕਸ਼ਪੀਅਰ ਬਾਰੇ ਨੋਟ ਲਿਖਣ ਲਈ ਇਕ ਸਵਾਲ ਸੀ। ਇਕ ਪੇਪਰ ਵਿਚ ਲਿਖਿਆ ਹੋਇਆ ਸੀ 'ਸੈਕਸ਼ਪੀਅਰ ਵਾਜ ਏ ਗਰੇਟ ਨਾਵਲਿਸਟ' । ਪੇਪਰ ਪੜ੍ਹ ਕੇ ਹਾਸਾ ਵੀ ਆਇਆ ਤੇ ਵਿਦਿਆਰਥੀ ਦੀ ਸਮਝ ਤੇ ਗੁੱਸਾ ਵੀ।

ਉਸ ਪੇਪਰ ਦਾ ਜ਼ਿਕਰ ਮੈਂ ਆਪਣੀ ਸਹੇਲੀ ਨਾਲ ਕੀਤਾ, ਉਹ ਆਖਣ ਲੱਗੀ 'ਤੇਰਾ

ਇਹਨਾਂ ਨਾਲ ਵਾਹ ਨਹੀਂ ਪੈਂਦਾ। ਅੱਜ ਕਲ੍ਹ ਦੇ ਵਿਦਿਆਰਥੀਆਂ ਦਾ ਕੀ ਕਹਿਣਾ, ਹੋਰ ਪੇਪਰ ਦੇਖੇਂਗੀ ਤਾਂ ਸ਼ਾਇਦ ਤੈਨੂੰ ਕਦੀ ਕਿਧਰੇ ਇਹ ਵੀ ਲਿਖਿਆ ਹੋਇਆ ਮਿਲ ਜਾਵੇ 'ਕਾਲੀਦਾਸ ਵਾਜ ਬੋਰਨ ਇਨ ਇੰਗਲੈਂਡ।'

*ਮਾਰਚ-1978*

## ਜਦੋਂ ਸੰਵਿਧਾਨ ਰੋਇਆ ਸੀ/ਦਰਸ਼ਨ ਮਿੱਤਵਾ

'ਕਿਉਂ ਉਇ ਤੁਸੀਂ ਹੜਤਾਲ ਕੀਤੀ ਐ...?' ਥਾਣੇਦਾਰ ਨੇ ਇੱਕ ਵਿਦਿਆਰਥੀ ਨੂੰ ਗਲਮੇ ਤੋਂ ਫੜ ਲਿਆ।

'ਜੀ...ਜੀ...ਆਪਣੇ ਹੱਕਾਂ ਖਾਤਰ ਲੜਨਾ ਤਾਂ ਸਾਡੇ ਸੰਵਿਧਾਨ ਵਿਚ ਸਾਨੂੰ ਜਨਮ-ਸਿੱਧ ਅਧਿਕਾਰ ਐ?' ਉਹ ਵਿਦਿਆਰਥੀ ਬੋਲਿਆ।

'ਅਸੀਂ ਸੰਵਿਧਾਨ ਸੰਵਧੂਨ ਨੀ ਜਾਣਦੇ, ਅਸੀਂ ਤਾਂ ਫੜ ਕੇ ਮੂਧੇ ਈ ਪਾ ਲੈਨੇ ਆਂ। ...ਸਮਝ ਗਿਆ?' ਸਿਪਾਹੀ ਖਾਕੀ ਵਰਦੀ ਦੇ ਰੋਅਬ ਵਿਚ ਆਕੜਿਆ।

'ਫੇਰ ਸੰਵਿਧਾਨ ਬਣਾਇਆ ਈ ਕਾਨੂੰ ਐ....?' ਵਿਦਿਆਰਥੀ ਬਿਨਾਂ ਝਿਜਕ ਬੋਲਿਆ।

'ਉਲਟਾ ਤੂੰ ਸਾਨੂੰ ਪੜ੍ਹਾਉਣੈ..ਇਕ ਤਾਂ ਹੜਤਾਲਾਂ ਕਰਦੇ ਓ..ਤੇ..।' ਥਾਣੇਦਾਰ ਨੇ ਉਸਦੇ ਮੂੰਹ ਉੱਤੇ ਥੱਪੜ ਮਾਰ ਦਿੱਤਾ।

ਖਾਕੀ ਵਰਦੀ ਨੇ ਉਸਨੂੰ ਗਲਮੇ ਤੋਂ ਫੜ ਜ਼ਮੀਨ ਉਤੇ ਸੁੱਟ ਲਿਆ। ਸੰਵਿਧਾਨ ਲੀਰੋ ਲੀਰ ਹੋ ਗਿਆ ਸੀ।

'ਹਾਏ...ਹਾਏ...ਮਰ ਗਿਆ....ਬਚਾਓ...।' ਕਿੰਨੀਆਂ ਹੀ ਦਰਦਨਾਕ ਚੀਖਾਂ ਉਭਰੀਆਂ।

ਮੁੰਡਾ ਨਹੀਂ ਜਿਵੇਂ ਸੰਵਿਧਾਨ ਚੀਖ ਰਿਹਾ ਸੀ।

*ਮਾਰਚ-1978*

## ਜੇਬ ਕਤਰੇ/ਦਰਸ਼ਨ ਮਿੱਤਵਾ

ਇਕ ਪੁਲੀਸ ਵਾਲਾ ਜਦੋਂ ਕਈ ਮੁੱਕੇ ਥੱਪੜ ਮਾਰ ਹਟਿਆ ਤਾਂ ਦੂਜਾ ਕੜਕਿਆ-

'ਸੱਚ ਸੱਚ ਦੱਸ ਓਇ ਅੱਜ ਤੱਕ ਕਿੰਨਿਆਂ ਦੀਆਂ ਜੇਬਾਂ ਕੱਟੀਆਂ ਨੇ....?

ਭੈਣ...ਦਿਆ ਤੈਨੂੰ ਪਤਾ ਨੀ ਸੀ ਅੱਗੇ ਭਨੋਈਏ ਵੀ ਬੈਠੇ ਨੇ...।' ਗਾਲਾਂ ਕੱਢਦੇ ਪੁਲੀਸ ਵਾਲੇ ਨੇ ਉਸ ਦੀਆਂ ਸਾਰੀਆਂ ਜੇਬਾਂ ਫਰੋਲ ਸੁੱਟੀਆਂ।

ਪਹਿਲਾ ਪੁਲੀਸ ਵਾਲਾ ਫੇਰ ਕੁੱਟਣ ਲੱਗ ਪਿਆ।

ਉਸ ਦੀਆਂ ਜੇਬਾਂ ਵਿੱਚੋਂ ਨਿਕਲਿਆ ਮਾਲ ਆਪਣੀ ਜੇਬ ਵਿਚ ਤੁਨਦਾ ਦੂਜਾ ਪੁਲੀਸ ਵਾਲਾ ਬੋਲਿਆ-

'ਚੱਲ ਛੱਡ ਪਰ੍ਹਾਂ ਭੈਣ...ਨੂੰ। ਐਵੇਂ ਨਾ ਮਰਜੇ ਕਿਤੇ ਮੇਰਾ ਸੌਹਰਾ।'

'ਕਿਉਂ?' ਪਹਿਲੇ ਨੇ ਦੂਜੇ ਵੱਲ ਤੱਕਿਆ।

ਦੂਜੇ ਨੇ ਅੱਖ ਦਾ ਇਸ਼ਾਰਾ ਕੀਤਾ। ਪਹਿਲਾ ਪੁਲੀਸ ਵਾਲਾ ਝੱਟ ਸਮਝ ਗਿਆ।

ਇੱਕ-ਦੋ-ਤਿੰਨ..। ਕਈ ਹੋਰ ਥੱਪੜ ਧਰ ਦੇਣ ਤੋਂ ਬਾਅਦ ਫੇਰ ਪਹਿਲਾ ਆਕੜਿਆ-

'ਜਾਹ ਉੱਡ ਜਾ।' ...ਜੇ ਕਿਤੇ ਮੁੜਕੇ ਫੜ ਲਿਆ ਨਾ ਜੇਬ ਕੱਟਦਾ ਤਾਂ ਮਾਂ...ੜ ਦਿਆਂਗੇ। ਭੈਣ ਦੇਣੇ ਦੀ...।

ਪੁਲੀਸ ਵਾਲੇ ਚਲੇ ਗਏ।

ਉਹ ਜੇਬ ਕਤਰਾ ਆਪਣੀ ਜੇਬ ਵਿੱਚੋਂ ਪੁਲੀਸ ਵਾਲਿਆਂ ਦੀਆਂ ਜੇਬਾਂ ਵਿਚ ਗਏ ਮਾਲ ਬਾਰੇ ਸੋਚਦਾ ਰਿਹਾ-

ਕਾਸ਼ ਮੈਂ ਵੀ ਪੁਲੀਸ ਵਾਲਾ ਹੁੰਦਾ।

*ਅਪ੍ਰੈਲ-1978*

## ਚੋਰ/ਸਰਵਣ 'ਅਲਬੇਲਾ'

ਇਕ ਆਦਮੀ ਦੇ ਘਰ ਭਾਂਡਿਆਂ ਦੀ ਚੋਰੀ ਹੋ ਗਈ ਪਰ ਉਸ ਨੇ ਥਾਣੇ ਰਿਪੋਰਟ ਨਾ ਲਿਖਵਾਈ। ਉਸ ਆਦਮੀ ਦੇ ਗੁਆਂਢੀ ਨੇ ਉਹਦੀ ਚੋਰੀ ਦੀ ਰਿਪੋਰਟ ਥਾਣੇ ਲਿਖਾ ਦਿੱਤੀ।

ਚੋਰੀ ਦੀ ਪੜਤਾਲ ਲਈ ਦੋ ਸਿਪਾਹੀ ਤੇ ਇਕ ਥਾਣੇਦਾਰ ਮੌਕੇ ਤੇ ਆਏ। ਥਾਣੇਦਾਰ ਨੇ ਘਰ ਵਾਲੇ ਨੂੰ ਪੁੱਛਿਆ, 'ਤੇਰਾ ਕੀ ਕੀ ਨੁਕਸਾਨ ਹੈ ਬਈ?'

ਆਦਮੀ ਨੇ ਉੱਤਰ ਦਿੱਤਾ, 'ਜੀ, ਮੇਰੇ ਭਾਂਡੇ ਚੋਰੀ ਹੋ ਗਏ ਹਨ।'

'ਤੇਰੇ ਕਿੰਨੇ ਭਾਂਡੇ ਚੋਰੀ ਹੋਏ ਨੇ।' ਥਾਣੇਦਾਰ ਨੇ ਪੁੱਛਿਆ।

'ਜੀ ਮੇਰੇ 16 ਗਿਲਾਸ, 16 ਥਾਲ ਤੇ 16 ਕੌਲੀਆਂ ਚੋਰੀ ਹੋ ਗਈਆਂ ਹਨ।'

'ਅੱਛਾ, ਏਨੇ ਭਾਂਡੇ ਚੋਰੀ ਹੋ ਗਏ ਹਨ। ਹੌਲਦਾਰ ਜੋ ਭਾਂਡੇ ਬਾਕੀ ਬਚੇ ਹਨ ਉਹ ਕੋਲ ਲੈ ਲਵੋ ਜੇ ਇਹਦੇ ਗੁਆਚੇ ਭਾਂਡੇ ਮਿਲ ਗਏ ਤਾਂ ਮੇਲ ਕੇ ਦੇਖ ਲਵਾਂਗੇ ਕਿ ਠੀਕ ਹੀ ਇਹਦੇ ਭਾਂਡੇ ਨੇ।' ਥਾਣੇਦਾਰ ਨੇ ਇਕ ਸਿਪਾਹੀ ਨੂੰ ਸੈਨਤ ਨਾਲ ਕਿਹਾ।

ਥਾਣੇਦਾਰ ਨੇ ਫਿਰ ਕਿਹਾ, 'ਉਏ ਤੂੰ ਝੂਠ ਮਾਰਦਾ ਏਂ। ਤੇਰੇ 8 ਥਾਲ, 8 ਗਿਲਾਸ ਤੇ 8 ਕੌਲੀਆਂ ਤੇ ਐਹ ਪਈਆਂ ਨੇ। ਤੂੰ ਕਹਿੰਦਾ ਏਂ ਕਿ ਮੇਰੇ 16 ਥਾਲ, 16 ਗਿਲਾਸ ਤੇ 16 ਕੌਲੀਆਂ ਚੋਰੀ ਹੋ ਗਈਆਂ ਨੇ ਤੂੰ ਝੂਠ ਮਾਰਦਾ ਏਂ। ਤੇਰੀਆਂ ਅੱਠ ਅੱਠ ਚੀਜ਼ਾਂ ਚੋਰੀ ਹੋਈਆਂ ਨੇ।'

'ਜਨਾਬ ਇਹ ਠੀਕ ਹੈ ਕਿ ਮੇਰੀਆਂ ਅੱਠ ਅੱਠ ਚੀਜ਼ਾਂ ਚੋਰੀ ਹੋਈਆਂ ਪਰ ਜੋ ਅੱਜ ਅੱਠ ਭਾਂਡੇ ਤੁਸੀਂ ਲੈ ਚਲੇ ਹੋ, ਇਹ ਵੀ ਕਿਹੜੇ ਮੈਨੂੰ ਮਿਲਣੇ ਹਨ। ਇਸ ਲਈ ਮੈਂ ਸੋਲਾਂ ਸੋਲਾਂ ਭਾਂਡੇ ਲਿਖਵਾ ਰਿਹਾ ਹਾਂ।' ਉਸ ਆਦਮੀ ਨੇ ਖੇਸੀ ਦੀ ਬੁੱਕਲ ਠੀਕ ਕਰਦਿਆਂ ਕਿਹਾ।

*ਅਪ੍ਰੈਲ-1978*

## ਗੁਜ਼ਾਰਾ/ਸੁਰਿੰਦਰ ਗਮਨ

ਮਾਲ 'ਤੇ ਘੁੰਮ ਰਿਹਾ ਸਾਂ, ਅਚਾਨਕ ਹੀ ਨਜ਼ਰ ਬੂਟਾਂ ਤੇ ਪਈ। ਸੱਜੇ ਪੈਰ ਵਾਲਾ ਤੱਸਮਾ ਦਮ ਤੋੜ ਰਿਹਾ ਸੀ। ਉਥੇ ਹੀ ਇਕ ਮੋਚੀ ਦਿਸ ਪਿਆ।

ਪੰਜੀ ਪੈਸੇ ਦੇ ਕੇ ਨਵੇਂ ਤਸਮੇ ਲਏ, ਪੁਰਾਣੇ ਤਸਮੇ ਉਥੇ ਹੀ ਸੁੱਟ ਦਿੱਤੇ।

ਸੜਕ ਦੇ ਕਿਨਾਰੇ ਇਕ ਮਰੀਅਲ ਜਿਹਾ ਆਦਮੀ ਬੈਠਾ ਸੀ। ਮੇਰੇ ਵੱਲੋਂ ਸੁੱਟੇ ਗਏ ਤਸਮੇ ਉਸ ਨੇ ਚੁੱਕ ਕੇ ਆਪਣੇ ਬਿਨ-ਤਸਮਿਆਂ ਦੇ ਬੂਟਾਂ ਵਿਚ ਪਾ ਲਏ। ਮੈਨੂੰ ਬਹੁਤ ਬੁਰਾ ਲੱਗਾ। ਮੈਂ ਤਸਮਿਆਂ ਦਾ ਇਕ ਨਵਾਂ ਜੋੜਾ ਖਰੀਦ ਕੇ ਉਸ ਨੂੰ ਦੇ ਦਿੱਤਾ ਤੇ ਬੜੀ ਤਸੱਲੀ ਭਰੀ ਖੁਸ਼ੀ ਨਾਲ ਅਗਾਂਹ ਨੂੰ ਹੋ ਗਿਆ। ਮੈਂ ਆਪਣੇ ਆਪ ਵਿਚ ਬੜਾ ਹਲਕਾ ਮਹਿਸੂਸ ਕਰ ਰਿਹਾ ਸਾਂ ਕਿ ਮੈਂ ਕਿਸੇ ਦੀ ਮਦਦ ਕੀਤੀ ਹੈ।

ਵਾਪਸੀ ਸਮੇਂ ਮੇਰੀ ਨਜ਼ਰ ਫਿਰ ਉਸੇ ਆਦਮੀ ਉਤੇ ਪਈ। ਜਦੋਂ ਮੈਂ ਉਸ ਦੇ ਬੂਟਾਂ ਵੱਲ ਦੇਖਿਆ ਤਾਂ ਚੌਂਕ ਗਿਆ, ਉਹਨੇ ਉਹੀ ਪੁਰਾਣੇ ਤਸਮੇ ਹੀ ਪਾਏ ਹੋਏ ਸਨ। ਉਹਨੇ ਮੇਰੀ ਨਜ਼ਰ ਤਾੜ ਲਈ ਅਤੇ ਬੜੀ ਖੁਸ਼ਾਮਦ ਭਰੀ ਅਵਾਜ਼ ਵਿਚ ਕਹਿਣ ਲੱਗਾ, '...ਜੀ...ਉਹ...ਵੀਹ ਪੈਸੇ ਵਿਚ ਉਸੇ ਮੋਚੀ ਨੂੰ ਦੇ ਦਿੱਤੇ...ਜ਼ਰੂਰਤ ਸੀ ਮੈਨੂੰ...।'

*ਮਈ-1978*

## ਦਿਨ ਦੀ ਗੱਲ/ਅਮਰ ਕੈਲੇ

ਅੱਜ ਉਸਨੇ ਨਾਨਕ ਸਿੰਘ ਦਾ ਨਾਵਲ 'ਇਕ ਮਿਆਨ ਦੋ ਤਲਵਾਰਾਂ' ਇੱਕੋ ਬੈਠਕ ਵਿਚ ਪੜ੍ਹ ਲਿਆ ਸੀ। ਸ਼ਾਮੀਂ ਚਾਹ ਪੀਂਦਿਆਂ ਉਸ ਨੇ ਕਿਹਾ, 'ਮੈਂ ਵੀ ਇਨਕਲਾਬੀ ਬਣ ਜਾਣਾ ਹੈ।'

ਉਸਦੇ ਲੋਕ ਪੱਖੀ ਪਤੀ ਨੇ ਮੁਸਕ੍ਰਾਂਦਿਆਂ ਉਹਦੇ ਵੱਲ ਦੇਖਿਆ- ਅੱਜ ਉਹ ਵਧੇਰੇ ਦ੍ਰਿੜ ਤੇ ਸਾਹਸੀ ਜਾਪਦੀ ਸੀ।

ਰਾਤੀਂ ਦੋਹਾਂ ਖਾਣਾ ਖਾਧਾ ਤੇ ਸੌਂ ਗਏ। ਕੁਝ ਚਿਰ ਬਾਅਦ ਉਨ੍ਹਾਂ ਦਾ ਛੋਟਾ ਬੱਚਾ ਰੋਣ ਲੱਗ ਗਿਆ। ਉਹ ਉਠੀ ਤੇ ਫਰਿਜ਼ 'ਚੋਂ ਦੁੱਧ ਵਾਲੀ ਗੜਵੀ ਕੱਢ ਕੇ ਆਪਣੇ ਪਤੀ ਨੂੰ ਬੋਲੀ, 'ਜੀ! ਉਠੋ! ਮੁੰਨਾ ਭੁੱਖਾ ਹੈ ਮੇਰੇ ਨਾਲ ਰਸੋਈ ਤਕ ਚਲੋ, ਦੁੱਧ ਗਰਮ ਕਰਨਾ ਹੈ।'

'ਤੂੰ ਗਰਮ ਕਰ ਲਿਆ!' ਪਤੀ ਨੇ ਅੱਖਾਂ ਮਲਦਿਆਂ ਕਿਹਾ।

'ਡਰ ਲਗਦੈ'

'ਪਰ ਤੂੰ ਤਾਂ ਇਨਕਲਾਬੀ ਬਨਣਾ ਹੈ।'

ਪਤਨੀ ਦਾ ਚਿਹਰਾ ਉੱਤਰ ਗਿਆ, 'ਉਹ ਤਾਂ ਦਿਨ ਦੀ ਗੱਲ ਸੀ।'

*ਮਈ-1978*

## ਕਾਲ ਗਰਲ/ਭੁਪਿੰਦਰ ਸਿੰਘ ਪੀ.ਸੀ.ਐਸ.

'ਮੈਂ ਕੱਲ ਨੂੰ ਕੌਮ ਦੇ ਨਾਂ ਸੁਨੇਹਾ ਬ੍ਰਾਡਕਾਸਟ ਕਰਨਾ ਐ ਦੁਪਹਿਰ ਤੱਕ ਨੋਟ ਤਿਆਰ ਹੋ ਜਾਏ ਤਾਂ ਕਿ ਇਕ ਦੋ ਵਾਰ ਮੈਂ ਪੜ੍ਹ ਲਵਾਂ ਮਿੰਨਤ ਤੇ ਹੁਕਮ ਦਾ ਰਲਵਾਂ ਮਿਲਵਾਂ ਲਹਿਜਾ ਸੀ।'

'ਹੋ ਜਾਏਗਾ ਸਰਕਾਰ।' ਸਤਿਕਾਰ ਭਰਿਆ ਉੱਤਰ ਸੀ।

ਦੋ ਦਿਨ ਮਗਰੋਂ ਉਹਨੂੰ ਫੇਰ ਬੁਲਾਇਆ ਤੇ ਉਸ ਵੱਲ ਇਕ ਖਰੜਾ ਸੁਟਦਿਆਂ ਬੇਨਤੀ ਭਰਿਆ ਹੁਕਮ ਕੀਤਾ।

'ਪਤਾ ਨਹੀਂ ਇਹ ਬੜੇ ਬੜੇ ਲੇਖਕ ਆਪਣੀਆਂ ਕਿਤਾਬਾਂ ਦੀ ਭੂਮਿਕਾ ਬਾਰੇ ਲਿਖਣ ਲਈ ਕਿਉਂ ਮੈਨੂੰ ਭੇਜੀ ਜਾਂਦੇ ਨੇ। ਇਨ੍ਹਾਂ ਨੂੰ ਇੰਨੀ ਵੀ ਸਮਝ ਨਹੀਂ ਕਿ ਮੇਰਾ ਸਮਾਂ ਕਿੰਨਾਂ ਕੀਮਤੀ ਐ...ਲਓ ਇਦੇ ਤੇ ਦੋ ਕੁ ਸਫੇ ਲਿਖ ਦੇਣੇ।

'ਆਉਂਦੇ ਸੋਮਵਾਰ ਤੱਕ ਤਿਆਰ ਹੋਵੇਗਾ ਸਰਕਾਰ।'

ਤੀਜੇ ਕੁ ਦਿਨ ਫੇਰ ਬੁਲਾਵਾ ਆਇਆ। ਉਹੋ ਹੀ ਭਾਸ਼ਾ। ਉਹੋ ਹੀ ਲਹਿਜਾ। 'ਅਖਬਾਰ ਵਾਲਿਆਂ ਸਾਡੇ ਮਹਿਕਮੇ ਬਾਰੇ ਐਡੀਸ਼ਨ ਛਾਪਣਾ ਐ। ਮੇਰੀ ਵਲੋਂ ਤਿੰਨ ਕਾਲਮਾਂ ਦਾ ਲੇਖ ਲਿਖ ਦੇਣਾਂ। ਫੋਟੋ ਮੈਂ ਭੇਜ ਦੇਵਾਂਗਾ।

'ਠੀਕ ਐ ਸਰਕਾਰ।'

ਕਈ ਵਾਰ ਉਹਨੂੰ ਆਪਣੇ ਆਪ ਤੇ ਗਿਲਾਨੀ ਆਉਣ ਲੱਗਦੀ। ਆਪਣੇ ਦਿਮਾਗ ਤੋਂ ਵੀ ਕਾਣਤ ਜਿਹੀ ਆਉਂਦੀ। 'ਮੇਰੇ ਤੇ ਕਾਲ ਗਰਲ ਵਿਚ ਭਲਾ ਕੀ ਫਰਕ ਹੋਇਆ। ਉਹ ਇਕੋ ਬੁਲਾਵੇ ਤੇ ਚਾਰ ਕੌਡਾਂ ਬਦਲੇ ਬੜੇ ਪਿਆਰ ਨਾਲ ਆਪਣਾ ਸਰੀਰ ਵੇਚ ਦਿੰਦੀ ਏ ਤੇ ਮੈਂ ਬੜੇ ਸਤਿਕਾਰ ਨਾਲ ਆਪਣਾ ਦਿਮਾਗ।'

*ਮਈ-1978*

## ਆਖਿਰ ਹੜਤਾਲ ਹੋ ਗਈ/ਸੁਰਿੰਦਰ ਕੈਲੇ

ਨਿੱਤ ਦੀ ਵਧਦੀ ਮਹਿੰਗਾਈ ਨੇ ਕਾਮਿਆਂ ਦਾ ਲੱਕ ਤੋੜ ਦਿੱਤਾ। ਦੋ ਵੇਲੇ ਦੀ ਰੋਟੀ ਵੀ ਕਈ ਵਾਰੀ ਨਾ ਜੁੜਦੀ। ਪਾਣੀ ਗਲ ਤਕ ਆ ਗਿਆ ਪਰ ਉਨਾਂ ਦੀ ਸੁਣਵਾਈ ਕੋਈ ਨਾ ਹੋਈ।ਇਸ ਵਾਰੀ ਯੂਨੀਅਨ ਨੇ ਤਕੜੇ ਹੋ ਕੇ ਇਸ ਮਸਲੇ ਨੂੰ ਹੱਥ ਪਾਇਆ ਤੇ ਕਈ ਵਾਰੀ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਪਰ ਪ੍ਰਬੰਧਕਾਂ ਵੱਲੋਂ ਫੋਕੀ ਹਮਦਰਦੀ ਤੋਂ ਬਿਨਾਂ ਕੁਝ ਨਾ ਮਿਲਿਆ ਤੇ ਆਖਿਰ ਹੜਤਾਲ ਹੋ ਗਈ।

ਇਹ ਹੜਤਾਲ ਪਹਿਲੀ ਹੜਤਾਲ ਨਾਲੋਂ ਵੱਖਰੀ ਸੀ। ਪਿਛਲੇ ਦੋ ਵਾਰੀ ਇਕ ਰਾਜਨੀਤਿਕ ਪਾਰਟੀ ਦੇ ਝੰਡੇ ਥੱਲੇ ਹੜਤਾਲ ਫੇਲ੍ਹ ਹੋ ਚੁੱਕੀ ਸੀ ਕਿਉਂਕਿ ਦੋਵੇਂ ਵਾਰੀ

ਰਾਜਨੀਤਿਕ ਪਾਰਟੀ ਯੂਨੀਅਨ ਦੇ ਲੀਡਰਾਂ ਨੇ ਪ੍ਰਬੰਧਕਾਂ ਨਾਲ ਕੁਝ ਅਜਿਹੇ ਫੈਸਲੇ ਕੀਤੇ ਸਨ ਜਿਨ੍ਹਾਂ ਨਾਲ ਕਾਮਿਆਂ ਨੂੰ ਲਾਭ ਦੀ ਥਾਂ ਹਾਨੀ ਹੋਈ ਸੀ। ਪਿਛਲੀ ਹੜਤਾਲ ਨਾਲ ਭਾਵੇਂ ਬੋਨਸ ਸੌ ਰੁਪਏ ਮਜਦੂਰ ਵਧ ਗਿਆ ਸੀ ਪਰ ਇਸਦੇ ਨਾਲ ਇਕ ਹੋਰ ਸ਼ਰਤ ਲੱਗ ਗਈ ਸੀ ਕਿ ਪ੍ਰਬੰਧਕ ਕਿਸੇ ਵੀ ਕਾਮੇ ਨੂੰ ਪੰਦਰਾਂ ਦਿਨਾਂ ਦਾ ਨੋਟਿਸ ਜਾ ਤੀਹ ਦਿਨਾਂ ਦੀ ਤਨਖਾਹ ਦੇ ਕੇ ਕੱਢ ਸਕਦੇ ਹਨ। ਇਸ ਸ਼ਰਤ ਅਧੀਨ  ਉਹ ਕਿਸੇ ਵੀ ਅਜਿਹੇ ਕਾਮੇ ਨੂੰ ਨੌਕਰੀ ਤੋਂ ਹਟਾ ਸਕਦੇ ਹਨ ਜਿਸਦਾ ਕੰਮ ਪ੍ਰਬੰਧਕਾਂ ਨੂੰ ਤਸੱਲੀਬਖਸ਼ ਨਾ ਲੱਗੇ। ਰਾਜਨੀਤਿਕ ਪਾਰਟੀ ਦੀ ਮਜ਼ਦੂਰ ਯੂਨੀਅਨ ਦੇ ਇਸ ਫੈਸਲੇ ਨਾਲ ਕਈ ਕਾਮੇ ਕੰਮੋਂ ਹਟਾਏ ਗਏ ਜਿਸ ਨਾਲ ਮਜ਼ਦੂਰਾਂ 'ਚ ਚਿੰਤਾ ਦੀ ਲਹਿਰ ਦੌੜ ਗਈ।

ਜਬਰੀ ਨੌਕਰੀ ਤੋਂ ਹਟਾਏ ਜਾਣ ਤੋਂ ਰੋਕਣ ਲਈ ਇਸ ਵਾਰੀ ਕਾਮਿਆਂ ਨੇ ਆਪਣੀ ਅੱਡਰੀ ਯੂਨੀਅਨ ਬਣਾ ਲਈ, ਜਿਸਦਾ ਸਿਹਰਾ ਹਰੀਪਾਲ ਦੇ ਸਿਰ ਹੈ ਤੇ ਉਸੇ ਦੀ ਪ੍ਰਧਾਨਗੀ ਹੇਠ ਇਹ ਹੜਤਾਲ ਹੋਈ ਹੈ। ਪੂਰਾ ਮਹੀਨਾ ਲੰਘ ਗਿਆ ਹੈ ਕਿ ਪ੍ਰਬੰਧਕ ਅੜੇ ਹੋਏ ਹਨ। ਪਹਿਲੀ ਰਾਜਨੀਤਕ ਪਾਰਟੀ ਦੀ ਮਜ਼ਦੂਰ ਯੂਨੀਅਨ ਨੇ ਕਈ ਵਾਰ ਕੋਸ਼ਿਸ਼ ਕੀਤੀ ਹੈ ਹੜਤਾਲ ਨੂੰ ਆਪਣੇ ਹੱਥ ਵਿਚ ਲੈਣ ਦੀ ਤੇ ਕਈ ਹੱਥ ਕੰਡੇ ਵਰਤੇ ਹਨ ਮਜਦੂਰਾਂ 'ਚ ਫੁੱਟ ਪਾਉਣ ਦੇ ਪਰ ਕਾਮੇ ਕਿਸੇ ਦੇ ਹੱਥ ਦੀ ਕਠਪੁਤਲੀ ਨਹੀਂ ਬਣੇ ਤੇ ਹਰੀਪਾਲ ਦੀ ਅਗਵਾਈ ਵਿਚ ਜਿੱਤ ਯਕੀਨੀ ਜਾਪਦੀ ਹੈ।

ਦੁਪਹਿਰੇ ਮਿੱਲ ਦਾ ਮੈਨੇਜਰ ਆਉਂਦਾ ਹੈ। ਉਹ ਸਿੱਧਾ ਕਿਸੇ ਵੱਡੇ ਅਫਸਰ ਨੂੰ ਮਿਲਕੇ ਆ ਰਿਹਾ ਹੁੰਦਾ ਹੈ ਤਾਂ ਜੋ ਮਿੱਲ 'ਚ ਭੜਕਾਊ ਹਾਲਤ ਕਾਬੂ ਵਿਚ ਰੱਖੇ ਜਾ ਸਕਣ। ਮੈਨੇਜਰ ਨੂੰ ਦੇਖਦਿਆਂ ਹੀ ਚੌਗਿਰਦਾ ਨਾਹਰਿਆਂ ਨਾਲ ਗੂੰਜ ਉਠਦਾ ਹੈ:

ਤਨਖਾਹ ਵਧਾਓ, ਬੋਨਸ ਵਧਾਓ:

ਮਜ਼ਦੂਰ ਦੇਸ਼ ਦੀ ਜਾਨ ਹੁੰਦੇ ਹਨ।

ਰੋਟੀ ਲਈ ਘੋਲ, ਹੱਕੀ ਹੈ।

ਮਜ਼ਦੂਰ ਏਕਤਾ, ਜ਼ਿੰਦਾਬਾਦ। ਹਰੀਪਾਲ, ਜ਼ਿੰਦਾਬਾਦ...।

ਹਰੀਪਾਲ ਦਾ ਚਿਹਰਾ ਪੂਰੇ ਜੋਸ਼ 'ਚ ਹੈ ਤੇ ਉਸਨੂੰ ਜਿੱਤ ਦਾ ਪੂਰਾ ਵਿਸ਼ਵਾਸ਼। ਕਾਮੇ ਦਰਵਾਜੇ 'ਚ ਖੜਕੇ ਰਸਤਾ ਬੰਦ ਕਰ ਦਿੰਦੇ ਹਨ ਤੇ ਕਾਰ ਦਾ ਘੇਰਾਓ ਕਰ ਲੈਂਦੇ ਹਨ। ਪੁਲੀਸ ਘੇਰਾਓ ਤੋੜ ਕੇ ਮੈਨੇਜਰ ਦੀ ਕਾਰ ਅੰਦਰ ਲੰਘਾ ਦਿੰਦੀ ਹੈ ਤੇ ਲਾਠੀ ਚਾਰਜ਼ ਸ਼ੁਰੂ ਹੋ ਜਾਂਦਾ ਹੈ। ਅੰਦਰੋਂ ਗੋਲੀ ਚੱਲਦੀ ਹੈ, ਪੁਲੀਸ ਹਵਾਈ ਫਾਇਰ ਕਰਦੀ ਹੈ। ਭਗਦੜ ਮਚ ਜਾਂਦੀ ਹੈ। ਬਹੁਤੇ ਜ਼ਖ਼ਮੀ ਹੁੰਦੇ ਹਨ, ਕਈ ਮਰਦੇ ਹਨ। ਮਰਨ ਵਾਲਿਆਂ 'ਚ ਹਰੀਪਾਲ ਵੀ ਹੈ।

--

ਉਸੇ ਦਿਨ ਦੀ ਰਾਤ ਨੂੰ ਮਿੱਲ ਦਾ ਮੈਨੇਜਰਉਸੇ ਵੱਡੇ ਪੁਲੀਸ ਅਫਸਰ ਨਾਲ ਵਿਸਕੀ

ਪੀ ਰਿਹਾ ਹੁੰਦਾ ਹੈ।

'ਠੀਕ ਹੋ ਗਿਆ ਨਾ ਸਭ ਕੁਝ? ਨਾ ਰਹੂ ਬਾਂਸ ਤੇ ਨਾ ਬਜੂ ਬੰਸਰੀ।'

'ਹਾਂ.....ਹਾਂ......ਬਿਲਕੁਲ।' ਮੈਨੇਜਰ ਮੁਸਕ੍ਰਾਉਂਦਾ ਹੈ।

ਅਗਲੇ ਦਿਨ ਅਖਬਾਰ ਵਿਚ ਖਬਰ ਛਪਦੀ ਹੈ-

ਭੜਕੇ ਹੜਤਾਲੀ ਕਾਮਿਆਂ ਨੇ ਮਿੱਲ ਨੂੰ ਅੱਗ ਲਾਉਣੀ ਚਾਹੀ, ਇਸ ਤੇ ਪੁਲੀਸ ਨੂੰ ਲਾਠੀ ਚਾਰਜ ਤੇ ਗੋਲੀ ਚਲਾਉਣੀ ਪਈ। ਇਕ ਕਾਮਾ ਮਾਰਿਆ ਗਿਆ ਤੇ ਕਈ ਜ਼ਖ਼ਮੀ ਹੋਏ। ਜ਼ਖਮੀਆਂ ਵਿਚ ਕਈ ਪੁਲਸੀਏ ਵੀ ਸਨ।

*ਜੂਨ, ਜੁਲਾਈ-1978*

# ਸੂਹੇ ਫੂੱਲ/ਪ੍ਰੋ. ਸੁਰਿੰਦਰ ਕੌਰ

ਪੋਹ ਦੀ ਠੰਡੀ ਸੀਤ ਰਾਤ, ਬੈਠੇ 2 ਜਿਸਮ ਨੂੰ ਸੁੰਨ ਚੜ੍ਹ ਰਿਹਾ ਹੈ। ਅੱਜ ਇਹ ਨਿਸਚਾ ਕਰ ਕੇ ਬੈਠੀ ਹਾਂ ਕਿ ਕਈਆਂ ਦਿਨਾਂ ਤੋਂ ਚਲੀ ਆ ਰਹੀ ਅਧੂਰੀ ਕਹਾਣੀ ਪੂਰੀ ਕਰਨੀ ਹੈ। ਪਰ ਬੈਠਿਆਂ ਚਾਰ ਘੰਟੇ ਤੋਂ ਵੀ ਵੱਧ ਸਮਾਂ ਬੀਤ ਚੱਲਿਆ ਹੈ। ਅਜੇ ਤੱਕ ਇਕ ਹਰਫ ਵੀ ਅੱਗੇ ਨਹੀਂ ਲਿਖਿਆ ਗਿਆ, ਨਜ਼ਰ ਸਾਹਮਣੇ ਪਏ ਕੋਰੇ ਕਾਗਜ਼ਾਂ ਤੇ ਗੱਡੀ ਪਈ ਹੈ। ਮੇਰੀ ਕਹਾਣੀ ਦੀ ਨਾਇਕਾ ਇਕ ਅਜੀਬ ਹਾਲਤ ਵਿਚ ਫਸੀ ਫਟਕ ਰਹੀ ਹੈ, ਜਿੰਦਗੀ ਤੋਂ ਤੰਗ ਆ ਬਾਰ ਬਾਰ ਉਸਦੀ ਸੋਚ ਆਤਮਘਾਤ ਤੇ ਆਣ ਮੁਕਦੀ ਹੈ, ਮੇਰੇ ਦਿਲ ਨੂੰ ਡੋਬੂ ਪੈ ਰਹੇ ਹਨ।

ਠੱਕ-ਠੱਕ ਠੱਕ ਦਰਵਾਜੇ ਤੋਂ ਦਸਤਕ ਸੁਣ ਮੈਂ ਝਬਕ ਪੈਂਦੀ ਹਾਂ, ਵਿਚਾਰ ਲੜੀ ਟੁੱਟਦੀ ਹੈ। ਇਸ ਕਾਲੀ ਬੋਲੀ ਕਕਰੀਲੀ ਰਾਤ 'ਚ ਕੌਣ? ਦਰਵਾਜ਼ਾ ਖੋਹਲਦੀ ਹਾਂ, 'ਪੰ....ਮੀ...ਤੂੰ।' 'ਹਾਂ ਮੈਂ...ਕੁਝ ਦਿਨ ਹੋਏ ਵਿਦੇਸ਼ ਤੋਂ ਵਾਪਸ ਆਈ ਹਾਂ।' ਗੱਲਾਂ ਦਾ ਸਿਲਸਿਲਾ ਚੱਲਦਾ ਹੈ। ਮੈਂ ਸੁਣਿਆਂ ਕਿ ਤੇਰੇ ਖਾਵੰਦ ਨੇ....।' ਉਹ ਮੇਰੀ ਗੱਲ ਵਿੱਚੋਂ ਹੀ ਟੋਕ ਕੇ ਬੋਲ ਪੈਂਦੀ ਹੈ, 'ਹਾਂ! ਤੂੰ ਠੀਕ ਸੁਣਿਐ...ਮੈਂ ਹੁਣ ਆਪਣੇ ਖਾਵੰਦ ਦੇ ਘਰ ਨਹੀਂ ਰਹਿੰਦੀ....ਉਸ ਦੂਸਰੀ ਸ਼ਾਦੀ ....ਸ਼ਾਇਦ ਮੈਂ ਕਦੋਂ ਦੀ ਮਰ....।' ਉਹਦਾ ਗਲ ਭਰ ਆਇਆ ਹੈ। ਸ਼ਾਇਦ ਅਤੀਤ ਦੀ ਯਾਦ ਤਾਜ਼ਾ ਹੋ ਜਾਣ ਤੇ। '....ਪਰ....ਪ....ਰ...ਮੈਂ ਮਰੀ ਨਹੀਂ .....ਪੜ੍ਹਾਈ ਕੀਤੀ.....ਦਿਨੇ ਫੈਕਟਰੀ 'ਚ ਕੰਮ ਕਰਦੀ, ਨਾਈਟ ਕਲਾਸਾਂ ਅਟੈਂਡ ਕਰਦੀ। ਅੱਜ ਮੈਂ ਲੰਡਨ ਦੇ ਇਕ ਹਸਪਤਾਲ ਵਿਚ ਡਾਕਟਰ ਹਾਂ...।' ਉਸਦਾ ਚਿਹਰਾ ਸੂਹੇ ਫੁੱਲ ਵਾਂਗ ਟਹਿਕ ਪਿਆ।

ਰਾਤ ਅੱਧੀ ਤੋਂ ਵੱਧ ਬੀਤ ਚੁੱਕੀ ਹੈ। ਪੰਮੀ ਕਦੋਂ ਦੀ ਜਾ ਚੁੱਕੀ ਹੈ। ਮੇਰੀ ਕਲਮ ਤੇਜੀ ਨਾਲ ਚਲ ਰਹੀ ਹੈ। ਕੋਰੇ ਸਫੇ ਭਰਦੇ ਜਾ ਰਹੇ ਹਨ।

*ਜੂਨ, ਜੁਲਾਈ-1978*

## ਇੱਕ ਸਵਾਲ/ਕਿਰਨਜੀਤ ਗਿੱਲ

26 ਜਨਵਰੀ ਦੀ ਸੁਹਾਣੀ ਸਵੇਰ ਸੀ। ਕਾਲਜੋਂ ਛੁੱਟੀ ਹੋਣ ਕਾਰਨ ਮੈਂ ਕਾਫੀ ਦਿਨ ਚੜ੍ਹੇ ਤੱਕ ਵੀ ਰਜਾਈ ਦਾ ਨਿੱਘ ਮਾਣ ਰਹੀ ਸੀ। ਕੋਲ ਪਏ ਰੇਡੀਓ ਤੇ ਦੇਸ਼ ਪਿਆਰ ਦੇ ਗੀਤ ਚੱਲ ਰਹੇ ਸਨ। ਮੈਂ ਵੀ ਇਸੇ ਖੁਮਾਰ ਵਿਚ ਹੁਣੇ ਆ ਚੁੱਕੇ ਇਕ ਨੇਤਾ ਦੇ ਭਾਸ਼ਣ ਬਾਰੇ ਸੋਚ ਰਹੀ ਸੀ। ਸੱਚ ਮੁੱਚ ਹੀ ਕਿੰਨੀ ਤਰੱਕੀ ਕੀਤੀ ਹੈ ਮੇਰੇ ਦੇਸ਼ ਨੇ, 'ਅੱਜ ਦਾ ਦਿਨ ਹਰ ਭਾਰਤਵਾਸੀ ਲਈ ਮਾਣ ਦਾ ਦਿਨ ਹੈ' , ਨੇਤਾ ਜੀ ਦੇ ਸ਼ਬਦ ਮੇਰੇ ਕੰਨਾ 'ਚ ਗੂੰਜ ਰਹੇ ਸਨ।

'ਸਾਗ ਲੈ ਲੋ ਸਾਗ' , ਅਚਾਨਕ ਬਾਹਰੋਂ ਸਾਗ ਵਾਲੀ ਦੀ ਅਵਾਜ਼ ਆਈ ਅਤੇ ਨਾਲ ਹੀ ਰਸੋਈ ਵੱਲੋਂ ਬੀਜੀ ਨੇ ਮੈਨੂੰ ਸਾਗ ਲਿਆਉਣ ਲਈ ਆਖਿਆ।

'ਹੂੰ, ਅੱਜ ਤਾਂ 26 ਜਨਵਰੀ ਹੈ ਅਤੇ ਇਹ ਸਵੇਰੇ ਸਾਗ ਵੀ ਲੈ ਕੇ ਆ ਗਈ।' ਬੁੜਬੜਾਂਦੀ ਮੈਂ ਬਾਹਰ ਨੂੰ ਤੁਰ ਪਈ।

ਸਾਗ ਵਾਲੀ ਨੂੰ ਮੈਂ ਅਵਾਜ ਮਾਰ ਕੇ ਸਾਗ ਤੋਲਣ ਲਈ ਆਖਿਆ। ਸਾਗ ਤੋਲਦਿਆਂ ਤੋਲਦਿਆਂ ਹੀ ਉਸਨੇ ਮੈਨੂੰ ਪੁੱਛਿਆ, 'ਕਿਉਂ ਬੀਬੀ ਅੱਜ ਸਕੂਲੇ ਨਹੀਂ ਗਈ?'

'ਨਹੀਂ ਅੱਜ ਤਾਂ ਸਾਨੂੰ ਛੁੱਟੀ ਹੈ। ਅੱਜ 26 ਜਨਵਰੀ ਹੈ।' ਮੈਂ ਜਵਾਬ ਦਿੱਤਾ।

'ਬੀਬੀ ਇਹ ਕਿਹੜਾ ਗੁਰਪੁਰਬ ਹੈ?'

ਨੇਤਾ ਜੀ ਦੇ ਬੋਲ ਅਤੇ ਸਾਗ ਵਾਲੀ ਦਾ ਸਵਾਲ ਮੇਰੇ ਦਿਮਾਗ ਵਿਚ ਚੱਕਰ ਲਾ ਰਹੇ ਸਨ।

*ਜੂਨ, ਜੁਲਾਈ-1978*

## ਚਿੱਤਰ/ਗੁਰਮੇਲ ਮਡਾਹੜ

ਜਦ ਦਾ ਉਸਨੂੰ ਰਸਾਲਾ ਮਿਲਿਆ ਸੀ, ਉਦੋਂ ਤੋਂ ਹੀ ਉਹ ਉਸਦੇ ਮੁਖ ਚਿੱਤਰ ਨੂੰ ਦੇਖਦਾ ਰਿਹਾ ਸੀ। ਕਿੰਨਾ ਸੋਹਣਾ ਚਿੱਤਰ ਹੈ, ਉਸ ਸੋਚਿਆ ਤੇ ਉਹਦੀ ਨਿਗਾਹ ਆਪਣੇ ਕਮਰੇ ਦੀ ਖਾਲੀ ਦੀਵਾਰ ਤੇ ਚਲੀ ਗਈ। ਉਸਨੂੰ ਇਕ ਸੋਹਣੇ ਜਿਹੇ ਫਰੇਮ ਵਿਚ ਜੜਿਆ ਚਿੱਤਰ ਦੀਵਾਰ ਤੇ ਲਟਕਦਾ ਪ੍ਰਤੀਤ ਹੋਇਆ। ਤੇ ਕਮਰਾ ਸੋਹਣਾ-2 ਲੱਗਣ ਲੱਗ ਪਿਆ। ਫੇਰ ਉਸਦਾ ਹੱਥ ਆਪਣੀ ਜੇਬ ਵਿਚ ਚਲਿਆ ਗਿਆ। ਸਿਰਫ ਢਾਈ ਰੁਪਏ ਸਨ ਉਸਦੀ ਜੇਬ ਵਿੱਚ। ਉਹਦੀ ਚੇਤਨਾ ਪਰਤੀ। ਨਿਗਾਹ ਕੈਲੰਡਰ ਤੇ ਚਲੀ ਗਈ। ਮਹੀਨੇ ਦੀ 27 ਤਰੀਖ ਹੋ ਗਈ ਸੀ। ਤਨਖਾਹ ਮਿਲਣ ਵਿਚ ਅਜੇ 4 ਦਿਨ ਬਾਕੀ ਸਨ।

' ਜੇ ਕਿਸੇ ਚੀਜ ਦੀ ਲੋੜ ਪੈ ਗਈ?' ਉਸਦੇ ਦਿਮਾਗ ਵਿਚ ਸਵਾਲ ਉੱਕਰ ਆਇਆ।

'ਚਲੋ ਦੇਖੀ ਜਾਏ ਗੀ' ਦਿਲ ਨੇ ਉੱਤਰ ਦਿੱਤਾ।

ਫੇਰ ਉਹ ਰਸਾਲੇ ਤੋਂ ਚਿੱਤਰ ਪਾੜਕੇ ਬਜ਼ਾਰ ਜਾਣ ਲਈ ਤਿਆਰ ਹੋ ਗਿਆ। ਉਸਦੀ

ਤਿਆਰੀ ਦੇਖ ਕੇ ਸ੍ਰੀਮਤੀ ਨੇ ਪੁੱਛਿਆ, ਬਜਾਰ ਚਲੇਓ?'

'ਆਹੋ....। ਕੀ ਗੱਲ?'

'ਗੱਲ ਕੀ, ਲੱਕੜਾਂ ਤੇ ਗੁੜ ਮੁੱਕ ਗਿਐ, ਆਉਂਦੇ ਹੋਏ ਲੈਂਦੇ ਹੀ ਆਉਣਾ।'

ਪਤਨੀ ਦੀ ਗੱਲ ਸੁਣਕੇ ਉਹਨੇ ਅਗਲੇ ਮਹੀਨੇ ਚਿੱਤਰ ਫਰੇਮ ਕਰਾਉਣ ਦੀ ਸੋਚੀ ਪਰ ਇਕ ਮਿੰਟ ਵਿਚ ਹੀ ਉਹਦੇ ਕਲੱਰਕ ਦਿਮਾਗ ਨੇ ਅਗਲੇ ਸਾਰੇ ਮਹੀਨੇ ਦਾ ਹਿਸਾਬ ਕਰ ਦਿੱਤਾ ਤੇ ਉਸ ਨੇ ਆਟਾ ਭਿਉਂ ਕੇ ਚਿੱਤਰ ਕਮਰੇ ਦੀ ਦੀਵਾਰ ਨਾਲ ਆਉਣ ਵਾਲੇ ਚੰਗੇ ਸਮੇਂ ਵਿਚ ਫਰੇਮ ਕਰਾਉਣ ਦੀ ਆਸ ਤੇ ਛੱਡਕੇ, ਚਿਪਕਾ ਦਿੱਤਾ।

*ਜੂਨ, ਜੁਲਾਈ-1978*

## ਦੁਰਘਟਨਾ/ਸੁਲਖੱਣ ਮੀਤ

ਵੇਖਦਿਆਂ ਵੇਖਦਿਆਂ ਹੀ ਦੁਰਘਟਨਾ ਹੋ ਗਈ ਸੀ।

ਜਖਮੀ ਭਈਏ ਨੂੰ ਲੋਕਾਂ ਨੇ ਹੱਥੋ ਹੱਥੀਂ ਸਾਂਭ ਲਿਆ ਸੀ।

ਅੱਧ ਨੰਗਾ ਭਈਆ ਖੜਾ ਹੋ ਕੇ ਆਪਣੇ ਖਿੰਡੇ ਪੁੰਡੇ ਰਿਕਸ਼ੇ ਵੱਲ ਵੇਖ ਰਿਹਾ ਸੀ। ਭੀੜ ਵਿੱਚੋਂ ਕਿਸੇ ਨੇ ਦਿਲਾਸਾ ਦਿੱਤਾ- ਰਿਕਸ਼ੇ ਦਾ ਕੋਈ ਨੀ ਤੇਰੀ ਜਾਨ ਬਚ ਗਈ।

ਹਾਂ; ਭਈਏ ਨੇ ਹੌਂਸਲੇ ਨਾਲ ਕਿਹਾ ਸੀ।

ਜਿਉਂ ਹੀ ਭਈਏ ਦੀ ਨਜ਼ਰ ਆਪਣੇ ਪਾਟੇ ਕੱਪੜਿਆਂ ਤੇ ਪਈ ਤਾਂ ਉਸਦੀ ਧਾਅ ਨਿਕਲ ਗਈ। 'ਹਾਏ ਭਈਆ! ਮੇਰੇ ਤੋਂ ਸਾਰੇ ਕਪੜੇ ਫਟ ਗਏ ਹੈਂ, ਅਬ ਮੈਂ ਕਿਆ ਕਰੂੰਗਾ?'

ਲੋਕ ਜਿਹੜੇ ਹੁਣ ਤੀਕ ਬੜੇ ਗੰਭੀਰ ਸਨ, ਭਈਏ ਦੀ ਗੱਲ ਸੁਣ ਕੇ 'ਹਿੜ ਹਿੜ' ਕਰ ਉੱਠੇ। ਪਰ ਭੀੜ 'ਚੋਂ ਕੋਈ ਬੜਬੜਾਇਆ ਸੀ- ਗਰੀਬ ਦੀ ਸਭ ਤੋਂ ਪਿਆਰੀ ਚੀਜ਼ ਲੀੜੇ ਹੀ ਤਾਂ ਹੁੰਦੇ ਨੇ।

ਭੀੜ ਤੁਰ ਗਈ ਸੀ। ਭਈਆ ਅਜੇ ਵੀ ਆਪਣੇ ਕੱਪੜਿਆਂ ਵੱਲ ਵੇਖ ਕੇ ਡੁਸਕੀ ਜਾ ਰਿਹਾ ਸੀ।

*ਜੂਨ, ਜੁਲਾਈ-1978*

## ਐਮਰਜੈਂਸੀ/ਰਣਜੀਤ ਸਿੰਘ ਮੰਡੇਰ ਐਮ.ਏ.

ਬੱਸ ਖਚਾ ਖਚ ਭਰੀ ਹੋਈ ਸੀ। ਕੰਡਕਟਰ ਪੈਸੇ ਲੈ ਲੈ ਹੋਰ ਸਵਾਰੀਆਂ ਅੰਦਰ ਧੱਕੀ ਜਾ ਰਿਹਾ ਸੀ ਤੇ ਕਹੀ ਜਾ ਰਹਾ ਸੀ, 'ਉਏ ਅਗੇ ਹੋ ਜੋ ਨੇੜੇ-2 ਬਥੇਰਾ ਵਿਹੜਾ ਪਿਆ ਹੈ।' ਅਗਲੇ ਅੱਡੇ ਤੱਕ ਹੀ ਕਿਸੇ ਸਵਾਰੀ ਨੂੰ ਟਿਕਟ ਨਹੀਂ ਸੀ ਦੇ ਰਿਹਾ ਤੇ ਜਿਆਦਾ ਸਵਾਰੀਆਂ ਅਗਲੇ ਅੱਡੇ ਦੀਆਂ ਹੀ ਸਨ।

ਕਈ ਸਵਾਰੀਆਂ ਘੁਸਰ ਮੁਸਰ ਕਰ ਰਹੀਆਂ ਸਨ ਕਿ ਨਵੀਂ ਲੱਗੀ ਐਮਰਜੈਂਸੀ ਦਾ

ਇਸਤੇ ਤਾਂ ਕੋਈ ਅਸਰ ਨਹੀਂ ਕੋਈ ਦੂਜਾ ਕਹਿ ਦੇਂਦਾ ਏਥੇ ਕੇੜ੍ਹਾ ਕੋਈ ਚੈਕਰ ਆਉਂਦਾ ਹੈ, ਪੰਦਰਾਂ ਮਿੰਟ ਦਾ ਤੇ ਰਸਤਾ ਹੈ। ਬਸ ਟੁਰ ਪਈ। ਅਜੇ ਕੁਛ ਹੀ ਦੂਰ ਗਈ ਸੀ ਕਿ ਬਸ ਨੂੰ ਚੈਕਰ ਨੇ ਖੜ੍ਹਾ ਕਰ ਲਿਆ ਅਤੇ ਵਿਚ ਆ ਗਿਆ। ਕੰਡਕਟਰ ਨੇ ਹੱਥ ਮਿਲਾਉਂਦਿਆਂ ਹੀ ਕਾਪੀ 'ਚ ਦਸ ਦਾ ਨੋਟ ਲਾ ਦਿੱਤਾ। ਚੈਕਰ ਨੇ ਖਾਲੀ ਕਾਪੀ ਮੋੜਦਿਆਂ ਕਿਹਾ, 'ਸ਼ਾਮ ਨੂੰ ਦਫਤਰ ਮਿਲੀ' ਅਤੇ ਹੇਠ ਉੱਤਰ ਗਿਆ ਜਿਨ੍ਹਾਂ ਸਵਾਰੀਆਂ ਨੇ ਨੋਟ ਦੇਖਿਆ ਸੀ, ਉਨ੍ਹਾਂ ਦੀਆਂ ਚੁਪ ਨਜ਼ਰਾਂ ਇਕ ਦੂਜੇ ਨੂੰ ਬੜਾ ਕੁਝ ਕਹਿ ਸੁਣ ਰਹੀਆਂ ਸਨ।

***ਜੂਨ, ਜੁਲਾਈ-1978***

# ਜਾਗਰਤੀ/ਸੁਰਜੀਤ ਸੂਦ

ਰਾਮੂ ਮਿਹਨਤੀ ਖੇਤ-ਕਾਮਾ ਸੀ। ਉਹ ਇਕ ਜ਼ਿੰਮੀਦਾਰ ਕੋਲ ਮਜ਼ਦੂਰੀ ਕਰਦਾ ਸੀ।

ਜਦੋਂ ਉਹ ਸਾਲ ਤੋਂ ਬਾਅਦ ਜ਼ਿਮੀਦਾਰ ਤੋਂ ਮਜ਼ਦੂਰੀ ਲੈਣ ਗਿਆ ਤਾਂ ਉਸਨੇ ਅੱਖਾਂ ਕੱਢ ਕੇ ਕਿਹਾ- ਮਜ਼ਦੂਰੀ....ਮੈਂ ਤਾਂ ਅੱਜ ਤੱਕ ਕਿਸੇ ਨੂੰ ਮਜ਼ਦੂਰੀ ਨਹੀਂ ਦਿੱਤੀ।

ਰਾਮੂ ਨੇ ਕਿਹਾ- ਮੈਂ ਤਾਂ ਅੱਜ ਤੱਕ ਆਪਣੀ ਮਜ਼ਦੂਰੀ ਕਿਸੇ ਕੋਲ ਛੱਡੀ ਨਹੀਂ...ਮੈਂ ਤਾਂ ਮਜ਼ਦੂਰੀ ਲੈ ਕੇ ਹੀ ਰਹਾਂਗਾ।

ਜ਼ਿੰਮੀਦਾਰ ਅੱਗ ਭਬੂਲਾ ਹੋ ਗਿਆ- ਜੇ ਜਿਆਦਾ ਗੱਲਾਂ ਕੀਤੀਆਂ ਤਾਂ ਗੋਲੀ ਮਾਰ ਦਿਆਂਗਾ।

ਜ਼ਿੰਮੀਦਾਰ ਨੇ ਆਪਣਾ ਪਿਸਤੌਲ ਕੱਢ ਲਿਆ।

ਰਾਮੂ ਹੱਸ ਪਿਆ।

ਜ਼ਿੰਮੀਦਾਰ ਹੈਰਾਨੀ ਨਾਲ ਬੋਲਿਆ- ਕੀ ਤੈਨੂੰ ਮੌਤ ਤੋਂ ਡਰ ਨਹੀਂ ਲੱਗਦਾ?

ਰਾਮੂ ਮੁਸਕਰਾ ਕੇ ਬੋਲਿਆ- ਨਹੀਂ...ਜੇ ਤੁਸੀਂ ਮਜ਼ਦੂਰੀ ਨਾ ਦਿੱਤੀ ਤਾਂ ਭੁੱਖਾ ਮਰ ਜਾਵਾਂਗਾ...ਜੇ ਤੁਹਾਡੀ ਗੋਲੀ ਨਾਲ ਮਰਿਆ ਤਾਂ ਮਜ਼ਦੂਰਾਂ 'ਚ ਜਾਗਰਤੀ ਪੈਦਾ ਹੋਏਗੀ।

ਜ਼ਿੰਮੀਦਾਰ ਬੋਲਿਆ... ਜਾਗਰਤੀ?

ਰਾਮੂੰ ਨੇ ਝਪਟਾ ਮਾਰ ਕੇ ਜ਼ਿੰਮੀਦਾਰ ਤੋਂ ਪਿਸਤੌਲ ਖੋਹ ਲਿਆ ਤੇ ਕਿਹਾ- ਮੇਰੀ ਮਜ਼ਦੂਰੀ ਦੇ...ਨਹੀਂ ਤਾਂ ਤੈਨੂੰ ਗੋਲੀ ਮਾਰ ਦਿਆਂਗਾ।

ਜ਼ਿੰਮੀਦਾਰ ਨੇ ਕੰਬਦੇ ਬੋਲਾਂ ਨਾਲ ਕਿਹਾ- ਮੈਂ ਮਜ਼ਦੂਰੀ ਜਰੂਰ ਦਿਆਂਗਾ।

ਰਾਮੂ ਨੇ ਕਿਹਾ- ਦਿਆਂਗਾ ਨਹੀਂ ਦੇ।

ਜ਼ਿੰਮੀਦਾਰ ਕੰਬਦੇ ਹੱਥਾਂ ਨਾਲ ਨੋਟ ਗਿਣਨ ਲੱਗ ਪਿਆ।

***ਅਗਸਤ-1978***

## ਸੰਘਰਸ਼ ਦੀ ਮੌਤ/ਜਗਤਾਰ ਦੀਪ

'ਮੇਰਾ ਇਹ ਦੋਸਤ ਵੀ ਸਾਹਿਤਕ ਮੱਸ ਰੱਖਦਾ ਹੈ।' ਮੇਰੇ ਨਾਲ ਮੁਲਾਕਾਤ ਕਰਾਉਂਦਿਆਂ, ਉਸ ਆਖਿਆ।

'ਅੱਜ ਕੱਲ ਫਿਰ ਕੀ ਕਰ ਰਹੇ ਹੋ?' ਆਪਣਾ ਸੱਜਾ ਹੱਥ ਉਹਦੇ ਵਲ ਵਧਾਉਂਦਿਆਂ, ਮੈਂ ਪੁੱਛਿਆ।

ਕੁਝ ਲੰਮੀਆਂ ਕਹਾਣੀਆਂ ਲਿਖੀਆਂ ਹਨ। ਇਕ ਨਾਟਕ ਵੀ ਸ਼ੁਰੂ ਕਰ ਰੱਖਿਆ ਹੈ। ਉਂਝ ਹੁਣ ਤਾਂ ਸੇਖੋਂ ਦੀਆਂ ਕਹਾਣੀਆਂ, ਅਨੁਵਾਦ ਕਰ ਰਿਹਾ ਹਾਂ। ਪਰ ਬਾਅਦ ਵਿਚ ਨਾਵਲ ਵੀ ਲਿਖਾਂਗਾ।'

ਬੜੇ ਮੋਹ ਨਾਲ ਮੇਰਾ ਹੱਥ ਘੁੱਟਦਿਆਂ ਉਸ ਆਖਿਆ।

ਮੇਰੇ ਅੰਦਰੋਂ ਖਚਰੀ ਜਿਹੀ ਹਾਸੀ ਡੁਲਦਿਆਂ ਡੁਲਦਿਆਂ ਮਸਾਂ ਹੀ ਬਚੀ। ਮੈਨੂੰ ਯਾਦ ਆਇਆ, ਸਾਹਿਤ ਰਚਨ ਦਾ ਕੀੜਾ ਜਦ ਦਿਮਾਗ ਵਿਚ ਪ੍ਰਵੇਸ਼ ਕਰਦਾ ਹੈ ਤਾਂ ਹਰ ਕੋਈ ਇੰਝ ਹੀ ਸੋਚਦਾ ਹੈ।

ਖੁਦ ਤੇ ਕਾਬੂ ਕਰਦਿਆਂ ਮੈਂ ਆਖਿਆ। ਕਦੀ ਕਦਾਈਂ ਮਿਲਦੇ ਰਿਹਾ ਕਰੋ।'

'ਜ਼ਰੂਰ, ਹੁਣ ਤਾਂ ਮਿਲਿਆ ਹੀ ਕਰਾਂਗੇ।ਉਸ ਆਖਿਆ। ਕੋਈ ਮਹੀਨਾ ਕੁ ਬਾਅਦ ਉਹ ਮੈਨੂੰ ਉਸੇ ਸ਼ਹਿਰ ਦੇ ਪੁਲ ਤੋਂ ਲੰਘਦਾ ਮਿਲ ਗਿਆ। ਮੈਂ ਫਿਰ ਉਹੀ ਸਵਾਲ ਕੀਤਾ।

'ਫਿਰ ਕੀ ਲਿਖਿਆ ਜਾ ਰਿਹਾ ਹੈ?'

'ਹੁਣ ਮੈਂ ਲਿਖਣਾ ਛੱਡ ਦਿੱਤਾ ਹੈ।' ਉਸ ਤੋੜ ਜੁਆਬ ਦਿੱਤਾ।

'ਕਿਉਂ?' ਮੈਨੂੰ ਜਿਵੇਂ ਝਟਕਾ ਲੱਗਾ।

'ਅੱਜ ਕਲ ਮੈਂ ਪੁਲੀਸ ਦੀ ਨੌਕਰੀ ਕਰ ਲਈ ਹੈ।

***ਅਗਸਤ-1978***

## ਦੁਰਾਹੇ ਤੇ/ਪ੍ਰੋ. ਅਜਮੇਰ ਸਿੰਘ ਔਲਖ

ਉਹ ਦੁਰਾਹੇ ਤੇ ਖੜਾ ਸੀ...ਇਕ ਰਾਹ ਉਸਦੇ ਸੱਜੇ ਜਾਂਦਾ ਸੀ ਤੇ ਦੂਜਾ ਖੱਬੇ। ਸਾਹਮਣੇ ਦੂਰ ਬਹੁਤ ਦੂਰ ਉਹਦੀ ਮੰਜ਼ਿਲ ਸੀ। ਉਸਨੇ ਫੈਸਲਾ ਕਰਨਾ ਸੀ ਕਿ ਉਹ ਸੱਜੇ ਤੁਰੇ ਜਾਂ ਖੱਬੇ?

ਸੱਜਾ ਰਾਹ ਸਾਵਾ- ਪੱਧਰਾ ਸੀ। ਦੋਹੀਂ ਪਾਸੀਂ ਬਾਗ-ਬਗੀਚੇ ਉੱਚੀਆਂ ਤੇ ਮਨਮੋਹਨੀਆਂ ਇਮਾਰਤਾਂ, ਸੁੰਦਰ ਔਰਤਾਂ ਦੇ ਸੁੰਦਰ ਹਾਸੇ, ਫਰਰ ਫਰਰ ਉਡਦੀਆਂ ਕਾਰਾਂ, ਸ਼ਾਹ ਬੱਘੀਆਂ ਚਾਂਦੀ ਦੀ ਛਣਕਾਰ।

ਖੱਬਾ ਰਾਹ, ਉਘੜ-ਦੁਘੜਾ, ਉੱਚਾ-ਨੀਵਾਂ ਟੇਢਾ, ਟੋਏ-ਟਿੱਬੇ, ਖਾਈਆਂ-ਖੱਭੇ, ਭਿਆਨਕ-ਖੱਡਾਂ, ਹਰ ਮੋੜ ਤੇ ਸੂ ਮੌ, ਥਾਂ ਥਾਂ ਸੂਲੀਆਂ ਤੇ ਉਨ੍ਹਾਂ ਨਾਲ ਲਮਕਦੇ ਈਸਾ ਮਨਸੂਰ ਤੇ ਭਗਤ

ਸਿੰਘ।

ਉਸ ਸੋਚਿਆ ਸੱਜੇ ਰਾਹ ਹੀ ਚਲਦੇ ਹਾਂ। ਤੁਰ ਪਿਆ। ਪੈਰ ਰੱਖਣ ਤੋਂ ਪਹਿਲਾਂ ਉਸ ਨੂੰ ਦੋ ਥਾਲ ਭੇਟ ਕੀਤੇ ਗਏ। ਇੱਕ ਚਾਂਦੀ ਦੇ ਰੁਪਿਆਂ ਨਾਲ ਭਰਿਆ ਹੋਇਆ ਤੇ ਦੂਜਾ ਖਾਲੀ ਥਾਲ ਕਿਸ ਮਤਲਬ ਲਈ? ਉਸ ਪੁੱਛਿਆ। ਇਸ ਵਿਚ ਤੁਸੀਂ ਆਪਣੀ ਜ਼ਮੀਰ ਰੱਖ ਦਿਓ। ਜਵਾਬ ਮਿਲਿਆ।

ਜ਼ਮੀਰ? ਉਹ ਕਿਉਂ? ਹੈਰਾਨ ਹੋ ਕੇ ਫਿਰ ਪੁੱਛਿਆ, 'ਅਸੀਂ ਇਸ ਨੂੰ ਕੈਦ ਰੱਖਾਂਗੇ ਤੇ ਬਦਲੇ ਵਿਚ ਤੁਹਾਨੂੰ ਆਜ਼ਾਦੀ: ਖੁਸ਼ੀ ਤੇ ਜੀਵਨ ਦੇ ਸਾਰੇ ਸੁਖ ਦੇਵਾਂਗੇ। ਉੱਤਰ ਸੀ ।

ਜਵਾਬ ਸੁਣ ਕੇ ਉਸ ਨੇ ਉੱਚੀਆਂ ਇਮਾਰਤਾਂ ਦੇ ਪਿੱਛੋਂ ਝਾਤੀ ਮਾਰੀ। ਕਾਰਾਂ ਵਿਚ ਉਡਦੇ ਤੇ ਬੱਘੀਆਂ ਵਿਚ ਘੁੰਮਦੇ ਸਾਰੇ ਹਸਦੇ ਲੋਕਾਂ ਦੀਆਂ ਜ਼ਮੀਰਾਂ ਕੈਦ ਕੀਤੀਆਂ ਹੋਈਆਂ ਸਨ। ਦੋਵੇਂ ਥਾਲ ਵਾਪਸ ਕਰਕੇ, ਉਹ ਉਨ੍ਹੀਂ ਪੈਰ ਵਾਪਿਸ ਮੁੜ ਆਇਆ। ਉਸ ਨੇ ਖੱਬੇ ਰਾਹ ਦੀ ਮਿੱਟੀ ਚੁੰਮ ਕੇ ਮੱਥੇ ਨੂੰ ਲਾਈ। ਈਸਾ, ਮਨਸੂਰ ਤੇ ਭਗਤ ਸਿੰਘ ਨੇ ਮੁਸਕਰਾਉਂਦਿਆਂ ਉਸ ਨੂੰ 'ਜੀ ਆਇਆਂ' ਆਖਿਆ।

***ਸਤੰਬਰ, ਅਕਤੂਬਰ-1978***

## ਰੌਂਦੇ ਪੱਥਰ/ਹਰਬੰਸ ਸਿੰਘ ਆਹਲੂਵਾਲੀਆ

ਰਾਹ ਜਾਂਦੇ ਨਿਰਾਸ਼ ਰਾਹੀ ਨੇ ਸੜਕ ਨੂੰ ਕਿਹਾ, ਤੂੰ ਵੀ ਕਿੰਨੀ ਬੇਦਰਦ ਹੈਂ, ਆਪਣੇ ਰਾਹੀਆਂ ਨੂੰ ਚੰਗਾ ਰਾਹ ਵੀ ਨਹੀਂ ਦਿੰਦੀ। 'ਹਾਂ ਮੈਂ ਕੀ ਕਰਾਂ ਮੈਂ ਮਜ਼ਬੂਰ ਹਾਂ, ਉਹ ਚੀਫ ਇੰਜੀਨੀਅਰ ਦੀ ਮਿਸਿਜ਼ ਦੇ ਗਲ ਵਿਚ ਜਿਹੜਾ ਪੰਜਾਹ ਹਜ਼ਾਰ ਦਾ ਨੈਕਲਸ ਹੈ, ਉਹ ਮੇਰੇ ਹਿੱਸੇ ਵਿੱਚੋਂ ਹੀ ਤਾਂ ਹੈ। ਉਹ ਮਨਿਸਟਰ ਦੇ ਪੁੱਤ ਕੋਲ ਜਿਹੜੀ ਇੰਪਰੋਟਿਡ ਕਾਰ ਹੈ, ਉਹ ਮੇਰੇ ਹਿੱਸੇ ਵਿੱਚੋਂ ਹੀ ਤਾਂ ਹੈ ਹੋਰ ਮੈਂ ਕੀ ਕਰਾਂ। ਮੈਂ ਤਾਂ ਬੇਵੱਸ ਹਾਂ...ਮ...ਜ਼...ਬੂ....ਰ.....ਹਾਂ।'

***ਸਤੰਬਰ, ਅਕਤੂਬਰ-1978***

## ਕੰਧ ਉੱਤੇ ਟੰਗਿਆ ਹਾਸਾ/ਸ਼ਰਨ ਮੱਕੜ

ਬੁੱਢਾ ਬਾਪੂ ਬਾਹਰ ਡਿਓੜੀ ਵਿਚ ਖੰਘ ਰਿਹਾ ਸੀ। ਖੰਘ ਉਹਨੂੰ ਬਹੁਤ ਦਿਨਾਂ ਤੋਂ ਆ ਰਹੀ ਸੀ, ਪਰ ਦਵਾਈ ਲਈ ਪੈਸੇ ਨਹੀਂ ਸਨ। ਅੰਦਰ ਕੋਠੜੀ ਵਿਚ ਬੁੱਢੇ ਦੀ ਛੋਟੀ ਨੂੰਹ ਜੰਮਣ ਪੀੜਾ ਨਾਲ ਤੜਫ ਰਹੀ ਸੀ। ਵੱਡੀ ਨੂੰਹ ਦਾ ਚੇਹਰਾ ਉੱਤਰਿਆ ਹੋਇਆ ਸੀ। ਜਦੋਂ ਦਾ ਉਹਦਾ ਪਤੀ ਮਰਿਆ ਸੀ ਘਰ ਵਿਚ ਕਮਾਉਣ ਵਾਲਾ ਇਕਲਾ ਉਹਦਾ ਦਿਉਰ ਸੀ ਤੇ ਬਾਕੀ ਸਭ ਖਾਣ ਵਾਲੇ ਸਨ। ਘਰ ਵਿਚ ਸਵੇਰ ਦੀ ਰੋਟੀ ਨਹੀਂ ਸੀ ਪੱਕੀ। ਬਾਲ ਭੁੱਖੇ ਸਨ। ਘਰ ਦਾ ਕਮਾਊ ਜੀ ਬਾਹਰ ਨੱਠਾ ਫਿਰਦਾ ਸੀ ਤਾਂ ਕਿ ਕੋਈ ਇੰਤਜ਼ਾਮ ਕਰ ਸਕੇ। ਡਾਕਟਰਨੀ ਨੇ ਆਉਣ ਤੋਂ ਨਾਂਹ ਕਰ ਦਿੱਤੀ ਸੀ। ਉਹਨੂੰ ਪਿਛਲੇ ਜੰਮੇ ਬੱਚੇ ਦੇ ਪੈਸੇ ਅਜੇ ਤੱਕ ਨਹੀਂ ਸਨ ਮਿਲੇ। ਸ਼ਾਹ

ਕਰਜ਼ਾ ਨਹੀਂ ਸੀ ਦੇਂਦਾ ਮਕਾਨ ਤਾਂ ਅੱਗੇ ਹੀ ਉਹਦੇ ਕੋਲ ਗਿਰਵੀ ਸੀ ਘਰ ਵਿਚ ਸਭ ਪਾਸੇ ਉਦਾਸੀ ਦੀਆਂ ਕੈਂਕਰਾਂ ਖਿਲਰੀਆਂ ਹੋਈਆਂ ਸਨ। ਸਿਰਫ ਕੰਧਾਂ ਤੇ ਟੰਗੇ ਹੋਏ ਗੁਰੂਆਂ ਦੇ ਕੈਲੰਡਰ ਸ਼ਾਂਤ ਸਨ। ਨੇਤਾਵਾਂ ਦੇ ਮੂੰਹ ਤੇ ਹਾਸਾ ਸੀ।

*ਨਵੰਬਰ-1978*

## ਮਜ਼ਬੂਰੀ/ਨਾਗਪਾਲ ਅਜਨਾਲਵੀ

ਅੱਧੀ ਰਾਤ ਨਾਲ ਜਦੋਂ ਕੁਕੜ ਨੇ ਬਾਂਗ ਦਿੱਤੀ, ਤਾਂ ਉਸ ਦੇ ਕੋਲ ਬੈਠੀ ਕੁਕੜੀ, ਜਿਸ ਨੂੰ ਮਾਲਕ ਨੇ ਅਜੇ ਕੱਲ੍ਹ ਹੀ ਖ਼ਰੀਦਿਆ ਸੀ, ਨੇ ਕੁਕੜ ਨੂੰ ਇਸ ਵੇਲੇ ਬਾਂਗ ਦੇਣ ਦਾ ਕਾਰਨ ਪੁੱਛਿਆ।

ਕੁੱਕੜ ਨੇ ਕਿਹਾ, ਦਰਅਸਲ ਰੋਜ਼ ਐਸ ਵੇਲੇ ਇਕ ਬਿੱਲਾ ਉਹਨੂੰ ਖਾਣ ਆਉਂਦਾ ਹੈ।

ਪਰ ਇਸ ਨਾਲ ਬਾਂਗ ਦਾ ਕੀ ਸਬੰਧ? ਕੁਕੜੀ ਨੇ ਉਤਸੁਕਤਾ ਨਾਲ ਪੁੱਛਿਆ।

ਤਾਂ ਕਿ ਉਸ ਨੂੰ ਪਤਾ ਲੱਗ ਜਾਏ, ਕਿ ਮੈਂ ਜਾਗਦਾ ਹਾਂ।

*ਦਸੰਬਰ-1978*

## ਤਸੱਲੀ/ਅਵਤਾਰ

ਇੱਕ ਤਾਰਾ ਵਜਾਉਂਦਾ ਉਹ ਇੱਕ ਦਰ ਤੋਂ ਦੂਜੇ ਦਰ ਲੜੀਵਾਰ ਤੁਰਿਆ ਜਾਂਦਾ।ਕਿਸੇ ਦਰ ਤੋਂ ਉਸਨੂੰ ਭਿਖਿਆ ਮਿਲ ਜਾਂਦੀ, ਕਿਸੇ ਦਰ ਤੋਂ ਸੱਖਣਾ ਹੀ ਲੰਘਣਾ ਪੈਂਦਾ। ਉਸ ਨੂੰ ਸਾਰੇ ਹੀ ਜਾਣਦੇ ਸਨ। ਉਹ ਅੱਜ ਤੋਂ ਹੀ ਨਹੀਂ ਲੰਮੀ-ਉਮਰ ਤੋਂ ਇੱਕ ਤਾਰਾ ਵਜਾਉਂਦਾ ਆ ਰਿਹਾ ਸੀ। ਉਸਦੇ ਗਲੇ ਵਿੱਚ ਅਜਿਹਾ ਦਰਦ ਸੀ ਜਦ ਉਹ ਗਾਉਂਦਾ ਤਾਂ ਆਪ ਮੁਹਾਰੇ ਲੋਕਾਂ ਦੇ ਮਨਾਂ 'ਚ ਉਸ ਲਈ ਤਰਸ ਆ ਜਾਂਦਾ। ਉਸ ਦਾ ਪੂਰਨ, ਰਾਜਾ ਨੱਲ, ਢੋਲ ਸੰਮੀ, ਵਡੇਰੇ ਲੋਕਾਂ ਦੇ ਦਿਲਾਂ 'ਚ ਘਰ ਕਰ ਗਏ ਸਨ। ਉਹ ਭਾਵੇਂ ਕਿਸੇ ਦਰ ਤੋਂ ਨਿਰਾਸ਼ ਮੁੜ ਜਾਂਦਾ ਪਰ ਉਸ ਨੇ ਕਿਸੇ ਦਰ ਨੂੰ ਨਿਰਾਸ਼ ਨਹੀਂ ਸੀ ਕੀਤਾ। ਉਹ ਜਰੂਰ ਬਰ ਜਰੂਰ ਕੋਈ ਨਾ ਕੋਈ ਅਸੀਸ ਦੇ ਕੇ ਅਗਾਂਹ ਤੁਰਦਾ। ਕਈ ਵਾਰ ਤਾਂ ਉਸ ਦੇ ਆਲੇ ਦੁਆਲੇ ਮਜ਼ਮਾ ਜਿਹਾ ਲੱਗ ਜਾਂਦਾ ਤੇ ਉਹ ਕਾਫੀ ਸਮਾਂ ਇੱਕ ਤਾਰੇ ਦੀ ਤਾਨ ਨਾਲ ਆਪਣੇ ਸੁਰ ਮਿਲਾਈ ਰੱਖਦਾ। ਉਸ ਦੇ ਗਲੇ ਦੀ ਬਖਸ਼ਸ਼ ਤੇ ਲੋਕਾਂ ਦੀ ਦਯਾ ਨੇ ਕਦੀ ਉਸਨੂੰ ਸੰਕਟ 'ਚ ਨਹੀਂ ਸੀ ਆਉਣ ਦਿੱਤਾ।

ਸਮਾਂ ਬਦਲਦਾ ਗਿਆ ਵਡੇਰੀ ਉਮਰ ਦੇ ਲੋਕ ਚਲਦੇ ਗਏ। ਨਵੀਂ ਉਮਰ ਦੇ ਖਾਲੀ ਥਾਵਾਂ ਪੂਰ ਕਰਦੇ ਗਏ। ਵਕਤ ਦੇ ਨਾਲ ਲੋਕਾਂ ਦੀ ਸੋਚਣੀ ਵਿੱਚ ਫਰਕ ਪੈਂਦਾ ਗਿਆ। ਲੋਕਾਂ ਦੇ ਦਿਲ ਬਹਿਲਾਵੇ ਦੇ ਕੇਂਦਰ ਹੋਰ ਬਣ ਗਏ। ਕੋਈ ਸਮਾਂ ਸੀ ਜਦ ਲੋਕ ਉਸ ਦੇ ਇੱਕ ਤਾਰੇ ਨੂੰ ਦਿਲ ਬਹਿਲਾਵਾ ਸਮਝਦੇ ਤੇ ਉਸ ਤੇ ਹੀ ਖੁਸ਼ ਹੋ ਕੇ ਉਸਦੀ ਮਿਹਨਤ ਦੀ ਭਿੱਖਿਆ ਪਾਕੇ ਮੁੱਲ ਤਾਰਦੇ। ਉਸਦੀ ਉਮਰ ਭਾਵੇਂ ਵੱਡੀ ਹੋ ਗਈ ਸੀ ਪਰ ਉਸ ਦੇ ਉਲਟ ਉਸ ਦੇ ਗਲੇ 'ਚ ਸੋਜ਼ ਹੋਰ ਪੱਕੀ ਹੋ

ਗਈ ਸੀ। ਹੁਣ ਉਸ ਦੇ ਗਾਉਣ ਵਿਚ ਅਕਹਿ ਪੀੜ ਹੁੰਦੀ ਸੀ। ਦਿਲ ਚੀਰਵੀਂ ਚੀਸ ਪਰ ਉਸ ਦੇ ਦਰਦੀਲੇ ਗਾਣੇ ਲੋਕਾਂ ਦਾ ਦਿਲ ਨਾ ਸਨ ਪਸੀਜ ਸਕਦੇ। ਘਰ ਘਰ ਵਿਚ ਰੇਡੀਓ, ਗਰਾਮੋਫੋਨ ਲੋਕਾਂ ਦੇ ਦਿਲਬਹਿਲਾਵੇ ਦਾ ਕੇਂਦਰ ਬਣੇ ਹੋਏ ਸਨ। ਲਤਾ ਮੰਗੇਸ਼ਕਰ ਦੇ ਗਾਣੇ ਨੂੰ ਛੱਡ ਕੇ ਕੌਣ ਬੁੱਢੇ ਖੁੰਢ ਦੇ ਘਰੇਲੂ ਰਾਗ ਨੂੰ ਸੁਣਦਾ। ਹੁਣ ਹਰ ਦਰ ਤੋਂ ਉਸ ਨੂੰ 'ਅੱਗੇ ਚੱਲ' ਦੀ ਅਵਾਜ਼ ਸੁਣਾਈ ਦਿੰਦੀ। ਅੱਗੇ ਚਲਦਾ ਚਲਦਾ ਆਖਰ ਉਹ ਆਪਣੇ ਘਰ ਸੱਖਣਾ ਪਰਤ ਆਉਂਦਾ।

ਭੁੱਖੇ ਪੇਟ ਤਾਂ ਉਮਰ ਲੰਘਾਉਣੀ ਔਖੀ ਹੋ ਜਾਂਦੀ ਹੈ। ਉਸਨੇ ਹੁਣ ਇਹ ਕੰਮ ਛੱਡਣ ਦੀ ਦਲੀਲ ਧਾਰ ਲਈ। ਉਸ ਨੇ ਇੱਕ ਤਾਰਾ ਕਿੱਲੀ ਤੇ ਟੰਗ ਦਿੱਤਾ ਤੇ ਉਸੇ ਦਿਨ ਸ਼ਹਿਰ ਦੇ ਚੌਗਾਨ ਵਿਚ ਮਜ਼ਦੂਰਾਂ ਦੀ ਭੀੜ 'ਚ ਆ ਖੜਾ ਹੋਇਆ। ਸਭ ਲੋਕੀ ਆਪਣੇ ਆਪਣੇ ਕੰਮਾਂ ਤੇ ਚਲੇ ਗਏ ਪਰ ਉਸ ਨੂੰ ਕਿਸੇ ਨੇ ਮਜ਼ਦੂਰੀ ਲਈ ਨਾ ਪੁੱਛਿਆ। ਕਿਸੇ ਮਜ਼ਦੂਰ ਨੇ ਵੀ ਨਹੀਂ ਕਿਹਾ, ਬਾਬਾ ਚੱਲੀਏ। ਕਿਉਂ ਕਿ ਮਜ਼ਦੂਰ ਤਾਂ ਉਸ ਨੂੰ ਗਾਉਣ ਵਾਲਾ ਬਾਬਾ ਹੀ ਸਮਝਦੇ ਸਨ। ਉਸ ਦੇ ਚੇਹਰੇ ਤੋਂ ਨਿਰਾਸ਼ਾ ਦੇ ਚਿੰਨ ਦੂਰ ਹੋ ਗਏ। ਇੱਕ ਬੰਦੇ ਨੇ ਪੁੱਛਿਆ ਬਾਬਾ ਮਜ਼ਦੂਰੀ ਕਰੇਂਗਾ। ਬਾਬੇ ਨੇ ਹਾਂ ਵਿਚ ਸਿਰ ਹਿਲਾ ਦਿੱਤਾ, ਕੁੱਝ ਪਲਾਂ ਬਾਅਦ ਹੀ ਬਾਬੇ ਨੂੰ ਇੱਟਾਂ ਦੇ ਢੇਰ ਤੇ ਬਿਠਾ ਦਿੱਤਾ ਗਿਆ। ਨਾਲੇ ਹਥੌੜਾ ਰੋੜੀ ਕੁੱਟ ਰਿਹਾ ਸੀ, ਨਾਲ ਹੀ ਕਬੀਰ ਜੀ ਦਾ ਦੋਹਰਾ ਗਾ ਰਿਹਾ ਸੀ, 'ਕਬੀਰਾ ਮੰਗਣ ਗਿਆ ਸੋ ਮਰ ਰਿਹਾ ਮੰਗਣ ਮੂਲ ਨਾ ਜਾਇ।'

***ਦਸੰਬਰ-1978***

# ਨਿਆਂ/ਪਾਂਧੀ ਨਨਕਾਣਵੀ

....ਮਨਸਾ ਸਿੰਘ ਕਈ ਦਿਨਾਂ ਤੋਂ ਪੁਲੀਸ ਚੌਂਕੀ ਦੇ ਗੇੜੇ ਕੱਢ ਰਿਹਾ ਸੀ। ਕਦੇ ਥਾਣੇਦਾਰ ਨਾ ਹੁੰਦਾ, ਤੇ ਕਦੀ ਕੋਠੀ ਵਾਲਾ ਸਰਦਾਰ ਨਾ ਪਹੁੰਚਿਆ ਹੁੰਦਾ, ਜਿਸ ਦੀ ਕੋਠੀ ਦੀ ਡਿਸਟੈਂਪਰ ਦਾ ਠੇਕਾ ਉਹਨੇ ਦੋ ਮਹੀਨੇ ਪਹਿਲਾਂ ਲਿਆ ਸੀ। ਪਰ ਸਰਦਾਰ ਸੀ, ਕਿ ਪੈਸੇ ਦੇਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ। ਆਖਰ ਇਕ ਦਿਨ ਸਬੱਬ ਨਾਲ ਤਿੰਨੇ ਚੌਂਕੀ ਤੇ ਇਕੱਠੇ ਹੋ ਗਏ। ਥਾਣੇਦਾਰ ਨੇ ਸਰਦਾਰ ਨੂੰ ਪੁੱਛਿਆ।

'ਕੀ ਗੱਲ ਐ ਸਰਦਾਰ ਜੀ? ਪੈਸੇ ਨਹੀਂ ਦਿੱਤੇ ਤੁਸਾਂ....ਇਸ ਗਰੀਬ ਦੇ?'

'ਓਹ ਜੀ....ਪੈਸੇ ਕਾਹਦੇ ਦਈਏ, ਇਹਨਾਂ ਕੰਮ ਸਾਡੀ ਮਰਜ਼ੀ ਮੁਤਾਬਿਕ ਕੀਤਾ ਹੀ ਨਹੀਂ।'

'ਦਸੋ ਨਾ ਮਹਾਰਾਜ ਕਿਹੜਾ ਕੰਮ ਨਹੀਂ ਕੀਤਾ? ਮੈਂ ਕੋਠੀ ਲਿਸ਼ਕਾ ਕੇ ਰੱਖ ਦਿੱਤੀ ਏ...ਅਜੇ ਕਹਿੰਦੇ ਨੇ....'

ਮਨਸਾ ਸਿੰਘ ਵਿੱਚੋਂ ਹੀ ਬੋਲ ਪਿਆ।

'ਜੀ...ਰੰਗ ਤਾਂ ਨਿਖਰਿਆ ਈ ਨਹੀਂ। ਅਸੀਂ ਪੈਸੇ ਕਾਹਦੇ ਦਈਏ?'

'ਵੇਖੋ...ਇਹ ਜ਼ਬਰਦਸਤੀ ਏ...ਇਹ ਗਰੀਬ ਮਾਰ ਚੰਗੀ ਨਹੀਂ...ਇਸ ਚੌਂਕੀ ਤੇ ਇਹੋ ਜਿਹੀਆਂ ਸ਼ਿਕਾਇਤਾਂ ਆਮ ਆਉਂਦੀਆਂ ਨੇ, ਜੀ ਕੰਮ ਕਰਾਇਐ- ਹੁਣ ਪੈਸੇ ਨਹੀਂ ਦੇਂਦੇ।'

ਥਾਣੇਦਾਰ ਨੇ ਸੋਚ ਸੋਚ ਕੇ ਆਪਣਾ ਫੈਸਲਾ ਦਿੱਤਾ।

'ਉਂਜ- ਜਨਾਬ, ਤੁਸੀਂ ਕਹਿੰਦੇ ਓ, ਤਾਂ ਦੇ ਦੇਨੇਆਂ ਪੈਸੇ।

ਬਾਕੀ, ਕੰਮ ਸਾਡੀ ਮਰਜ਼ੀ ਮੁਤਾਬਿਕ ਨਹੀਂ ਹੋਇਆ।' ਸਰਦਾਰ ਨੇ ਵੀ ਰੋਜ਼ ਰੋਜ਼ ਦੀ ਕਲਕਲ ਮੁਕਾਣ 'ਚ ਹੀ ਆਪਣੀ ਬਿਹਤਰੀ ਸਮਝੀ।

'ਸੁਣਾ ਬਈ, ਕਿੰਨੇ ਦਾ ਠੇਕਾ ਸੀ?'

'ਪੰਜ ਸੌ ਦਾ ਜੀ'

'ਦਿਉ...ਸਾਢੇ ਚਾਰ ਸੌ' ।

– ਤੇ ਬਿਨਾਂ ਕੁਝ ਹੋਰ ਬੋਲਣ ਦੇ ਸਰਦਾਰ ਨੇ ਸਾਢੇ ਚਾਰ ਸੌ ਦੇ ਨੋਟ ਮਨਸਾ ਸਿੰਘ ਦੇ ਹੱਥ ਫੜਾਏ, ਤੇ ਲਿਖਾ ਪੜ੍ਹੀ ਕਰਾਉਣ ਪਿੱਛੋਂ ਚੌਂਕੀਉਂ ਬਾਹਰ ਹੋ ਗਿਆ।

ਤੇ ਮਨਸਾ ਸਿੰਘ ਕਹਿ ਰਿਹਾ ਸੀ।

'ਜਨਾਬ ਨੇ ਬੜੀ ਸਿਆਣਪ ਨਾਲ ਪੈਸੇ ਕਢਾਏ ਆ। ਜਨਾਬ ਦੇ ਨਿਆਂ ਦੀਆਂ ਧੁੰਮਾਂ ਮੈਂ ਵੀ ਸੁਣੀਆਂ ਹੋਈਆਂ ਸਨ....ਮੈਨੂੰ ਕੋਈ ਸੇਵਾ ਹੋਵੇ ਤਾਂ ਦੱਸਣਾਂ।'

'ਓਏ, ਨਹੀਂ ਓਏ, ਮੈਂ ਰਿਸ਼ਵਤ ਕਦੀ ਨਹੀਂ ਲਈ, ਮੈਂ ਤੇ ਇਨਸਾਨੀਅਤ ਦੇ ਨਾਤੇ ਹਰ ਕੰਮ ਕਰਨਾ। ....ਉਂਝ ਯਾਰ, ਕਮਰੇ ਮੇਰੇ ਵੀ ਸੁਫੈਦੀ ਮੰਗਦੇ ਨੇ।...ਜੇ ਦਿਹਾੜੀ ਇੱਕ ਅੱਧ ਮੇਰੇ ਘਰ ਵੀ ਲਾ ਦਏਂ, ...ਬਸ ਦੋ ਕਮਰੇ ਨੇ, ਛੋਟੇ ਜਿਹੇ- ਇਕ ਬਰਾਂਡਾ ਏ, ਗੁਸਲਖਾਨਾ ਤਾਂ ਹੈ...ਐਹ ਬਸ, ਮਾੜਾ-ਮੋਟਾ ਡਿਸਟੈਂਪਰ ਜਿਹਾ।'

'ਜੀ...ਜੀ' – ਬੜੀ ਮੁਸ਼ਕਲ ਨਾਲ ਮਨਸਾ ਸਿੰਘ ਦੀ ਜੀਭ ਨੇ ਉਗਲਿਆ।

'ਬਹਿ ਜਾ ਯਾਰ, ਤੈਨੂੰ ਐਡਰੈਸ ਦਸਨਾਂ ਆਪਣਾ, ਤੂੰ ਜ਼ਰਾ ਸਿਆਣਾ ਬੰਦਾ ਲਗਨਾ ਏਂ..ਜਰਾ ਚੰਗੇ ਚਮਕਾ ...।'

– ਤੇ ਮਨਸਾ ਸਿੰਘ ਨੂੰ ਥੁੱਕ ਨਿਗਲਣੀ ਔਖੀ ਹੋ ਰਹੀ ਸੀ।

*ਜਨਵਰੀ, ਫਰਵਰੀ-1979*

## ਮਿਹਰਬਾਨੀ/ਫ਼ਕੀਰ ਚੰਦ ਸ਼ੁਕਲਾ

ਉਹ ਇੱਕ ਪ੍ਰਾਈਵੇਟ ਫਰਮ ਵਿਚ ਕੰਮ ਕਰਦੀ ਹੈ।

ਬਾਹਰੋਂ ਕੱਚ ਦਾ ਕੁਝ ਸਮਾਨ ਆਇਆ ਸੀ। ਪੈਕਟ ਖੋਲ੍ਹਣ ਵੇਲੇ ਉਸ ਦੇ ਹੱਥ ਕੰਬ ਰਹੇ ਸਨ। ਕੱਚ ਦਾ ਸਮਾਨ ਡਿੱਗ ਕੇ ਟੁੱਟ ਗਿਆ। ਉਸ ਨੂੰ ਠੰਡੀਆਂ ਤਰੇਲੀਆਂ ਆਉਣ ਲੱਗੀਆਂ।

ਸਮਾਨ ਉਸ ਦੀ ਲਾਪ੍ਰਵਾਹੀ ਨਾਲ ਟੁੱਟਿਆ ਸੀ। ਪੈਕਟ ਖੋਲ੍ਹਦੇ ਸਮੇਂ ਉਹ ਆਪਣੇ ਬੱਚੇ ਬਾਰੇ ਸੋਚ ਰਹੀ ਸੀ, ਸਵੇਰੇ ਜਿਸ ਨੂੰ ਭੁੱਖ ਨਾਲ ਰੋਂਦਾ ਕੁਰਲਾਂਦਾ ਛੱਡ ਆਈ ਸੀ। ਖਾਣ ਲਈ ਕੁਝ ਵੀ ਨਹੀਂ ਸੀ। ਫਰਮ ਵਾਲਿਆਂ ਨੇ ਹਾਲੇ ਹਿਸਾਬ ਨਹੀਂ ਸੀ ਕੀਤਾ।

ਕੱਚ ਦਾ ਜਿਹੜਾ ਸਮਾਨ ਟੁੱਟ ਗਿਆ ਸੀ। ਉਸ ਦੀ ਕੀਮਤ ਦਾ ਅਨੁਮਾਨ ਪੰਜ ਸੌ ਰੁਪਇਆ ਲਗਾਇਆ ਗਿਆ। ਯਾਨੀ ਉਸ ਦੀ ਪੰਜ ਮਹੀਨਿਆਂ ਦੀ ਤਨਖਾਹ। ਗੁਜ਼ਾਰਾ ਕਿਵੇਂ ਹੋਵੇਗਾ?

ਉਹ ਮੈਨੇਜਰ ਦੀਆਂ ਮਿੰਨਤਾਂ ਕਰਨ ਲੱਗੀ। ਮੈਨੇਜਰ ਰਹਿਮ ਦਿਲ ਸੀ, ਲੰਬੇ ਸਮੇਂ ਸਾਰੀ ਘਟਨਾ ਵਿਸਥਾਰ ਵਿਚ ਦੱਸਣ ਲਈ ਮੈਨੇਜਰ ਨੇ ਉਸ ਨੂੰ ਆਪਣੇ ਆਫਿਸ ਵਿਚ ਆਉਣ ਲਈ ਆਖ ਦਿੱਤਾ।

ਲੰਚ ਤੋਂ ਬਾਅਦ ਉਸ ਨੇ ਆਪਣੇ ਸੈਕਟਰੀ ਨੂੰ ਆਪਣੇ ਕਮਰੇ ਵਿਚ ਬੁਲਾਇਆ, ਬਾਹਰ ਦੀ ਕੰਪਨੀ ਵਾਲਿਆਂ ਨੂੰ ਖਤ ਲਿਖਣ ਲਈ ਕਿਹਾ- 'ਜਿਹੜਾ ਸਮਾਨ ਤੁਸਾਂ ਭੇਜਿਆ ਸੀ, ਟੁੱਟਿਆ ਹੋਇਆ ਨਿਕਲਿਆ ਹੈ।'

ਧੰਨਵਾਦ ਕਹਿਣ ਲਈ ਉਸ ਨੇ ਮੈਨੇਜਰ ਵੱਲ ਤੱਕਿਆ ਪਰ ਅੱਖਾਂ ਨਾ ਮਿਲਾ ਸਕੀ।

***ਜਨਵਰੀ, ਫਰਵਰੀ-1978***

## ਅਭਿਨੰਦਨ/ਫਕੀਰ ਚੰਦ ਸ਼ੁਕਲਾ

ਹਮੇਸ਼ਾ ਉਦਾਸ ਰਹਿਣ ਵਾਲੇ ਉਸ ਦੇ ਚਿਹਰੇ ਤੇ ਅੱਜ ਖੁਸ਼ੀ ਦੀ ਇੱਕ ਲਕੀਰ ਖਿੱਚੀ ਹੋਈ ਹੈ।

ਉਸ ਦੀਆਂ ਸਾਹਿਤਕ ਪ੍ਰਾਪਤੀਆਂ ਦੇ ਫਲਸਰੂਪ ਵਾਇਸ ਚਾਂਸਲਰ ਨੇ ਅੱਜ ਉਸ ਨੂੰ ਅਭਿਨੰਦਨ ਪੱਤਰ ਭੇਂਟ ਕਰਨਾ ਹੈ।

ਇੱਕ ਕਲਰਕ ਦੀ ਐਨੀ ਇੱਜ਼ਤ! ਕਾਲਜ ਦਾ ਐਡੀਟੋਰੀਅਮ ਖਚਾਖਚ ਭਰਿਆ ਹੋਇਆ ਹੈ। ਵਾਇਸ ਚਾਂਸਲਰ ਨੇ ਜਦੋਂ ਫੁੱਲਾਂ ਦਾ ਹਾਰ ਉਸਨੂੰ ਪਹਿਨਾਇਆ ਤਾਂ ਸਾਰਾ ਹਾਲ ਤਾੜੀਆਂ ਦੀ ਗੜਗੜਾਹਟ ਨਾਲ ਗੂੰਜ ਉੱਠਿਆ।

ਗੁਨਗੁਨਾਉਂਦੇ ਹੋਏ ਜਦੋਂ ਉਸ ਨੇ ਘਰ 'ਚ ਪੈਰ ਰੱਖਿਆ ਤਾਂ ਧਮਾਕਾ ਹੋਇਆ-'ਇਹ ਔਣ ਦਾ ਵੇਲਾ ਦੋ ਘੰਟੇ ਤੋਂ ਇੰਤਜ਼ਾਰ ਕਰ ਰਹੀ ਹਾਂ।'

ਪਤਨੀ ਦੇ ਇਨ੍ਹਾਂ ਸ਼ਬਦਾਂ ਤੇ ਉਹ ਹੌਲੀ ਜਿਹਾ ਮੁਸਕਰਾ ਪਿਆ।

ਅਚਾਨਕ ਪਤਨੀ ਦੀ ਨਜ਼ਰ ਉਸ ਦੇ ਹੱਥ 'ਚ ਫੜੇ ਹੋਏ ਅਭਿਨੰਦਨ ਪੱਤਰ 'ਤੇ ਪੈ ਗਈ- 'ਹੂੰ ਤਾਂ ਜਨਾਬ ਦਾ ਅੱਜ ਫੇਰ ਕਿਤੇ ਸੁਆਗਤ ਹੋਇਆ?' ਤੇ ਇਕਦਮ ਅਭਿਨੰਦਨ ਪੱਤਰ ਉਸ ਤੋਂ ਖੋਹੰਦਿਆਂ ਬੋਲੀ-'ਮੈਂ ਇਸ ਕਾਗਜ਼ ਦਾ ਕੀ ਕਰਾਂ ਸਵੇਰ ਤੋਂ ਬੱਚੇ ਭੁੱਖ ਨਾਲ

ਕੁਰਲਾਉਂਦੇ ਪਏ ਹਨ ਇਕ ਪਲ ਰੁਕ ਕੇ ਮੁੜ ਕਿਹਾ ਉਸ ਨੇ- ਲੋਕਾਂ ਨੂੰ ਜੇ ਤੁਸੀਂ ਐਡੇ ਈ ਵਿਦਵਾਨ ਨਜ਼ਰ ਆਉਂਦੇ ਓ ਤਾਂ ਕਿਉਂ ਨਹੀਂ ਤੁਹਾਨੂੰ ਤਰੱਕੀ ਦੇ ਦਿੰਦੇ, ਇਸ ਕਾਗਜ਼ ਦੇ ਟੁਕੜੇ ਨਾਲੋਂ ਤਾਂ ਚੰਗਾ ਸੀ ਦੋ ਚਾਰ ਰੁਪਏ ਨਕਦ ਦੇ ਦੇਂਦੇ- ਸ਼ਾਮ ਦਾ ਰਾਸ਼ਨ ਈ ਆ ਜਾਂਦਾ।' ਉਹ ਗੁੰਮ ਸੁੰਮ ਜਿਹਾ ਬਣਿਆ, ਉਸ ਵੱਲ ਤੱਕਣ ਲੱਗਾ।

*ਜਨਵਰੀ, ਫਰਵਰੀ-1979*

## ਬਾਗੀ/ਗਿਆਨ ਗਰੇਵਾਲ

ਦਿਖਾਵੇ ਤੋਂ ਸੁਖਚੈਨ ਸਿੰਘ ਸ਼ਾਂਤ ਨੂੰ ਬਹੁਤ ਚਿੜ ਸੀ। ਉਹ 'ਐਲਾਨ' ਰੋਜ਼ਾਨਾ ਪੱਤਰਕਾ ਦਾ ਐਡੀਟਰ ਸੀ। ਪੱਤਰਕਾਵਾਂ ਦੀ ਡਿੱਗ ਰਹੀ ਹਾਲਤ ਵੇਖ ਕੇ ਉਸ ਦੇ ਦਿਲ ਅਤੇ ਦਿਮਾਗ ਵਿਚ ਇਕ ਫਤੂਰ ਉਠ ਖਲੋਤਾ ਸੀ। ਉਸ ਨੇ ਸਰਕਾਰ ਨੂੰ ਕਈ ਵਾਰ ਅਪੀਲ ਕੀਤੀ ਕਿ ਉਹ ਦੈਨਿਕ ਪੱਤਰਕਾਵਾਂ ਨੂੰ ਇਸ਼ਤਿਹਾਰ ਦੇ ਕੇ ਉਨ੍ਹਾਂ ਦੀ ਮਦਦ ਕਰੇ।ਪਰ ਅੰਤ ਜਦੋਂ, ਉਸ ਨੂੰ ਆਪਣੀ ਅਵਾਜ਼ ਦਾ ਹੁੰਗਾਰਾ ਨਾ ਮਿਲਿਆ ਤਾਂ ਉਸ ਨੂੰ ਸ਼ਾਂਤ ਤੋਂ 'ਬਾਗੀ' ਬਣਨ ਲਈ ਮਜਬੂਰ ਹੋਣਾ ਪਿਆ।

ਇਕ ਦਿਨ ਜਦੋਂ ਉਹ ਦਫਤਰ ਜਾਣ ਲਈ ਘਰੋਂ ਨਿਕਲਿਆ ਤਾਂ ਰਾਹ ਵਿਚ ਉਸ ਨੂੰ ਉਸਦਾ ਪੁਰਾਣਾ ਲੇਖਕ ਮਿੱਤਰ ਬਖਸ਼ੀਸ਼ ਸਿੰਘ 'ਬਾਗੀ' ਮਿਲ ਪਿਆ।

'ਸੁਣਿ ਐ ਸ਼ਾਂਤ, ਤੂੰ ਵੀ ਬਾਗੀ ਹੋ ਗਿਐ।' ਬਖਸ਼ੀਸ਼ ਸਿੰਘ ਨੇ ਹੱਥ ਮਲੌਂਦੇ ਸਾਰ ਹੀ ਪੁੱਛ ਲਿਆ।

'ਮਜ਼ਬੂਰੀ 'ਚ ਕੋਈ ਨਾ ਕੋਈ ਰਾਹ ਅਪਨਾਉਣਾ ਵੀ ਪੈਂਦਾ।' ਸ਼ਾਂਤ ਬਾਗੀਆਂ ਵਾਂਗ ਬੋਲਿਆ।

'ਉਹ ਤਾਂ ਠੀਕ ਹੈ ਪਰ।'

'ਪਰ ਕੀ...।' ਸ਼ਾਂਤ ਨੇ ਉਸ ਦਾ ਵਾਕ ਵਿੱਚੋਂ ਹੀ ਟੋਕਿਆ।

'ਪਰ ਸਰਕਾਰ ਤੋਂ ਬਚੀਂ।'

'ਕਲਮ ਦੀ ਅਵਾਜ਼ ਨੂੰ ਕੋਈ ਸ਼ਕਤੀ ਨਹੀਂ ਦਬਾ ਸਕਦੀ।'

'ਅੱਛਾ!' ਬਾਗੀ ਮੁਸਕਰਾਇਆ ਤੇ ਦੋਵੇਂ ਅੱਡੋ ਅੱਡ ਆਪਣੀਆਂ ਰਾਹਾਂ ਤੇ ਤੁਰ ਪਏ।

*ਜਨਵਰੀ, ਫਰਵਰੀ-1979*

## ਈਮਾਨਦਾਰੀ/ਗੁਰਮੀਤ 'ਪਲਾਹੀ'

ਮਾਸਟਰ ਧੀਰ ਨੇ ਬੱਚਿਆਂ ਨੂੰ ਸੱਚ ਬੋਲਣ, ਹੇਰਾਫੇਰੀ ਨਾ ਕਰਨ ਤੇ ਇਮਾਨਦਾਰ ਬਣ ਕੇ ਰਹਿਣ ਦੀ ਨਸੀਹਤ ਕੀਤੀ। ਅੱਠਾਂ ਸਾਲਾਂ ਦੀ ਪੰਮੀ ਨੇ ਆਪਣੇ ਮਾਸਟਰ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਅਤੇ ਸਦਾ ਸੱਚ ਬੋਲਣ ਤੇ ਇਮਾਨਦਾਰ ਬਣ ਕੇ ਰਹਿਣ ਦਾ ਪ੍ਰਣ ਕਰ

ਲਿਆ।

ਉਸੇ ਦਿਨ ਮਾਸਟਰ ਧੀਰ ਨੇ ਪੰਮੀ ਨੂੰ ਡਾਕਖਾਨੇ ਤੋਂ ਲਿਫਾਫੇ ਲਿਆਉਣ ਲਈ ਪੰਜਾਹ ਪੈਸੇ ਦਿੱਤੇ। ਉਹ ਪੋਸਟ ਮਸਟਰ ਕੋਲ ਗਿਆ, ਉਸ ਨੇ ਗਲਤੀ ਨਾਲ ਪੰਜਾਹ ਪੈਸਿਆਂ ਨੂੰ ਰੁਪਏ ਦਾ ਸਿੱਕਾ ਸਮਝਕੇ, ਦੋ ਲਿਫਾਫੇ ਤੇ ਪੰਜਾਹ ਪੈਸੇ ਮੋੜ ਦਿੱਤੇ। ਪੰਮੀ ਨੇ ਸੋਚਿਆ ਸ਼ਾਇਦ ਮਾਸਟਰ ਹੁਰਾਂ ਨੇ ਰੁਪਿਆ ਦਿੱਤਾ ਸੀ।ਉਹ ਭੁਲੇਖਾ ਕੱਢ ਕੇ ਪੈਸੇ ਪੋਸਟ ਮਾਸਟਰ ਨੂੰ ਮੋੜ ਜਾਏਗਾ। ਲਿਫਾਫੇ ਮਾਸਟਰ ਧੀਰ ਨੂੰ ਫੜਾਂਦਿਆਂ ਪੰਮੀ ਨੇ ਪੁੱਛਿਆ, 'ਮਾਸਟਰ ਜੀ, ਤੁਸਾਂ ਕਿੰਨੇ ਪੈਸੇ ਦਿੱਤੇ ਸਨ?'

'ਪੰਜਾਹ ਪੈਸੇ' ਮਾਸਟਰ ਨੇ ਕਿਹਾ।

'ਪਰ ਉਸ ਤਾਂ ਪੰਜਾਹ ਪੈਸੇ ਲਿਫਾਫਿਆਂ ਦੇ ਨਾਲ ਹੀ ਮੋੜ ਦਿੱਤੇ ਹਨ।' ਪੰਮੀ ਨੇ ਦੱਸਿਆ।'ਚੱਲ, ਇਹ ਪੈਸੇ ਲੈ ਜਾਹ ਤੇ ਦੁਕਾਨੋਂ ਲੂਣ ਆਲੀ ਦਾਲ ਲੈ ਆ, ਦੋ ਮਿੰਟ ਮੂੰਹ ਹੀ ਕਰਾਰਾ ਕਰ ਲੈਨੇ ਆਂ।' ਮਾਸਟਰ ਨੇ ਕਿਹਾ।

ਤੇ ਪੰਮੀ ਮਾਸਟਰ ਧੀਰ ਦੀ ਈਮਾਨਦਾਰੀ ਤੇ ਹੈਰਾਨ ਰਹਿ ਗਈ।

***ਜਨਵਰੀ, ਫਰਵਰੀ-1979***

## ਮਜਬੂਰੀ/ਸਾਧੂ

ਦੋ ਦੋਸਤ ਕਈ ਸਾਲਾਂ ਬਾਅਦ ਇਕ ਦੂਜੇ ਨੂੰ ਮਿਲੇ ਸਨ। ਕਾਲਜ ਵੇਲੇ ਦੀ ਦੋਸਤੀ ਨੂੰ ਸਮੇਂ ਤੇ ਹਾਲਾਤ ਨੇ ਜਿਵੇਂ ਕੁਝ ਕਰ ਦਿੱਤਾ ਹੋਵੇ। ਕੋਈ ਗੱਲ ਈ ਨਹੀਂ ਸੀ ਤੁਰਦੀ। ਸਾਹਮਣੇ ਮੇਜ ਤੇ ਪਈ ਬੋਤਲ 'ਚ ਸ਼ਰਾਬ ਜਿਵੇਂ ਜਿਵੇਂ ਘਟਣ ਲੱਗੀ ਉਹਨਾਂ ਦੀਆਂ ਗੱਲਾਂ ਤੁਰਨ ਲੱਗੀਆਂ।

ਇਕ ਦੋਸਤ ਨੇ ਦੂਜੇ ਨੂੰ ਪੁੱਛਿਆ, 'ਅੱਛਾ ਯਾਰ ਇਕ ਗੱਲ ਤਾਂ ਦੱਸ। ਆਹ ਸਿੱਖੀ ਬਾਣਾ ਕਦੋਂ ਤੋਂ ਪਹਿਨਣਾ ਸ਼ੁਰੂ ਕਰ ਦਿੱਤਾ। ਦੇਸ ਵਿਚ ਤਾਂ ਸਾਰੀ ਉਮਰ ਕਦੀ ਪੱਗ ਵੀ ਨਹੀਂ ਸੀ ਬੰਨ੍ਹੀ ਤੇ ਨਾਲੇ ਨਿੱਤ ਨਵੇਂ ਫੈਸ਼ਨਾਂ ਦੇ, ਫਿਲਮੀ ਐਕਟਰਾਂ ਵਰਗੇ ਵਾਲ ਮਨਾਉਂਦਾ ਹੁੰਦਾ ਸੀ।'

ਦੂਜੇ ਦੋਸਤ ਨੇ ਪੋਲਾ ਜਿਹਾ ਹੱਸ ਕੇ ਕਿਹਾ, 'ਤੈਨੂੰ ਪਤਾ ਹੀ ਆ, ਆਪਾਂ ਕਿਥੇ ਸਿੱਖ ਬਨਣ ਵਾਲੇ ਆਂ ਇਹ ਤਾਂ ਐਵੇਂ ਮਜ਼ਬੂਰੀ ਜਿਹੀ ਆ।'

'ਮਜ਼ਬੂਰੀ ਕਿਦਾਂ ਦੀ?'

'ਤੈਨੂੰ ਪਤੈ ਬਈ ਵਿਹਲੇ ਬੰਦੇ ਆਪਣੇ ਪਿੰਡਾਂ 'ਚੋਂ ਹਲ ਵਾਹੁੰਦੇ ਹੀ ਆਏ ਹੋਏ ਹਨ ਤੇ ਉਹਨਾਂ ਤੇ ਅਕਲ ਨਾਲੋਂ ਸ਼ਕਲ ਜਿਆਦਾ ਅਸਰ ਕਰਦੀ ਹੈ। ਮੈਂ ਪਹਿਲਾਂ ਪੰਜ ਛੇ ਸਾਲ ਕਈ ਕਿਸਮ ਦੇ ਬਿਜ਼ਨਸਾਂ 'ਚ ਪਿਆ, ਪਰ ਸਾਲਾ ਕੋਈ ਕੰਮ ਚੱਲੇ ਈ ਨਾ। ਫੇਰ ਭਰਾਵਾ ਤੇਰੇ ਵਰਗੇ ਭਾਈ ਵੰਦ ਨੇ ਨੁਸਖਾ ਦੱਸਿਆ। ਬੱਸ ਹੁਣ ਤਾਂ ਜਿਵੇਂ ਕਹਿੰਦੇ ਹੁੰਦੇ ਆ ਗੁਰੂ ਦੀ ਕਿਰਪਾ, ਐਨੀ ਸੋਹਣੀ ਦਾਹੜੀ (ਦਾਹੜੀ ਨੂੰ ਪਲੋਸਦਾ ਹੋਇਆ) ਤੇ ਪਗੜੀ ਤੇ ਭਲਾ ਕੌਣ ਸ਼ੱਕ ਕਰ ਸਕਦਾ

ਹੈ ਜੋ ਮਰਜੀ ਹੇਰਾ  ਫੇਰੀ ਕਰੀਏ, ਅਗਲੇ ਸਰਦਾਰ ਜੀ, ਸਰਦਾਰ ਜੀ ਕਰਦੇ, ਫਿਰਦੇ ਆ।'

*ਜਨਵਰੀ, ਫਰਵਰੀ-1979*

## ਮੈਰਿਟ/ਸੁਰਜੀਤ ਸੂਦ

ਉਹ ਅਰਥ-ਸ਼ਾਸਤਰ ਦੀ ਐਮ.ਏ.ਸੀ.। ਉਹ ਕਈ ਸਾਲਾਂ ਤੋਂ ਨੌਕਰੀ ਦੀ ਤਲਾਸ਼ੀ ਵਿਚ ਸੀ ਪਰ ਨੌਕਰੀ ਨਹੀਂ ਮਿਲ ਰਹੀ ਸੀ।

ਉਸ ਨੇ ਕੋਸ਼ਿਸ਼ ਕਰਕੇ ਇਕ ਮੰਤਰੀ ਦੀ ਸਿਫਾਰਸ਼ ਲੱਭੀ।

ਉਸ ਨੇ ਇੰਟਰਵਿਊ ਵਾਲੇ ਦਿਨ ਸਬੰਧਤ ਅਫਸਰ ਨੂੰ ਮੰਤਰੀ ਦੀ ਚਿੱਠੀ ਅਤੇ ਆਪਣੇ ਸਰਟੀਫਿਕੇਟ ਦਿਖਾ ਦਿੱਤੇ।

ਅਫਸਰ ਨੇ ਸਰਟੀਫਿਕੇਟ ਦੇਖ ਕੇ ਤਸੱਲੀ ਪ੍ਰਗਟ ਕੀਤੀ ਤੇ ਕਿਹਾ- 'ਹੋ ਸਕਦਾ ਏ ਤੁਹਾਡੀ ਮੈਰਿਟ ਬਣ ਹੀ ਜਾਏ।'

ਕੁਝ ਦਿਨਾਂ ਬਾਅਦ ਉਸ ਨੂੰ ਪਤਾ ਲੱਗਾ ਕਿ ਉਸ ਅਸਾਮੀ ਤੇ ਕੋਈ ਹੋਰ ਉਮੀਦਵਾਰ ਰੱਖ ਲਿਆ ਗਿਆ ਹੈ।

ਉਹ ਅਫਸਰ ਕੋਲ ਗਿਆ ਤੇ ਪੁੱਛਿਆ- ਕਿਉਂ ਜੀ, ਮੇਰੀ ਮੈਰਿਟ ਨਹੀਂ ਬਣੀ ਸੀ?'

ਅਫਸਰ ਮੁਸਕਰਾ ਕੇ ਬੋਲਿਆ- 'ਤੁਹਾਡੀ ਮੈਰਿਟ ਤਾਂ ਬਣ ਗਈ ਸੀ ਪਰ ਮੰਤਰੀ ਦੀ ਮੈਰਿਟ ਨਹੀਂ ਬਣੀ ਸੀ। ਜਿਹੜਾ ਉਮੀਦਵਾਰ ਰੱਖਿਆ ਗਿਆ ਹੈ ਉਸਦੀ ਮੁੱਖ ਮੰਤਰੀ ਅਤੇ ਦੋ ਹੋਰ ਮੰਤਰੀਆਂ ਦੀ ਸਿਫਾਰਸ਼ ਸੀ। ਮੰਤਰੀਆਂ ਦੀ ਮੈਰਿਟ ਵਿਚ ਤੁਹਾਡਾ ਮੰਤਰੀ ਤੀਸਰੇ ਨੰਬਰ ਤੇ ਆਉਂਦਾ ਹੈ।'

*ਮਈ-1979*

## ਕਿਰਾਇਆ/ਗੁਰਚਰਨ ਸਿੰਘ ਸੇਕ

ਸ਼ਹਿਰ ਵਿਚ ਇਕ ਲੱਕੜ ਦਾ ਪੁੱਲ ਹੈ ਜੋ ਰੇਲਵੇ ਲਾਈਨਾਂ ਨੂੰ ਪਾਰ ਕਰਨ ਲਈ ਬਣਿਆ ਹੈ। ਪੈਦਲ ਲੋਕ ਤਾਂ ਅਸਾਨੀ ਨਾਲ ਇਕ ਪਾਸਿਉਂ ਦੂਜੇ ਪਾਸੇ ਚਲੇ ਜਾਂਦੇ ਹਨ ਪਰ ਜਿਨ੍ਹਾਂ ਕੋਲ ਸਾਇਕਲ ਹੁੰਦੇ ਹਨ, ਉਨ੍ਹਾਂ ਲਈ ਮੁਸ਼ਕਿਲ ਹੋ ਜਾਂਦੀ ਹੈ। ਇਸੇ ਲਈ ਕਈ ਨੌਜਵਾਨ ਇਕ ਪਾਸਿਓਂ ਸਾਇਕਲ ਚੁੱਕ ਕੇ ਦੂਜੇ ਪਾਸੇ ਲੈ ਜਾਣ ਦਾ ਕੰਮ ਕਰਦੇ ਹਨ ਅਤੇ ਦਸ ਪੰਦਰਾਂ ਪੈਸੇ ਸਾਇਕਲ ਛੱਡਣ ਦਾ ਕਿਰਾਇਆ ਲੈ ਕੇ ਆਪਣੀ ਦਿਹਾੜੀ ਬਣਾਉਂਦੇ ਹਨ।

ਇਕ ਸਿਪਾਹੀ ਸਾਇਕਲ ਸੁਆਰ ਆਇਆ ਤੇ ਇੱਕ ਮੁੰਡੇ ਨੂੰ ਕਿਹਾ, 'ਚਲ, ਮੇਰਾ ਸਾਇਕਲ ਚੱਕ ਓਏ।'

ਸਿਪਾਹੀ ਦੇ ਬੋਲ, ਹਾਕਮਾਨਾ ਸਨ। ਮੁੰਡੇ ਨੇ ਇਕ ਨਜਰ ਭਰਕੇ ਸਿਪਾਹੀ ਵੱਲ ਵੇਖਿਆ ਅਤੇ ਸਾਈਕਲ ਚੁੱਕ ਕੇ ਪੌੜੀਆਂ ਚੜ੍ਹਨ ਲੱਗ ਪਿਆ। ਪੁਲ ਪਾਰ ਹੋ ਗਿਆ, ਸਿਪਾਹੀ ਨੇ ਸਾਇਕਲ ਫੜਿਆ ਤੇ ਪੈਡਲ ਤੇ ਪੈਰ ਧਰ ਲਿਆ।

'ਸਾਹਿਬ ਪੈਸੇ!'

'ਕਾਹਦੇ?'

'ਜੀ ਕਿਰਾਇਆ।'

'ਚਲ ਸਾਲਾ!' ਤੇ ਸਿਪਾਹੀ ਸਾਇਕਲ ਤੇ ਸਵਾਰ ਹੋ ਗਿਆ।

*ਮਈ-1979*

# ਸਟੈਂਡਰਡ/ਰਾਮ ਪ੍ਰਤਾਪ

ਉਹ ਮੰਦਰ 'ਚ ਉੱਤਰੇ ਹਰਦੁਆਰ ਵਾਲੇ ਜੋਤਸ਼ੀ ਤੋਂ ਪੁੱਛ ਲੈਣ ਗਈ ਕਿਉਂਕਿ ਕਈ ਦਿਨਾਂ ਤੋਂ ਉਸ ਦੇ ਪਤੀ ਦੇਵ ਨੂੰ 'ਕੁੱਝ' ਬਣਿਆ ਨਹੀਂ ਸੀ ਭਾਵ ਦਫਤਰ 'ਚ ਕੋਈ ਚੰਗੀ 'ਅਸਾਮੀ' ਨਹੀਂ ਸੀ ਫਸੀ।

ਜੋਤਸ਼ੀ ਨੇ ਪੁੱਛ ਵੀ ਦਿੱਤੀ ਤੇ ਹੱਥ ਵੀ ਦੇਖਿਆ। ਆਦਤ ਅਨੁਸਾਰ ਘਰ ਵੀ ਪੂਰਾ ਕਰ ਦਿੱਤਾ। ਉਸ 'ਚੋਂ ਆਉਂਦੀਆਂ ਅਮੀਰੀ ਲਪਟਾਂ ਸੁੰਘ ਕੇ ਲਟਬੌਰਾ ਹੋਇਆ ਜੋਤਸ਼ੀ ਚਾਹੁੰਦਾ ਹੋਇਆ ਵੀ ਆਪਣੇ ਸਟੈਂਡਰਡ ਰੇਟ ਤੋਂ ਵੱਧ ਦਾਣ-ਦੱਖਣਾ ਨਾ ਮੰਗ ਸਕਿਆ।

ਉਹ ਵਾਪਸ ਪਰਤ ਰਹੀ, ਆਪਣੀ ਸਾਥਣ ਨੂੰ ਕਹਿ ਰਹੀ ਸੀ, 'ਲੈ ਅਸੀਂ ਐਡੇ ਅਫਸਰ ਹੋ ਕੇ ਸਵਾ ਰੁਪਈਆ ਦਿੰਦੇ ਚੰਗੇ ਲੱਗਦੇ ਸੀ, ਹੁਣ ਕੱਲ ਨੂੰ ਆਵਾਂਗੇ, ਪੰਡਿਤ ਜੀ ਲਈ ਫਲ ਲੈ ਕੇ ਨਾਲੇ ਸਵਾ ਗਿਆਰਾਂ ਦਾਨ ਵਜੋਂ ਦੇਵਾਂਗੇ।'

*ਮਈ-1979*

# ਉਦਘਾਟਨ/ਰਮੇਸ਼ ਸਵਰਾਜ

ਪੰਜ ਚਾਰ ਆਦਮੀਆਂ ਸਮੇਤ ਸਕੂਲਾਂ ਦੇ ਉਦਘਾਟਨ ਲਈ ਚੰਦਾ ਇਕੱਠਾ ਕਰਦਾ ਸਰਪੰਚ ਸੁਰੈਣੇ ਕੋਲ ਅਪੜਦਿਆਂ ਬੋਲਿਆ 'ਕਿਉਂ ਫਿਰ ਸੁਰੈਣ ਸਿਆਂ ਕੀ ਸਲਾਹ ਐ ਜੇ ਨਾਲ ਈ ਆ ਸਕੂਲ ਦਾ ਜੂੜ ਜਿਹਾ ਵਢਾ ਦੇਈਏ?'

'ਸਰਦਾਰ ਆਪਾਂ ਕਿਹੜਾ ਤੇਰੇ ਤੋਂ ਬਾਹਰ ਆਂ ਪਰ ਇਹਨਾਂ ਵੀ ਪਹਿਲਿਆਂ ਵਾਂਗ ਰੱਖਣਾ ਪੱਥਰ ਈ ਐ' । ਮੋਢੇ ਤੋਂ ਕਹੀ ਉਤਾਰ ਜ਼ਮੀਨ ਤੇ ਰੱਖਦਿਆਂ ਸੁਰੈਣਾ ਬੋਲਿਆ।

'ਕੰਮ ਤਾਂ ਸੁਰੈਣਿਆਂ ਪਹਿਲਾਂ ਵੀ ਹੋ ਜਾਣਾ ਸੀ, ਇਹ ਤਾਂ ਸਾਲੀ ਸਰਕਾਰ ਈ ਬਦਲਗੀ

ਨਹੀਂ ਤਾਂ....।'

ਆਪਣੇ ਵੱਲੋਂ ਸਰਪੰਚ ਨੇ ਸਫਾਈ ਪੇਸ਼ ਕੀਤੀ।

'ਸਰਦਾਰਾ ਜੇ ਬੁਰਾ ਨਾ ਮੰਨੇ ਕੱਟਦੇ ਇਹ ਵੀ ਨੀ, ਨਾਲੇ ਜੇ ਲੱਗਦੇ ਹੱਥ ਕਾਮਰੇਡਾਂ ਤੋਂ ਵੀ.....।'

***ਮਈ-1979***

## ਆਖ਼ਰੀ ਸਫ਼ਰ/ਮਨਮੋਹਨ ਸਿੰਘ

ਬਸ ਕਾਫੀ ਭਰ ਚੁੱਕੀ ਸੀ। ਭਾਵੇਂ ਸਾਰੀਆਂ ਸੀਟਾਂ 'ਤੇ ਸਵਾਰੀਆਂ ਬੈਠੀਆਂ ਸਨ ਪਰ ਹਾਲੇ ਵੀ ਦੋ ਸੀਟਾਂ ਵਾਲੀ ਇਕ ਸੀਟ ਖਾਲੀ ਸੀ। ਕਈ ਸਵਾਰੀਆਂ ਨੇ ਉਸ ਸੀਟ ਉੱਤੇ ਬੈਠਣ ਦੀ ਕੋਸ਼ਿਸ਼ ਕੀਤੀ ਪਰ ਉਸ ਖਾਲੀ ਪਈ ਸੀਟ ਦੇ ਨਾਲ ਬੈਠਾ ਬਜ਼ੁਰਗ ਸਰਦਾਰ 'ਸਵਾਰੀ ਬੈਠੀ ਹੈ' ਆਖ ਕੇ ਸਿਰ ਹਿਲਾ ਦਿੰਦਾ।

ਜਿੰਨਾ ਚਿਰ ਬਸ ਨਹੀਂ ਚੱਲੀ, ਸਾਰੀਆਂ ਖੜ੍ਹੀਆਂ ਸਵਾਰੀਆਂ 'ਸਵਾਰੀ ਬੈਠੀ ਹੈ' ਸੁਣ ਕੇ ਚੁਪ ਕਰਕੇ ਖੜ੍ਹੀਆਂ ਰਹੀਆਂ। ਕਿਸੇ ਨੇ ਖਾਲੀ ਪਈ ਸੀਟ 'ਤੇ ਬੈਠਣ ਦੀ ਜ਼ਿਦ ਨਹੀਂ ਕੀਤੀ।

ਬਸ ਤੁਰ ਪਈ। ਖ਼ਾਲੀ ਪਈ ਸੀਟ 'ਤੇ ਜਿੱਥੇ ਬਜ਼ੁਰਗ ਸਰਦਾਰ ਨੇ ਕੇਵਲ ਇਕ ਝੋਲਾ ਹੀ ਰੱਖਿਆ ਹੋਇਆ ਸੀ, ਕੋਈ ਵੀ ਨਾ ਆ ਕੇ ਬੈਠਿਆ, ਤਾਂ ਕਈ ਸਵਾਰੀਆਂ ਨੇ ਬੈਠਣ ਲਈ ਜਿੱਦ ਕੀਤੀ। ਪਰ ਬਜ਼ੁਰਗ ਦਾ ਇਹੋ ਇੱਕੋ ਉੱਤਰ ਸੀ ਕਿ 'ਸਵਾਰੀ ਬੈਠੀ ਹੈ' । ਜਦੋਂ ਕੋਈ ਪੁੱਛਣ ਕਿ ਸਵਾਰੀ ਕਿੱਥੇ ਹੈ ਤਾਂ ਬਜ਼ੁਰਗ ਉਸ ਵੇਲੇ ਝੋਲੇ ਵੱਲ ਇਸ਼ਾਰਾ ਕਰ ਦੇਂਦਾ। ਅਸਲ ਗੱਲ ਦਾ ਕਿਸੇ ਨੂੰ ਪਤਾ ਨਹੀਂ ਸੀ ਲੱਗ ਰਿਹਾ।

ਕਈ ਸਵਾਰੀਆਂ ਅਬਾ ਤਬਾ ਵੀ ਬੋਲਣ ਲੱਗੀਆਂ। ਨੇੜੇ ਬੈਠੀਆਂ ਸਵਾਰੀਆਂ ਨੇ ਵੀ ਸਰਦਾਰ ਜੀ ਨੂੰ ਨਾਲ ਦੀ ਖਾਲੀ ਪਈ ਸੀਟ 'ਤੇ ਹੋਰ ਸਵਾਰੀ ਬਹਿ ਜਾਣ ਲਈ ਬੇਨਤੀ ਕੀਤੀ ਪਰ ਸਰਦਾਰ ਜੀ ਨੇ 'ਸਵਾਰੀ ਬੈਠੀ ਹੈ' ਦਾ ਇੱਕ ਹੀ ਨੰਨਾ ਫੜੀ ਰੱਖਿਆ।

ਗੱਲ ਕਾਫੀ ਵਧ ਗਈ। ਸਵਾਰੀਆਂ ਨੇ ਜਬਰਦਸਤੀ ਬੈਠਣ ਦੀ ਕੋਸ਼ਿਸ਼ ਕੀਤੀ ਪਰ ਬਜ਼ੁਰਗ ਨੇ ਕਿਸੇ ਨੂੰ ਬੈਠਣ ਨਹੀਂ ਦਿੱਤਾ। ਜਦੋਂ ਸਵਾਰੀਆਂ ਨੇ ਕੰਡਕਟਰ ਨੂੰ ਇਸ ਬਾਰੇ ਆਖਿਆ ਤਾਂ ਉਹ ਉਸ ਬਜ਼ੁਰਗ ਨਾਲ ਖਹਿਬੜ ਪਿਆ।

ਆਖਰ ਜਦੋਂ ਗੱਲ ਕਾਫੀ ਵਧ ਗਈ ਤਾਂ ਬਜ਼ੁਰਗ ਨੇ ਜੇਬ 'ਚੋਂ ਦੋ ਟਿਕਟ ਕੱਢ ਕੇ ਕੰਡਕਟਰ ਨੂੰ ਫੜਾ ਦਿੱਤੇ। ਬਜ਼ੁਰਗ ਦੀਆਂ ਅੱਖਾਂ 'ਚੋਂ ਅੱਥਰੂ ਵਗ ਤੁਰੇ। ਅੱਥਰੂ ਪੂੰਝਦਿਆਂ ਉਸ ਬਜ਼ੁਰਗ ਨੇ ਆਖਿਆ, 'ਨਾਲ ਦੀ ਸੀਟ ਦਾ ਟਿਕਟ ਮੇਰੀ ਜੀਵਣ ਸਾਥਣ ਦਾ ਹੈ। ਉਹ ਹੁਣ ਇਸ ਦੁਨੀਆਂ ਵਿਚ ਨਹੀਂ ਰਹੀ। ਇਹ ਉਸ ਦੇ ਫੁੱਲ ਨੇ ਜਿਹਨਾਂ ਨੂੰ ਪ੍ਰਵਾਹ ਕਰਨ ਲਈ

ਕੀਰਤਪੁਰ ਸਾਹਿਬ ਜਾ ਰਿਹਾ ਹਾਂ। ਇਹ ਮੇਰਾ ਆਪਣੀ ਜੀਵਨ ਸਾਥਣ ਨਾਲ ਆਖ਼ਰੀ ਸਫਰ ਹੈ।'

ਸਾਰੀਆਂ ਸਵਾਰੀਆਂ ਦੀਆਂ ਅੱਖਾਂ ਭਰ ਆਈਆਂ। ਸੀਟ ਦਾ ਝਗੜਾ ਖਤਮ ਹੋ ਗਿਆ।

*ਜੁਲਾਈ-1979*

## ਜਾਗ੍ਰਤੀ/ਰਾਮ ਪ੍ਰਤਾਪ

ਸੇਠ ਨੇ ਟੇਲਰ ਮਾਸਟਰ ਸੁਰਜੀਤ ਨੂੰ ਆਪਣੀ ਕੋਠੀ 'ਚ ਬੁਲਾ ਕੇ ਲਿਆਉਣ ਲਈ ਪਹਿਲਾਂ ਨੌਕਰ ਭੇਜਿਆ ਸੀ ਤੇ ਜਦੋਂ ਸੁਰਜੀਤ ਨੇ ਨਾਂਹ ਦਾ ਜਵਾਬ ਦੇ ਕੇ ਨੌਕਰ ਉਹਨੀਂ ਪੈਰੀਂ ਮੋੜ ਦਿੱਤਾ ਤਾਂ ਹੁਣ ਸੇਠ ਗਰਮੋ-ਗਰਮੀ ਹੋਇਆ ਖੁਦ ਉਸ ਦੀ ਦੁਕਾਨ ਤੇ ਆ ਧਮਕਿਆ ਹੈ। 'ਓਏ ਸੀਤੇ....ਤੂੰ ਨੌਕਰ ਨੂੰ ਕਿਹੜੇ ਮੂੰਹ ਨਾਲ ਮੋੜਿਆ...ਤੇਰਾ ਪਿਓ ਤੇ ਤਾਇਆ ਤਾਂ ਹੁਣ ਤਾਂਈ ਸਾਡੀ ਦੁਕਾਨ ਦੇ ਥੜ੍ਹਿਆਂ ਤੇ ਬਹਿ ਕੇ ਮਸ਼ੀਨਾਂ ਚਲਾਉਂਦੇ ਰਹੇ ਐ- ਤੂੰ ਪਤਾ ਨੀ ਕੀ ਲਾਟ ਸਾਹਿਬ ਬਣ ਗਿਆ...।'

ਸੇਠ ਅਜੇ ਹੋਰ ਵੀ ਗਰਮੀ ਦਿਖਾਉਂਦਾ ਜੇ ਸੁਰਜੀਤ ਆਪਣੇ ਅੰਦਰ ਉਠੇ ਰੋਹ ਨੂੰ ਬਾਹਰ ਨਾ ਕੱਢਦਾ। 'ਗੱਲ ਸੁਣ ਗੱਲ...ਉਹ ਸਾਰੀ ਉਮਰ ਤੁਹਾਡੀਆਂ ਖੁਸ਼ਾਮਦਾਂ ਕਰਦੇ ਮਰਗੇ- ਹੁਣ ਅਸੀਂ ਵੀ ਮਰੀਏ...ਉਹ ਤੁਹਾਡੀਆਂ ਜੁੱਤੀਆਂ ਵਾਲੇ ਥਾਂ ਥੜ੍ਹਿਆਂ ਤੇ ਹੀ ਬਹਿੰਦੇ ਸੀ, ਸਿਰ ਤੇ ਤਾਂ ਨੀ ਸੀ ਬਹਿੰਦੇ...ਨਾਲੇ ਕੱਛੇ ਤੋਂ ਲੈ ਕੇ ਕੋਟ ਤੱਕ, ਸਾਰੇ ਟੱਬਰ ਦੇ ਕੱਪੜੇ ਮੁਫਤੋ-ਮੁਫਤੀ ਸਿਉਂਦੇ- ਨਾਲੇ ਅਹਿਸਾਨ ਮੰਨਦੇ।'

ਭਾਫਾਂ ਛੱਡਦੇ ਸੇਠ ਦੇ ਸਿਰ ਸੌ ਘੜਾ ਪਾਣੀ ਦਾ ਮੁਧ ਗਿਆ ਹੈ। ਉਹ ਸ਼ਰਮਿੰਦਗੀ ਨਾਲ ਲਥ-ਪਥ ਹੋਇਆ, ਮੇਚ ਦੇਣ ਲੱਗ ਪਿਆ ਹੈ।

'ਅੱਛਾ ਕੋਟ ਦਾ ਲਏਂਗਾ ਕੀ ਕੁਸ਼?'

'ਪੰਝੱਤਰ ਰੁਪਏ।'

'ਸਾਡੀ ਕੋਈ ਪੁਰਾਣੀ ਲਿਹਾਜ ਵੀ ਰੱਖੇਂਗਾ ਕਿ ਜਮ੍ਹਾਂ ਈ ਜੜ੍ਹਾਂ 'ਚੋਂ ਪੱਟੇਂਗਾ?'

'ਸੇਠ ਸਾਹਿਬ ਜੇ ਲਿਹਾਜ ਹੈ ਤਾਂ ਪੰਜ ਹਜ਼ਾਰ ਰੁਪਈਆ ਘਰ ਪਾਉਣ ਨੂੰ ਦਿਓ...ਨਾਲੇ ਵਿਆਜ ਨੀ ਦੇਣਾ...ਜਦੋਂ ਲਿਹਾਜ ਤਾਂ ਆਪਣੀ ਹੈ ਹੀ ਪ੍ਰਨੋਟ ਦੀ ਵੀ ਕੋਈ ਲੋੜ ਨੀ ਪੈਣੀ?'

ਸੇਠ ਨੇ ਸੁਰਜੀਤ ਦੇ ਮੂੰਹ ਵੱਲ ਕੌੜ ਨਿਗਾਹਾਂ ਨਾਲ ਦੇਖਿਆ ਜਿਵੇਂ ਉਸਦੀ ਕੋਈ ਵਾਹ ਨਾ ਚਲਦੀ ਹੋਵੇ। ਤੇ ਫੇਰ ਉਸ ਨੂੰ ਕਰਚ ਕਰਚ ਕੈਂਚੀ ਚਲਾਉਂਦੇ ਦੇਖ, ਬਿਨਾਂ ਕੁਝ ਬੋਲਿਆਂ, ਕੋਟ ਦਾ ਕੱਪੜਾ ਥਾਂਏਂ ਰੱਖ ਖਿਸਕਣ ਦੀ ਕੀਤੀ ਹੈ।

*ਦਸੰਬਰ-1979*

# ਸਾਹਿਤਕਾਰ/ਲਖਵਿੰਦਰ ਜੌਹਲ

ਸਵੇਰੇ ਦਸ ਵਜਦਿਆਂ ਹੀ ਉਹ ਦਫਤਰ ਆਇਆ ਤੇ ਆਉਂਦਿਆਂ ਸਾਰ ਇਕ ਲੰਮੀ ਘੰਟੀ ਮਾਰੀ- ਚਪੜਾਸੀ ਨਸ ਕੇ ਅੰਦਰ ਦਾਖਲ ਹੋਇਆ।

'ਦਫਤਰ ਦੇ ਸਾਰੇ ਅਮਲੇ ਨੂੰ ਬੁਲਾਓ' ! ਹੁਕਮ ਹੋਇਆ।

ਇਕ ਕਹਿਰਾਂ ਦੀ ਹਵਾ ਸਾਰੇ ਦਫਤਰ 'ਚ ਜ਼ਹਿਰੀਲੇ ਮੁਸ਼ਕ ਵਾਂਗ ਘੁੰਮ ਗਈ। ਇਸ ਅਫ਼ਸਰ ਨੂੰ ਇਸ ਦਫ਼ਤਰ ਵਿਚ ਬਦਲ ਕੇ ਆਇਆਂ ਥੋੜ੍ਹੇ ਹੀ ਦਿਨ ਹੋਏ ਸਨ। ਅੱਠਾਂ ਦਿਨਾਂ ਵਿਚ ਦੋ ਵਾਰੀ ਨਿੱਕੀਆਂ-ਨਿੱਕੀਆਂ ਗੱਲਾਂ ਤੇ ਦਫਤਰ ਦੇ ਦੋ ਸੀਨੀਅਰ ਕਲਰਕਾਂ ਨੂੰ ਨੋਟਿਸ ਦਿੱਤੇ ਜਾ ਚੁੱਕੇ ਸਨ।

'ਆਖਰ ਕੀ ਕੋਤਾਹੀ ਹੋ ਗਈ ਹੋਵੇਗੀ?' ਅੱਜ ਕਿਸੇ ਦੇ ਪਿੜ-ਪੱਲੇ ਨਹੀਂ ਸੀ ਪੈ ਰਿਹਾ- ਸਭ ਇਕ ਦੂਜੇ ਤੋਂ ਪੁੱਛਦੇ ਇਕ ਦੂਜੇ ਵਲ ਘੂਰ-ਘੂਰ ਦੇਖਦੇ, ਅਫਸਰ ਦੇ ਕਮਰੇ ਵਿਚ ਇਕੱਠੇ ਹੋ ਗਏ।

ਅਫ਼ਸਰ ਦੇ ਚਿਹਰੇ ਤੇ ਕੁਝ ਚਮਕ ਸੀ। ਉਸਨੇ ਇਕ ਬੰਡਲ ਜਿਹਾ ਖੋਲਿਆ- ਕੁਝ ਕਿਤਾਬਾਂ ਕੱਢੀਆਂ ਗਈਆਂ, ਚਪੜਾਸੀ ਨੂੰ ਹੁਕਮ ਹੋਇਆ- 'ਸਭ ਨੂੰ ਇੱਕ ਇੱਕ ਵੰਡ ਦੇ ਅਤੇ ਆਖਰੀ ਤੂੰ ਆਪ ਰੱਖ ਲਵੀਂ'

ਕਿਤਾਬਾਂ ਜਿਹੀਆਂ ਦੀ ਗਿਣਤੀ, ਅਮਲੇ ਦੀ ਗਿਣਤੀ ਜਿੰਨੀ ਹੀ ਸੀ, ਸਮੇਤ ਤਿੰਨਾਂ ਚਪੜਾਸੀਆਂ ਦੇ ਜਿਨ੍ਹਾਂ ਵਿਚ ਦੋ ਤਾਂ ਕੋਰੇ ਅਨਪੜ੍ਹ ਸਨ। ਵੰਡ-ਵੰਡਾਈ ਮੁਕੰਮਲ ਹੋ ਗਈ।

'ਇਨਾਂ ਨੂੰ ਕੀ ਕਰਨੈ ਜਨਾਬ?'

ਇਕ ਕਲਰਕ ਨੇ ਹਿੰਮਤ ਕੀਤੀ।

'ਹੁਣੇ ਦਸਦਾਂ!'

ਫਿਰ ਇਕ ਦਮ ਚੁੱਪ ਛਾ ਗਈ।

'ਹਾਂ! ਸਾਰੇ ਇਸਦਾ ਸਫਾ ਨੰਬਰ **39** ਕੱਢੋ- ਇਹ ਵਾਲਾ ਉਸਨੇ ਆਪਣੇ ਹੱਥ ਵਾਲੀ ਕਿਤਾਬ ਜਿਹੀ ਦਾ ਉਹ ਸਫਾ ਕੱਢੇ ਕੇ ਵਿਖਾਉਂਦਿਆਂ ਕਿਹਾ। ਇਸ ਨੂੰ ਸਾਰੇ ਆਪਣੇ ਘਰੀਂ ਲੈ ਜਾਓ ਤੇ ਇਸ ਨੂੰ ਜ਼ਰੂਰ ਪੜ੍ਹਣਾ- ਇਨ੍ਹਾਂ ਦੀ ਕੀਮਤ ਤੁਹਾਡੀਆਂ ਤਨਖਾਹਾਂ 'ਚੋਂ ਕੱਟ ਲਈ ਜਾਵੇਗੀ।

ਰਸਾਲੇ ਦੇ ਇਸ ਸਫੇ ਤੇ ਇਸ ਅਫਸਰ ਦੀ ਮੂਰਤ ਸਮੇਤ ਕਹਾਣੀ ਛਪੀ ਸੀ।

***ਨਵੰਬਰ-1979***

# ਸ਼ੋਅ ਕੇਸ/ਮਨਮੋਹਨ ਢਿੱਲੋਂ

ਦੋ ਪਰਿਵਾਰਾਂ ਵਿਚ ਵਿਆਹ ਦੀ ਗੱਲ ਬਾਤ ਚੱਲ ਰਹੀ ਸੀ। ਲੜਕਾ ਸਿੰਚਾਈ ਵਿਭਾਗ ਵਿਚ ਕਿਸੇ ਚੰਗੀ ਥਾਂ ਤੇ ਲੱਗਿਆ ਹੋਇਆ ਸੀ ਅਤੇ ਲੜਕੀ ਕਿਸੇ ਬੈਂਕ ਵਿਚ ਸਰਵਿਸ ਕਰਦੀ ਸੀ। ਲੜਕੀ ਵਾਲਿਆਂ ਰਿਸ਼ਤੇ ਲਈ ਹਾਂ ਕਰ ਦਿੱਤੀ ਪਰ ਨਾਲ ਹੀ ਉਹਨਾਂ ਲੜਕੇ ਵਾਲਿਆਂ ਨੂੰ ਇਕ ਸ਼ਰਤ ਮੰਨਣ ਲਈ ਆਖਿਆ। ਲੜਕੀ ਵਾਲਿਆਂ ਇਹ ਸ਼ਰਤ ਰੱਖੀ ਕਿ ਉਹਨਾ ਦੀ ਲੜਕੀ ਘਰ ਦਾ ਕੰਮ ਕਾਰ ਨਹੀਂ ਕਰਿਆ ਕਰੇਗੀ। ਇੱਥੋਂ ਤੱਕ ਕਿ ਪਾਣੀ ਦਾ ਗਿਲਾਸ ਵੀ ਮੰਜੇ ਉੱਤੇ ਬੈਠਿਆਂ ਨੌਕਰ ਦਿਆ ਕਰੇਗਾ।

ਲੜਕੇ ਵਾਲਿਆਂ ਉਹਨਾਂ ਦੀ ਸ਼ਰਤ ਤੇ ਵਿਚਾਰ ਕਰਨ ਮਗਰੋਂ ਇਹ ਸੁਨੇਹਾ ਭੇਜਿਆ ਕਿ ਦਾਜ ਵਿਚ ਇਕ ਸ਼ੋਅ ਕੇਸ ਜਰੂਰ ਦੇਣ ਦੀ ਕ੍ਰਿਪਾ ਕਰਨੀ। ਦਫਤਰੋਂ ਪਰਤਣ ਤੇ ਤੁਹਾਡੀ ਲੜਕੀ ਨੂੰ ਸ਼ੋਅ ਕੇਸ ਵਿਚ ਸਜਾ ਦਿੱਤਾ ਜਾਇਆ ਕਰੇਗਾ।

*ਜਨਵਰੀ-1980*

# ਰਾਖੇ/ਮਨਜੀਤ ਕੌਰ

ਰਾਮੂ ਰਿਕਸ਼ਾ ਚਾਲਕ ਸੀ। ਉਹ ਮੁਸ਼ਕਿਲ ਨਾਲ ਹੀ ਇੰਨਾਂ ਕਮਾਉਂਦਾ ਸੀ ਜਿੰਨੇ ਨਾਲ ਆਪਣੇ ਟੱਬਰ ਦਾ ਢਿੱਡ ਭਰ ਸਕੇ।

ਆਪਣੇ ਬੱਚਿਆਂ ਦੀਆਂ ਰੀਝਾਂ ਪੂਰੀਆਂ ਕਰਨ ਲਈ ਉਸ ਕੋਲ ਪੈਸੇ ਨਹੀਂ ਸਨ। ਉਸਦੀ ਛੋਟੀ ਬੱਚੀ ਨਿੰਮੀ ਸੀ- ਇਕ ਦਿਨ ਨਵ-ਵਿਆਹੀ ਕੁੜੀ ਦੀ ਲਾਲ ਚੁੰਨੀ ਵੇਖ ਕੇ ਜ਼ਿਦ ਕਰਨ ਲੱਗ ਪਈ ਕਿ ਉਸਨੂੰ ਵੀ ਉਹੋ ਜਿਹੀ ਲਾਲ ਚੁੰਨੀ ਚਾਹੀਦੀ ਹੈ।

ਮਾਪੇ ਬੱਚਿਆਂ ਦੀ ਰੀਝ ਪੂਰੀ ਕਰਨ ਲਈ ਆਪਣੀ ਵਾਹ ਲਾਉਂਦੇ ਹਨ। ਪਰ ਕਈ ਵਾਰੀ ਉਹ ਬੇਵਸ ਵੀ ਹੋ ਜਾਂਦੇ ਹਨ। ਇਸ ਲਈ ਰਾਮੂੰ ਦੂਸਰੇ ਦਿਨ ਘਰੋਂ ਸਵਖਤੇ ਹੀ ਚੱਲ ਪਿਆ ਤਾਂ ਜੋ ਨਿੰਮੀ ਲਈ ਲਾਲ ਚੁੰਨੀ ਖ਼੍ਰੀਦਣ ਲਈ ਵੱਧ ਤੋਂ ਵੱਧ ਪੈਸੇ ਕਮਾ ਸਕੇ।

ਤ੍ਰਿਕਾਲਾਂ ਨੂੰ ਜਦੋਂ ਰਾਮੂੰ ਆਪਣੇ ਸੁਪਨਿਆਂ ਵਿਚ ਮਗਨ ਘਰ ਨੂੰ ਆ ਰਿਹਾ ਸੀ ਤਾਂ ਚੌਂਕ ਵਿੱਚ ਖੜੇ ਸਿਪਾਹੀ ਨੇ ਉਸ ਤੋਂ ਸਾਰੇ ਦਿਨ ਦੀ ਕਮਾਈ ਇਹ ਕਹਿ ਕੇ ਖੋਹ ਲਈ ਕਿ ਉਸਨੇ ਕਈ ਦਿਨਾਂ ਤੋਂ ਉਸਨੂੰ ਸਲਾਮ ਨਹੀਂ ਕੀਤਾ।

ਨਿੰਮੀ ਦੀ ਜਦੋਂ ਉਸਨੂੰ ਯਾਦ ਆਈ ਤਾਂ ਉਹ - ਇਹ ਸੋਚ ਕੇ ਉਦਾਸ ਹੋ ਗਿਆ ਜੇ ਕੌਮ ਦੇ ਰਾਖਿਆਂ ਦਾ ਇਹ ਹਾਲ ਹੈ ਤਾਂ ਗਰੀਬ ਵਿਚਾਰੇ ਕਿਵੇਂ ਜੀਉਣਗੇ।

*ਜਨਵਰੀ-1980*

## ਧੁਨ ਰੋਂਦੀ ਰਹੀ/ਦੁਰਗਾ ਦੱਤ ਕਪਿਲ

ਇਕ ਮੁੰਡੇ ਨੇ ਜਿਹੜਾ ਕਿ ਮਾਸਟਰ ਦਾ ਗੁਆਂਢੀ ਹੈ ਆ ਕੇ ਕਿਹਾ ਹੈ, 'ਮਾਸਟਰ ਜੀ ਤੁਹਾਡੀ ਬੀਵੀ ਦਮ ਤੋੜ ਗਈ।'

'ਮਾਸਟਰ ਜੀ! ਧੁਨ ਵਜਾਉਂਦੇ ਵਜਾਉਂਦੇ ਕਿਉਂ ਰੁਕ ਗਏ ਹੋ?' ਟਵਿਸਟ ਕਰ ਰਹੇ ਮੁੰਡਿਆਂ ਵਿੱਚੋਂ ਇੱਕ ਨੇ ਵਾਲਾਂ ਵਿਚ ਕੰਘੀ ਫੇਰਦਿਆਂ ਸਵਾਲ ਕੀਤਾ।

ਬੈਂਡ ਮਾਸਟਰ ਸੋਚ ਰਿਹਾ ਹੈ ਵਿਆਹ ਦਾ ਕੰਮ ਹੈ, ਵਿਚੇ ਛੱਡ ਕੇ ਨਹੀਂ ਜਾਇਆ ਜਾ ਸਕਦਾ। ਪਾਰੋ ਦਾ ਬਾਲਣ-ਫੂਕਣ ਕਰਨ ਲਈ ਵੀ ਤਾਂ ਪੈਸੇ ਚਾਹੀਦੇ ਹਨ। ਲਾਲਿਆਂ ਨੇ ਪੈਸੇ ਤਾਂ ਕੰਮ ਪੂਰਾ ਹੋ ਜਾਣ ਤੋਂ ਬਾਅਦ ਦੇਣੇ ਨੇ। ਮੁੰਡੇ ਨੇ ਫਿਰ ਮਾਸਟਰ ਨੂੰ ਹਲੂਣਿਆ ਹੈ। ਮਾਸਟਰ ਨੇ ਧੁਨ ਵਜਾਉਣੀ ਸ਼ੁਰੂ ਕਰ ਦਿੱਤੀ। ਧੁਨ ਵਜਦੀ ਰਹੀ, ਉਹ ਨੱਚਦੇ ਰਹੇ। ਧੁਨ ਵਜਦੀ ਰਹੀ.....।

*ਜਨਵਰੀ-1980*

## ਡਾਕ ਬੰਗਲਾ/ਮਨਮੋਹਨ ਸਿੰਘ ਢਿੱਲੋਂ

ਜੰਗਲਾਤ ਵਿਭਾਗ ਦੇ ਇਕ ਅਧਿਕਾਰੀ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਕਈ ਵਾਰ ਅਧਿਕਾਰੀਆਂ ਨੂੰ ਜੰਗਲ ਵਿਚ ਦੌਰੇ ਤੇ ਜਾਣਾ ਪੈਂਦਾ ਹੈ। ਉਥੇ ਉਹਨਾਂ ਵਾਸਤੇ ਰਹਿਣ ਦਾ ਕੋਈ ਇੰਤਜ਼ਾਮ ਨਹੀਂ ਹੈ। ਇਸ ਲਈ ਇਹ ਚੰਗਾ ਹੋਵੇਗਾ ਕਿ ਜੇਕਰ ਉਥੇ ਇਕ ਡਾਕ ਬੰਗਲਾ ਬਣਵਾ ਦਿੱਤਾ ਜਾਵੇ ਤਾਂ ਕਿ ਜੰਗਲਾਤ ਅਧਿਕਾਰੀਆਂ ਨੂੰ ਉਥੇ ਰਹਿਣ ਵਿਚ ਕੋਈ ਪ੍ਰੇਸ਼ਾਨੀ ਨਾ ਆਵੇ।

ਸਰਕਾਰ ਵੱਲੋਂ ਡਾਕ ਬੰਗਲੇ ਦੀ ਉਸਾਰੀ ਲਈ ਗਰਾਂਟ ਮਨਜ਼ੂਰ ਹੋ ਗਈ। ਕੁਝ ਚਿਰ ਮਗਰੋਂ ਸਰਕਾਰੀ ਕਾਗਜ਼ਾਂ ਵਿਚ ਡਾਕ ਬੰਗਲੇ ਦੀ ਉਸਾਰੀ ਪੂਰੀ ਹੋ ਗਈ।

ਕਈ ਸਾਲ ਲੰਘ ਗਏ। ਪਹਿਲਾ ਜੰਗਲਾਤ ਅਧਿਕਾਰੀ ਆਪਣੀ ਨੌਕਰੀ ਪੂਰੀ ਕਰ ਰੀਟਾਇਰ ਹੋ ਗਿਆ। ਨਵੇਂ ਜੰਗਲਾਤ ਅਧਿਕਾਰੀ ਨੇ ਆ ਕੇ ਚਾਰਜ ਸੰਭਾਲ ਲਿਆ। ਇੱਕ ਦਿਨ ਉਹਨੇ ਸੋਚਿਆ ਕਿ ਚਲੋ ਜੰਗਲ ਦਾ ਦੌਰਾ ਕੀਤਾ ਜਾਵੇ ਅਤੇ ਉਥੇ ਹੀ ਡਾਕ ਬੰਗਲੇ ਵਿਚ ਠਹਿਰਿਆ ਜਾਵੇ।

ਦੌਰੇ ਤੋਂ ਮਗਰੋਂ ਜੰਗਲਾਤ ਅਧਿਕਾਰੀ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਇਸ ਵਾਰ ਬਰਸਾਤ ਜਿਆਦਾ ਹੋਣ ਕਾਰਣ ਡਾਕ ਬੰਗਲੇ ਦੀ ਹਾਲਤ ਖ਼ਸਤਾ ਹੋ ਗਈ ਹੈ, ਇਸ ਲਈ ਉਸ ਦੀ ਮੁਰੰਮਤ ਕਰਾਉਣ ਲਈ ਗਰਾਂਟ ਮਨਜੂਰ ਕੀਤੀ ਜਾਵੇ। ਸਰਕਾਰ ਵੱਲੋਂ ਮੁਰੰਮਤ ਲਈ ਗਰਾਂਟ ਮਨਜੂਰ ਹੋ ਗਈ ਅਤੇ ਡਾਕ ਬੰਗਲੇ ਦੀ ਮੁਰੰਮਤ ਕਰਵਾ ਦਿੱਤੀ ਗਈ।

ਕੁਝ ਚਿਰ ਮਗਰੋਂ ਦੂਜਾ ਜੰਗਲਾਤ ਅਧਿਕਾਰੀ ਤਬਦੀਲ ਹੋ ਗਿਆ। ਨਵੇਂ ਅਧਿਕਾਰੀ ਨੇ ਚਾਰਜ ਸੰਭਾਲਣ ਮਗਰੋਂ ਡਾਕ ਬੰਗਲੇ ਦਾ ਦੌਰਾ ਕੀਤਾ ਅਤੇ ਸਰਕਾਰ ਨੂੰ ਰਿਪੋਰਟ ਪੇਸ਼ ਕੀਤੀ ਕਿ ਮੁਰੰਮਤ ਕਰਾਉਣ ਮਗਰੋਂ ਵੀ ਡਾਕ ਬੰਗਲੇ ਦੀ ਹਾਲਤ ਠੀਕ ਨਹੀਂ ਹੋਈ। ਸੋ ਚੰਗਾ

ਹੋਵੇਗਾ ਕਿ ਡਾਕ ਬੰਗਲੇ ਨੂੰ ਢਾਹ ਦਿੱਤਾ ਜਾਵੇ ਅਤੇ ਸਾਰਾ ਮਲਬਾ ਜੰਗਲ ਤੋਂ ਬਾਹਰ ਸੁੱਟ ਦਿੱਤਾ ਜਾਵੇ, ਤੇ ਇਸ ਸਾਰੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਵੇ।

ਸਰਕਾਰ ਵੱਲੋਂ ਮਨਜ਼ੂਰੀ ਆਉਣ ਤੇ ਡਾਕ ਬੰਗਲਾ ਢਾਹ ਦਿੱਤਾ ਗਿਆ ਅਤੇ ਸਾਰਾ ਮਲਬਾ ਜੰਗਲ ਤੋਂ ਬਾਹਰ ਸੁਟਵਾ ਦਿੱਤਾ ਗਿਆ। ਕਾਗਜ਼ੀ ਕਾਰਵਾਈ ਪੂਰੀ ਸੀ। ਨਾ ਡਾਕ ਬੰਗਲਾ ਉਸਾਰਿਆ ਗਿਆ ਸੀ, ਨਾ ਉਸਦੀ ਮੁਰੰਮਤ ਕਰਵਾਈ ਗਈ ਸੀ, ਨਾ ਉਸ ਨੂੰ ਢਾਹ ਕੇ ਉਸਦਾ ਮਲਬਾ ਜੰਗਲ ਤੋਂ ਬਾਹਰ ਸੁੱਟਿਆ ਗਿਆ ਸੀ।

*ਜਨਵਰੀ-1980*

# ਜ਼ਿੰਦਗੀ/ਰੋਸ਼ਨ ਫੂਲਵੀ

ਮੇਰੀ ਆਤਮਾ ਦੀਆਂ ਅੱਖਾਂ ਭਰ ਆਈਆਂ। ਆਪੇ ਨਾਲ ਘਿਰਣਾ ਜਿਹੀ ਹੋਣ ਲੱਗੀ। ਇਉਂ ਜਾਪਿਆ ਜਿਵੇਂ ਮੈਥੋਂ ਵਧ ਕੋਈ ਨਿਰਦਈ ਨਹੀਂ ਹੋਣੀ। ਜੇ ਉਸਦੇ ਅੱਥਰੂ ਪੂੰਝ ਦਿੰਦੀ, ਦਿਲਾਸੇ ਦੇ ਦੋ ਸ਼ਬਦ ਕਹਿ ਦਿੰਦੀ, ਤਾਂ ਕਿਹੜੀ ਆਫਤ ਆ ਚੱਲੀ ਸੀ। ਉਹਨੇ ਤਾਂ ਕਈ ਬਾਰ ਮੇਰੇ ਕੁਆਰੇ ਅੱਥਰੂ ਆਪਣੀਆਂ ਅੱਖਾਂ ਵਿਚ ਸਮਾਏ ਹਨ। ਤੇ ਮੈਂ ਵੇਖਣ ਵਾਲਿਆਂ ਦੇ ਡਰੋਂ ਪੱਥਰ ਬਣੀ ਇਉਂ ਵੇਖਦੀ ਰਹੀ ਸੀ ਜਿਵੇਂ ਮੇਰਾ ਉਹ ਕੁਝ ਨਹੀਂ ਹੁੰਦਾ। ਜਿਵੇਂ ਪਿਆਰ ਦੇ ਗਲ ਲਗਕੇ ਮਿਲਣਾ ਪਾਪ ਹੋਵੇ।

ਮੇਰੇ ਨਾਲ ਬੈਠੀ ਅਨਪੜ੍ਹ ਗਰੀਬਣੀ ਜਿਹੀ ਜ਼ਨਾਨੀ ਨੇ ਵਗਦੇ ਅੱਥਰੂ ਵੇਖ ਲਏ ਸਨ। ਬੋਲੀ- 'ਏ ਬੀਬੀ! ਤੂੰ ਉੱਤਰ ਕੇ ਇਹਦੇ ਨਾਲ ਕੋਈ ਗੱਲ ਕਰ ਲੈ। ਕਿਸੇ ਨੂੰ ਕੋਈ ਦੁੱਖ ਹੁੰਦੈ ਤਦੇ ਰੋਂਦਾ ਏ।' ਮੈਨੂੰ ਆਪਣੇ ਨਾਲੋਂ ਉਹ ਅਨਪੜ੍ਹ ਮੰਗਤੀ ਜਿਹੀ ਚੰਗੀ ਲੱਗੀ। ਜਿਸਨੂੰ ਬਿਨਾਂ ਜਾਣ-ਪਛਾਣ ਤੋਂ ਵੀ ਤਰਸ ਆਇਆ ਸੀ।

ਮੈਂ ਤੁਰੀ ਜਾਂਦੀ ਗੱਡੀ ਵਿੱਚੋਂ ਉਹਨੂੰ ਇਉਂ ਵੇਖਿਆ ਸੀ ਜਿਵੇਂ ਮੇਰੀ ਅੱਧੀ ਆਤਮਾ ਪਿੱਛੇ ਰਹਿ ਗਈ ਹੋਵੇ। ਪਰ ਅੱਗੇ ਜਿਸ ਅੱਧ ਕੋਲ ਮੇਰੇ ਜਿਸਮ ਦਾ ਰਾਤ ਹੋਣ ਤੱਕ ਪੁਜਣਾ ਜਰੂਰੀ ਸੀ, ਉਹ ਮੇਰੇ ਸਿਰ ਉਤੇ ਲਾਲ ਲਕੀਰ ਬਣਕੇ ਬੈਠਾ ਹੋਇਆ ਹੈ। ਤੇ ਮੈਂ ਸੋਚਦੀ ਹਾਂ, ਕੀ ਆਪਣੀ ਇੱਛਾ ਅਨੁਸਾਰ ਕੋਈ ਪਲ ਨਾ ਜਿਉਂ ਸਕਣਾ ਹੀ ਜ਼ਿੰਦਗੀ ਹੈ?

*ਫਰਵਰੀ, ਮਾਰਚ-1980*

# ਜੋਕ/ਸੁਰਜੀਤ ਸੂਦ

ਉਹ ਇਕ ਸਰਕਾਰੀ ਦਫਤਰ ਵਿਚ ਕਲਰਕ ਲੱਗਾ ਹੋਇਆ ਸੀ। ਉਹ ਬੜੇ ਹੀ ਠਾਠ-ਬਾਠ ਨਾਲ ਦਫਤਰ ਵਿਚ ਰਹਿੰਦਾ ਸੀ। ਕਿਸੇ ਵੀ ਅਫਸਰ ਦੀ ਜੁਰਅਤ ਨਹੀਂ ਸੀ ਕਿ ਉਸ ਅੱਗੇ ਅੱਖ ਪੁੱਟ ਜਾਏ। ਉਹ ਦੱਬ ਕੇ ਰਿਸ਼ਵਤ ਲੈਂਦਾ ਸੀ।

ਕੁਝ ਹੀ ਦਿਨ ਹੋਏ ਸਨ ਕਿ ਉਹਨਾਂ ਦੇ ਦਫਤਰ ਵਿਚ ਇਕ ਨਵਾਂ ਅਫਸਰ ਆਇਆ ਸੀ। ਉਹ ਸੁਭਾ ਦਾ ਕੁਝ ਸਖਤ, ਇਮਾਨਦਾਰ ਤੇ ਮਿਹਨਤੀ ਆਦਮੀ ਸੀ। ਅਫਸਰ ਨੇ ਮੰਤਰੀਆਂ ਦੇ ਦਿੱਤੇ ਭਾਸ਼ਨਾਂ ਮੁਤਾਬਕ ਭ੍ਰਿਸ਼ਟਾਚਾਰ ਖਤਮ ਕਰਨ ਦਾ ਮਨ ਬਣਾ ਲਿਆ ਸੀ।

ਲੋਕਾਂ ਦੀ ਸ਼ਿਕਾਇਤ ਤੇ ਅਫਸਰ ਨੇ ਕਲਰਕ ਦੀ ਸੀਟ ਬਦਲ ਦਿੱਤੀ ਤਾਂ ਜੋ ਉਹ ਲੋਕਾਂ ਕੋਲੋਂ ਰਿਸ਼ਵਤ ਨਾ ਲੈ ਸਕੇ।

ਕਲਰਕ ਨੂੰ ਅਫਸਰ ਦੀ ਇਹ ਗੱਲ ਬਿਲਕੁਲ ਹੀ ਚੰਗੀ ਨਾ ਲੱਗੀ। ਉਹ ਕੁਝ ਸਰਦੇ-ਪੁੱਜਦੇ ਬੰਦੇ ਲੈ ਕੇ ਮਹਿਕਮੇ ਦੇ ਸਬੰਧਤ ਮੰਤਰੀ ਕੋਲ ਚਲਾ ਗਿਆ। ਉਹਨਾਂ ਨੇ ਮੰਤਰੀ ਨੂੰ ਅਫਸਰ ਸਬੰਧੀ ਸਾਰੀ ਗੱਲਬਾਤ ਦੱਸੀ। ਮੰਤਰੀ ਨੇ ਉਹਨਾਂ ਨੂੰ ਟਾਲਣ ਦੀ ਕੋਸ਼ਿਸ਼ ਕੀਤੀ, ਤਾਂ ਇਕ ਸੱਜਣ ਨੇ ਕਿਹਾ- ਮੰਤਰੀ ਜੀ, ਕੀ ਹੋਇਆ ਜੇ ਕਲਰਕ ਨੇ ਕੁਝ ਰਿਸ਼ਵਤ ਲੈ ਲਈ, ਆਖਰਕਾਰ ਉਸ ਨੇ ਵੀ ਤਾਂ ਚੋਣ ਵੇਲੇ ਆਪਣੀ ਜੇਬ ਵਿੱਚੋਂ ਪੈਸੇ ਖਰਚ ਕੇ ਤੁਹਾਡੀ ਪਾਰਟੀ ਨੂੰ ਕਾਮਯਾਬ ਬਣਾਇਆ ਸੀ।

ਮੰਤਰੀ ਨੇ ਆਪਣੇ ਪ੍ਰਾਈਵੇਟ ਸਕੱਤਰ ਤੋਂ ਕਲਰਕ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਸੰਤੁਸ਼ਟ ਹੋ ਗਿਆ।

ਮੰਤਰੀ ਨੇ ਇਕ ਹਫਤੇ ਦੇ ਅੰਦਰ ਅੰਦਰ ਇਮਾਨਦਾਰ ਅਫਸਰ ਨੂੰ ਪੱਛੜੇ ਇਲਾਕੇ ਵਿਚ ਤਬਦੀਲ ਕਰ ਦਿੱਤਾ ਤੇ ਕਲਰਕ ਨੂੰ ਮੁੜ ਪਹਿਲਾਂ ਵਾਲੀ ਸੀਟ ਦੇ ਦਿੱਤੀ ਗਈ।

***ਫਰਵਰੀ, ਮਾਰਚ-1980***

## ਅਧੂਰੀ ਮੁਲਾਕਾਤ/ਰਾਮ ਸਰੂਪ

ਅੱਜ ਸਾਡੇ ਪਿੰਡ ਕਿਸੇ ਮਨਿਸਟਰ ਨੇ ਆਉਣਾ ਸੀ ਕਿਉਂਕਿ ਵੋਟਾਂ ਨੇੜੇ ਸਨ। ਇਸ ਲਈ ਟੋਭੇ ਵਾਲੇ ਗਰਾਊਂਡ ਨੂੰ ਖੂਬ ਸਜਾਇਆ ਗਿਆ। ਮੈਂ ਵੀ ਘਰੋਂ ਤੁਰ ਪਿਆ ਕਿ ਸ਼ਾਇਦ ਮੇਰੀ ਵੀ ਕੋਈ ਫਰਿਆਦ ਸੁਣੀ ਜਾਵੇ। ਅਤੇ ਜਾ ਕੇ ਟੋਭੇ ਦੇ ਇਕ ਪਾਸੇ ਗੱਡੇ ਲੁੱਕ ਵਾਲੇ ਖਾਲੀ ਢੋਲ ਉਪਰ ਬੈਠ ਗਿਆ।

'ਟਰਰ....ਟਰਰ...ਟਰ' , ਟੋਭੇ ਦੇ ਇਕ ਕੰਢੇ ਬੈਠਾ ਡੱਡੂ ਸ਼ਾਇਦ ਮੈਥੋਂ ਪੁੱਛ ਰਿਹਾ ਸੀ, ਕੀ ਤੂੰ ਵੀ ਬੇਰੁਜ਼ਗਾਰ ਫਿਰਦੈਂ ?

'ਟਰਰ...ਟਰਰ..ਟਰ' , ਕੀ ਤੁਸੀਂ ਅਜੇ ਵੀ ਇਨ੍ਹਾਂ ਲਾਰਿਆਂ 'ਚ ਰੱਖਣ ਵਾਲੇ ਮੰਤਰੀਆਂ ਤੇ ਵਿਸ਼ਵਾਸ਼ ਰੱਖਦੇ ਹੋ।

'ਟਰਰ....ਟਰਰ...ਟਰ' , ਕੀ ਤੇਰੇ ਸਾਰੇ ਦਿਨ ਦੀ ਮਿਹਨਤ ਦਾ ਮੁੱਲ ਦੋ ਰੋਟੀਆਂ ਵੀ ਨਹੀਂ ਪੈਂਦਾ?'

ਏਨੇ ਵਿਚ ਇਕ ਬਗਲਾ ਡੱਡੂ ਉਤੇ ਝਪਟਿਆ ਅਤੇ ਡੱਡੂ ਦੀ 'ਟਰਰ....ਟਰਰ....ਟਰ' ਦੀ ਚੀਕ ਮੇਰੇ ਕੰਨਾਂ ਵਿਚ ਪਈ ਜਿਵੇਂ ਡੱਡੂ ਮੈਥੋਂ ਪੁੱਛ ਰਿਹਾ ਹੋਵੇ, ਕੀ ਤੇਰੇ ਪਿੰਡ ਵੀ ਹੱਕ ਮੰਗਣ ਵਾਲੇ ਦਾ ਗਲਾ, ਬਗਲਿਆਂ ਦੇ ਰੂਪ ਵਿਚ ਫਿਰਦੇ ਕਾਂ ਮੇਰੇ ਵਾਂਗ ਘੁੱਟ ਦਿੰਦੇ ਹਨ?

ਮੈਂ ਆਉਣ ਵਾਲੇ 'ਬਗਲੇ' ਨੂੰ ਦੇਖਣ ਦਾ ਖਿਆਲ ਛੱਡ ਕਿਸੇ ਕੰਮ ਦੀ ਭਾਲ ਵਿਚ ਤੁਰ ਪਿਆ।

***ਮਈ-1980***

# ਝਿਜਕ/ਦਰਸ਼ਨ ਮਿਤਵਾ

ਉਸ ਪੜ੍ਹੇ ਲਿਖੇ ਨੌਜਵਾਨ ਨੇ ਕਿਧਰੇ ਜਾਣਾ ਸੀ।

ਉਹ ਬੱਸ ਅੱਡੇ ਵਿਚ ਬੱਸਾਂ ਉਤਲੇ ਬੋਰਡ ਪੜ੍ਹਦਾ ਫਿਰਦਾ ਸੀ। ਮੂਰਖ ਵੱਜਣ ਦੇ ਡਰੋਂ ਉਸਨੇ ਕਿਸੇ ਤੋਂ ਬੱਸ ਦੇ ਕਿਧਰੇ ਜਾਣ ਬਾਰੇ ਪੁੱਛਿਆ ਵੀ ਨਾ।

ਉਹ ਬੱਸ ਬੱਸ ਭੌਂਦਾ ਰਿਹਾ। ਇਕ ਬੱਸ ਤੋਂ ਦੂਜੀ, ਦੂਜੀ ਤੋਂ ਤੀਜੀ....!

ਇਕ ਕੋਈ ਅਨਪੜ੍ਹ ਜਿਹਾ ਆਇਆ।

ਉਸਨੇ ਬੱਸ ਵਿਚ ਬੈਠੀ ਸਵਾਰੀ ਤੋਂ ਬੱਸ ਦੇ ਕਿਸੇ ਪਾਸੇ ਜਾਣ ਬਾਰੇ ਪੁੱਛਿਆ ਤੇ ਝੱਟ ਬੱਸ ਵਿਚ ਬੈਠ ਗਿਆ।

ਬੱਸ ਚਲ ਪਈ।

-ਪਰ ਉਹ ਪੜ੍ਹਿਆ ਲਿਖਿਆ ਨੌਜਵਾਨ ਅਜੇ ਵੀ ਹੋਰ ਬੱਸਾਂ ਦੇ ਬੋਰਡ ਪੜ੍ਹਦਾ ਅੱਡੇ ਦਾ ਚੱਕਰ ਕੱਟ ਰਿਹਾ ਸੀ।

***ਅਗਸਤ-1980***

# ਨਤੀਜਾ/ਸੁਰਿੰਦਰ ਸੈਣੀ

ਇਲੈਕਸ਼ਨ ਖਤਮ ਹੋ ਚੁੱਕੀ ਸੀ। ਸਾਰਾ ਹੀ ਅਕਾਸ਼ ਗੂੰਜਾਊ ਵਾਤਾਵਰਣ ਸ਼ਾਂਤ ਹੋਇਆ ਪਿਆ ਸੀ। ਸਾਰੇ ਹੀ ਗਿਣਤੀ ਵਾਲੇ ਥਾਵਾਂ ਉਪਰ ਪੁਲੀਸ ਤਾਇਨਾਤ ਸੀ।

ਸਵੇਰੇ ਗਿਣਤੀ ਦਾ ਕੰਮ ਸ਼ੁਰੂ ਹੋਇਆ। ਵਰਕਰ ਹੱਥਾਂ ਵਿਚ ਝੰਡੇ ਫੜੀ ਕਾਰਾਂ ਉਪਰ ਤੇ ਟਰੱਕਾਂ ਉੱਤੇ ਵੋਟਾਂ ਦੀ ਗਿਣਤੀ ਵਾਲੀ ਥਾਂ ਦੇ ਕੋਲ ਖੜ੍ਹੇ ਹੋ ਰਹੇ ਸਨ। ਅੰਦਰੋਂ ਗਿਣਤੀ ਦੇ ਵੇਰਵੇ ਬਾਹਰ ਆ ਰਹੇ ਸਨ। ਜਦ ਵੀ ਵੇਰਵਾ ਬਾਹਰ ਆਉਂਦਾ ਦੋਹਾਂ ਪਾਰਟੀਆਂ ਦੇ ਉਮੀਦਵਾਰ ਆਪਣੇ ਆਪਣੇ ਨਾਹਰੇ ਮਾਰਨ ਲੱਗ ਪੈਂਦੇ।

ਇਕ ਵੇਰਵੇ ਨਾਲ ਇਕ ਪਾਰਟੀ ਦਾ ਉਮੀਦਵਾਰ ਵੋਟਾਂ ਦੀ ਗਿਣਤੀ ਵਿਚ ਲੀਡ ਕਰਨ ਲੱਗ ਪਿਆ। ਉਸਦੇ ਵਰਕਰ ਉਸਦੇ ਹੱਕ ਵਿਚ ਨਾਹਰੇ ਲਗਾਉਣ ਲੱਗ ਪਏ। ਉਸਦੇ ਘਰ ਮਿਠਾਈ ਵੰਡੀ ਜਾਣ ਲੱਗ ਪਈ। ਢੋਲ ਵੱਜਣੇ ਸ਼ੁਰੂ ਹੋ ਗਏ, ਭੰਗੜੇ ਪੈਣ ਲੱਗ ਪਏ। ਟੈਲੀਫੋਨ ਦੀ ਘੰਟੀ ਲਗਾਤਾਰ ਵਧਾਈਆਂ ਲਈ ਖੜਕਣ ਲੱਗ ਪਈ। ਮਿੰਟਾਂ ਵਿਚ ਹੀ ਕਾਰਾਂ, ਸਕੂਟਰਾਂ ਤੇ ਸਾਈਕਲਾਂ ਨਾਲ ਕੋਠੀ ਦਾ ਬਾਹਰਲਾ ਬਾਗ ਭਰ ਗਿਆ।

ਦੂਜੇ ਵੇਰਵੇ ਨੇ ਕਮਾਲ ਹੀ ਕਰ ਦਿੱਤੀ। ਪਹਿਲਾ ਉਮੀਦਵਾਰ ਜੋ ਲੀਡ ਕਰ ਰਿਹਾ ਸੀ, ਉਹ ਹੁਣ ਦੂਸਰੇ ਉਮੀਦਵਾਰ ਤੋਂ ਕਾਫੀ ਪਿੱਛੇ ਚਲਾ ਗਿਆ। ਅਤੇ ਦੂਸਰਾ ਜਿੱਤ ਵਧ ਵਧਣ ਲੱਗਾ। ਪਹਿਲੇ ਉਮੀਦਵਾਰ ਤੇ ਜਿੰਨੀ ਲੋਕਾਂ ਦੀ ਭੀੜ ਤੇ ਰੌਣਕ ਸੀ ਇਕ ਮਿੰਟ ਵਿਚ ਖਤਮ

ਹੋ ਗਈ। ਤੇ ਦੂਜੇ ਉਮੀਦਵਾਰ ਦੇ ਝੰਡੇ ਉਸਦੀ ਕੋਠੀ ਵਲ ਚੱਲਣ ਲੱਗ ਪਏ।

*ਅਗਸਤ-1980*

# ਵਿਹੁ ਵਰਗਾ-ਖੰਡ ਵਰਗਾ/ਜਸਬੀਰ ਢੰਡ

'ਤੈਨੂੰ ਕੱਲ ਸਮਝਾਇਆ ਨੀਂ ਉਇ ਇਹ ਸੁਆਲ? ਫੇਰ ਆ ਖੜੈਂ ਬੋਤੇ ਆਙੂੰ ਧੌਣ ਕੱਢਕੇ, ਦਿਮਾਗ ਐ ਕਿ ਤੂੜੀ ਭਰੀ ਐ? ਪਤਾ ਨੀਂ ਕੀ ਖਾਕੇ ਜੰਮਦੀਐਂ, ਜਿੰਨਾ ਮਰਜ਼ੀ ਮੱਥਾ ਮਾਰੀ ਜਾਓ, ਸਾਲਿਆਂ ਦੇ ਕੱਖ ਪੱਲੇ ਨੀਂ ਪੈਂਦਾ...ਡਫ਼ਰ ਨਾ ਹੋਣ ਤਾਂ ਕਿਤੋਂ ਦੇ....ਜਦੋਂ ਲਘੁੱਤਮ ਈ ਗਲਤ ਐ ਤਾਂ ਸੁਆਲ ਠੀਕ ਕਿੱਥੋਂ ਹੋ ਜੂ?'

ਗ਼ਲਤ ਸੁਆਲ ਵਾਲੀ ਸਲੇਟ ਅਧਿਆਪਕ ਦੇ ਸਾਹਮਣੇ ਪਈ ਹੈ ਤੇ ਉਹ ਮੁੰਡੇ ਉਤੇ ਲਗਾਤਾਰ ਖਿਝ ਰਿਹਾ ਹੈ। ਉਸਦਾ ਸਿਰ ਦੁਖਣ ਲੱਗ ਪੈਂਦਾ ਹੈ।

'ਪਤਾ ਨੀਂ ਕਿਹੜੀ ਚੰਦਰੀ ਘੜੀ ਸੀ ਜਦੋਂ ਏਸ ਮਹਿਕਮੇਂ 'ਚ ਆ ਫਸੇ...ਹੁਣ ਮਾਰੀ ਜਾਓ ਮੱਥਾ ਸਾਰੀ ਉਮਰ ਇਨ੍ਹਾਂ ਡੰਗਰਾਂ ਨਾਲ...' ਸਾਹਮਣੇ ਨੀਵੀਂ ਪਾਈ ਖੜਾ ਮੁੰਡਾ ਉਸਨੂੰ ਵਿਹੁ ਵਰਗਾ ਲਗਦਾ ਹੈ। ਉਸਦੇ ਮੂੰਹ ਦਾ ਸੁਆਦ ਕੌੜਾ ਕੌੜਾ ਹੋ ਜਾਂਦਾ ਹੈ ਜਿਵੇਂ ਕੁਨੈਣ ਖਾਧੀ ਹੋਵੇ। ਅਚਾਨਕ ਬੜੇ ਜ਼ੋਰ ਨਾਲ ਉਸਨੂੰ ਚਾਹ ਦੀ ਤਲਬ ਮਹਿਸੂਸ ਹੁੰਦੀ ਹੈ।

'ਦੁੱਧ ਦੀਆਂ ਵਾਰੀਆਂ ਲਾ ਤੀਆਂ ਉਇ ਚਰਨਿਆਂ?' ਉਹ ਮਨੀਟਰ ਨੂੰ ਪੁੱਛਦਾ ਹੈ।

'ਜੀ ਵਾਰੀ ਆਲਾ ਤਾਂ ਕੋਈ ਨੀਂ ਲਿਆਇਆ।'

ਮੁੰਡੇ ਵੱਲੋਂ ਜਵਾਬ।

'ਕਿਉਂ?'

'ਜੀ! ਸਮਸ਼ੇਰ ਕੀ ਤਾਂ ਕੱਟੀ ਚੁੰਘਗੀ ਤੇ ਵਿਸਾਖੀ ਕਹਿੰਦਾ ਸਾਡੇ ਘਰੇ ਨੀਂ ਕੋਈ, ਕੁਲਵੰਤ ਕਿਆਂ ਨੇ ਥੇਈ ਕਰ ਲੀ ਜੀ...' ।

'ਫੇਰ?' ਚਾਹ ਦੀ ਤਲਬ ਫੇਰ ਉਸਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

'ਜੀ ਮੈਂ ਲਿਆਵਾਂ?' ਸਾਹਮਣੇ ਖੜਾ ਗਲਤ ਸੁਆਲ ਵਾਲਾ ਮੁੰਡਾ ਆਖਦਾ ਹੈ। ਉਸਦੇ ਮਾੜਾ ਜਿਹਾ ਸਿਰ ਹਿਲਾਉਣ ਤੇ ਹੀ ਮੁੰਡਾ ਬਹੁ-ਵੀਟ ਜਾਂਦਾ ਹੈ ਜਿਵੇਂ ਕੋਈ ਕੈਦੀ ਜੇਲੋਂ ਛੁੱਟ ਗਿਆ ਹੋਵੇ। ਰੱਸਾ ਤੁੜਾ ਕੇ ਭੱਜੇ ਪਸ਼ੂ ਵਾਗ ਉਹ ਦੁੜੰਗੇ ਮਾਰਦਾ ਗੇਟੋਂ ਬਾਹਰ ਹੋ ਜਾਂਦਾ ਹੈ।

ਉਹ ਦੁੱਧ ਦੀ ਗੜਵੀ ਹਾਜ਼ਰੀ ਰਜਿਸਟਰ ਨਾਲ ਢਕ ਕੇ ਪਿਛਲੇ ਤਾਕ ਵਿਚ ਰੱਖ ਦਿੰਦਾ ਹੈ।

'ਦੇਖ ਬੇਟੇ! ਜੇ ਕੋਈ ਸੁਆਲ ਨਾ ਆਵੇ ਤਾਂ ਪੁੱਛ ਲਈਦੈ..ਸੰਗੀਦਾ ਨੀਂ ਅਸੀਂ ਕਾਹਦੇ ਵਾਸਤੇ ਬੈਠੇ ਆਂ...ਦੇਖ! ਏਥੇ ਲਾ ਤੀਆ...' ।

ਅਧਿਆਪਕ ਦੇ ਬੋਲਾਂ ਵਿਚ ਹੁਣ ਮਿਸਰੀ ਘੁਲਦੀ ਜਾ ਰਹੀ ਹੈ ਤੇ ਮੁੰਡਾ ਉਸਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕ ਰਿਹਾ ਹੈ।

***ਸਤੰਬਰ-1980***

# ਕਮਲੀ ਅੰਮਾਂ-ਸਿਆਣੇ ਪੋਤੇ/ਜਗਸੀਰ 'ਮੋਹੀ'

'ਅੰਮਾਂ! ਚੱਲ ਵੋਟਾਂ ਪੈਂਦੀ-ਐਂ-ਚੱਲ-ਚੱਲ-ਚੱਲ ਮੈਂ ਆਖਿਆ ਅੰਮਾਂ ਨੂੰ ਲੈ ਆਵਾਂ।ਅੰਮਾਂ-ਚੱਲ-ਚੱਲ-ਚੱਲ ਫਲ੍ਹੇ 'ਚ ਟਰਾਲੀ ਖੜੀ ਐ।' ਗੁਰੂ-ਬਖਸ਼ੇ ਨੇ 'ਅੰਮਾਂ ਵਾਲੀ ਕੋਠੜੀ 'ਚ ਨਿਉਂਕੇ ਵੜਦਿਆਂ ਗੋਡਿਆਂ ਤੋਂ ਹੇਠਾਂ ਲਮਕਦੇ ਨਾਲੇ ਨੂੰ ਬੋਚਿਆ।

'ਚੱਲ- ਚੱਲਦੀ ਐਂ!....ਬਿੰਦ ਕੁ ਪਹਿਲਾਂ ਅਪਣੇ ਰੰਜੀਤ ਸੁੰਹ ਕਾ ਛੋਟਾ ਹਰਬਖ਼ਸ਼ਾ ਵੀ ਆਇਆ ਸੀ-।' ਅੰਮਾਂ ਨੇ ਐਨਕ ਬੋਚਦਿਆਂ, ਬਾਹੀ ਨਾਲ ਪਿਆ ਬੱਠਲ ਧੱਕ ਕੇ ਮੰਜੇ ਥੱਲੇ ਕਰਦਿਆਂ ਜੁੱਤੀ ਟੋਹੀ।

'ਹੈਂ-ਹੈਂ-ਹੈਂ-ਹੂੰ-ਹੂੰ-ਹੂੰ-ਹਾਂ ਅੰਮਾਂ! ਤੋਕੀ (ਐਤਕੀਂ) ਉਹ ਬਾਬਿਆਂ ਤੋਂ 'ਬੇ-ਮੁੱਖ' ਹੋਏ ਫਿਰਦੇ- ਐ। ਲੈ ਦੇਖ ਅੰਮਾਂ! ਆਹ! ਐਹੋ ਜਿਹੀ ਹੋਊ ਪਰਚੀ-ਤੈਂ ਐਥੇ ਮੋਹਰ ਲਾਉਣੀ ਐਂ-'ਬੇਬੇ ਦੀ ਤੱਕੜੀ' 'ਤੇ....।'

ਅੰਮਾਂ ਦੇ ਨਾਲ ਬਾਹਰ ਨੂੰ ਆਉਂਦਿਆਂ ਉਹਨੇ ਅੰਮਾਂ ਨੂੰ ਮੋਹਰ ਲਾਉਣ ਬਾਰੇ 'ਸਮਝਾਉਤੀ' ਦਿੱਤੀ।

'ਭਾਈ ਨਿੱਕਿਆ! ਉਹ! (ਹਰਬਖ਼ਸ਼ਾ) ਆਂਹਦਾ ਸੀ 'ਹੱਥ' 'ਤੇ ਲਾਈਂ ਅੰਮਾਂ। -'ਪੰਜਾ' ਐ ਬਾਬੇ ਦਾ, ਤੂੰ ਆਹਨੈਂ ਤੱਕੜੀ 'ਤੇ ਲਾਂਮਾਂ-! ਦੇਖੇ ਨਾ ਡੱਡੇ! ਮੈਂ ਤਾਂ ਭਾਈ ਜਾਏ ਨੂੰ ਖਾਬੇ ਦੋਹਾਂ 'ਤੇ ਲਾ ਦੂੰ-ਤੂੰ ਵੀ ਪੋਤਾ- ਉਹ ਵੀ ਪੋਤਾ-!' ਅੰਮਾਂ ਦੇ ਸ਼ਬਦਾਂ 'ਚ ਮੋਹ ਭਿੱਜੀ ਭੋਲੇ-ਪਣ ਦੀ ਭਿੰਨੀ 'ਮਹਿਕ' ਸੀ।

'ਹੈਂ-ਹੈਂ-ਹੈਂ- ਲੈ ਹੈ ਸਹੁਰੀ ਕਮਲੀ ਅੰਮਾਂ! ਨਾਂ-ਨਾਂ-ਨਾਂ ਦੋਹਾਂ 'ਤੇ ਨ੍ਹੀ ਲਾਉਣੀ। ਇਹ 'ਆਪਣੀ-ਤੱਕੜੀ' - ਤੇਰ੍ਹਾਂ-ਤੇਰ੍ਹਾਂ ਆਲੀ ਬਾਬੇ ਨਾਨਕ ਆਲੀ ਤੱਕੜੀ ਐ- ਉਹ ਤਾਂ ਐਮੇਂ ਤੇਰੇ ਕੋਲ 'ਟਰੱਪਲ' ਮਾਰ ਗਿਆ...।' ਤੇ ਹੁਣ ਮਨ ਹੀ ਮਨ 'ਚ ਮਿੰਨ੍ਹਾਂ-ਮਿੰਨ੍ਹਾਂ 'ਮੁਸਕਰਾਉਂਦਾ' ਗੁਰੂਬਖ਼ਸ਼ਾ ਅੰਮਾਂ ਨੂੰ ਫਲ੍ਹੇ 'ਚ ਖੜ੍ਹੀ ਟਰਾਲੀ ਵੱਲ ਲਈ ਜਾ ਰਿਹਾ ਸੀ....।

***ਸਤੰਬਰ-1980***

# ਪਛਾਣ/ਚਿਤ੍ਰਾ ਮੁਦਗਲ

ਦਰਵਾਜ਼ੇ ਕੋਲ ਪਹੁੰਚੀ ਹੀ ਸੀ ਕਿ ਟਿਕਟ-ਚੈਕਰ ਨੇ ਟੋਕਿਆ 'ਟਿਕਟ ਪਲੀਜ਼!' ਭੀੜ ਤੋਂ ਥੋੜੀ ਅਲੱਗ ਹੋਕੇ ਬੜੀ ਸਹਿਜਤਾ ਨਾਲ ਮੈਂ ਆਪਣਾ 'ਵੈਨਿਟੀ-ਬੈਗ' ਖੋਲ੍ਹਿਆ। ਦੇਖਿਆ, ਮੇਰਾ ਛੋਟਾ ਪਰਸ ਜਿਸ ਵਿਚ ਰੁਪਏ-ਪੈਸੇ ਤੇ ਟਿਕਟ ਪਈ ਸੀ ਗੁੰਮ ਸੀ। ਚਿਹਰਾ ਫਕ ਹੋ ਗਿਆ। ਝੱਟ ਸਮਝ ਗਈ ਕਿ ਮਾਮਲਾ ਕੀ ਹੈ...ਪਰਸ ਉਡਾ ਲਿਆ ਗਿਆ ਸੀ ਪਰ ਤਾਂ ਵੀ ਮਨ ਨੂੰ ਤਸੱਲੀ ਨਹੀਂ ਸੀ ਹੋ ਰਹੀ ਉਂਗਲੀਆਂ ਬੈਗ ਦੇ ਕੋਨੇ ਕੋਨੇ ਨੂੰ ਬਾਰ ਬਾਰ ਫਰੋਲ ਰਹੀਆਂ ਸਨ। ਨਜ਼ਰ ਚੈਕਰ ਦੇ ਚਿਹਰੇ ਤੇ ਗਈ ਦੇਖਿਆ ਕਿ ਇਕ ਗੁੱਝੀ ਮੁਸਕਰਾਹਟ ਉਸ ਦੇ ਬੁਲ੍ਹਾਂ ਤੇ ਅੱਖਾਂ 'ਚ ਸੀ। ਮੇਰੇ ਆਸ-ਪਾਸ ਲੋਕ ਇਕੱਠੇ ਹੋਣ ਲੱਗੇ।

'ਲਗਦੈ ਕਿਸੇ ਨੇ ਟਰੇਨ 'ਚ ਮੇਰਾ ਪਰਸ ਉਡਾ ਲਿਆ।' ਚੈਕਰ ਦੇ ਚਿਹਰੇ ਤੇ ਗੁੱਸਾ ਆ ਗਿਆ ਬਿਨਾਂ ਟਿਕਟ ਸਫਰ ਕਰਨ ਵਾਲੇ ਅਕਸਰ ਇਹੋ ਦਲੀਲ ਦਿੰਦੇ ਹਨ। ਮੈਂ ਇਹਨਾਂ ਚਕਮਿਆਂ ਵਿਚ ਨਹੀਂ ਆਉਣ ਵਾਲਾ, ਸਿੱਧੀ ਤਰ੍ਹਾਂ ਟਿਕਟ ਕੱਢੋ।'

ਅਪਮਾਨ ਵਿਚ ਵਿੰਨੀ ਜਾ ਰਹੀ ਸਾਂ 'ਮੈਂ ਕੀ ਇਹੋ ਜਿਹੀ ਲਗਦੀ ਹਾਂ?'

'ਦੇਖੋ, ਮੈਨੂੰ ਟਿਕਟ ਨਾਲ ਮਤਲਬ ਹੈ, ਨਹੀਂ ਲਿਆ ਤਾਂ ਕੋਈ ਗੱਲ ਨਹੀਂ ਪੈਨੇਲਿਟੀ ਭਰ ਦਿਓ।'

'ਪਰਸ ਹੀ ਕੱਟ ਗਿਆ ਤਾਂ ਪੈਨੇਲਿਟੀ ਕਿਵੇਂ ਭਰਾਂ?'

ਭਰੇ ਗਲੇ ਨੂੰ ਖੁਸ਼ਕ ਕਰਕੇ ਕਿਹਾ, ਬੀਲੀਵ ਮੀ...ਮੇਰਾ ਪਤਾ ਨੋਟ ਕਰ ਲਵੋ, ਪੈਨੇਲਿਟੀ ਸਮੇਤ ਘਰੋਂ ਪੈਸੇ ਭਿਜਵਾ ਦੇਵਾਂਗੀ।'

'ਟਰਕਾ ਦੇਣ ਦੀ ਕੋਸ਼ਿਸ਼ ਨਾ ਕਰੋ' ਚੈਕਰ ਦੀ ਆਵਾਜ਼ ਗੁੱਸੇ ਨਾਲ ਭਰੀ ਸੀ, 'ਤੁਹਾਡੇ ਵਰਗੀਆਂ ਆਪ-ਟੂ-ਡੇਟ ਕੁੜੀਆਂ ਦੇ ਨਖਰਿਆਂ ਤੋਂ ਮੈਂ ਚੰਗੀ ਤਰ੍ਹਾਂ ਵਾਕਫ ਹਾਂ, ਚਾਰ ਸੌ ਰੁਪਏ ਦੀ ਸਾੜੀ ਲਪੇਟ, ਸਿੰਧੂਰ ਭਰ, ਲੋਕਾਂ ਦੀਆਂ ਜੇਬਾਂ ਕੱਟਦੀਆਂ ਫਿਰਦੀਆਂ ਹਨ...।'

ਦਿਲ ਵਿਚ ਆਇਆ ਚੀਕ ਕੇ ਕਹਾਂ, 'ਸ਼ਿਸਟਾ ਨਾਮ ਦੀ ਚੀਜ਼ ਤੋਂ ਵਾਕਫ ਹੋ?' ਅਤੇ ਤਾੜ ਕਰਕੇ ਥੱਪੜ ਇਸਦੇ ਮੂੰਹ ਤੇ ਮਾਰਾਂ।

'ਕਿੰਨੀ ਪੈਨੇਲਿਟੀ ਭਰਨੀ ਹੈ?' ਇਕ ਕੋਮਲ ਆਵਾਜ਼ ਨੇ ਮੈਨੂੰ ਚੌਂਕਾ ਦਿੱਤਾ- ਮੇਰੀ ਨਜ਼ਰ ਉਸ ਵਿਅਕਤੀ ਉਤੇ ਰੁਕ ਗਈ 'ਤੁਸੀਂ ਭਰੋਗੇ?' ਚੈਕਰ ਦੀ ਆਵਾਜ਼ ਵਿਚ ਵਿਅੰਗ ਸੀ।

'ਜੀ ਮੈਂ ਭਰਾਂਗਾ।'

'ਕਲਿਆਨ ਲੋਕਲ ਹੈ...ਫਾਇਨ ਦੇ ਨਾਲ ਪੰਦਰਾਂ ਰੁਪਏ ਵੀਹ ਪੈਸੇ ਹੋਏ...ਕੱਢੋ।'

'ਰਸੀਦ ਕੱਟੋ।'

ਪੈਸੇ ਭਰਕੇ ਉਹਨੇ ਮੈਨੂੰ ਕਿਹਾ, 'ਲਉ ਭੈਣ ਜੀ।'

ਰਸੀਦ ਉਸਨੇ ਮੇਰੇ ਵਲ ਵਧਾ ਦਿੱਤੀ, ‘ ਇਹ ਇੱਕੋ ਹੀ ਸੋਟੀ ਨਾਲ ਸਾਰਿਆਂ ਨੂੰ ਹੱਕਦੇ ਹਨ।’

ਅਹਿਸਾਨ-ਮੰਦ ਹੋਈ ਨੇ ਮੈਂ ਜ਼ੋਰ ਪਾ ਕੇ ਕਿਹਾ, ‘ਕੋਲ ਹੀ ਘਰ ਹੈ, ਥੋੜੀ ਦੇਰ ਲਈ ਚਲੋ...ਮੈਂ ਰੁਪਏ ਵੀ....।’

ਮੇਰੀ ਗਲ ਪੂਰੀ ਵੀ ਨਹੀਂ ਹੋਈ ਸੀ ਕਿ ਪਿੱਛੋਂ ਆਵਾਜ਼ ਆਈ, ‘ਅਰੇ ਗੈਂਗ ਚਲਦਾ ਹੈ ਇਹਨਾਂ ਦਾ...ਇੱਕ ਫੜਿਆ ਜਾਏ ਤਾਂ ਦੂਸਰਾ ਛੁਡਾ ਲੈਂਦਾ ਹੈ?’

***ਸਤੰਬਰ-1980***

## ਖ਼ਾਲਸ ਦੁੱਧ/ਜਗਜੀਤ ਸਿੰਘ ਬਾਹੜਾ

ਅਸੀਂ ਮੁਹੱਲੇ ‘ਚ ਆਉਂਦੇ ਹਰੇਕ ਦੋਧੀ ਤੋਂ ਦੁੱਧ ਲੈਕੇ ਦੇਖ ਪਰਖ ਲਿਆ ਹੈ ਪਰ ਕੋਈ ਵੀ ਦੁੱਧ ‘ਚ ਪਾਣੀ ਨਹੀਂ ਪਾਉਂਦਾ, ਬਲਕਿ ਸਾਰੇ ਦੇ ਸਾਰੇ ਪਾਣੀ ‘ਚ ਦੁੱਧ ਪਾਕੇ ਵੇਚਦੇ ਹਨ। ਬਹੁਤ ਦੁਖੀ ਹੋ ਗਏ ਹਾਂ, ਚੜ੍ਹਦੇ ਮਹੀਨੇ ਦੋਧੀ ਨੂੰ ਨੋਟ ਨਵੇਂ ਤੇ ਖ਼ਾਲਸ ਦਿੰਦੇ ਹਾਂ ਤੇ ਪੀਣੀ ਪੈਂਦੀ ਹੈ ਸਾਰਾ ਮਹੀਨਾ, ਕੱਚੀ ਲੱਸੀ।

ਕੁਝ ਦਿਨ ਹੋਏ ਦਫਤਰੋਂ ਆਉਂਦੇ ਨੂੰ ਹੀ ਮੇਰੀ ਪਤਨੀ ਨੇ ਜਿਵੇਂ ਖੁਸ਼ਖਬਰੀ ਸੁਣਾਈ, ‘ਮੈਂ ਕਿਹਾ, ਜਮੇਰ  ਦੀਆਂ ਬੈਠਕਾਂ ‘ਚ ਡਾਕਟਰ ਕਿਰਾਏਦਾਰ ਆਇਐ।’ ਚਲੋ ਚੰਗਾ ਹੋਇਆ ਵੇਲੇ ਕੁਵੇਲੇ ਦਾਰੂ ਦੱਪਾ ਹੋ ਜਿਆ ਕਰੂ।’ ਮੈਂ ਗੱਲ ਨੂੰ ਅਨਗੌਲਿਆਂ ਜਿਹਾ ਕਰ ਦਿੱਤਾ। ਅੱਗੋਂ ਪਤਨੀ ਕਹਿਣ ਲੱਗੀ, ‘ਨਾ, ਜੀ ਨਾ। ਇਹ ਤਾਂ ਸੈਂਪਲ ਭਰਨ ਵਾਲਾ ਡਾਕਟਰ ਐ। ਮਾੜੇ ਦੁੱਧ ਵਾਲੇ ਦੋਧੀ ਤਾਂ ਹੁਣ ਇਸ ਮੁਹੱਲੇ ਨੂੰ ਮੂੰਹ ਵੀ ਨਹੀਂ ਕਰਨਗੇ।’ ਉਸ ਦੀਆਂ ਅੱਖਾਂ ‘ਚ ਖਾਲਸ ਦੁੱਧ ਪੀਣ ਤੇ ਵਰਤਣ ਦੀ ਸਿੱਕ ਉਮੜ ਆਈ ਸੀ।

ਅਗਲੀ ਸਵੇਰ ਦੁੱਧ ਲੈਣ ਵੇਲੇ, ਮੈਂ ਆਪਣੇ ਦੋਧੀ ਭਾਗੇ ਗੁੱਜਰ ਨੂੰ, ਰੋਅਬ ਜਿਹਾ ਮਾਰ ਦਿੱਤਾ, ‘ਭਾਗੇ’ ਡਾਕਟਰ ਆ ਗਿਐ ਹੁਣ ਇਸ ਮੁਹੱਲੇ ‘ਚ ਪੁੱਤਰਾ! ਦੁੱਧ ਖਾਲਸ ਲਿਆਇਆ ਕਰ ਹੁਣ।’ ਭਾਗੋ ਨੇ ਦੁੱਧ ਵਾਲੇ ਬੱਟੇ ਨੂੰ ਡਰੰਮੀ ਦੇ ਨਾਲ ਟੰਗ ਕੇ ਹੱਥ ਤੇ ਹੱਥ ਮਾਰ ਸ਼ਰਾਰਤ ਭਰੀਆਂ ਅੱਖਾਂ ਨਾਲ ਜੁਆਬ ਦਿੱਤਾ, ‘’ ਉਸ ਕਾ ਤਾਂ, ਸਰਦਾਰ ਜੀ ਰਾਤ ਹੀ ਹੋ ਲਿਆ ਕੰਮ।ਪੁਰਾਣੀ ਪੰਜਾਹ ਲੇਵੇ ਥਾ ਮੀਨ੍ਹੇ ਕੇ ਯੋ ਸੱਤਰ ਮੇਂ ਹੋ ਗਿਆ ਸੈੱਟ।’

***ਨਵੰਬਰ-1980***

## ਧੁੱਪ-ਛਾਂ/ਹਰਭਜਨ ਸਿੰਘ ਖੇਮਕਰਨੀ

‘ਬੰਤਿਆ, ਕੇਨੀ ਕੁ ਤੇਲ ਤਾਂ ਦਈਂ ਕਈ ਦਿਨ ਤੋਂ ਪੰਪ ਤੇ ਤੇਲ ਨਹੀਂ ਆ ਰਿਹਾ ਤੇ ਵੱਤਰ ਮੁੱਕਦਾ ਜਾਂਦੈ।’

‘ਸਰਦਾਰ ਜੀ, ਤੁਹਾਨੂੰ ਇੰਨਕਾਰੀ ਥੋੜੇ ਆਂ ਪਰ ਤੇਲ ਤਾਂ ਮੇਰੇ ਕੋਲੋਂ ਵੀ ਮੁੱਕਾਅ। ਦੋ

ਦਿਨਾਂ ਤੋਂ ਚੱਕੀ ਵੀ ਬੰਦ ਪਈ ਆ। ਦਾਣੇ ਪੀਹਣ ਵਾਲੀਆਂ ਪੰਡਾਂ ਕੱਠੀਆਂ ਹੋਈਆਂ ਨੇ ਸਗੋਂ।'

'ਤੇ ਜਿਹੜਾ ਓਦਨ ਕਾਟ ਤੇ ਲਿਆਂਦਾ ਸੀ।'

'ਉਹ ਤਾਂ ਮੁੰਡਾ ਰਾਹ 'ਚ ਹੀ ਸਾਰਾ ਡੋਲ ਆਇਆ ਸੱਟਾਂ ਵੱਖਰੀਆਂ ਲੁਆਈ ਬੈਠੇ।'

ਤੇਲ ਵਾਲੇ ਡਰੰਮ ਨੂੰ ਉਹਨੇ ਅੰਦਾਜ਼ਾ ਲਗਾਇਆ ਕਿ ਡਰੰਮ ਅਧਿਓਂ ਜ਼ਿਆਦਾ ਭਰ ਗਿਐ। ਜਿਉਂ ਜਿਉਂ ਡਰੰਮ ਦਾ ਖਲਾਅ ਭਰਦਾ ਜਾਂਦਾ ਓਸ ਦੀਆਂ ਗੱਲ੍ਹਾਂ ਦਾ ਰੰਗ ਉਘੜਦਾ ਆਉਂਦਾ। ਘੜੀ ਮੁੜੀ ਉਹਦੇ ਕੰਨਾਂ ਵਿਚ ਬਾਪੂ ਦੇ ਕਹੇ ਬੋਲ ਗੂੰਜਣ ਲਗ ਪੈਂਦੇ।

'ਬਸ ਐਤਕੀਂ ਹਾੜੀ ਪਿੱਛੋਂ ਆਪਾਂ ਕੁੜੀ ਦੇ ਹੱਥ ਪੀਲੇ ਕਰ ਦੇਣੇ ਆ। ਪਿਛਲੀ ਵੇਰ ਡੀਜ਼ਲ ਨੇ ਧੋਖਾ ਦਿੱਤਾ ਸੀ। ਇਸੇ ਕਰਕੇ ਹੁਣ ਤੋਂ ਹੀ ਥੋੜਾ ਥੋੜਾ ਕਰਕੇ 'ਕੱਠਾ ਕਰਦਾ ਪਿਆ ਹਾਂ। ਦਿਨ ਰਾਤ ਡਰੰਮੀ ਤੇ ਕਣਕ ਗਾਹ ਕੁੜੀ ਦੇ ਫੇਰਿਆਂ ਜੋਗੇ ਦਾਣੇ ਬਣਾ ਲੈਣੇ ਆ।

ਤੇ ਫਿਰ ਉਸਦਾ ਧਿਆਨ ਨੰਬਰਦਾਰ ਤੇ ਬਾਪੂ ਨਾਲ ਹੋਈ ਗੱਲਬਾਤ ਵਲ ਚਲਾ ਗਿਆ ਤੇ ਇਕ ਮੁਸਕਾਨ ਉਸਦੇ ਬੁੱਲ੍ਹਾਂ ਤੇ ਫੈਲ ਗਈ।

ਪੁਲੀਸ ਦੀ ਜੀਪ ਆਪਣੇ ਬੂਹੇ ਤੇ ਖਲੋਂਦੀ ਵੇਖ ਇਕ ਚੀਕ ਉਹਦੇ ਮੂੰਹ ਤੀਕ ਆਈ।

'ਓਏ ਬੰਤਿਆ, ਬਾਹਰ ਆ ਚੌਧਰੀ ਸਾਬ ਆਏ ਨੇ।' ਢਿਲਕੀ ਪੱਗ ਦਾ ਪੱਲਾ ਸੂਤ ਕਰਦਿਆਂ ਉਹ ਥਾਣੇਦਾਰ ਅੱਗੇ ਝੁਕ ਗਿਆ। ਉਸ ਦੀਆਂ ਅੱਖਾਂ ਅੱਗੇ ਸੁਆਲੀਏ ਨਿਸ਼ਾਨ ਘੁੰਮਣ ਲੱਗੇ।

'ਸੁਣਿਐ ਬਈ ਤੂੰ ਤੇਲ ਦਾ ਸਟਾਕ ਕੀਤੇ।' ਪੜਤਾਲਵੀ ਨਜ਼ਰ ਨਾਲ ਥਾਣੇਦਾਰ ਨੇ ਆਲੇ ਦੁਆਲੇ ਵੇਖਦਿਆਂ ਕਿਹਾ ਤੇ ਇਸ਼ਾਰਾ ਮਿਲਦਿਆਂ ਹੀ ਕੋਲ ਖੜੇ ਸਿਪਾਹੀਆਂ ਨੇ ਘਰ ਫੋਲਣਾ ਸ਼ੁਰੂ ਕਰ ਦਿੱਤਾ।

'ਓਏ ਐਹ ਕੀ ਏ ਡਰੰਮ ਵਿਚ!' ਪਾਟੀਆਂ ਬੋਰੀਆਂ ਦੇ ਢੇਰ ਹੇਠੋਂ ਡਰੰਮ ਨੰਗਾ ਹੁੰਦਾ ਵੇਖ ਥਾਣੇਦਾਰ ਕੜਕਿਆ।

'ਜਨਾਬ ਦਾਣੇ ਕੱਢਣ ਆਸਤੇ ਰਖਿਐ। ਬੱਚਿਆਂ ਆਲਿਆ ਇਸੇ ਸਿਰੋਂ ਸਾਲ ਭਰ ਦੇ ਦਾਣੇ ਕੱਢਣੇ ਆਂ।'

'ਸਾਡੇ ਦਾਣਿਆਂ ਦਾ ਵੀ ਚੇਤਾ ਰੱਖਣਾ ਸੀ।' ਕਹਿੰਦਿਆਂ ਡਰੰਮ ਨੰਬਰਦਾਰ ਦੇ ਟਰੈਕਟਰ ਤੇ ਰਖਵਾ ਥਾਣੇਦਾਰ ਨੇ ਬੰਤੇ ਨੂੰ ਉਸ ਦੀਆਂ ਬਾਹਵਾਂ ਉਸੇ ਦੀ ਪੱਗ ਨਾਲ ਜੂੜ ਅਗੇ ਲਾ ਲਿਆ।

*ਨਵੰਬਰ-1980*

## ਉਪਦੇਸ਼ਕ/ਜਸਬੀਰ ਢੰਡ

ਪਿੰਡ ਦੀ ਫਿਰਨੀ ਦੇ ਨਾਲ ਕੁੱਝ ਬੱਚੇ ਖੇਡ ਰਹੇ ਸਨ। ਖੇਡਦੇ ਖੇਡਦੇ ਲੜ ਰਹੇ ਸਨ। ਲੜਦੇ ਲੜਦੇ ਇਕ ਦੂਜੇ ਨੂੰ ਗਾਲ੍ਹਾਂ ਕੱਢ ਰਹੇ ਸਨ।

ਇਕ ਸਿਆਣਾ ਆਦਮੀ (?) ਫਿਰਨੀ ਉੱਪਰ ਦੀ ਲੰਘਿਆ।

ਆਖਣ ਲੱਗਾ: 'ਬੱਚਿਓ! ਕਿਸੇ ਨੂੰ ਗਾਲ੍ਹ ਨਹੀਂ ਕੱਢਣੀ ਚਾਹੀਦੀ। 'ਗਾਲ੍ਹ ਕੱਢਣੀ ਮਾੜੀ ਆਦਤ ਹੈ।'

ਇਕ ਛੋਟਾ ਜਿਹਾ ਬੱਚਾ ਬੋਲਿਆ, 'ਜੀ! ਅਸੀਂ ਥੋਨੂੰ ਤਾਂ ਨੀਂ ਗਾਲ੍ਹ ਦਿੱਤੀ।'

'ਮੈਨੂੰ ਗਾਲ੍ਹ ਦਿਓਗੇ, ਕਿਉਂ? ਮੈਂ ਥੋਡੀ ਮਾਂ ਦਾ ਕੁਸ਼ ਦੇਣੈ? ਮੈਨੂੰ ਗਾਲ੍ਹ ਦਿਓਗੇ ਮੈਂ ਥੋਡੀ ਮਾਂ ਨੂੰ ਵੀ...ਦੂੰਗਾ। ਸਾਲੇ ਕੁੱਤੇ....ਹਰਾਮੀ ਭੈਣ ਚੋ ਕਤੀੜਵਾਧਾ....।'

***ਨਵੰਬਰ-1980***

# ਦਲ-ਬਦਲੂ/ਅਮਰਪ੍ਰੀਤ

ਉਹ ਕਾਮਰੇਡਾਂ ਦਾ ਹਾਮੀ ਸੀ, ਵੈਸੇ ਉਹ ਮਜ਼ਦੂਰ ਸੀ ਪਰ ਵੋਟਾਂ ਦੇ ਦਿਨਾਂ ਵਿਚ ਉਹ ਕਮਿਊਨਿਸਟ ਪਾਰਟੀ ਲਈ ਪਰਾਪੇਗੰਡਾ ਕਰਕੇ ਹੀ ਆਪਣਾਂ ਗੁਜ਼ਾਰਾ ਕਰਦਾ। ਅੱਜ ਵੋਟਾਂ ਪੈਣ ਵਿਚ ਸਿਰਫ 5 ਦਿਨ ਬਾਕੀ ਸਨ। ਹਰ ਪਾਰਟੀ ਵੱਲੋਂ ਪੂਰਾ ਜ਼ੋਰ ਸੀ। ਉਹ ਹਰ ਰੋਜ਼ ਵਾਂਗ ਘਰ ਵਾਲੀ ਮੀਤੋ ਤੋਂ ਆਟੇ ਦਾਣੇ ਦੇ ਰੋਣੇ ਸੁਣਦਿਆਂ ਹੋਇਆਂ ਬਾਹਰ ਨਿਕਲਿਆ ਪਰ ਬੱਚੇ ਦੀ ਵੱਧਦੀ ਬਿਮਾਰੀ ਬਾਰੇ ਮੀਤੋ ਦੇ ਬੋਲ ਪਰਛਾਵੇਂ ਵਾਂਗ ਉਸ ਦੇ ਨਾਲ-ਨਾਲ ਟੁਰਦੇ ਗਏ ਤੇ ਕਦੀ ਉਸ ਨੂੰ ਡਰਾਉਂਦੇ ਰਹੇ। ਉਸ ਨੂੰ ਤਾਂ ਸਿਰਫ 10 ਰੁਪਏ ਦੀ ਦਿਹਾੜੀ ਮਿਲਦੀ ਸੀ ਜਿਸ ਵਿੱਚੋਂ ਆਟੇ ਦਾਲ ਦਾ ਹੀ ਮਸਾਂ ਸਰਦਾ ਤੇ ਫਿਰ ਬੱਚੇ ਦੀ ਦਵਾ ਤੇ ਡਾਕਟਰ ਦੀ ਫੀਸ...ਇਹ ਸੋਚਦਾ ਸੋਚਦਾ ਉਹ ਕਾਮਰੇਡ ਦੇ ਦਫਤਰ ਅੱਗੇ ਪਹੁੰਚ ਗਿਆ ਸੀ। ਹਰ ਰੋਜ਼ ਵਾਂਗ ਉਹ ਰਿਕਸ਼ੇ ਤੇ ਬੈਠ ਪ੍ਰਾਪੇਗੰਡਾ ਕਰਨ ਟੁਰ ਪਿਆ। ਅਜੇ ਕੁਝ ਹੀ ਦੂਰ ਗਿਆ ਸੀ, ਅੱਗੋਂ ਤੋਂ ਉਸ ਨੂੰ ਵਿਰੋਧੀ ਪਾਰਟੀ ਦੀ ਕਾਰ ਆਉਂਦੀ ਦਿਸੀ- ਕੋਲ ਆਉਂਦਿਆਂ ਹੀ ਉਸ ਪਾਸ ਰੁਕੀ ਤੇ ਇਕ ਨੌਜਵਾਨ ਨੇ ਨਿਕਲ ਕੇ ਉੱਚੀ ਆਵਾਜ਼ ਵਿਚ ਉਸ ਨੂੰ ਕਿਹਾ, 'ਓ ਗਿੰਦਰਾ, ਤੂੰ ਕਿੱਥੇ ਇਹ ਕਾਮਰੇਡੀ ਲੈ ਲਈ ਇਹ ਤਾਂ ਆਪ ਹੀ ਭੁੱਖੇ ਮਰਦੇ ਨੇ, ਇਹਨਾਂ ਦੀ ਸਰਕਾਰ ਤੁਹਾਨੂੰ ਕਿੱਥੋਂ ਰਜਾ ਦੇਊਗੀ' ਤੇ ਗਿੰਦਰ ਨੂੰ ਯਾਦ ਆਇਆ, ਇਹ ਨੌਜਵਾਨ ਤਾਂ ਉਸਦਾ ਪੁਰਾਣਾ ਹਮਜਮਾਤੀ ਸੀ। ਉਹ ਕੁਝ ਕਹਿਣ ਹੀ ਲੱਗਿਆ ਸੀ ਤੇ ਉਸ ਨੌਜਵਾਨ ਦੀ ਅਵਾਜ਼ ਫਿਰ ਉਸਦੀ ਕੰਨੀਂ ਪਈ 'ਚਲ ਯਾਰ ਆ ਮੇਰੇ ਨਾਲ ਛੱਡ ਇਹ ਰਿਕਸ਼ਾ, ਵੋਟਾਂ 'ਚ ਆਪਣਾ ਹੀ ਰਿਸ਼ਤੇਦਾਰ ਖੜ੍ਹਾ ਹੈ, ਤੂੰ ਆਪਣੀ ਤਰਫਦਾਰੀ ਕਰ, ਮੈਂ ਤੈਨੂੰ 50 ਰੁਪੈ ਦਿਹਾੜੀ ਦਵਾਊ' ਇਹ ਕਹਿ ਕੇ ਉਸ ਨੇ ਗਿੰਦਰ ਨੂੰ ਬਾਂਹ ਤੋਂ ਫੜ ਕੇ ਰਿਕਸ਼ੇ ਤੋਂ ਉਤਾਰ ਲਿਆ....ਤੇ ਗਿੰਦਰ ਹਾਰੇ ਹੋਏ ਜੁਆਰੀ ਦੀ ਤਰ੍ਹਾਂ ਉਸ ਦੇ ਸਾਹਮਣੇ ਖੜਾ ਸੀ...ਪਰ ਉਸਦੀ ਜ਼ਮੀਰ ਨੇ ਉਸਨੂੰ ਹਲੂਣਿਆ ਕਿ 'ਤੂੰ ਖੁਦ ਕਾਮਰੇਡ ਹੈਂ, ਕੀ ਵਿਰੋਧੀ ਪਾਰਟੀ ਲਈ ਆਪਣੀ ਆਵਾਜ਼ ਵੇਚੇਂਗਾ? ਫਿਰ ਉਸੇ ਪਲ ਉਸ ਦੇ ਕੰਨੀਂ ਮੀਤੋ ਦੀ ਰੋਣੀ ਅਵਾਜ਼ ਪਈ ਤੇਰੀ ਕਾਮਰੇਡੀ ਨੇ ਮੇਰੇ ਬੱਚੇ ਦੀ ਜਾਨ ਲੈ ਲੈਣੀ ਹੈ' , ਉਹ ਅਜੇ ਸੋਚ

ਹੀ ਰਿਹਾ ਸੀ ਕਿ ਨੌਜਵਾਨ ਨੇ ਖਿੱਚ ਕੇ ਜਬਰਦਸਤੀ ਉਸ ਨੂੰ ਕਾਰ 'ਚ ਬਿਠਾ ਲਿਆ ਤੇ ਉਸ ਅੱਗੇ ਮਾਇਕ ਕਰ ਦਿੱਤਾ...ਤੇ ਹੁਣ ਉਹ ਬੜਬੜੌਂਦਾ ਹੋਇਆ ਬੋਲ ਰਿਹਾ ਸੀ 'ਭਰਾਵੋ, ਭੈਣੋ, ਪਹਿਲੀ ਸਰਕਾਰ ਨੇ ਸਾਡੇ ਗਰੀਬਾਂ ਲਈ ਕੁਝ ਨਹੀਂ ਕੀਤਾ। ਇਹ ਗਰੀਬ ਲੋਕਾਂ ਨੂੰ ਪੈਸੇ ਦੀ ਖਾਤਰ ਆਪਣੀ ਇੱਜ਼ਤ ਵੇਚਣੀ ਪੈਂਦੀ ਹੈ। ਜ਼ਮੀਰ ਵੇਚਣੀ ਪੈਂਦੀ ਹੈ, ਆਪਣੇ ਖਿਆਲ ਵੇਚਣੇ ਪੈਂਦੇ ਹਨ...ਜਿਨ੍ਹਾਂ ਦੇ ਖਰੀਦਦਾਰ ਕੌਣ ਹੁੰਦੇ ਹਨ? ਇਹ ਅਮੀਰ ਲੋਕ...' ਉਹ ਬੋਲ ਹੀ ਰਿਹਾ ਸੀ, ਉਸ ਨੌਜਵਾਨ ਨੇ ਉਸ ਨੂੰ ਰੋਕ ਕੇ...ਉਸ ਦੇ ਕੰਮ ਵਿਚ ਕੁਝ ਕਿਹਾ...ਤੇ ਫਿਰ ਉਹ ਕੁਝ ਹੋਰ ਬੋਲਣ ਲੱਗ ਗਿਆ।.....ਦੂਜੇ ਪਾਸੇ ਉਸਦਾ ਪਹਿਲਾ ਰਿਕਸ਼ਾ ਚਾਲਕ ਕਾਮਰੇਡਾਂ ਦੇ ਦਫਤਰ ਅੱਗੇ ਖੜ੍ਹਾ ਕਹਿ ਰਿਹਾ ਸੀ ਕਿ ਗਿੰਦਰ ਨੇ ਆਪਣਾ ਦਲ-ਬਦਲ ਲਿਆ ਹੈ।

*ਦਸੰਬਰ-1980*

# ਧੁੱਪ/ਮੋਹਨ ਸਿੰਘ ਪ੍ਰੀਤ

ਸਿਆਲ ਦੀ ਰੁੱਤੇ ਮੈਂ ਵੀ ਜੈਲਦਾਰਾਂ ਦੇ ਅਮਰੀਕ ਵਾਂਗੂੰ ਧੁੱਪੇ ਬੈਠਣਾ ਚਾਹੁੰਦਾ। ਇਸ ਕਰਕੇ ਮੈਂ ਮਾਂ ਨੂੰ ਹਰ ਰੋਜ਼ ਪੁੱਛਦਾ 'ਮਾਂ ਆਪਣੇ ਵਿਹੜੇ 'ਚ ਸਵੇਰੇ ਸਵੇਰੇ ਧੁੱਪ ਕਿਉਂ ਨਹੀਂ ਆਂਦੀ।' ਮਾਂ ਦਾ ਹਰ ਰੋਜ਼ ਇੱਕੋ ਜਵਾਬ ਹੁੰਦਾ, ਦੁਪਹਿਰੇ ਆਏਗੀ ਪੁੱਤਰ, ਜਦ ਸੂਰਜ ਸਿਰ ਤੇ ਆਏਗਾ।'

ਜਦ ਸੂਰਜ ਸਿਰ ਤੇ ਆਂਦਾ ਉਦੋਂ ਮੈਂ ਸਕੂਲੋਂ ਪੜ੍ਹ ਰਿਹਾ ਹੁੰਦਾ। ਜਦ ਮੈਂ ਸਕੂਲ ਵਾਪਸ ਘਰੇ ਆਂਦਾ ਤਾਂ ਸੂਰਜ ਢਲ ਚੁੱਕਿਆ ਹੁੰਦਾ। ਮੈਂ ਅਗਲੀ ਸਵੇਰ ਫੇਰ ਮਾਂ ਨੂੰ ਪੁੱਛਦਾ, 'ਜ਼ੈਲਦਾਰਾਂ ਦੀ ਹਵੇਲੀ 'ਚ ਤਾਂ ਧੁੱਪ ਸਵੇਰੇ ਸਵੇਰੇ ਆ ਜਾਂਦੀ ਆ।' ਮਾਂ ਫੇਰ ਮੈਨੂੰ ਇੱਕ ਰਹੱਸਵਾਦੀ ਉੱਤਰ ਦੇ ਕੇ ਟਾਲ ਦਿੰਦੀ, 'ਇਸੇ ਕਰਕੇ ਤਾਂ ਪੁੱਤਰ ਆਪਣੇ ਵਿਹੜੇ 'ਚ ਆਉਂਦੀ ਨਹੀਂ।'

ਮੈਂ ਫੇਰ ਸਕੂਲ ਪੜ੍ਹਨ ਚਲਿਆ ਜਾਂਦਾ। ਸਾਰਾ ਦਿਨ ਸਕੂਲ 'ਚ ਬੈਠਿਆਂ ਸੋਚੀ ਜਾਂਦਾ, 'ਸਾਡੇ ਵਿਹੜੇ 'ਚ ਸਵੇਰੇ ਧੁੱਪ ਕਿਉਂ ਨਹੀਂ ਆਂਦੀ। ਦੁਪਹਿਰੇ ਹੀ ਕਿਉਂ ਆਂਉਦੀ ਹੈ?' ਪਰ ਇਸ ਸੋਚ ਦਾ ਉਦੋਂ ਮੇਰੇ ਕੋਲ ਕੋਈ ਉੱਤਰ ਨਹੀਂ ਸੀ। ਜਦ ਮੈਂ ਵੱਡਾ ਹੋਇਆ ਇਸਦਾ ਕਾਰਣ ਮੈਨੂੰ ਉਦੋਂ ਪਤਾ ਲੱਗਿਆ। ਉਹ ਵੀ ਉਸ ਦਿਨ ਜਦ ਮੈਂ ਹਵੇਲੀ ਦੇ ਨਾਲ ਲੱਗਦੇ ਆਪਣੇ ਕੋਠੇ 'ਤੇ ਖੜਿਆ ਪਤੰਗ ਉਡਾ ਰਿਹਾ ਸੀ, ਤਾਂ ਮੇਰਾ ਪਤੰਗ ਹਵੇਲੀ ਦੇ ਹਿਮਾਲਿਆ ਜਿੱਡੇ ਉੱਚੇ ਬਨੇਰੇ 'ਚ ਜਾ ਅਟਕਿਆ। ਮੈਨੂੰ ਫੇਰ ਸਮਝ ਆਈ ਕਿ ਸਾਡੀ ਵਿਹੜੇ ਵਾਲੀ ਧੁੱਪ ਵੀ ਇੱਥੇ ਹੀ ਅਟਕੀ ਰਹਿੰਦੀ ਸੀ।

*ਦਸੰਬਰ-1980*

## ਹਾਜ਼ਰੀ/ਬਲਜੀਤ ਤਖਤੂਪੁਰੀ

ਨੱਕੋ ਨੱਕ ਸਵਾਰੀਆਂ ਨਾਲ ਭਰੀ ਬੱਸ ਚਲਦੀ ਚਲਦੀ ਅਚਾਨਕ ਰੁਕ ਗਈ। ਤਾਕੀ ਖੋਲ੍ਹ ਕੇ ਕੰਡਕਟਰ ਥੱਲੇ ਉੱਤਰਿਆ ਤਾਂ ਅੱਗੇ ਟੈਕਸ ਇੰਸਪੈਕਟਰ ਦੀ ਜੀਪ ਖੜ੍ਹੀ ਸੀ।

'ਕਿਉਂ ਉਏ! ਗੱਡੀ ਐਨੀ ਓਵਰ-ਲੋਡ ਕਿਉਂ ਕੀਤੀ ਏ? ਟਿਕਟਾਂ ਕੱਟੀਆਂ ਨੇ ਸਭ ਦੀਆਂ? ਤੈਨੂੰ ਚੈਕਿੰਗ ਦਾ ਕੋਈ ਡਰ ਨਹੀਂ?' ਜੀਪ 'ਚੋਂ ਬਾਹਰ ਨਿਕਲਦੇ ਇੰਸਪੈਕਟਰ ਨੇ ਕੰਡਕਟਰ ਤੇ ਰੋਹਬ ਨਾਲ ਸੁਆਲਾਂ ਦੀ ਝੜੀ ਲਾ ਦਿੱਤੀ।

'ਜਨਾਬ! ਟਿਕਟਾਂ ਵੀ ਕੱਟੀਆਂ ਜਾਣਗੀਆਂ ਪਰ ਤੁਸੀਂ ਐਵੇਂ ਗਰਮੀ 'ਚ ਕਿਉਂ ਆਉਂਦੇ ਹੋ (ਇੰਸਪੈਕਟਰ ਉਹਦੇ ਵੱਲ ਹੋਰ ਘੂਰ ਘੂਰ ਕੇ ਦੇਖਣ ਲੱਗਾ।....'ਹੱ...ਅ....ਛਾ ਤਾਂ ਤੁਸੀਂ ਜ਼ਰਾ ਨਵੇਂ ਆਏ ਲੱਗਦੇ ਹੋ' ਕੰਡਕਟਰ ਨੇ ਹੌਲੀ ਜਿਹੇ ਵੀਹ ਦਾ ਨੋਟ ਕੱਢ ਇੰਸਪੈਕਟਰ ਵੱਧ ਵਧਾਉਂਦੇ ਬੜੇ ਠਰੰਮੇ ਨਾਲ ਕਿਹਾ।

'ਜਾਹ....ਜਾਹ ਤੋਰ ਲੈ। ਏਨਾਂ ਪੁਛਣਾ ਤਾਂ ਸਾਡਾ ਫਰਜ਼ ਈ ਹੁੰਦਾ। ਤੇ ਨਾਲੇ ਫਿਰ 'ਹਾਜ਼ਰੀ' ਤਾਂ ਲਾਉਣੀ ਹੀ ਪੈਂਦੀ ਹੈ', ਨੋਟ ਫੜ ਕੇ ਜੇਬ 'ਚ ਪਾਉਂਦੇ ਇੰਸਪੈਕਟਰ ਢਿਲਾ ਜਿਹਾ ਪੈ ਪਰ ਅਫਸਰੀ ਅੰਦਾਜ਼ ਨਾਲ ਕਹਿ ਰਿਹਾ ਸੀ।

*ਦਸੰਬਰ-1980*

## ਨਕੰਮੀ ਦਵਾਈ/ਰਾਮਸਰੂਪ ਜਿੰਦਲ

'ਆਹ ਲਓ ਜੀ, ਜਾਂਦੇ ਜਾਂਦੇ ਮੇਰਾ ਛੋਟਾ ਜਿਹਾ ਬਿਆਨ ਸੁਣਦੇ ਜਾਣਾਂ, ਸ਼ਾਇਦ ਕਿਸੇ ਮੇਰੇ ਵੀਰ, ਭਰਾ ਮਾਈ ਭੈਣ ਦੇ ਕੰਮ ਆ ਜੇ। ਮੈਂ ਇਕ ਦਵਾਈ ਵੇਚਿਆ ਕਰਦਾਂ, 'ਅਨੂਪ ਧਾਰਾ' । ਜਿਸ ਦੇ ਗੁਣ ਹਨ, ਇਹ ਹੱਡਾਂ ਪੈਰਾਂ ਦੇ ਦਰਦ ਨੂੰ ਦੂਰ ਕਰੇ, ਦਰਦ ਗੋਡਿਆਂ 'ਚ, ਮੋਢਿਆਂ 'ਚ, ਸਿਰ ਦੁੱਖਦਾ ਇਕ ਗੋਲੀ ਸਵੇਰੇ ਇਕ ਗੋਲੀ ਸ਼ਾਮ ਨੂੰ ਲਵੇ। ਚਾਰ ਦਿਨਾਂ 'ਚ ਦਰਦ ਬੰਦ। ਇਹ ਢਿੱਡ ਨੂੰ ਸਾਫ ਕਰੇ, ਭੁੱਖ ਨੂੰ ਵਧਾਵੇ।'

'ਕੋਈ ਚੱਜ ਦੀ ਦਵਾਈ ਵੇਚ ਇਹ ਵੀ ਕੋਈ ਦਵਾਈ ਆ, ਅਖੇ ਭੁੱਖ ਨੂੰ ਵਧਾਵੇ, ਭੁੱਖ ਨੇ ਤਾਂ ਸਾਲੀ ਨੇ ਅੱਗੇ ਈ ਮਾਰੇ ਪਏ ਆਂ।'

ਅਚਾਨਕ ਹੀ ਮੇਰੀ ਪਿਛਲੀ ਸੀਟ ਤੇ ਬੈਠੇ ਸੁੱਕੇ ਜਹੇ ਬਾਬੇ ਦੇ ਇਹ ਕੱਚ ਵਰਗੇ ਬੋਲ ਮੇਰੇ ਕੰਨਾਂ ਨਾਲ ਟਕਰਾਏ।

*ਦਸੰਬਰ-1980*

# ਭਾਗ ਦੂਜਾ

## (1981-1990)



# ਅਣੂ ਦੇ ਦੂਜੇ ਦਹਾਕੇ ਦੀਆਂ ਮਿੰਨੀ ਕਥਾਵਾਂ: ਸੁਹਜ ਅਤੇ ਵਸਤੂ ਪੱਖੋਂ ਆ ਰਿਹਾ ਨਵਾਂਪਣ

'ਅਣੂ' ਇਕ ਲਘੂ ਪੱਤ੍ਰਿਕਾ ਹੈ ਜੋ ਸੁਰਿੰਦਰ ਕੈਲੇ ਦੀ ਰਹਿਨੁਮਾਈ ਹੇਠ ਬੜੇ ਲੰਬੇ ਅਰਸੇ ਤੋਂ ਪ੍ਰਕਾਸ਼ਿਤ ਹੋ ਰਹੀ ਹੈ। 'ਅਣੂ' ਨੇ ਜਿੱਥੇ ਸਥਾਪਤ ਲੇਖਕਾਂ ਦੀਆਂ ਮਿੰਨੀ ਰਚਨਾਵਾਂ ਛਾਪੀਆਂ ਹਨ ਉੱਥੇ ਨਵੇਂ ਲੇਖਕਾਂ ਨੂੰ ਵੀ ਛਾਪ ਕੇ ਉਤਸ਼ਾਹਤ ਕੀਤਾ ਹੈ। ਬਹੁਤ ਸਾਰੇ ਨਵੇਂ ਲੇਖਕ (ਜੋ ਬਾਅਦ ਵਿਚ ਸਥਾਪਤ ਹੋ ਗਏ) ਸਿਰਫ ਤੇ ਸਿਰਫ ਅਣੂ ਦੀ ਦੇਣ ਅਤੇ ਉਪਜ ਹਨ। 'ਅਣੂ' ਨੇ ਸਮੇਂ ਸਮੇਂ ਤੇ ਕਈ ਲਘੂ ਵਿਧਾਵਾਂ ਦੇ ਵਿਸ਼ੇਸ਼ ਅੰਕ ਕੱਢ ਕੇ ਆਪਣਾ ਉਸਾਰੂ ਅਤੇ ਹਾਂਦਰੂ ਰੋਲ ਅਦਾ ਕੀਤਾ ਹੈ। 'ਅਣੂ' ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਣੂ ਸਥਾਪਤੀ ਦੇ ਖਿਲਾਫ ਰਿਹਾ ਹੈ ਅਤੇ ਦਲਿਤ-ਦਮਿਤ ਵਰਗ ਦਾ ਪੱਖੀ ਅਤੇ ਹਾਮੀ ਰਿਹਾ ਹੈ। ਇਹ ਵੀ ਸੱਚ ਹੈ ਕਿ ਅਣੂ 'ਚ ਸੁਆਹ ਖੇਹ ਨਹੀਂ ਛਪਦਾ, ਮਿਆਰੀ ਰਚਨਾਵਾਂ ਨੂੰ ਹੀ ਬਿਨਾਂ ਪੱਖ-ਪਾਤ ਛਾਪਿਆ ਜਾਂਦਾ ਹੈ।

ਅਣੂ ਦੇ ਹਥਲੇ ਅੰਕ ਤੋਂ ਪਹਿਲਾ ਅੰਕ ਵੀ ਮਿੰਨੀ ਕਥਾ ਵਿਸ਼ੇਸ਼ ਅੰਕ ਸੀ। ਇਸਦਾ ਦੂਸਰਾ ਇਹ ਭਾਗ ਵੀ ਕਥਾ ਵਿਸ਼ੇਸ਼ ਅੰਕ ਹੀ ਹੈ ਜੋ ਮੇਰੇ ਵਿਚਾਰ ਅਧੀਨ ਹੈ। ਮਿੰਨੀ ਕਥਾਵਾਂ ਨੂੰ ਵੱਡੀ ਗਿਣਤੀ 'ਚ ਅਖ਼ਬਾਰਾਂ ਅਤੇ ਰਸਾਲਿਆਂ 'ਚ ਸਥਾਨ ਦਿੱਤਾ ਜਾਂਦਾ ਹੈ। ਪਹਿਲਾਂ-ਪਹਿਲਾਂ ਮੈਨੂੰ ਮਿੰਨੀ ਕਥਾਵਾਂ ਪੜ੍ਹ-ਵਾਚ ਕੇ ਲੱਗਿਆ ਕਰਦਾ ਕਿ ਇਹਨਾਂ ਨੂੰ ਕਥਾਵਾਂ ਕਹਿਣਾ ਉਚਿਤ ਨਹੀਂ, ਇਨ੍ਹਾਂ ਨੂੰ ਚੁਟਕਲੇ ਕਹਿਣਾ ਹੀ ਵਾਜਬ ਹੈ। ਵਾਸਤਵਿਕਤਾ ਇਹ ਹੈ ਕਿ ਸਮਕਾਲ ਵਿੱਚ ਵੀ ਮਿੰਨੀ ਕਥਾਵਾਂ ਦੇ ਨਾਂ ਤੇ ਚੁਟਕਲੇ ਹੀ ਵਧੇਰੇ ਛਪਦੇ ਹਨ। ਮਿੰਨ੍ਹੀ ਕਥਾ ਅਤੇ ਚੁਟਕਲਾ ਦੋਨੋਂ ਭਿੰਨ-ਭਿੰਨ ਸਾਹਿਤਕ ਰੂਪ ਹਨ ਪਰ ਦੋਵਾਂ 'ਚ ਅੰਤਰ ਹੈ। ਸੋ ਮਿੰਨੀ ਕਥਾ ਅਤੇ ਚੁਟਕਲੇ ਨੂੰ ਰਲ ਗੱਡ ਕਰਨਾ ਅਣਉਚਿਤ ਵੀ ਹੈ ਅਤੇ ਸਾਹਿਤ ਲਈ ਸਮੱਸਿਆ ਉਤਪੰਨ ਕਰਨਾ ਵੀ ਹੈ। ਪਰੰਤੂ ਹੁਣ ਸਥਿਤੀ ਉਹ ਨਹੀਂ ਰਹੀ, ਸਾਡੇ ਮਿੰਨੀ ਕਥਾਕਾਰ ਕਾਫ਼ੀ ਚੇਤਨ ਹੋ ਚੁੱਕੇ ਹਨ, ਉਹ ਇਹ ਜਾਣਦੇ ਹਨ ਕਿ ਮਿੰਨੀ ਕਥਾ ਕਿਵੇਂ ਕਹਿਣੀ-ਰਚਣੀ ਹੈ। ਇਹੋ ਕਾਰਨ ਹੈ ਕਿ ਸਮਕਾਲ ਵਿਚ ਜੋ ਮਿੰਨੀ ਕਥਾਵਾਂ ਰਚੀਆਂ ਜਾ ਰਹੀਆਂ ਹਨ, ਉਸ ਤੋਂ ਆਭਾਸ ਹੁੰਦਾ ਹੈ ਕਿ ਇਸ ਖੇਤਰ ਦਾ ਭਵਿੱਖ ਰੌਸ਼ਨਮਈ ਹੈ। ਪੰਜਾਬੀ ਦੇ ਗਲਪ-ਆਲੋਚਕ ਵੀ ਹੌਲੀ ਹੌਲੀ ਇਸ ਵਿਧਾ ਨੂੰ ਮਾਨਤਾ ਦੇਣ ਵੱਲ ਰੁਚਿਤ ਹੋਏ ਹਨ।

'ਅਣੂ' ਦੇ ਇਸ ਵਿਸ਼ੇਸ਼ ਮਿੰਨੀ ਕਥਾ ਅੰਕ ਵਿਚ ਦਰਜ ਕਥਾਵਾਂ ਦੇ ਰਚੇਤਾ ਅਕਸਰ ਵਿਭਿੰਨ ਅਖ਼ਬਾਰਾਂ ਅਤੇ ਹੋਰ ਪੱਤਰਕਾਵਾਂ ਵਿਚ ਛਪਦੇ ਰਹਿੰਦੇ ਹਨ। ਕੁਝ ਨਾਮ ਤਾਂ ਵੱਡੇ ਹਸਤਾਖ਼ਰ ਹਨ। ਇਹ ਮਿੰਨੀ ਕਥਾਵਾਂ ਸਾਡੇ ਜੀਵਨ ਦੇ ਵਿਭਿੰਨ ਰੰਗਾਂ-ਸਰੋਕਾਰਾਂ, ਮਸਲਿਆਂ-ਸੰਕਟਾਂ, ਸਮੱਸਿਆਵਾਂ- ਵਿਸੰਗਤੀਆਂ ਦੀ ਅਭਿਵਿਅਕਤੀ ਹਨ। ਕਥਾਵਾਂ ਜਿੱਥੇ ਵਿਸ਼ੇਗਤ ਵਿਭਿੰਨਤਾ ਦੀਆਂ ਲਖਾਇਕ ਹਨ ਉੱਥੇ ਸੁਹਜਾਤਮਕ ਪੱਖੋਂ ਵੀ ਗੌਰਤਲਬ ਹਨ। ਕੁਝ ਕਥਾਵਾਂ ਬੇਹੱਦ ਪ੍ਰਭਾਵਕਾਰੀ ਹਨ। ਇਨ੍ਹਾਂ ਦੀ ਸੂਖਮਤਾ ਸਿਖ਼ਰ ਹੈ। ਇਨ੍ਹਾਂ ਕਥਾਵਾਂ 'ਚ ਪ੍ਰਸ਼ਨ ਹਨ,

ਸੰਕੇਤ ਹਨ, ਤਰਾਸਦੀ ਹੈ, ਵਿਅੰਗ ਹੈ, ਸੰਵਾਦ ਹੈ, ਦਵੰਦ-ਤਨਾਓ ਹਨ। ਵਾਸਤਵ 'ਚ ਇਨ੍ਹਾਂ ਕਥਾਵਾਂ ਦੀਆਂ ਪ੍ਰਮੁੱਖ ਕਲਾਤਮਕ ਜੁਗਤਾਂ ਹਨ ਜਿਨ੍ਹਾਂ ਦੇ ਬਲ ਰਾਹੀਂ ਸਮਾਜਿਕ ਯਥਾਰਥ ਦੇ ਵਿਭਿੰਨ ਪਹਿਲੂਆਂ, ਪੱਖਾਂ ਅਤੇ ਵਰਤਾਰਿਆਂ ਨੂੰ ਮੂਰਤੀਮਾਨ ਕੀਤਾ ਗਿਆ ਹੈ। ਵਿਅੰਗ ਬੇਸ਼ੱਕ ਇਕ ਵੱਖਰੀ ਵਿਧਾ ਹੈ ਪਰੰਤੂ ਇਹ ਅਜਿਹੀ ਸਿਨਫ ਹੈ ਕਿ ਜਿਸ ਦੀ ਕਵਿਤਾ, ਨਾਟਕ, ਕਹਾਣੀ ਅਤੇ ਨਾਵਲ ਵਿਚ ਵੀ ਵਰਤੋਂ ਆਮ ਵਰਤਾਰਾ ਹੈ। 'ਕੁੱਲ ਮਿਲਾ ਕੇ ਇਸ ਅੰਕ ਵਿੱਚ ਸੰਮਿਲਤ ਕਥਾਵਾਂ ਮੇਰੀ ਚੁਟਕਲੇ ਵਾਲੀ ਧਾਰਨਾ ਅਤੇ ਮਿੱਥ ਨੂੰ ਤੋੜਦੀਆਂ ਹਨ।'

ਇਸ ਅੰਕ 'ਚ ਉਪਲੱਬਧ ਕੁਝ ਮਿੰਨੀ ਕਥਾਵਾਂ ਜੀਵਨ ਦੇ ਕੜਵੇ ਯਥਾਰਥ ਦੀ ਪ੍ਰਸਤੁਤੀ ਹਨ। ਰਿਸ਼ਤੇ 'ਰਿਸ਼ਤੇ' ਨਹੀਂ ਰਹੇ, ਸਮਾਜ ਵਿੱਚੋਂ ਹੀ ਨਹੀਂ ਰਿਸ਼ਤਿਆਂ ਵਿੱਚੋਂ ਵੀ ਮੋਹ-ਮਿਆਰ, ਅਪਣੱਤ, ਲਗਾਉ ਖ਼ਤਮ ਹੋ ਚੁੱਕਾ ਹੈ। ਸਿੱਖਿਆ ਦਾ ਢਾਂਚਾ (ਸਰਮਾਏਦਾਰੀ ਦੀਆਂ ਨੀਤੀਆਂ ਅਨੁਸਾਰ ਹੋਣ ਕਰਕੇ) ਮਨੁੱਖ ਨੂੰ ਮਨੁੱਖ ਨਹੀਂ ਬਣਾਉਂਦਾ ਸਗੋਂ ਨਸ਼ਈ, ਲੁਟੇਰੇ ਬਣਾਉਂਦਾ ਹੈ। ਅਜਿਹੇ ਯਥਾਰਥ ਨੂੰ 'ਕੌਮ ਦੇ ਵਾਰਸ' (ਖੇਮਕਰਨੀ) ਕਥਾ 'ਚ ਰੇਖਾਂਕਿਤ ਕੀਤਾ ਗਿਆ ਹੈ। ਮਨੁੱਖ ਮਨੁੱਖ ਨਹੀਂ ਭੀੜ ਦਾ ਅੰਗ ਬਣ ਗਿਆ ਹੈ ਜੋ ਸੰਵੇਦਨਹੀਣ ਹੈ। ਮਜਮਾ ਕਥਾ ਇਸ ਪੱਖੋਂ ਵਧੀਆ ਹੈ ਜਿਸ ਵਿਚ ਇੱਕ ਬਜ਼ੁਰਗ ਦੀ ਮੌਤ ਤੇ ਭੀੜ ਤਾਂ ਜੁੜ ਜਾਂਦੀ ਹੈ ਪਰੰਤੂ ਉਸਦੀ ਮੌਤ ਤੇ ਵਾਹਯਾਤ ਤਰਕ ਦੇਣ ਤੋਂ ਸਿਵਾਏ ਉਹ ਹੋਰ ਕੁਝ ਨਹੀਂ ਕਰਦੀ। ਇਕ ਨੌਜਵਾਨ ਨੂੰ ਇਹ ਭੀੜ 'ਮਜਮੇ' ਦਾ ਭੁਲੇਖਾ ਪਾਉਂਦੀ ਹੈ। ਮਨੁੱਖ ਵਿਚ ਸੰਵੇਦਨਸ਼ੀਲਤਾ ਦਾ ਮਰ ਜਾਣਾ ਸਮਕਾਲੀ ਸੱਚ ਹੈ। ਆਧੁਨਿਕ ਮਨੁੱਖ ਨਿੱਜਵਾਦੀ ਸੋਚ ਦਾ ਲਖਾਇਕ ਹੈ, ਉਸਦਾ 'ਪਰ' ਨਾਲ ਕੋਈ ਸਰੋਕਾਰ ਨਹੀਂ। 'ਮਰ ਰਹੀ ਮਨੁੱਖਤਾ' ਅਜਿਹੇ ਮਨੁੱਖ ਦੇ ਕਿਰਦਾਰ ਨੂੰ ਪ੍ਰਸਤੁਤ ਕਰਦੀ ਹੈ ਜੋ ਪੁਲੀਸ ਦੇ ਡਰ ਕਾਰਨ ਹੀ ਸੜਕ ਦੇ ਕਿਨਾਰੇ ਮਰ ਰਹੇ ਮਨੁੱਖ ਨੂੰ ਮੁੱਢਲੀ ਸਹਾਇਤਾ ਦੇਣ ਲਈ ਤਿਆਰ ਨਹੀਂ। ਇਹ ਵੀ ਨਿਰੰਤਰ ਹੋ ਰਹੇ ਸੰਵੇਦਨਹੀਣ ਮਨੁੱਖ ਦੀ ਦਾਸਤਾਨ ਹੈ। ਸਮਕਾਲੀ ਮਨੁੱਖ ਅਜੀਬ ਸਥਿਤੀ ਦਾ ਸ਼ਿਕਾਰ ਹੈ। ਉਸ ਲਈ ਪੈਸਾ ਪ੍ਰਮੁੱਖ ਹੈ, ਦੂਜੀ ਹਰ ਚੀਜ ਉਸ ਲਈ ਦੋਮ ਹੈ। ਅਜਿਹਾ ਮਨੁੱਖ ਕਿਸੇ ਨੂੰ ਸਹਾਇਤਾ ਵਜੋਂ ਪੰਜ ਰੁਪਏ ਫੰਡ ਦੇਣ ਲਈ ਤਿਆਰ ਨਹੀਂ ਪਰੰਤੂ ਉਸਦੀ ਆਲੋਚਨਾ ਪਰਮ ਫਰਜ਼ ਵਜੋਂ ਕਰਨੋਂ ਬਾਜ ਨਹੀਂ ਆਉਂਦਾ। ਸਮਾਜ 'ਚ ਅਜਿਹੇ ਕਿਰਦਾਰ ਆਮ ਹਨ। 'ਹਮਦਰਦ' (ਰਮੇਸ਼ ਢੰਡ) ਅਜਿਹੇ ਉਕਤ ਵਰਤਾਰੇ ਦੀ ਟੋਹ ਦਿੰਦੀ ਹੈ। ਗਰੀਬ ਮਨੁੱਖ ਮਰ ਜਾਵੇ ਤਾਂ ਉਸਨੂੰ ਕੋਈ ਨਹੀਂ ਪੁੱਛਦਾ, ਅਜਿਹੇ ਲੋਕ ਆਮ ਮਰਦੇ ਹਨ, ਇਹਨਾਂ ਦੀ ਮੌਤ 'ਤੇ ਕੋਈ ਸੋਗ ਜਾਂ ਦੁੱਖ ਨਹੀਂ ਮਨਾਉਂਦਾ। ਵਾਸਤਵ 'ਚ ਅਜਿਹੇ ਜਿਊਂਦੇ ਲੋਕਾਂ ਨੂੰ ਮਰੇ ਹੋਏ ਲੋਕ ਹੀ ਸਮਝਿਆ ਜਾਂਦਾ ਹੈ। ਮਲਿਕ 'ਇਕ ਹੋਰ ਮੌਤ' ਕਥਾ ਵਿੱਚ ਅਜਿਹੇ ਸੱਚ ਨੂੰ ਵੀ ਉਭਾਰਦਾ ਹੈ। ਸਮਕਾਲੀ ਮਨੁੱਖ ਦੂਹਰੇ ਕਿਰਦਾਰ-ਵਿਵਹਾਰ ਦਾ ਲਖਾਇਕ ਬਣ ਚੁੱਕਾ ਹੈ। ਉਸਦੀ ਕਹਿਣੀ ਅਤੇ ਕਰਨੀ ਵਿਚ ਜ਼ਮੀਨ ਅਤੇ ਅਸਮਾਨ ਦਾ ਅੰਤਰ ਆ ਗਿਆ ਹੈ। ਅਮਰਦੀਪ 'ਸਿਖਿਆ' ਮਿੰਨੀ ਕਥਾ 'ਚ ਵਿਅੰਗਾਤਮਕ ਅੰਦਾਜ਼ ਵਿੱਚ ਇਕ ਸਕੂਲ ਅਧਿਆਪਕ ਦੇ ਅਜਿਹੇ ਦੂਹਰੇ ਮਾਪਦੰਡਾਂ ਵਾਲੀ ਸੋਚ ਨੂੰ ਪ੍ਰਸਤੁਤ ਕਰਦਾ ਹੈ। ਇਕ ਅਧਿਆਪਕ ਆਪਣੇ ਬੱਚਿਆਂ ਨੂੰ ਪੜ੍ਹਾਉਂਦਿਆਂ ਸੱਚ ਬੋਲਣ ਦੇ ਨੈਤਿਕ ਪੱਖ ਦੀ ਸਿਖਿਆ ਦਿੰਦਾ ਹੈ ਜਦ ਕਿ ਸਕੂਲ ਵਿੱਚ ਨਿਰੀਖਣ ਲਈ ਅਚਾਨਕ ਡੀ.ਈ.ਓ. ਛਾਪਾ ਮਰਦਾ ਹੈ ਤਾਂ ਉਹ

ਬੱਚਿਆਂ ਨੂੰ ਝੂਠ ਬੋਲਣ ਲਈ ਪ੍ਰੇਰਤ ਕਰਦਾ ਹੈ। ਭਾਵ ਜੋ ਗਾਈਡਾਂ ਖੁਦ ਅਧਿਆਪਕ ਨੇ ਹੀ ਲੁਆਈਆਂ ਹਨ ਜਦ ਡੀ.ਈ.ਓ. ਆ ਜਾਂਦਾ ਹੈ ਤਾਂ ਉਹ ਅਧਿਆਪਕ ਬੱਚਿਆਂ ਨੂੰ ਝੂਠ ਮਾਰਨ ਦਾ ਸਬਕ ਦਿੰਦਿਆਂ ਕਹਿੰਦਾ ਹੈ ਕਿ ਤੁਸੀਂ ਡੀ.ਈ.ਓ. ਨੂੰ ਇਹ ਕਹਿਣਾ ਕਿ ਗਾਈਡਾਂ ਉਨ੍ਹਾਂ ਆਪ ਹੀ ਖ਼ਰੀਦੀਆਂ ਹਨ। ਅਜਿਹੇ ਹੀ ਕਿਰਦਾਰ ਦੀ ਧਾਰਨੀ ਪ੍ਰਿੰ. ਮੈਡਮ (ਨਕਾਬ) ਹੁੰਦੀ ਹੈ ਜੋ ਵਿਦਿਆਰਥੀਆਂ ਨੂੰ ਸ਼ਰਾਬ ਨਾ ਪੀਣ ਦੀ ਨਸੀਹਤ ਦਿੰਦੀ ਹੈ ਪਰੰਤੂ ਆਪ ਉਹ ਕਾਲਜ ਕਮੇਟੀ ਦੇ ਪ੍ਰਧਾਨ ਨਾਲ ਰੰਗ ਰਲੀਆਂ ਹੀ ਨਹੀਂ ਮਨਾਉਂਦੀ ਸਗੋਂ ਪ੍ਰਧਾਨ ਨੂੰ ਸ਼ਰਾਬ ਖ਼ੁਦ ਪਰੋਸਦੀ ਹੈ। 'ਠਰਕੀ' ਕਥਾ ਡਰਾਈਵਰ ਦੇ ਦੂਹਰੇ ਮਾਪਦੰਡਾਂ ਦੀ ਕਥਾ ਹੈ। ਉਹ ਠਰਕੀ ਵੀ ਹੈ, ਇਸ ਕਾਰਨ ਹੀ ਉਹ ਇਕ ਮੁੰਡੇ ਨੂੰ ਇੰਜ਼ਣ 'ਤੇ ਬੈਠਣ ਦੀ ਇਜ਼ਾਜਤ ਨਹੀਂ ਦਿੰਦਾ ਪਰ ਕੁੜੀ ਨੂੰ ਬਿਠਾਉਣ 'ਚ ਪਰਹੇਜ ਨਹੀਂ ਕਰਦਾ। ਕਹਿਣੀ ਤੇ ਕਰਨੀ (ਰਚਨਾਕਾਰ-ਆਤਮਾ ਸਿੰਘ ਚਿੱਟੀ) ਕਥਾ ਵੀ ਅਜਿਹੇ ਹੀ ਵਿਸ਼ੇ ਤੇ ਕੇਂਦਰਤ ਹੈ। ਪ੍ਰਚਾਰਕ ਸਟੇਜ ਤੋਂ ਲੋਕਾਂ ਨੂੰ ਪ੍ਰਵਚਨ ਦਿੰਦਾ ਹੈ ਕਿ ਮਾਇਆ ਤੋਂ ਰਹਿਤ ਹੋ ਕੇ ਜੀਵਨ ਸਵੱਛ ਹੁੰਦਾ ਹੈ ਪਰ ਦੂਜੇ ਪਾਸੇ ਉਹ ਘਰ ਵਾਲਿਆਂ (ਜਿਨ੍ਹਾਂ ਨੇ ਉਸ ਪ੍ਰਚਾਰਕ ਨੂੰ ਸੱਦਿਆ ਹੁੰਦਾ ਹੈ) ਤੋਂ ਵੱਧ ਮਾਇਆ ਪ੍ਰਾਪਤ ਕਰਨ ਲਈ ਲੜਾਈ ਕਰਨ ਤੱਕ ਤੁਲ ਜਾਂਦਾ ਹੈ। ਹੱਕ (ਹਰਨੇਕ ਕੈਲੇ), ਬਦਤਾਮੀਜ਼, (ਗੁਲਸ਼ਨ ਮਿਰਜਾਪੁਰੀ), ਕੁੱਤਾ ਅਤੇ ਮਨੁੱਖ (ਦੇਵ ਤਲਵੰਡੀ) ਆਦਿ ਕਥਾਵਾਂ ਵੀ ਸਮਕਾਲੀ ਮਨੁੱਖ ਦੇ ਯਥਾਰਥ ਦਾ ਬੋਧ ਕਰਾਉਂਦੀਆਂ ਹਨ। ਇਹ ਕਥਾਵਾਂ ਇਕ ਸੀਮਤ ਜਿਹੇ ਦਾਇਰੇ 'ਚ ਰਹਿ ਕੇ ਮਨੁੱਖ ਦੇ ਸੱਚ ਨੂੰ ਪ੍ਰਗਟਾਉਂਦੀਆਂ ਹਨ। ਵਾਸਤਵ ਵਿਚ ਸਮਕਾਲੀ ਮਨੁੱਖ ਦਾ ਕਿਰਦਾਰ ਅਤੇ ਵਿਵਹਾਰ ਇਸ ਤੋਂ ਵੀ ਵੱਧ ਘਿਨਾਉਣਾ ਹੈ। ਅਜੋਕਾ ਮਨੁੱਖ ਸਵੈ-ਕੇਂਦਰਿਤ ਹੈ। ਉਹ ਨਿੱਜ ਅਤੇ ਆਪਣੇ ਅਸਤਿੱਤਵ ਲਈ ਹੱਦ ਦਰਜੇ ਦਾ ਨੀਚ, ਦੰਭੀ, ਲੋਭੀ, ਲਾਲਚੀ ਬੇਸ਼ਰਮ ਹੋ ਸਕਦਾ ਹੈ। ਫਿਰ ਵੀ ਇਨ੍ਹਾਂ ਮਿੰਨੀ ਕਥਾਵਾਂ 'ਚ ਜੋ ਵੀ ਅਭਿਵਿਅਕਤ ਕੀਤਾ ਗਿਆ ਹੈ, ਉਸਨੂੰ ਸਵੀਕਾਰਿਆ ਜਾ ਸਕਦਾ ਹੈ।

ਭਾਰਤੀ ਰਾਜਨੀਤੀ ਭ੍ਰਿਸ਼ਟ ਹੈ, ਇਹ ਇਕ ਗੰਦੀ ਖੇਡ ਬਣ ਚੁੱਕੀ ਹੈ। ਭਾਰਤੀ ਰਾਜਨੀਤੀ ਦੀ ਸ਼ਵੀ ਸਾਫ਼ ਨਹੀਂ ਰਹੀ। ਭਾਰਤੀ ਨੇਤਾ ਕਹਿੰਦੇ ਕੁਝ ਹਨ, ਕਮਾਉਂਦੇ ਕੁਝ ਹਨ, ਨੇਤਾਵਾਂ ਦੀ ਕਹਿਣੀ, ਕਰਨੀ 'ਚ ਢੇਰ ਅੰਤਰ ਹੈ। ਸਾਡੀ ਰਾਜਨੀਤੀ ਆਤੰਕਵਾਦ ਤੇ ਫਿਰਕਾਪ੍ਰਸਤੀ ਸਹਾਰੇ ਜੀਵਤ ਹੈ। ਇਹ ਪਰਜੀਵੀ ਹੈ ਅਤੇ ਲੁੱਟ ਖਸੁੱਟ, ਸੋਸ਼ਨ ਇਸਦਾ ਮਨੋਰਥ ਹੈ। ਕਿਸੇ ਵੀ ਪਾਰਟੀ ਹੱਥ ਜਦ ਸੱਤਾ ਆ ਜਾਂਦੀ ਹੈ ਤਾਂ ਹਰ ਸੱਤਾਧਾਰੀ (ਐਮ.ਪੀ., ਐਮ.ਐਲ.ਏ., ਮੰਤਰੀ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਪ੍ਰਧਾਨ) ਸੱਤਾ ਦਾ ਆਨੰਦ ਮਾਣਦਾ ਹੈ। ਦੇਸ਼ ਅਤੇ ਦੇਸ਼ ਦੀ ਜਨਤਾ ਦੀ ਕੋਈ ਪ੍ਰਵਾਹ ਨਹੀਂ। ਕਮਾਲਦੀ ਗੱਲ ਤਾਂ ਇਹ ਹੈ ਕਿ ਬਹੁਤੇ ਨੇਤਾਵਾਂ ਨੂੰ ਜਦ ਉਹ ਮੰਤਰੀ ਬਣ ਜਾਂਦੇ ਹਨ, ਆਪਣੇ ਮਹਿਕਮੇ ਦੀ ਮੁੱਢਲੀ ਜਾਣਕਾਰੀ ਵੀ ਨਹੀਂ ਹੁੰਦੀ। ਕਈ ਵਾਰ ਅਨਪੜ੍ਹ, ਗ਼ਲਤ ਅਨਸਰ ਵੀ ਨੇਤਾ ਦੀ ਕੁਰਸੀ ਤੱਕ ਪੁਜ ਜਾਂਦੇ ਹਨ। ਸਾਡੇ ਨੇਤਾ ਅਜਿਹੇ ਵੀ ਹਨ ਕਿ ਉਹ ਜਨਤਾ ਨੂੰ ਅਨਪੜ੍ਹ ਰੱਖਣ ਦੇ ਹੱਕ ਵਿਚ ਹਨ। ਜੇ ਜਨਤਾ ਹੀ ਪੜ੍ਹ ਗਈ ਤਾਂ ਨੇਤਾਵਾਂ, ਮੰਤਰੀਆਂ ਦੀ ਸਰਦਾਰੀ ਖਤਮ ਹੋ ਜਾਵੇਗੀ। ਇਸ ਅੰਕ ਵਿਚ ਸੁਰਿੰਦਰ ਕੈਲੇ ਦੀ ਕਥਾ 'ਖ਼ਬਰ' ਬਹੁਤ ਹੀ ਮਾਰਮਕ ਹੈ। ਇਸ ਕਥਾ ਦਾ ਇੱਕ ਮੰਤਰੀ

ਆਪਣੀ ਵੋਟ ਬੈਂਕ ਬਣਾਉਣ ਅਤੇ ਵਧਾਉਣ ਲਈ ਕਤਲੇਆਮ ਕਰਵਾਉਂਦਾ ਹੈ। ਇਸ ਕਤਲੇਆਮ ਦੀ ਜ਼ੁੰਮੇਵਾਰੀ ਕੇ.ਐਲ. ਐਫ. (ਇਕ ਆਤੰਕਵਾਦੀ ਸੰਗਠਨ) ਦੇ ਨਾਮ ਤੇ ਅਖ਼ਬਾਰ ਵਿਚ ਖ਼ਬਰ ਬਣਾ ਕੇ ਛਾਪ ਦਿੱਤੀ ਜਾਂਦੀ ਹੈ। ਇਸ ਤੋਂ ਵੱਧ ਰਾਜਨੀਤੀ ਦਾ ਘਿਨਾਉਣਾਪਣ ਹੋਰ ਕੀ ਹੋ ਸਕਦਾ ਹੈ। ਚੋਣਾਂ ਸਮੇਂ ਵੋਟਾਂ ਪ੍ਰਾਪਤ ਕਰਨ ਲਈ ਇਕ ਨੇਤਾ ਘਰ ਘਰ ਜਾ ਸਕਦਾ ਹੈ। ਹੱਥ ਬੰਨ੍ਹ ਕੇ ਵੋਟਾਂ ਮੰਗਦਾ ਹੈ। ਜਦ ਜਿੱਤ ਜਾਂਦਾ ਹੈ, ਫਿਰ ਕਦੇ ਭੁੱਲ ਕੇ ਵੀ ਪੰਜ ਸਾਲ ਦਰਸ਼ਨ ਨਹੀਂ ਦਿੰਦਾ ਪਰ ਲੋਕ ਵੀ ਮੂਰਖ ਹਨ, ਉਹ ਚੇਤਨ ਨਹੀਂ ਹੁੰਦੇ, ਇਕ ਵਾਰ ਪਰਖੇ ਨੇਤਾ ਨੂੰ ਲੋਕ ਬਾਰ ਬਾਰ ਫਿਰ ਚੋਣਾਂ 'ਚ ਜਿਤਾ ਦਿੰਦੇ ਹਨ। ਅਜਿਹੇ ਸੱਚ ਨੂੰ ਰਾਜਨੀਤੀ (ਰਚਿਤ ਭੁਪਿੰਦਰ ਪੀ.ਸੀ. ਐਸ) ਕਥਾ ਵਿੱਚ ਪ੍ਰਗਟਾਇਆ ਗਿਆ ਹੈ। ਇੱਕ ਹੋਰ ਅਹਿਮ ਕਥਾ ਸ਼ੇਰ ਦਾ ਭਾਸ਼ਨ (ਦਵਿੰਦਰ ਮੰਡ) ਧਿਆਨ ਖਿੱਚਦੀ ਹੈ। ਇਹ ਪ੍ਰਤੀਕਾਤਮਕ ਕਥਾ ਹੈ। ਸ਼ੇਰ ਆਪਣੇ ਜਿੱਤੇ ਹੋਏ ਨੁਮਾਇੰਦਿਆਂ (ਬਾਂਦਰ, ਖੋਤਾ, ਰਿੱਛ, ਲੂੰਬੜੀ, ਬੱਕਰੀ) ਦੀ ਇਕ ਵਿਸ਼ੇਸ਼ ਮੀਟਿੰਗ ਆਯੋਜਤ ਕਰਦਾ ਹੈ। ਪਰ ਇਸ ਮੀਟਿੰਗ ਵਿਚ ਇਹ ਨੁਮਾਇੰਦੇ ਚੰਗੇ ਆਹੁਦਿਆਂ ਦੀ ਪ੍ਰਾਪਤੀ ਲਈ ਪਰਸਪਰ ਲੜਦੇ ਹਨ, ਬਹਿਸਦੇ ਹਨ। ਸ਼ੇਰ ਉਨ੍ਹਾਂ ਨੂੰ ਚੁੱਪ ਕਰਾਉਂਦਿਆਂ ਆਪਣਾ ਜੋ ਪੱਖ ਪ੍ਰਸਤੁਤ ਕਰਦਾ ਹੈ, ਉਹ ਭਾਰਤੀ ਰਾਜਨੀਤਕਾਂ ਦਾ ਜੀਵੰਤ ਸੱਚ ਹੈ। ਬਕੌਲ ਸ਼ੇਰ ਸੁਣੋ, ' ਲੱਖ ਲਾਹਣਤ ਆ ਤੁਹਾਡੇ ਤੇ ਜਿਹੜੀ ਮੈਂ ਗੱਲ ਨਹੀਂ ਕਹਿਣਾ ਚਾਹੁੰਦਾ ਸੀ, ਕਹਿਣੀ ਪੈ ਰਹੀ ਹੈ, ਤੁਸੀਂ ਵੀ ਭਾਰਤ ਦੇ ਮੰਤਰੀਆਂ ਦੀ ਜੂਠ ਖਾ ਲਈ ਲੱਗਦੀ ਐ।' ਭਾਵੇਂ ਇਹ ਇਕ ਤਿੱਖਾ ਵਿਅੰਗ ਹੈ ਪਰੰਤੂ ਇਹ ਵਿਅੰਗਨੁਮਾ ਸੱਚ ਸਾਡੀ ਚੇਤਨਾ ਪ੍ਰਚੰਡ ਕਰਦਾ ਹੈ। ਰੰਗ ਰੂਪ (ਬਿਪਨ ਗੋਇਲ), ਕੱਲ੍ਹ ਦੇ ਨੇਤਾ (ਕਾਲੜਾ), ਨੇਤਾ (ਸੁਰਜੀਤ), ਰਾਸ਼ਟਰੀ ਭਾਸ਼ਾ (ਸਤਵੰਤ) ਆਦਿ ਕਥਾਵਾਂ ਵੀ ਮੇਰੇ ਉਪਰੋਕਤ ਵਿਚਾਰਾਂ ਦੀ ਹੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਤਰਜਮਾਨੀ ਕਰਦੀਆਂ ਹਨ।

ਅਫਸੋਸਜਨਕ ਪਹਿਲੂ ਤਾਂ ਇਹ ਹੈ ਕਿ ਵਰਤਮਾਨ 'ਚ ਸਰਮਾਏਦਾਰੀ ਨਿਜ਼ਾਮ ਦੇ ਲਖਾਇਕ ਨੇਤਾ ਤਾਂ ਕਮੀਨੇ, ਦੰਭੀ, ਲਾਲਚੀ, ਲੋਭੀ, ਤਿਕੜਮਬਾਜ, ਭ੍ਰਿਸ਼ਟ ਹੋਣੇ ਹੀ ਹੋਏ ਹਨ ਪਰੰਤੂ ਮਾਰਕਸੀ ਨੇਤਾ ਵੀ ਜੇਕਰ ਅਜਿਹੇ ਕਿਰਦਾਰ-ਵਿਵਹਾਰ ਦੇ ਹੋਣ ਤਾਂ ਫਿਰ ਦੇਸ਼ ਅਤੇ ਦੇਸ਼ ਦੀ ਜਨਤਾ ਦੀ ਸਥਿਤੀ ਕੀ ਹੋਵੇਗੀ, ਇਸ ਬਾਰੇ ਕਿਸੇ ਟਿੱਪਣੀ ਦੀ ਲੋੜ ਨਹੀਂ। 'ਰੱਬ' (ਬਲਜੀਤ ਤਖਤੂਪੁਰੀ) ਇਕ ਅਜਿਹੀ ਵਿਅੰਗਕਥਾ ਹੈ ਜੋ ਕਾਮਰੇਡ ਧੰਨਾ ਸਿੰਘ ਦੀ ਕਾਮਰੇਡੀ ਤੇ ਬੜੀ ਤਿੱਖੀ ਟਿੱਪਣੀ ਕਰਦੀ ਹੈ। ਉਹ ਆਪਣੇ ਕਾਮੇ ਨੂੰ ਛੁੱਟੀਆਂ ਦੀ ਤਨਖ਼ਾਹ ਨਹੀਂ ਦਿੰਦਾ ਜਿਹੜਾ ਉਸ ਦਾ ਇਹ ਮਾਨਵੀ ਹੱਕ ਹੁੰਦਾ ਹੈ।

ਇਹ ਕਥਾਵਾਂ ਇਕ ਹੋਰ ਪੱਖੋਂ ਵੀ ਮਹੱਤਵਪੂਰਨ ਹਨ। ਕੁਝ ਕਥਾਵਾਂ 'ਚ ਪੰਜਾਬ ਪੁਲੀਸ ਦੇ ਕਰੂਰ, ਖ਼ੂੰਖਾਰ ਅਤੇ ਭ੍ਰਿਸ਼ਟ-ਅਮਾਨਵੀ ਚਿਹਰੇ ਤੇ ਤਿੱਖੇ ਵਿਅੰਗ ਕੀਤੇ ਗਏ ਹਨ ਤੇ ਉਸਦੇ ਕਰੂਰ ਚਿਹਰੇ ਨੂੰ ਬੇਪਰਦ ਵੀ ਕਰਦੀਆਂ ਹਨ। ਪੰਜਾਬ ਦੀ ਪੁਲੀਸ ਦਾ ਕਿਰਦਾਰ-ਵਿਵਹਾਰ ਬਹੁਤ ਹੀ ਮਾੜਾ ਹੈ। ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਵਿੱਚ ਬਦਲਣ ਲਈ ਮਾਹਰ ਹੈ। ਤਸ਼ੱਦਦ ਉਸ ਕੋਲ ਮੁੱਖ ਹਥਿਆਰ ਹੈ ਜਿਸ ਦੀ ਵਰਤੋਂ ਨਾਲ ਉਹ ਜਾਇਜ ਨੂੰ ਨਜਾਇਜ਼ ਅਤੇ ਨਜਾਇਜ਼ ਨੂੰ ਜਾਇਜ਼ ਠਹਿਰਾ ਸਕਦੀ ਹੈ। ਮਾਨਵੀ ਅਧਿਕਾਰ ਉਸਦੇ ਹੱਥ ਦਾ ਖਿਡੌਣਾ

ਹੁੰਦੇ ਹਨ। ਹੱਕ ਮੰਗਦੇ ਲੋਕਾਂ ਨੂੰ ਲਾਠੀਆਂ, ਬੰਬਾਂ-ਬੰਦੂਕਾਂ ਨਾਲ ਨਿਵਾਜਣਾ ਆਮ ਗੱਲ ਹੈ। ਲਾਅ ਅਤੇ ਆਰਡਰ ਦੇ ਨਾਂ ਤੇ ਪੁਲੀਸ ਕੁਝ ਵੀ ਕਰ ਸਕਦੀ ਹੈ। ਕਿਸੇ ਦੁਖੀ ਵਿਅਕਤੀ ਦੀ ਕੋਈ ਦਲੀਲ-ਅਪੀਲ ਨਹੀਂ ਸੁਣੀ ਜਾਂਦੀ। ਵਾਸਤਵ 'ਚ ਸਾਡੇ ਰਹਿਬਰ, ਸਾਡੀਆਂ ਸਰਕਾਰਾਂ ਪੁਲੀਸ-ਤੰਤਰ ਦੇ ਸਹਾਰੇ ਹੁੰਦੀਆਂ ਹਨ। ਇਹੋ ਕਾਰਨ ਹੈ ਕਿ ਪੰਜਾਬ ਵਿਚ ਅਕਸਰ ਪੁਲੀਸ ਰਾਜ ਹੀ ਰਹਿੰਦਾ ਹੈ। ਜੇਕਰ ਕੋਈ ਸ਼ਰੀਫ ਬੰਦਾ ਪੁਲੀਸ ਦੀ ਗ੍ਰਿਫਤ ਵਿਚ ਆ ਜਾਵੇ ਤਾਂ ਉਸਨੂੰ ਜਲੀਲ ਹੀ ਨਹੀਂ ਕੀਤਾ ਜਾਂਦਾ ਸਗੋਂ ਉਸ ਤੋਂ ਮੋਟੀ ਰਿਸ਼ਵਤ ਵੀ ਬਟੋਰੀ ਜਾਂਦੀ ਹੈ। ਥਾਣਿਆਂ 'ਚ ਆਮ ਵਿਅਕਤੀ ਦੀ ਕੋਈ ਸੁਣਵਾਈ ਨਹੀਂ ਹੁੰਦੀ। ਉਸਦੀ ਕੋਈ ਪੁਕਾਰ ਨਹੀਂ ਸੁਣੀ ਜਾਂਦੀ। ਰਮੇਸ਼ ਅਗਰਵਾਲ ਦੀ ਕਥਾ 'ਢੰਗ' ਪੁਲਸ ਦੇ ਲੁਟੇਰੇ ਅਤੇ ਭ੍ਰਿਸ਼ਟ ਚਿਹਰੇ ਨੂੰ ਵਿਅੰਗ ਵਿਧੀ ਰਾਹੀਂ ਬੇਨਕਾਬ ਕਰਦੀ ਹੈ। ਇਸੇ ਤਰ੍ਹਾਂ ਇਕ 'ਫਰਜ' (ਰਾਜਦੀਪ ਗਿੱਲ) ਕਥਾ ਹੈ ਜਿਸ ਵਿਚ ਇਕ ਵਿਅਕਤੀ ਆਪਣਾ ਫਰਜ਼ ਸਮਝ ਕੇ ਕਤਲ ਬਾਰੇ ਸੱਚੀ ਸੂਹ ਪੁਲੀਸ ਨੂੰ ਪ੍ਰਦਾਨ ਕਰਦਾ ਹੈ ਤਾਂ ਪੁਲੀਸ ਉਸੇ ਵਿਅਕਤੀ ਨੂੰ ਕਾਤਲ ਗਰਦਾਨ ਕੇ ਜੇਲ੍ਹ ਵਿਚ ਡੱਕ ਦਿੰਦੀ ਹੈ। ਕੋਈ ਪੁੱਛ ਗਿੱਛ ਜਾਂ ਤਹਿਕੀਆਤ ਕਰਨੀ ਜ਼ਰੂਰੀ ਨਹੀਂ ਸਮਝੀ ਜਾਂਦੀ। 'ਰਾਜੀਨਾਮਾ' ਕਥਾ ਵਿਚ ਸੂਰੀ ਪਿੱਛੇ ਦੋ ਧਿਰਾਂ 'ਚ ਹੋਈ ਲੜਾਈ ਕਾਰਨ ਥਾਣੇਦਾਰ ਨੰਬਰਦਾਰ ਰਾਹੀਂ ਦੋਵਾਂ ਧਿਰਾਂ ਤੋਂ ਪੈਸੇ ਵੀ ਰਿਸ਼ਵਤ ਵਜੋਂ ਲੈ ਲੈਂਦਾ ਹੈ ਫਿਰ ਰੋਅਬ ਅਤੇ ਧੱਕੇ ਨਾਲ ਰਾਜੀਨਾਮਾ ਵੀ ਕਰਵਾ ਦਿੰਦਾ ਹੈ। ਸੂਰੀ ਵੀ ਖੁਰਦ-ਬੁਰਦ ਕਰ ਦਿੱਤੀ ਜਾਂਦੀ ਹੈ। ਇਹ ਵਿਅੰਗ ਨਹੀਂ, ਕੜਵਾ ਯਥਾਰਥ ਹੈ। 'ਭੈਅ' (ਰਣਜੀਤ ਗਰੇਵਾਲ) ਇਕ ਅਜਿਹੀ ਕਥਾ ਹੈ ਜਿਸ ਵਿਚ ਪੁਲੀਸ ਦੇ ਸਥਾਪਤ ਹੋ ਚੁੱਕੇ ਬਿੰਬ (ਪੁਲਸੀਏ ਮਾੜੇ ਆਚਰਨ ਦੇ ਮਾਲਕ ਹਨ) ਕਾਰਨ ਹੀ ਬੱਸ ਵਿੱਚ ਇਕ ਲੜਕੀ ਪੁਲਸੀਏ ਨਾਲ ਨਹੀਂ ਬੈਠਦੀ, ਉਸ ਤੋਂ ਉਸਨੂੰ ਭੈਅ ਆਉਂਦਾ ਹੈ। 'ਜੇਬ ਕਤਰਾ' ਦਰਸ਼ਨ ਆਸ਼ਟ ਦੀ ਬੜੀ ਗੌਲਣਯੋਗ ਕਥਾ ਹੈ। ਲੇਖਕ ਇਸ ਕਥਾ 'ਚ ਪੁਲਸੀਏ ਅਤੇ ਜੇਬ ਕਤਰੇ ਸ਼ਬਦਾਂ ਨੂੰ ਪਰਾਇਆਵਾਚੀ ਬਣਾ ਕੇ ਪ੍ਰਸਤੁਤ ਕਰਦਾ ਹੈ। ਇਸ ਯਥਾਰਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸੇ ਤਰ੍ਹਾਂ ਸਚਾਈ (ਬਲਜੀਤ), ਕਾਤਲ (ਕੈਲੇ), ਕਾਗਜ (ਬਲਜੀਤ) ਆਦਿ ਕਥਾਵਾਂ ਵਿੱਚ ਵੀ ਅਜਿਹਾ ਹੀ ਯਥਾਰਥ ਨਿਹਿਤ ਹੈ।

ਹਰਭਜਨ ਖੇਮਕਰਨੀ ਦੀ ਕਥਾ 'ਨੌਕਰੀ' ਸਾਡੇ ਸਮਕਾਲੀ ਸਮਾਜਿਕ ਨਿਘਾਰ ਦਾ ਯਥਾਰਥ ਹੈ। ਮਧੂ ਨੌਕਰੀ ਪੇਸ਼ਾ ਔਰਤ ਹੈ। ਉਸਦੀ ਲੇਟ ਆਉਣ ਦੀ ਆਦਤ ਹੈ। ਉਹ ਛੁੱਟੀਆਂ ਲੈ ਕੇ ਵੀ ਰਜਿਸਟਰ ਵਿੱਚ ਛੁੱਟੀਆਂ ਦੀ ਐਂਟਰੀ ਨਹੀਂ ਹੋਣ ਦਿੰਦੀ। ਫਰਲੋ ਮਾਰਨਾ ਉਸਦਾ ਕਸਬ ਹੈ। ਉਹ ਦਫਤਰ ਵਿਚ ਬੁੱਢੇ ਅਫਸਰ, ਅਕਾਊਟੈਂਟ ਅਤੇ ਇੰਚਾਰਜ ਨੂੰ ਆਪਣੇ ਜਿਸਮ, ਸੈਕਸ ਅਤੇ ਹੋਰ ਸਰੀਰਕ ਮੁਦਰਾਵਾਂ ਰਾਹੀਂ ਭਰਮਾ ਕੇ ਆਪਣਾ ਹਰ ਕੰਮ ਕੱਢ ਲੈਂਦੀ ਹੈ। ਬੁੱਢੇ ਅਫਸਰ ਨਾਲ ਹੱਸ ਹੱਸ ਗੱਲਾਂ ਕਰਕੇ, ਲੋ-ਕੱਟ ਬਲਾਊਜ਼ ਪਾ ਕੇ, ਆਪਣੀ ਛਾਤੀ ਦਿਖਾ ਕੇ ਉਹ ਆਪਣੇ ਲੇਟ ਆਉਣ ਨੂੰ ਕਵਰ ਕਰ ਲੈਂਦੀ ਹੈ। ਅਕਾਊਟੈਂਟ ਨਾਲ ਹੱਥ ਮਿਲਾ ਕੇ ਤਨਖ਼ਾਹ ਪ੍ਰਾਪਤ ਕਰ ਲੈਂਦੀ ਹੈ। ਇੰਚਾਰਜ ਨਾਲ ਖਹਿ ਕੇ ਲੰਘਣ ਨਾਲ ਉਸਦੀ ਛੁੱਟੀ ਦੀ ਐਂਟਰੀ ਨਹੀਂ ਹੁੰਦੀ। ਮਧੂ ਇਕੱਲੀ ਇਸ ਵਰਤਾਰੇ ਦੀ ਕਸੂਰਵਾਰ ਨਹੀਂ, ਸਾਰਾ ਦਫਤਰੀ ਅਮਲਾ ਫੈਲਾ ਕਸੂਰਵਾਰ ਹੈ। ਸਾਡੇ ਹਰ ਮਹਿਕਮੇ 'ਚ ਨਿਘਾਰ ਨਿਵਾਣਾਂ ਛੂਹ ਚੁੱਕਾ ਹੈ। ਸਮਕਾਲੀ

ਵਿਸ਼ਵੀਕਰਨ ਅਜਿਹੇ ਬਰਬਰ, ਭ੍ਰਿਸ਼ਟ, ਬਦਸ਼ਕਲ ਮਨੁੱਖਾਂ ਨੂੰ ਘੜਦਾ ਹੈ। ਮੈਨੂੰ ਇਸ ਕਥਾ 'ਚ ਪ੍ਰਸਤੁਤ ਵਿਸ਼ੇ ਨੇ ਕਾਫੀ ਟੁੰਬਿਆ ਹੈ।

ਹਮਦਰਦਵੀਰ ਦੀ ਕਥਾ 'ਬਕਵਾਸ' ਸਾਡੇ ਸਦਨ ਨੂੰ ਪਰੀਭਾਸ਼ਤ ਕਰਦੀ ਕਥਾ ਹੈ। ਹਮਦਰਦਵੀਰ ਸਦਨ ਨੂੰ ਰੌਲ਼ੇ ਰੱਪੇ, ਤੌਹੀਨ ਅਤੇ ਗਾਲੀ ਗਲੋਚ ਦਾ ਨਾਮ ਦਿੰਦਾ ਹੈ। ਸਦਨ ਵਿੱਚ ਸਮਾਜਿਕ ਮੁੱਦਿਆਂ-ਮਸਲਿਆਂ, ਸੰਕਟਾਂ ਤੇ ਬਹਿਸ ਜਾਂ ਵਿਚਾਰ-ਵਟਾਂਦਰਾ ਨਹੀਂ ਹੁੰਦਾ, ਨਿਰਮੂਲ ਬਹਿਸਾਂ ਹੁੰਦੀਆਂ ਹਨ। ਮੁੱਦਿਆਂ, ਸੰਕਟਾਂ, ਮਸਲਿਆਂ ਤੇ ਵਿਚਾਰ ਵਟਾਂਦਰਾ ਕਰਨਾ ਸਦਨ ਦਾ ਸਰੋਕਾਰ ਨਹੀਂ। ਇਹ ਕਥਾ ਸਾਨੂੰ ਚੇਤਨ ਕਰਦੀ ਹੈ ਅਤੇ ਸਾਡੇ ਅੰਦਰ ਸਦਨ ਪ੍ਰਤੀ ਨਫਰਤ ਅਤੇ ਰੋਹ ਉਤਪੰਨ ਕਰਦੀ ਹੈ। ਨਿਘਾਰ ਉਪਰੋਂ ਸ਼ੁਰੂ ਹੁੰਦਾ ਹੈ ਜੋ ਹੇਠਲੀ ਸੱਤਾ ਤੱਕ ਆ ਕੇ ਸਾਡੇ ਸਾਰੇ ਸਮਾਜਿਕ, ਸਭਿਆਚਾਰਕ, ਆਰਥਿਕ, ਧਾਰਮਿਕ, ਰਾਜਨੀਤਕ ਅਤੇ ਸਰਕਾਰੀ ਪ੍ਰਬੰਧਾਂ ਦੀ ਬੇੜੀ ਬਿਠਾ ਦਿੰਦਾ ਹੈ। ਜੇ ਸਦਨ ਦੀ ਕਾਰਗੁਜ਼ਾਰੀ ਮਾੜੀ ਹੈ ਤਾਂ ਹੀ ਸਾਡੇ ਸਰਕਾਰੀ ਵਿਭਾਗਾਂ ਦਾ ਹਾਲ ਬਦ ਤੋਂ ਬਦਤਰ ਹੋਇਆ ਹੈ। ਹੁਣ ਤਾਂ ਪ੍ਰਾਈਵੇਟ ਸੰਸਥਾਵਾਂ ਵੀ ਨਿਘਾਰ ਦਾ ਸ਼ਿਕਾਰ ਹਨ। ਉੱਥੇ ਆਮ ਆਦਮੀ (ਜੋ ਨੌਕਰੀ ਕਰਦਾ ਹੈ) ਦੀ ਤਿੱਖੀ ਲੁੱਟ ਅਤੇ ਬੇਕਿਰਕ ਸ਼ੋਸ਼ਨ ਇਕ ਆਮ ਵਰਤਾਰਾ ਬਣ ਗਿਆ ਹੈ। ਅਜਿਹੇ ਨਿਘਾਰ ਨੂੰ ਅਸੀਂ 'ਡੂਫ ਸੌ ਵਾਲੇ ਸੱਤ ਸੌ ਵਾਲੇ' ਕਥਾ 'ਚੋਂ ਦੇਖ ਸਕਦੇ ਹਾਂ।

ਸਾਡੇ ਦੇਸ਼ ਵਿੱਚ ਦਲਿਤਾਂ, ਦਮਿਤਾਂ ਅਤੇ ਗਰੀਬਾਂ ਦੀ ਸਥਿਤੀ ਬਹੁਤ ਹੀ ਪਤੀਣੀ ਅਤੇ ਬਦਤਰ ਹੈ। ਅਮੀਰ ਇਸ ਕਰਕੇ ਅਮੀਰ ਹੋ ਰਹੇ ਹਨ ਕਿਉਂਕਿ ਹਰ ਸਰਕਾਰੀ ਨੀਤੀ ਉਨ੍ਹਾਂ ਦੀ ਅਮੀਰੀ 'ਚ ਵਾਧਾ ਕਰਦੀ ਹੈ। ਗਰੀਬ ਇਸ ਲਈ ਗਰੀਬ ਹੋ ਰਹੇ ਹਨ ਕਿਉਂਕਿ ਕੋਈ ਵੀ ਸਰਕਾਰੀ ਨੀਤੀ ਗਰੀਬਾਂ ਲਈ ਨਹੀਂ ਘੜੀ ਜਾਂਦੀ। ਗਰੀਬਾਂ ਨੂੰ ਹਰ ਖੇਤਰ ਦੁਰਕਾਰਿਆ ਜਾਂਦਾ ਹੈ। ਉਨ੍ਹਾਂ ਨੂੰ ਹਿਕਾਰਤ ਨਾਲ ਦੇਖਿਆ ਜਾਂਦਾ ਹੈ, ਨਫ਼ਰਤ ਕੀਤੀ ਜਾਂਦੀ ਹੈ। ਗਰੀਬ ਲੋਕ ਆਰਥਿਕ ਮਜਬੂਰੀਆਂ ਕਾਰਨ ਵਿਕਣ ਲਈ ਬੇਵਸ ਹੁੰਦੇ ਹਨ। 'ਮਜਬੂਰੀ' (ਸੁਰਿੰਦਰ ਖੰਨਾ) ਕਥਾ ਇਕ ਦਲਿਤ ਪਰਿਵਾਰ ਦੀ ਕਥਾ ਹੈ। ਪਾਰੋ ਦਾ ਪਤੀ ਬੀਮਾਰ ਹੈ, ਘਰ ਆਰਥਿਕ ਤੰਗੀਆਂ ਦਾ ਸ਼ਿਕਾਰ ਹੈ ਸਿੱਟੇ ਵਜੋਂ ਪਾਰੋ ਨੂੰ ਆਪਣੇ ਪਤੀ ਦੀ ਬੀਮਾਰੀ ਆਦਿ ਦੇ ਖਰਚਿਆਂ ਲਈ ਟਹਿਲੇ ਨੰਬਰਦਾਰ ਕੋਲ ਜਿਸਮ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਇਹ ਇਕ ਤਰਾਸਦਕ ਅਤੇ ਵਿਡੰਬਣਾਮਈ ਸਥਿਤੀ ਹੈ ਜਿਸ ਕਾਰਨ ਸਾਨੂੰ ਇਹ ਸੋਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਕਿ ਇਸ ਸਥਿਤੀ ਨੂੰ ਬਦਲੇ ਬਿਨਾਂ ਗੁਜਾਰਾ ਨਹੀਂ ਹੋ ਸਕੇਗਾ। 'ਅਣਖੀ ਲਹੂ' (ਅੰਗਰੇਜ ਔਲਖ) ਦਲਿਤਾਂ ਨੂੰ ਜਾਗਰਤ ਹੋਣ ਲਈ ਪ੍ਰੇਰਿਤ ਕਰਦੀ ਹੈ। ਹੋਰ ਦਲਿਤਾਂ ਲਈ ਕੋਈ ਰਸਤਾ ਨਹੀਂ। ਸਵੇਰ ਹੋਣ ਤੱਕ (ਰਚਿਤ ਅਮਰਜੀਤ ਕੌਂਕੇ) ਕਥਾ ਵੀ ਇਕ ਗਰੀਬ ਅਧਿਆਪਕ ਦੀ ਸਥਿਤੀ ਦਾ ਵਰਨਣ ਕਰਦੀ ਹੈ। ਉਹ ਅਮੀਰਾਂ ਦੇ ਬੱਚਿਆਂ ਨੂੰ ਪੜ੍ਹਾਉਂਦਾ ਹੈ ਪਰ ਉਹ ਅਧਿਆਪਕ ਦਾ ਸਤਿਕਾਰ ਨਹੀਂ ਕਰਦੇ। ਅਮੀਰ ਬੰਦਾ ਗਰੀਬ ਦੀ ਕਦੇ ਇੱਜ਼ਤ ਕਰਦਾ ਹੀ ਨਹੀਂ, ਨਾ ਕਰੇਗਾ ਕਿਉਂਕਿ ਆਰਥਿਕ ਪਾੜੇ ਕਾਰਨ ਹੀ ਵਰਤਾਰਾ ਵਾਪਰਦਾ ਹੈ। ਆਰਥਿਕ ਪਾੜਾ ਜਦ ਤੱਕ ਨਹੀਂ ਮਿਟਦਾ ਉਦੋਂ ਤੱਕ ਇਸ ਸਮੱਸਿਆ ਦਾ ਸਮਾਧਾਨ ਅਸੰਭਵ ਹੈ। ਸਰਮਾਏਦਾਰੀ ਜੁੱਗ ਵਿੱਚ ਗਰੀਬਾਂ-ਦਲਿਤਾਂ ਦੀਆਂ ਇਛਾਵਾਂ ਅਤੇ ਆਕਾਂਖਿਆਵਾਂ ਪੂਰਤ

ਨਹੀਂ ਹੋ ਸਕਦੀਆਂ। 'ਤੜਪਦੀ ਰੀਝ ਦਾ ਸਿਵਾ' ਇਕ ਅਜਿਹੀ ਸੁਰ ਦੀ ਕਥਾ ਹੈ। ਇਕ ਖੇਤ ਮਜ਼ਦੂਰ ਕਬੱਡੀ ਦਾ ਖਿਡਾਰੀ ਹੁੰਦਾ ਹੈ ਪਰੰਤੂ ਖੇਤ ਮਾਲਕ ਟੂਰਨਾਮੈਂਟ ਵਾਲੇ ਦਿਨ ਉਸ ਖਿਡਾਰੀ ਨੂੰ ਛੁੱਟੀ ਨਹੀਂ ਦਿੰਦਾ। ਉਹ ਆਰਥਿਕ ਮਜਬੂਰੀਆਂ ਕਾਰਨ ਕਬੱਡੀ ਖੇਡਣ ਦੀ ਆਪਣੀ ਇੱਛਾ ਨੂੰ ਅੰਦਰੇ ਦਬਾ ਲੈਂਦਾ ਹੈ। ਬਰਾਬਰੀ ਸਮਾਨਤਾ ਲਿਆਂਦੇ ਬਿਨਾਂ ਇਕ ਆਮ ਵਿਅਕਤੀ ਦੀਆਂ ਇੱਛਾਵਾਂ ਪੂਰਿਤ ਨਹੀਂ ਹੋ ਸਕਦੀਆਂ। ਇਹੋ ਕਾਰਨ ਹੈ ਕਿ ਅਮਰ ਕੋਮਲ ਨੂੰ 'ਆਉਣ ਵਾਲਾ ਤੂਫਾਨ' ਕਥਾ ਰਚਣੀ ਪੈਂਦੀ ਹੈ। ਉਹ ਸਮਾਜਿਕ ਸਥਿਤੀ ਨੂੰ ਦੇਖ ਕੇ ਹੀ ਇਹ ਭਵਿੱਖਬਾਣੀ ਕਰਦਾ ਹੈ ਕਿ ਤੂਫਾਨ ਆਉਣ ਵਾਲਾ ਹੈ। ਇਸੇ ਤਰ੍ਹਾਂ ਪੁੱਤ ਦਾ ਸੌਦਾ (ਇੰਦਰਾ ਬਾਂਸਲ), ਮੁੱਲ (ਅਗਰਵਾਲ) ਆਦਿ ਕਥਾਵਾਂ ਵੀ ਅਜਿਹੇ ਯਥਾਰਥ ਦੀ ਅਭਿਵਿਅਕਤੀ ਹਨ।

ਪੰਜਾਬ ਸੰਕਟ ਦੌਰਾਨ ਇਕ ਪੂਰਾ ਅਰਸਾ ਆਤੰਕਵਾਦ ਦਾ ਦੌਰ ਰਿਹਾ ਹੈ। ਖਾਲਿਸਤਾਨੀ (ਧਰਮ ਦੀ ਪੁਨਰ ਸੁਰਜੀਤੀ ਦੀ ਲਹਿਰ) ਆਤੰਕਵਾਦ ਦੇ ਰਾਜਕੀ ਆਤੰਕਵਾਦ ਸਮਾਨੰਤਰ ਚਲਦਾ ਰਿਹਾ ਸੀ ਸਿੱਟੇ ਵਜੋਂ ਆਮ ਅਤੇ ਗਰੀਬ ਪੇਂਡੂਆਂ ਅਤੇ ਸ਼ਹਿਰੀਆਂ ਨੂੰ ਡੂੰਘੇ ਸੰਤਾਪ 'ਚੋਂ ਗੁਜ਼ਰਨਾ ਪਿਆ ਸੀ। ਜਿੱਥੇ ਬੇਕਸੂਰ ਲੋਕਾਂ ਦਾ ਘਾਣ ਵੀ ਹੋਇਆ ਉੱਥੇ ਲੁੱਟਮਾਰ ਇੰਤਹਾ ਦਾ ਦਰਜਾ ਵੀ ਪਾਰ ਕਰ ਗਈ ਸੀ। ਗਰੀਬ ਕਿਰਤੀਆਂ ਮਜਦੂਰਾਂ ਦੀ ਸਥਿਤੀ ਬਦ ਤੋਂ ਬਦਤਰ ਹੋ ਗਈ ਸੀ, ਕੰਮਾਂ ਧੰਦਿਆਂ ਤੇ ਵੀ ਮਾੜਾ ਅਸਰ ਹੋਇਆ ਸੀ। ਇਸ ਸੰਤਾਪ ਬਾਰੇ 'ਅਸਰ' ਕਥਾ ਸੱਤ ਹੀ ਜੇਹੀ ਗੱਲ ਕਰਦੀ ਹੈ ਭਾਵੇਂ ਉਹ ਕਿਸੇ ਅਹਿਮ ਕਾਰਨ ਦੀ ਸ਼ਨਾਖਤ ਨਹੀਂ ਕਰਦੀ ਫਿਰ ਵੀ ਆਤੰਕਵਾਦ ਕਾਰਨ ਜੋ ਗਰੀਬਾਂ ਦਾ ਹਾਲ ਹੋਇਆ ਸੀ, ਉਸਦੀ ਨਿਸ਼ਾਨਦੇਹੀ ਕਰਦੀ ਹੈ। ਆਤੰਕਵਾਦ ਨੇ ਸਾਡੀ ਜ਼ਿੰਦਗੀ ਉੱਪਰ ਆਪਣੇ ਗੂੜ੍ਹੇ ਨਿਸ਼ਾਨ ਛੱਡੇ ਹਨ। ਇਸ ਦੌਰ ਵਿੱਚ ਸਾਡੀ ਨਵ-ਪੀੜ੍ਹੀ ਤੇ ਬੁਰੇ ਪ੍ਰਭਾਵ ਪਏ ਹਨ। ਮਿੱਤਰ ਸੈਨ ਮੀਤ ਆਪਣੀ ਇਕ 'ਅੱਤਵਾਦੀ' ਕਥਾ ਵਿੱਚ ਅਜਿਹੇ ਕੁਪ੍ਰਭਾਵਾਂ ਨੂੰ ਰੇਖਾਂਕਿਤ ਕਰਦਾ ਹੈ। ਇੱਕ ਲੜਕੀ ਦੋ ਰੁਪਏ ਦੀ ਕੁਲਫੀ ਲੈਂਦੀ ਹੈ, ਦੋ ਮੁੰਡੇ ਉਸ ਤੋਂ ਕੁਲਫੀ ਖੋਹ ਕੇ ਦੌੜ ਜਾਂਦੇ ਹਨ। ਲੁੱਟਮਾਰ ਦੀ ਪ੍ਰਵਿਰਤੀ (ਜੋ ਅੱਜ ਵੀ ਬਰਕਰਾਰ ਹੈ) ਆਤੰਕਵਾਦ ਦੀ ਦੇਣ ਹੈ। ਮੀਤ ਦੀ ਇਹ ਕਥਾ ਬਹੁਤ ਹੀ ਸੂਖਮ ਹੈ ਅਤੇ ਗੌਰਤਲਬ ਹੈ। 'ਮੀਤ' ਦੀ ਇਕ ਹੋਰ ਕਥਾ 'ਜ਼ਿਆਦਤੀ' ਵੀ ਬੇਸ਼ਕੀਮਤੀ ਹੈ। ਆਤੰਕਵਾਦ ਕਾਰਨ ਲੋਕ ਮਰ ਰਹੇ ਹਨ। ਮੌਤਾਂ ਕਾਰਨ ਬੱਚਿਆਂ ਨੂੰ ਸਕੂਲਾਂ ਵਿਚ ਛੁੱਟੀ ਹੋ ਜਾਂਦੀ ਹੈ। ਬੱਚੇ ਮਹਿਸੂਸ ਕਰਦੇ ਹਨ ਜੇਕਰ ਦੋ ਵਿਅਕਤੀ ਮਰਦੇ ਹਨ ਤਾਂ ਛੁੱਟੀਆਂ ਵੀ ਦੋ ਹੋਣੀਆਂ ਚਾਹੀਦੀਆਂ ਹਨ। ਸਮਕਾਲੀ ਦੌਰ ਬੱਚਿਆਂ ਨੂੰ ਸੰਵੇਦਨਹੀਣ ਕਰ ਰਿਹਾ ਹੈ। ਬੱਚਿਆਂ ਨੂੰ ਕੋਈ ਵੀ ਮਾਨਵੀ ਅਹਿਸਾਸ ਨਹੀਂ ਕਰਾਉਂਦਾ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਸੰਵੇਦਨਸ਼ੀਲ ਬਣਾਉਂਦਾ ਹੈ। ਇਹ ਬੱਚੇ ਵੱਡੇ ਹੋ ਕੇ ਕੀ ਬਣਨਗੇ, ਇਸ ਦਾ ਕਥਾ ਸਪੱਸ਼ਟ ਸੰਕੇਤ ਦਿੰਦੀ ਹੈ। ਮਿੱਤਰ ਸੈਨ ਮੀਤ ਦੀਆਂ ਇਹ ਦੋਨੋਂ ਕਥਾਵਾਂ ਵੱਡ ਅਰਥੀ ਹਨ ਅਤੇ ਭਵਿੱਖ ਦੇ ਜੀਵਨ ਦੀ ਭਵਿੱਖਬਾਣੀ ਕਰਦੀਆਂ ਹਨ। ਇਹ ਕਥਾਵਾਂ ਕਾਫੀ ਸਮਾਂ ਪਹਿਲਾਂ ਰਚੀਆਂ ਗਈਆਂ ਸਨ ਪਰੰਤੂ ਅੱਜ, ਕਥਾਵਾਂ 'ਚ ਭਵਿੱਖਮੁਖੀ ਦਿੱਤੇ ਸੰਕੇਤ ਸੱਚ ਸਾਬਤ ਹੋ ਰਹੇ ਹਨ।

ਜੋਗਾ ਸਿੰਘ ਦੀ ਕਥਾ 'ਸੱਚ' ਸਾਡੀ ਅਮਾਨਵੀ ਨਿਆਂ ਪ੍ਰਣਾਲੀ ਦੇ ਸੱਚ ਨੂੰ ਰੁੱਖਾਂ ਦੇ ਚਿਹਨਕ ਨਾਲ ਸਮਝਾਉਂਦੀ ਹੈ। ਜੋਗਾ ਸਿੰਘ ਇਸ ਕਥਾ ਵਿਚ ਇਹ ਉਮੀਦ ਕਰਦਾ ਹੈ ਕਿ

ਲੋਕ ਹੁਣ ਅਨਿਆਵਾਂ ਨੂੰ ਹੋਰ ਸਹਿਣ ਨਹੀਂ ਕਰਨਗੇ। ਇਸ ਕਥਾ ਦਾ ਸੁਨੇਹਾ ਕਾਰਗਰ ਹੈ। ਹਰਭਜਨ ਖੇਮਕਰਨੀ ਵੀ 'ਬਗਾਵਤੀ ਮਿੱਟੀ' 'ਚ ਅਜਿਹੇ ਹੀ ਸੁਨੇਹੇ ਦਾ ਆਵਾਹਣ ਕਰਦਾ ਹੈ। ਉਸਦਾ ਮੱਤ ਹੈ ਕਿ ਲੋਕਾਂ ਨੂੰ ਹੁਣ ਗੁਲਾਮ ਨਹੀਂ ਰੱਖਿਆ ਜਾ ਸਕਦਾ। ਲੋਕ ਜਾਗ ਪਏ ਹਨ। ਗੁਰਮੇਲ ਮਡਾਹੜ ਵੀ 'ਚੇਤਨਾ' ਕਥਾ ਵਿੱਚ ਇਹ ਵਿਚਾਰ ਪ੍ਰਗਟ ਕਰਦਾ ਹੈ ਕਿ ਲੋਕ ਹੁਣ ਚੇਤਨ ਹੋ ਰਹੇ ਹਨ। ਲੇਖਕ ਦਾ ਮੱਤ ਹੈ ਕਿ ਨਵੀਂ ਪੀੜ੍ਹੀ ਨਾਸਤਕ (ਭਾਵ ਚੇਤਨ) ਹੋ ਰਹੀ ਹੈ, ਉਹ ਭਜਨ ਬੰਦਗੀ ਦੀ ਥਾਂ ਮਿਹਨਤ ਕਰਨ ਵਿੱਚ ਵਿਸ਼ਵਾਸ਼ ਕਰਨ ਲੱਗੀ ਹੈ। ਮਿਹਨਤ ਨਾਲ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਅਜਿਹੀ ਚੇਤਨਾ ਦੀ ਵਾਹਕ ਕਥਾ 'ਸੰਦਰਭ' ਹੈ ਜਿਸ ਦਾ ਲੇਖਕ ਰਾਮ ਸਰੂਪ ਅਣਖੀ ਹੈ। ਔਰਤ ਵੀ ਜਾਗਰਤ ਹੋ ਰਹੀ ਹੈ, ਸਮੇਂ ਨਾਲ ਬਦਲ ਰਹੀ ਹੈ। ਉਹ ਆਪਣੀਆਂ ਸਮੱਸਿਆਵਾਂ ਸਮਝਦੀ ਹੈ। ਇਹ ਕਥਾ ਜਿੱਥੇ ਨਵ-ਯਥਾਰਥ ਨੂੰ ਉਭਾਰਦੀ ਹੈ ਉੱਥੇ ਔਰਤ ਵਰਗ ਨੂੰ ਚੇਤਨ ਵੀ ਕਰਦੀ ਹੈ। ਕੁਝ ਕੁ ਕਥਾਵਾਂ (ਜੋ ਕਲਾ-ਸੁਹਜ ਪੱਖੋਂ ਕਮਜ਼ੋਰ ਹਨ) ਨੂੰ ਛੱਡ ਕੇ ਇਹ ਕਹਿਣਾ ਵਾਜਬ ਹੋਏਗਾ ਕਿ ਇਸ ਅੰਕ 'ਚ ਦਰਜ ਸਾਰੀਆਂ ਮਿੰਨੀ ਕਥਾਵਾਂ ਜਿੱਥੇ ਕਲਾ-ਸੁਹਜ ਪੱਖੋਂ ਉੱਤਮ ਦਰਜੇ ਦੀਆਂ ਹਨ, ਉੱਥੇ ਵਸਤੂ-ਸਥਿਤੀ ਪੱਖੋਂ ਵੀ ਗੌਰਤਲਬ ਹਨ।

**- ਡਾ. ਸੁਰਜੀਤ ਬਰਾੜ**

ਪਿੰਡ ਤੇ ਡਾਕ: ਘੋਲੀਆਂ ਕਲਾਂ (ਮੋਗਾ)

# ਕੌਮ ਦੇ ਵਾਰਸ/ਹਰਭਜਨ ਸਿੰਘ ਖੇਮਕਰਨੀ

ਕੱਪ ਅਜੇ ਬੁੱਲ੍ਹਾਂ ਤੱਕ ਪਹੁੰਚਿਆ ਵੀ ਨਹੀਂ ਸੀ ਕਿ ਧੌਣ ਪਿੱਛੇ ਠੰਡੀ ਨਾਲ ਦੇ ਸਪਰਸ਼ ਨੇ ਮੇਰਾ ਆਪਾ ਕੰਬਾ ਦਿੱਤਾ। ਦਿਲ ਹੀ ਦਿਲ ਪਛਤਾ ਰਿਹਾ ਸਾਂ ਕਿ ਇੱਥੇ ਚਾਹ ਪੀਣ ਲਈ ਰੁਕਣਾ ਨਹੀਂ ਸੀ ਚਾਹੀਦਾ। ਸਕੂਟਰ, ਘੜੀ, ਮੁੰਦਰੀ, ਕੈਸ਼ ਸਭ ਕੁਝ ਖੋਹ ਲਿਆ ਜਾਵੇਗਾ ਤੇ ਸ਼ਾਇਦ ਕੱਪੜੇ ਵੀ। ਦੁਕਾਨਦਾਰ ਹੱਥ ਜੋੜੀ ਖੜ੍ਹਾ ਸੀ ਤੇ ਉਸ ਵਲ ਵੇਖ ਹੱਥ ਵਿਚਲੇ ਕੱਪ 'ਚੋਂ ਕੁੱਝ ਛਿੱਟਾਂ ਕਪੜਿਆਂ ਤੇ ਪੈ ਗਈਆਂ। ਛਿੱਟ, ਝਾੜਦਿਆਂ ਕਣਖੀਆਂ ਵਿਚੋਂਦੀ ਉਸ ਬਹਾਦਰ ਵੱਲ ਵੇਖਣ ਦੀ ਕੋਸ਼ਿਸ਼ ਕੀਤੀ ਤਾਂ ਨਾਲ ਤੇ ਦਬਾਅ ਹੋਰ ਵਧ ਗਿਆ।

....ਜੋ ਕੁਝ ਏ ਮੇਜ ਤੇ ਰਖਦੈ।....ਗਰਜਵੀਂ ਤੇ ਰੋਅਬ ਭਰੀ ਆਵਾਜ਼ ਨੇ ਮੇਰਾ ਹੌਸਲਾ ਤੋੜ ਦਿੱਤਾ।

...ਬਈ ਇਕ ਪ੍ਰੋਫੈਸਰ ਦਾ ਤਾਂ ਲਿਹਾਜ ਕਰਨਾ ਚਾਹੀਦਾ ਆਖਰ....

'.....ਮੇਰੇ ਵਰਗਿਆਂ ਨੂੰ ਪੜ੍ਹਾ, ਡਿਗਰੀਆਂ ਦੁਆ ਬੇਰੁਜ਼ਗਾਰੀ ਦੇ ਸਮੁੰਦਰ ਵਿਚ ਧੱਕਣ ਦਾ ਕੰਮ ਤਾਂ ਅਸੀਂ ਹੀ ਕਰਦੇ ਹਾਂ।' ਮੇਰੀ ਗੱਲ ਪੂਰੀ ਕਰਦਿਆਂ ਉਹ ਹੱਸਿਆ।

'ਕਿਹੜੇ ਕਾਲਜ ਵਿਚ ਪੜ੍ਹਾਉਂਦੇ ਓ?' ਧੌਣ ਪਿੱਛੋਂ ਠੰਡੀ ਨਾਲ ਲਾਹੁੰਦਿਆਂ ਉਸ ਪੁੱਛਿਆ।

....ਰਾਜਿੰਦਰਾ ਕਾਲਜ ਵਿਚ।

.....ਤੇ ਤੁਹਾਡਾ ਨਾਂਅ ਕੀ ਏ?

....ਜਾਨਕੀ ਦਾਸ ਭੰਡਾਰੀ।

...ਤੁਸੀਂ....ਤੁਸੀਂ? ਤੁਹਾਡੇ ਕੋਲ ਤਾਂ ਮੈਂ ਵੀ ਪੜ੍ਹਿਆ ਏ, ਮੇਰਾ ਨਾ ਕਸ਼ਮੀਰਾ ਏ ਕਸ਼ਮੀਰਾ। ਪੱਗ ਦਾ ਲੜ ਮੂੰਹ ਤੋਂ ਲਾਹੁੰਦਿਆਂ ਮੇਰੇ ਸਾਹਮਣੇ ਹੁੰਦਿਆਂ ਉਹ ਬੋਲਿਆ।

'...ਕਸ਼ਮੀਰਾ? ਕਸ਼ਮੀਰਿਆ ਤੂੰ ਤਾਂ ਪੜ੍ਹਾਈ ਵਿਚ ਫਸਟ ਆਉਂਦਾ ਸੈਂ ਤੇ ਖੇਡਾਂ ਵਿਚ ਸਭ ਤੋਂ ਅੱਗੇ....ਫਿਰ ਇਹ ਕੀ ਕੰਮ....?'

'....ਪ੍ਰੋਫੈਸਰ ਸਾਹਬ, ਇਸ ਕੰਮ ਵਿਚ ਮੇਰਾ ਨੰਬਰ ਸਭ ਤੋਂ ਅੱਗੇ ਆ।' 'ਕਹਿੰਦਿਆਂ ਉਹ ਮੋਟਰ ਸਾਈਕਲ ਚਲਾ ਧੂੜ ਉਡਾਉਂਦਾ ਅੱਖਾਂ ਤੋਂ ਓਹਲੇ ਹੋ ਗਿਆ।

ਧੂੜ ਦੇ ਕਿਣਕੇ ਮੇਰੀਆਂ ਅੱਖਾਂ ਅੱਗੇ ਫੈਲਦੇ ਜਾ ਰਹੇ ਹਨ।

***ਮਾਰਚ-1981***

# ਰੰਗ ਰੂਪ/ਬਿਪਨ ਗੋਇਲ

ਵੱਡੀ ਬੋਤਲ ਨੇ ਸਭਾ ਬੁਲਾਈ, ਸਭਾ ਵਿਚ ਬਹੁਤ ਸਾਰੀਆਂ ਛੋਟੀਆਂ ਬੋਤਲਾਂ ਨੇ ਭਾਗ ਲਿਆ। ਵੱਡੀ ਬੋਤਲ ਨੇ ਭਾਸ਼ਣ ਸ਼ੁਰੂ ਕੀਤਾ- 'ਮੈਨੂੰ ਇਸ ਵਾਰੀ ਇਲੈਕਸ਼ਨਾਂ 'ਚ ਪਾਰਟੀ ਦਾ ਟਿਕਟ ਨਹੀਂ ਮਿਲਿਆ। ਇਸ ਲਈ ਮੈਂ ਆਜ਼ਾਦ ਖੜ੍ਹੇ ਹੋਣ ਦਾ ਫੈਸਲਾ ਕੀਤਾ- ਸੋ ਮੈਨੂੰ ਆਪ ਦੇ ਸਹਿਯੋਗ ਦੀ ਲੋੜ ਹੈ। ਮੈਂ ਤੁਹਾਡੀ ਸੇਵਾ ਲਈ ਹਰ ਉਹ ਕੰਮ ਕਰਾਂਗੀ, ਜਿਸ ਦੀ ਤੁਹਾਨੂੰ

ਲੋੜ ਹੋਵੇਗੀ।' ਸਭਾ ਵਿਚ ਸਾਰੀਆਂ ਬੋਤਲਾਂ ਸਹਿਮਤ ਹੋ ਗਈਆਂ ਅਤੇ ਦਿਨ ਰਾਤ ਇਕ ਕਰਕੇ ਉਸ ਨੂੰ ਜਿਤਾ ਦਿੱਤਾ।

ਸੁੱਖ ਨਾਲ ਵੱਡੀ ਬੋਤਲ ਮੰਤਰੀ ਵੀ ਬਣ ਗਈ।

ਛੋਟੀਆਂ ਬੋਤਲਾਂ ਨੇ ਆਪਣਾ ਪ੍ਰਧਾਨ ਚੁਣ ਕੇ (ਵੱਡੀ ਬੋਤਲ) ਮੰਤਰੀ ਕੋਲ ਮੰਗ ਪੱਤਰ ਪੇਸ਼ ਕੀਤਾ। ਪ੍ਰਧਾਨ ਨੇ ਮੰਤਰੀ ਨੂੰ ਫੇਰ ਫੂਕ ਛਕਾਈ।

'ਮੈਂ ਤੁਹਾਡੀ ਕੁਰਸੀ ਦੀਆਂ ਟੰਗਾਂ ਘੁੱਟਣ ਨੂੰ ਤਿਆਰ ਹਾਂ ਕ੍ਰਿਪਾ ਕਰਕੇ ਮੰਗ ਪੱਤਰ ਕਬੂਲ ਕਰਕੇ ਅਮਲ ਕਰਾ ਦਿਉ....'

'ਨਹੀਂ ਤੂੰ ਕੁਰਸੀ ਦੀਆਂ ਟੰਗਾਂ ਨਹੀਂ ਘੁੱਟ ਸਕਦਾ। ਕੀ ਪਤਾ ਤੂੰ ਟੰਗਾਂ ਤੋੜ ਦੇਵੇਂ...।' ਮੰਤਰੀ ਨੇ ਕਿਹਾ।

'ਨਹੀਂ ਜਨਾਬ, ਇਹ ਕਿਵੇਂ ਹੋ ਸਕਦੈ....?

ਜੇ ਇਹ ਨਹੀਂ ਤਾਂ ਇਹ ਵੀ ਹੋ ਸਕਦੈ ਕਿ ਤੂੰ ਕੁਰਸੀ ਦੀਆਂ ਟੰਗਾਂ ਘੁੱਟਦੇ ਘੁੱਟਦੇ ਕੁਰਸੀ ਨਾ ਥਲਿਉਂ ਖਿੱਚ ਲਵੇਂ...। ਹਾਂ ਮੇਰੀਆਂ ਟੰਗਾਂ ਜ਼ਰੂਰ ਘੁਟ ਸਕਦੈਂ....।

ਪ੍ਰਧਾਨ (ਛੋਟੀ ਬੋਤਲ) ਮੰਨ ਗਿਆ।

ਕੁਝ ਦਿਨਾਂ ਮਗਰੋਂ ਮੰਤਰੀ ਦੇ ਖੁਸ਼ ਹੋਣ ਤੇ ਪ੍ਰਧਾਨ ਉਸ ਦਾ ਨਿਜੀ ਸਕੱਤਰ ਚੁਣ ਲਿਆ ਗਿਆ।

ਮੰਗ ਪੱਤਰ ਪ੍ਰਧਾਨ ਕੋਲੋਂ ਨਿਕਲ ਕੇ ਸਕੱਤਰ ਦੀ ਮੇਜ਼ ਦੇ ਸ਼ੀਸ਼ੇ ਥੱਲੇ ਪੁਠਾ ਚਿਪਕ ਗਿਆ।

*ਮਾਰਚ-1981*

## ਬਗ਼ਾਬਤੀ ਮਿੱਟੀ/ਹਰਭਜਨ ਸਿੰਘ ਖੇਮਕਰਨੀ

'ਓਏ ਅਸੀਂ ਕਿਸੇ ਦੇ ਗੁਲਾਮ ਥੋੜ੍ਹੇ ਆਂ, ਅਪਣਾ ਕਮਾ ਖਾਂਦੇ ਆਂ, ਉਹ ਰਾਜਾ ਹੋਊ ਤਾਂ ਅਪਣੀ ਰਿਆਸਤ ਦਾ। ਜਾਹ ਕੋਈ ਮਾਲੀਆ ਲਗਾਣ ਨਹੀਂ ਦੇਣਾ ਦੂਣਾ, ਨਹੀਂ ਭਰਦੇ ਜ਼ੁਰਮਾਨਾ, ਨੱਸ ਜਾਓ ਇੱਥੋਂ ਜਾਨਾਂ ਬਚਾਕੇ ਨਹੀਂ ਤਾਂ ਮੌਰਾਂ ਸੇਕ ਦੇਣਗੇ ਸਾਡੇ ਆਦਮੀ।'

ਤੀਸਰੀ ਵਾਰ ਵੀ ਕਰਿੰਦੇ ਝਾੜ ਖਾ ਨਾਕਾਮ ਮੁੜਨ ਲਈ ਮਜ਼ਬੂਰ ਹੋ ਗਏ। ਰਾਜੇ ਨੂੰ ਪਤਾ ਲੱਗਾ ਤਾਂ ਉਹ ਪਰੇਸ਼ਾਨ ਹੋ ਗਿਆ। 'ਮੁੱਠੀ ਭਰ ਆਦਮੀ ਉਸਤੋਂ ਬਾਗੀ ਹੋ ਗਏ ਨੇ, ਦੂਸਰਿਆਂ ਤੇ ਕੀ ਅਸਰ ਪਏਗਾ? ਹੈਰਾਨੀ ਦੀ ਗੱਲ ਇਹ ਏ ਕਿ ਇੱਥੇ ਮੇਰੇ ਸਾਹਮਣੇ ਗਲਤੀਆਂ ਮੰਨਦੇ, ਮੁਆਫੀਆਂ ਮੰਗਦੇ ਨੇ, ਜੁਰਮਾਨੇ ਭਰਦੇ ਨੇ ਪਰ ਵਾਪਸ ਜਾਂਦਿਆਂ ਹੀ ਬਗਾਵਤਾਂ।' ਰਾਜਾ ਸੋਚਾਂ ਵਿਚ ਗੁਆਚਿਆ ਇਸ ਦਾ ਕੋਈ ਯਥਾਰਥਿਕ ਹੱਲ ਸੋਚ ਰਿਹਾ ਸੀ। ਆਖਰ ਉਸਨੇ ਬਾਗੀਆਂ ਨੂੰ ਫੜ ਲਿਆਉਣ ਦੇ ਨਾਲ-ਨਾਲ ਉੱਥੋਂ ਦੀ ਥੋੜ੍ਹੀ ਜਿਹੀ ਮਿੱਟੀ ਲਿਆਉਣ ਦਾ ਹੁਕਮ ਆਪਣੇ ਸਿਪਾਹੀਆਂ ਨੂੰ ਕੀਤਾ।

ਉਹ ਮਿੱਟੀ ਆਪਣੇ ਤੋਂ ਕੁਝ ਦੂਰੀ ਤੇ ਵਿਛਵਾ ਬਾਗੀਆਂ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ।

'ਅੰਨ ਦਾਤਾ, ਅਸੀਂ ਬੇਗੁਨਾਹ ਹਾਂ, ਅਸਾਂ ਕੋਈ ਬਗਾਵਤ ਨਹੀਂ ਕੀਤੀ, ਲਗਾਨ ਜ਼ੁਰਮਾਨੇ ਸਮੇਤ ਤਾਰਿਆ ਫਿਰ ਵੀ ਕੈਦੀ?'

ਰਾਜੇ ਵਲ ਤੁਰੇ ਆ ਰਹੇ ਬਾਗੀਆਂ ਨੇ ਜਿਉਂ ਹੀ ਉਸ ਮਿੱਟੀ ਤੇ ਪੈਰ ਧਰਿਆ, ਅਵਾਜ਼ ਗੂੰਜੀ 'ਓਏ ਅਸੀਂ ਕਿਸੇ ਦੇ ਗੁਲਾਮ....'

***ਅਪ੍ਰੈਲ, 1981***

## ਕੱਲ੍ਹ ਦੇ ਨੇਤਾ/ਰਵਿੰਦਰ ਪਾਲ ਕਾਲੜਾ

ਇਕ ਸਕੂਲ ਵਿਚ ਸਲਾਨਾ ਫੰਕਸ਼ਨ ਹੋ ਰਿਹਾ ਸੀ। ਪੰਡਾਲ ਨੂੰ ਬੜੀਆਂ ਰੰਗ ਬਿਰੰਗੀਆਂ ਰੋਸ਼ਨੀਆਂ ਨਾਲ ਸਜਾਇਆ ਗਿਆ ਸੀ ਤੇ ਇਕ ਨੇਤਾ ਭਾਸ਼ਨ ਦਿੰਦਾ ਹੋਇਆ ਕਹਿ ਰਿਹਾ ਸੀ, 'ਬੱਚੇ ਸਾਡੇ ਦੇਸ਼ ਦਾ ਅਮੁੱਲ ਧਨ ਹਨ, ਸਾਡੇ ਦੇਸ਼ ਦੇ ਕੱਲ੍ਹ ਦੇ ਨੇਤਾ ਹਨ, ਪੰਡਤ ਜਵਾਹਰ ਲਾਲ ਨਹਿਰੂ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ ਤੇ ਮੈਨੂੰ ਵੀ ਬੱਚੇ ਬਹੁਤ ਚੰਗੇ ਲੱਗਦੇ ਹਨ।'

ਜਦੋਂ ਨੇਤਾ ਜੀ ਕਾਰ ਤੇ ਬੈਠ ਕੇ ਆਪਣੀ ਕੋਠੀ ਪਹੁੰਚੇ ਤਾਂ ਉਨ੍ਹਾਂ ਦੇਖਿਆ ਕੁਝ ਛੋਟੇ ਛੋਟੇ ਬੱਚੇ ਜਿਨ੍ਹਾਂ ਦੇ ਗਲ ਚੀਥੜੇ ਲਟਕ ਰਹੇ ਸੀ, ਉਨ੍ਹਾਂ ਦੇ ਬਾਗ ਵਿਚ ਲੱਗੇ ਨਲਕੇ ਤੋਂ ਪਾਣੀ ਪੀਣ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਦੇਖਦੇ ਹੀ ਚੌਂਕੀਦਾਰ ਚੀਖ ਉਠਿਆ, 'ਇਨ੍ਹਾਂ ਭਿਖ ਮੰਗਿਆਂ ਨੂੰ ਅੰਦਰ ਕਿਸ ਵੜਨ ਦਿੱਤਾ? ਪਿਉ ਦਾ ਮਕਾਨ ਐ? ਨਿਕਲ ਜਾਓ ਬਾਹਰ ਨਹੀਂ ਤਾਂ ਮੌਰ ਸੇਕ ਦਿਉਂ।' ਉਸਨੇ ਸੋਟੀ ਉਗਰਦਿਆਂ ਬੱਚੇ ਬਾਹਰ ਕੱਢ ਦਿੱਤੇ। ਨੇਤਾ ਜੀ ਚੌਂਕੀਦਾਰ ਦੀ ਕਾਰਵਾਈ ਤੇ ਮੁਸਕਰਾਉਂਦੇ ਅੰਦਰ ਜਾ ਵੜੇ।

***- ਮਈ, 1981***

## ਮਜਮਾ/ਮੋਹਨ ਸਿੰਘ 'ਪ੍ਰੀਤ'

ਸੜਕ ਤੋਂ ਕੋਈ ਦਸ ਕੁ ਕਦਮ ਦੀ ਦੂਰੀ ਤੇ ਭੀੜ ਗੋਲ ਦਾਇਰੇ ਦੀ ਸ਼ਕਲ ਵਿਚ ਜਮ੍ਹਾਂ ਹੋ ਰਹੀ ਸੀ। ਜਿਹੜਾ ਵੀ ਆਂਦਾ ਉੱਥੇ ਹੀ ਖੜ੍ਹ ਜਾਂਦਾ। ਇਸ ਤਰ੍ਹਾਂ ਹਰ ਪਲ ਭੀੜ ਵਧਦੀ ਹੀ ਜਾ ਰਹੀ ਸੀ। ਕਈ ਤਾਂ ਅੱਡੀਆਂ ਚੁੱਕਕੇ ਆਪਣੇ ਤੋਂ ਮੂਹਰੇ ਖੜ੍ਹੇ ਬੰਦਿਆਂ ਦੇ ਮੋਢਿਆਂ ਉਪਰੋਂ ਦੀ ਵੇਖ ਰਹੇ ਸਨ। ਜੁੜਦੀ ਭੀੜ ਵੇਖਕੇ ਮੈਂ ਵੀ ਭੀੜ ਵਿਚ ਜਾ ਖੜ੍ਹਾ ਹੋਇਆ।

ਜਿੰਨੇ ਮੂੰਹ ਉਨੀਆਂ ਗੱਲਾਂ ਕੋਈ ਕਹਿ ਰਿਹਾ ਸੀ, 'ਪਤਾ ਨਹੀਂ ਵਿਚਾਰਾ ਕਿੱਥੋਂ ਐ!' ਕੋਈ ਦੂਜਾ ਬੋਲਿਆ 'ਖੌਰੇ ਘਰੋਂ ਮਰਨ ਲਈ ਹੀ ਆਇਆ ਹੋਵੇ।' ਕੋਈ ਹੋਰ ਤੀਜਾ ਬੋਲਿਆ 'ਜਵਾਨੀ ਵਿਚ ਮੌਜਾਂ ਲੁੱਟੀਆਂ ਹੁਣ ਬੁੜਾਪੇ ਵੇਲੇ ਤੰਗ ਆ ਕੇ ਆਤਮ ਹੱਤਿਆ ਕਰ ਲਈ।'

ਮੇਰੇ ਮੂਹਰੇ ਖੜ੍ਹਾ ਇਕ ਮਧਰੇ ਜਿਹੇ ਕੱਦ ਦਾ ਪੂਰਬੀਆ ਬੋਲਿਆ 'ਬਾਬਾ ਨੇ ਘੁੱਟ ਲਗਾਈ ਹੋਗੀ ਤਭੀ ਤੋ ਟਰੱਕ ਦਿਖਾਈ ਨਹੀਂ ਦੀ।'

ਉਸੇ ਵੇਲੇ ਦੂਰੋਂ ਭੱਜੇ ਆਂਦੇ ਇਕ ਨੌਜੁਆਨ ਨੇ ਮੋਢਿਆਂ ਨੂੰ ਥਪਥਪਾਂਦੇ ਹੋਏ ਪੁੱਛਿਆ, ਭਾਈ ਸਾਹਿਬ ਕੀ ਹੋ ਰਿਹਾ?'

'ਹੋਣਾ ਕੀ ਐ ਇਕ ਬਜ਼ੁਰਗ ਟਰੱਕ ਥੱਲੇ ਆ ਕੇ ਮਾਰੇ ਗਏ।' ਮੈਂ ਕਿਹਾ।

'ਚੰਗਾ ਚੰਗਾ, ਮੈਂ ਸਮਝਿਆ ਕਿਤੇ ਮਜਮਾ ਲੱਗਿਆ ਹੋਇਆ।' ਇਨਾ ਕਹਿਕੇ ਉਹ ਅੱਗੇ ਤੁਰ ਗਿਆ।

*ਮਈ, 1981*

## ਡਰ/ਰਾਜਿੰਦਰ ਸਿੰਘ ਤੋਖੀ

ਮਾਸਟਰ ਨੇ ਮੇਜ਼ ਤੇ ਲੱਤਾਂ ਰੱਖੀਆਂ ਤੇ ਕੁਰਸੀ ਨਾਲ ਢੋਹ ਲਗਾ ਕੇ ਇਕੱਲੇ ਇਕੱਲੇ ਬੱਚੇ ਨੂੰ ਕੋਲ ਬੁਲਾਉਣਾ ਸ਼ੁਰੂ ਕੀਤਾ।

'ਅੱਛਾ ਤੂੰ ਕੱਲ੍ਹ ਘਰ ਜਾ ਕੇ ਕੰਮ ਕੀਤੈ?' ਪਹਿਲੇ ਬੱਚੇ ਨੂੰ ਮਾਸਟਰ ਨੇ ਪੁੱਛਿਆ।

'ਮੈਂ ਜਦੋਂ ਘਰ ਪੁੱਜਾ ਤਾਂ ਮੇਰੀ ਮਾਂ ਨੇ ਮੈਨੂੰ ਖੇਤ 'ਚੋਂ ਮੂਲੀਆਂ ਤੇ ਗਾਜਰਾਂ ਲੈਣ ਭੇਜ ਦਿੱਤਾ।'

'ਅੱਛਾ ਤੂੰ ਕੱਲ੍ਹ ਕੀ ਕੀਤਾ ਸੀ ਘਰ ਜਾਕੇ?'

'ਜੀ ਮੈਂ ਤਾਂ ਪਹਾੜੇ ਯਾਦ ਕੀਤੇ ਸੀ।'

'ਤੇ...ਤੂੰ।'

'ਜੀ ਕੱਲ੍ਹ ਸਵੇਰੇ ਮੇਰੀ ਮਾਂ ਮੈਨੂੰ ਕਹਿ ਗਈ ਸੀ ਕਿ ਮੈਂ ਸ਼ਹਿਰ ਚੱਲੀ ਆਂ ਮੇਰੇ ਆਉਣ ਤੋਂ ਪਹਿਲਾਂ ਪਹਿਲਾਂ ਸਾਗ ਤੋੜ ਛੱਡੀਂ। ਸੋ ਮੈਂ ਤਾਂ ਸਾਗ....।'

'ਤੇ....ਤੂੰ।'

'ਅਸੀਂ ਤਾਂ ਕੱਲ੍ਹ ਸਾਰੀ ਦਿਹਾੜੀ ਕਮਾਦ ਹੀ ਪੀੜਦੇ ਰਹੇ।'

ਸਾਰੇ ਬੱਚਿਆਂ ਨੂੰ ਪੁੱਛਣ ਤੋਂ ਬਾਅਦ ਮਾਸਟਰ ਨੇ ਉਹਨਾਂ ਤਿੰਨ ਬੱਚਿਆਂ ਨੂੰ ਖੜ੍ਹਾ ਕਰ ਲਿਆ ਜਿਨ੍ਹਾਂ ਨੇ ਖੇਤ 'ਚੋਂ ਗਾਜਰਾਂ, ਮੂਲੀਆਂ ਪੁੱਟ ਕੇ, ਸਾਗ ਤੋੜ ਕੇ ਲਿਆਂਦਾ ਤੇ ਕਮਾਦ ਪੀੜਿਆ ਸੀ।

ਖੜ੍ਹੇ ਬੱਚੇ ਡਰ ਰਹੇ ਸਨ। ਉਹ ਸੋਚ ਰਹੇ ਸਨ ਕਿ ਮਾਸਟਰ ਜ਼ਰੂਰ ਉਨ੍ਹਾਂ ਦਾ ਮੂੰਹ ਚੁਪੇੜਾਂ ਮਾਰ ਮਾਰ ਕੇ ਲਾਲ ਕਰ ਦੇਵੇਗਾ। ਪਰ ਇਸਦੇ ਉਲਟ ਮਾਸਟਰ ਨੇ ਉਨ੍ਹਾਂ ਤਿੰਨ ਬੱਚਿਆਂ ਨੂੰ ਕੋਲ ਬੁਲਾ ਕੇ ਹੌਲੀ ਜਿਹੇ ਕੁਝ ਕਿਹਾ ਤੇ ਉਹ ਤਿੰਨੇ ਬੱਚੇ ਆਪਣੇ ਘਰਾਂ ਵੱਲ ਜਾ ਰਹੇ ਸਨ।

*ਮਈ, 1981*

## ਕਾਤਲ/ਸੁਰਿੰਦਰ ਕੈਲੇ

ਸਵੇਰ ਦੀ ਘਟਨਾ ਸਿਪਾਹੀ ਪਾਲ ਸਿੰਘ ਦੇ ਦਿਮਾਗ 'ਚ ਚੱਕਰ ਕੱਟ ਰਹੀ ਸੀ ਤੇ ਘਬਰਾਹਟ ਉਸਦੇ ਦਿਮਾਗ ਵਿਚ ਵਾਵਰੋਲੇ ਵਾਂਗ ਘੁੰਮ ਰਹੀ ਸੀ।

ਵਿਖਾਵਾਕਾਰੀ ਮੁੱਖ ਮੰਤਰੀ ਨੂੰ ਬੇਰੁਜ਼ਗਾਰੀ, ਮਿਲਾਵਟ ਖੋਰੀ, ਪੁਲੀਸ ਤਸ਼ਦਦ ਤੇ ਰਿਸ਼ਵਤਖੋਰੀ ਵਿਰੁੱਧ ਯਾਦ ਪੱਤਰ ਦੇਣਾ ਚਾਹੁੰਦੇ ਸਨ। ਪੁਲੀਸ ਨੇ ਨਾਕਾਬੰਦੀ ਕਰਕੇ ਰਾਹ ਰੋਕ

ਲਿਆ ਤੇ ਪਥਰਾਉ ਸ਼ੁਰੂ ਕਰ ਦਿੱਤਾ। ਵਿਖਾਵਾਕਾਰੀ ਭੜਕ ਪਏ ਤੇ ਜਵਾਬੀ ਕਾਰਵਾਈ ਸ਼ੁਰੂ ਕਰ ਦਿੱਤੀ ਪਰ ਜਲੂਸ ਨਾ ਖਿੰਡਿਆ। ਕੁਝ ਚਿਰ ਦੀ ਮੁੱਠ ਭੇੜ ਬਾਅਦ ਵਿਖਾਵਾਕਾਰੀ ਬੇਬਸ ਹੋ ਗਏ ਤੇ ਇਧਰ ਉਧਰ ਭੱਜਣ ਲੱਗੇ। ਇਕ ਵਿਖਾਵਾਕਾਰੀ ਨੂੰ ਕਿਸੇ ਦੇ ਘਰ ਵੜਦਿਆਂ ਵੇਖ ਛੇ ਸੱਤ ਸਿਪਾਹੀ ਉਸਦੇ ਪਿੱਛੇ ਘਰ ਜਾ ਵੜੇ ਤੇ ਕਾਬੂ ਕਰ ਲਿਆ। ਪਾਲ ਸਿੰਘ ਸਮੇਤ ਦੂਸਰੇ ਸਿਪਾਹੀਆਂ ਨੇ ਉਸ ਉਪਰ ਡਾਂਗਾਂ ਦਾ ਅਜਿਹਾ ਮੀਂਹ ਵਰਸਾਇਆ ਕਿ ਉਹ ਅਧਮੋਇਆ ਹੋ ਕੇ ਨਿਸਲ ਹੋ ਗਿਆ। ਸਿਪਾਹੀਆਂ ਘੜੀਸ ਕੇ ਸੜਕ ਕਿਨਾਰੇ ਸੁੱਟ ਦਿੱਤਾ। ਘਰ ਵਾਲੇ ਭੈਭੀਤ ਤਾਂਡਵਨਾਚ ਦੇਖਦੇ ਰਹੇ।

ਉਸ ਵੇਲੇ ਪਾਲ ਸਿੰਘ ਨੂੰ ਅੰਤਾਂ ਦਾ ਰੋਹ ਚੜ੍ਹਿਆ ਹੋਇਆ ਸੀ ਉਹ ਮੱਥੇ ਵਿਚ ਲੱਗੇ ਪੱਥਰ ਕਾਰਨ ਸੱਪ ਵਾਂਗ ਵਿਸ਼ ਘੋਲਦਾ ਵਿਖਾਵਾਕਾਰੀਆਂ ਤੇ ਟੁੱਟ ਪਿਆ ਸੀ ਤੇ ਉਸਨੇ ਉਸ ਅਚਾਨਕ ਫਸ ਗਏ ਵਿਖਾਵਾਕਰੀ ਉਪਰ ਲਾਠੀਆਂ ਦਾ ਮੀਂਹ ਵਰਸਾਕੇ ਮਨ ਦਾ ਗੁਬਾਰ ਕੱਢਿਆ ਸੀ। ਹੁਣ ਉਹ ਪਛਤਾ ਰਿਹਾ ਸੀ, ਉਸਨੂੰ ਆਪਣੇ ਕੀਤੇ ਉਪਰ ਪਛਤਾਵਾ ਹੋ ਰਿਹਾ ਸੀ। ਉਸਦੇ ਦਿਮਾਗ ਵਿਚ ਇਕ ਗੱਲ ਗਹਿਰੀ ਧਸ ਗਈ ਸੀ, 'ਵਿਖਾਵਾਕਰੀ ਵੀ ਤਾਂ ਉਨ੍ਹਾਂ ਵਿੱਚੋਂ ਹੀ ਉਨ੍ਹਾਂ ਜਿਹੇ ਹੀ ਆਦਮੀ ਹਨ ਜੋ ਤੰਗੀ ਤੁਰਸ਼ੀ ਤੇ ਗੰਦਗੀਭਰੀ ਜਿੰਦਗੀ ਜੀ ਰਹੇ ਹਨ। ਰੋਟੀ ਦਾ ਮਸਲਾ ਸਿਰਫ ਉਨ੍ਹਾਂ ਦਾ ਹੀ ਨਹੀਂ, ਮੇਰਾ ਵੀ ਹੈ, ਮੇਰੇ ਬੱਚਿਆਂ ਦਾ ਵੀ।' ਉਸਨੂੰ ਆਪਣੇ ਪੜ੍ਹੇ ਲਿਖੇ ਬੇਰੁਜ਼ਗਾਰ ਲੜਕੇ ਦਾ ਖਿਆਲ ਆਇਆ ਜੋ ਘਰ ਦੀ ਨਿਘਰ ਰਹੀ ਹਾਲਤ ਵਿਚ ਕੋਈ ਵੀ ਸਹਾਇਤਾ ਨਹੀਂ ਸੀ ਕਰ ਸਕਦਾ। ਉਸਨੂੰ ਲੱਗਿਆ ਜਿਵੇਂ ਦਿਮਾਗ ਫਟਿਆ ਕਿ ਫਟਿਆ। ਉਹ ਬੇਚੈਨੀ 'ਚ ਇਧਰ ਉਧਰ ਫਿਰਨ ਲੱਗਿਆ ਤੇ ਦਿਮਾਗ 'ਚ ਸਵੇਰ ਵਾਲੀ ਘਟਨਾ ਫਿਲਮ ਵਾਂਗ ਘੁੰਮ ਰਹੀ ਸੀ।

ਹੁਣੇ ਹੀ ਇਕ ਪੁਲੀਸ ਸਾਥੀ ਨੇ ਦੱਸਿਆ ਹੈ ਕਿ ਉਹ ਸਵੇਰ ਵਾਲਾ ਵਿਖਾਵਾਕਾਰੀ ਜਿਸਨੂੰ ਛੱਲੀਆਂ ਵਾਂਗ ਕੁੱਟਿਆ ਸੀ, ਪਾਰ ਬੋਲ ਗਿਆ ਹੈ। ਪਾਲ ਸਿੰਘ ਨੂੰ ਲੱਗਿਆ ਜਿਵੇਂ ਉਸਨੇ ਆਪਣੇ ਬੇਰੁਜ਼ਗਾਰ ਪੁੱਤਰ ਨੂੰ ਕਤਲ ਕਰ ਦਿੱਤਾ ਹੋਵੇ।

ਪਾਲ ਸਿੰਘ ਨੇ ਆਪਣਾ ਹੱਥ ਵਰਦੀ ਦੀ ਕਮੀਜ ਦੀ ਜੇਬ 'ਚ ਪਾਇਆ ਤੇ ਜੋਰ ਦੀ ਝਟਕਾ ਮਾਰ ਜੇਬ ਪਾੜ ਸੁੱਟੀ ਅਤੇ ਤੇਜ਼ੀ ਨਾਲ ਬਾਹਰ ਨਿਕਲ ਗਿਆ।

*ਜੂਨ, 1981*

## ਨੇਤਾ ਜੀ/ਸੁਰਜੀਤ ਸਿੰਘ 'ਸੁਰਜੀਤ'

ਅਖੀਰ ਇਕ ਦਿਨ ਮੈਂ ਉਨ੍ਹਾਂ ਨੂੰ ਪੁੱਛ ਹੀ ਲਿਆ, 'ਕੀ ਗੱਲ ਅੱਜ ਕੱਲ੍ਹ ਤੁਸੀਂ ਬੜੀ ਪੀਣ ਲੱਗ ਪਏ ਹੋ?'

'ਕੀ ਕਰਾਂ?' ਉਨ੍ਹਾਂ ਨੇ ਆਪਣੀ ਥੱਕੀ ਹੋਈ ਅਵਾਜ਼ ਨੂੰ ਲੜਖੜਾਉਣ ਤੋਂ ਰੋਕਦਿਆਂ ਹੋਇਆਂ ਕਿਹਾ, 'ਜਦ ਦੀ ਪਾਰਟੀ ਨੇ ਨਸ਼ਾਬੰਦੀ ਅਭਿਯਾਨ' ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਹੈ, ਤਦ ਤੋਂ ਦਿਨ ਰਾਤ ਕੰਮ ਕਰ-ਕਰ ਕੇ ਥੱਕ-ਟੁੱਟ ਜਾਈਦਾ ਐ। ਬਸ ਥਕੌਣ ਮਿਟਾਉਣ ਲਈ ਹੀ

ਦੋ ਘੁੱਟ ਲਾ ਲਈਦੀ ਹੈ, ਹੋਰ ਕਿਹੜਾ ਕੋਈ ਸਾਨੂੰ ਸ਼ੌਕ ਥੋੜ੍ਹੇ ਈ ਐ!' ਤੇ ਉਹ ਖਚਰੀ ਜਿਹੀ ਹੱਸੀ ਹੱਸ ਪਏ।

*ਜੂਨ, 1981*

## ਮਰ ਰਹੀ ਮਨੁਖਤਾ/ਭੁਪਿੰਦਰ ਸਿੰਘ 'ਆਸ਼ਟ'

ਸ਼ਾਮ ਦਾ ਵਕਤ ਸੀ। ਇਕ ਤੇਜ਼ ਰਫਤਾਰ ਟਰੱਕ, ਸਾਇਕਲ ਸਵਾਰ ਦੀਆਂ ਦੋਵੇਂ ਟੰਗਾਂ ਚਿੱਥ ਕੇ ਪਾਰ ਗਿਆ। ਕੁੱਝ ਨੌਜਵਾਨ ਕਣਕ ਦੀ ਵਾਢੀ ਕਰਨ ਵਾਲੇ, ਖੇਤੋਂ ਵਾਪਸ ਆ ਰਹੇ ਸਨ। ਉਨ੍ਹਾਂ ਉਹ ਤੜਫ ਰਿਹਾ ਮਨੁੱਖ ਵੇਖਿਆ, ਉਹ ਉਸ ਕੋਲ ਪਹੁੰਚੇ, ਤੇ ਉਸਨੂੰ ਇਕ ਪਾਸੇ ਕਰਕੇ ਮੂੰਹ 'ਚ ਪਾਣੀ ਪਾਣ ਲੱਗੇ।

ਇਕ ਸਿਆਣੀ ਕਿਸਮ ਦਾ ਆਦਮੀ ਬੋਲਿਆ

– ਸਾਲਿਓ, ਆਪਾਂ ਕੀ ਲੈਣੇ ਇਸਤੋਂ, ਪੁਲੀਸ ਉਲਟਾ ਕੇਸ ਬਣਾਦੂ, ਤੇ ਹੱਡ ਕੁੱਟ ਕੁੱਟ ਕੇ ਪੋਲੇ ਕਰ ਦੇਊ!

ਸਾਰੇ ਜਣੇ ਚੌਂਕ ਪਏ। ਇਕ ਬੋਲਿਆ....

– ਹਾਂ ਉਏ, ਗੱਲ ਤਾਂ ਠੀਕ ਐ....! ਫਿਰ ਸਭ ਜਣੇ ਫਟਾਫਟ ਆਪਣੇ ਪਿੰਡ ਵੱਲ ਜਾਣ ਲੱਗੇ। ਇਕ ਮੁੰਡੇ ਨੇ ਪਿੱਛੇ ਮੁੜ ਕੇ ਵੇਖਿਆ। ਉਹ ਅਭਾਗ ਆਦਮੀ ਅਹਿਲ ਹੋ ਗਿਆ ਸੀ!!

*ਜੂਨ, 1981*

## ਫੀਸ/ਬਲਜੀਤ ਤਖ਼ਤੂਪੁਰੀ

'ਕਿਉਂ ਬਈ ਸਾਹਿਬ ਅੰਦਰ ਨੇ' , ਡੀ.ਸੀ. ਦਫਤਰ ਦੇ ਗੇਟ 'ਚ ਬੈਠੇ ਚਪੜਾਸੀ ਨੂੰ ਮੈਂ ਹਲੀਮੀ ਨਾਲ ਪੁੱਛਿਆ।

'ਕਿਉਂ ਕੀ ਗੱਲ ਏ?' ਉਹ ਜਰਾ ਖਿਝ ਕੇ ਬੋਲਿਆ।

'ਮੈਂ ਉਨ੍ਹਾਂ ਨੂੰ ਮਿਲਣਾ ਏ'

'ਸਾਬ ਕੋਲ ਐਸ ਵੇਲੇ ਕੋਈ ਟੈਮ ਨੀ ਮਿਲਣ ਦਾ।'

'ਬਈ ਮੈਂ ਕੋਈ ਸਰਕਾਰੀ ਕੰਮ ਨਹੀਂ ਆਇਆ ਬਲਕਿ ਮੈਂ ਉਹਨਾਂ ਦਾ ਦੋਸਤ ਹੀ ਹਾਂ।'

'ਨਹੀਂ ਜਨਾਬ, ਤੁਸੀਂ ਨੀ ਮਿਲ ਸਕਦੇ' ਉਹ 'ਕੰਮ ਕਰ ਰਹੇ ਨੇ'

'ਤਾਂ ਕੀ...ਤੂੰ ਉਨ੍ਹਾਂ....।'

'ਜਦੋਂ ਤੈਨੂੰ ਕਹਿਤਾ ਉਹ ਨੀ ਮਿਲ ਸਕਦੈ' ਚਪੜਾਸੀ ਨੇ ਆਪਣੀ ਇਮਾਨਦਾਰੀ ਦਾ ਪੂਰਾ ਸਬੂਤ ਦਿੰਦੇ ਮੇਰੀ ਗੱਲ ਕੱਟਦੇ ਗੁੱਸੇ 'ਚ ਕਿਹਾ।

'ਤੂੰ ਇਕ ਵਾਰ ਜਾ ਕੇ ਮੇਰਾ ਨਾਂ ਤਾਂ ਲੈ ਦੇਵੀਂ' ਮੈਂ ਪੰਜ ਦਾ ਨੋਟ ਉਹਦੇ ਹੱਥ 'ਚ ਰੱਖਦੇ ਠਰੰਮੇ ਨਾਲ ਕਿਹਾ।

'ਬੈਠੋ ਸਾਬ੍ਹ! ਮੈਂ ਹੁਣੇ ਮਿਲਾ ਦਿੰਦਾ। ਹਾਂ...ਨਾਲੇ ਫੀਸ ਤਾਂ ਲੱਗਣੀ ਹੀ ਹੋਈ ਨਾ। ਆਖਰ

ਬੜੇ ਸਾਬ ਨੂੰ ਮਿਲਣੈ।' ਬੁੜਬੜਾਉਂਦਾ ਚਪੜਾਸੀ ਦਫਤਰ ਅੰਦਰ ਨੂੰ ਵੜ ਗਿਆ।

*ਜੂਨ, 1981*

## ਪੇਸ਼ਕਸ਼/ਬਿਪਨ ਗੋਇਲ

ਸੁਭਾਗ ਨਾਲ ਇੱਕ ਉੱਭਰ ਰਿਹਾ ਲੇਖਕ ਮੰਤਰੀ ਬਣ ਗਿਆ।

– 'ਯਾਰ ਵਧਾਈਆਂ...ਇੱਕ ਲੇਖਕ ਤੇ ਉਹ ਵੀ ਮੰਤਰੀ....।' ਉਹਦੇ ਇੱਕ ਦੋਸਤ ਨੇ ਕਿਹਾ।

– 'ਕਦੀ ਲੇਖਕ ਵੀ ਮੰਤਰੀ ਬਣ ਸਕਦੈ....ਅਸੀਂ ਤਾਂ ਅਜੇ ਤੱਕ ਸੋਚਿਆ ਵੀ ਨੀ ਸੀ...।' ਦੂਜੇ ਦੋਸਤ ਨੇ ਕਿਹਾ।

– 'ਮੈਨੂੰ ਸਮਝ ਨੀ ਆਂਦੀ ਤੁਸੀਂ ਮੈਨੂੰ ਲੇਖਕ ਕਿਉਂ ਕਹਿ ਰਹੇ ਓ....? ਵੇਖੋ....ਅਜੇ ਤੱਕ ਮੇਰੀ ਕੋਈ ਵੀ ਰਚਨਾ ਇਕ ਵਾਰੀ ਵੀ ਨਹੀਂ ਛਪੀ....ਤੁਸੀਂ ਜ਼ਰੂਰ ਸੁਣੀਆਂ ਨੇ....।' ਮੰਤਰੀ ਨੇ ਕਿਹਾ।

'ਤਾਂ ਈ ਤਾਂ ਕਹਿਨੇ ਆ....ਵਧੀਆ ਮੌਕੈ....ਜੇ ਪਹਿਲਾਂ ਨਹੀਂ ਤਾਂ ਹੁਣ ਬਣ ਜਾ....।' ਪਹਿਲੇ ਦੋਸਤ ਨੇ ਸੁਝਾਅ ਦਿੱਤਾ।

'ਵੇਖ ਯਾਰ....ਜਿਹੜੀ ਰਚਨਾ ਜਿੱਥੇ ਵੀ ਭੇਜੀ ਏ...ਖੇਦ ਸਾਹਿਤ ਦੀ ਸਲਿਪ ਲੱਗ ਕੇ...ਬੜੀ ਸੱਜ ਧੱਜ ਤੇ ਬੈਂਡ ਬਾਜੇ ਨਾਲ ਡਾਕੀਆ ਮੇਰੇ ਬੂਹੇ ਸਿੱਟ ਜਾਂਦਾ ਰਿਹੈ ਫੇਰ....।' ਮੰਤਰੀ ਨੇ ਕਿਹਾ।

'ਉਹੋ, ਇਕ ਸੁਝਾਅ...ਕਰ ਕੰਨ....।' ਦੋਸਤ ਨੇ ਮੰਤਰੀ ਦੇ ਕੰਨ ਵਿਚ ਕੁੱਝ ਘੁਸਰ ਮੁਸਰ ਕੀਤੀ। ਦੂਜੇ ਦਿਨ ਤੋਂ ਮੰਤਰੀ ਨੇ ਇੰਝ ਹੀ ਕਰਨਾ ਸ਼ੁਰੂ ਕਰ ਦਿੱਤਾ।

ਦਫਤਰ ਦੇ ਲੈਟਰਪੈਡ ਤੇ ਚਿੱਠੀਆਂ ਲਿਖੀਆਂ ਤੇ ਨਾਲ ਉਹੀ ਵਾਪਸ ਆਈਆਂ ਰਚਨਾਵਾਂ ਦੀ ਇਕ ਇਕ ਕਾਪੀ ਲਾ ਭੇਜ ਦਿੱਤੀ। ਹਫਤਾ ਕੁ ਬਾਦ ਉਨ੍ਹਾਂ ਵੇਖਿਆ ....ਉਨ੍ਹਾਂ ਦਾ ਪੀ.ਏ. ਕਈ ਚਿੱਠੀਆਂ ਲਈ ਆ ਰਿਹਾ ਹੈ। ਮੰਤਰੀ ਜੀ ਨੇ ਵਾਰੋ ਵਾਰੀ ਚਿੱਠੀਆਂ ਪੜ੍ਹੀਆਂ।

ਮਾਨਯੋਗ ਮੰਤਰੀ ਜੀ,

ਤੁਹਾਡੀ ਰਚਨਾ ਪਾ ਕੇ ਬਹੁਤ ਖੁਸ਼ੀ ਹੋਈ। ਇਹ ਛਪ ਰਹੇ ਅੰਕ 'ਚ ਸ਼ਾਮਲ ਕੀਤੀ ਜਾ ਰਹੀ ਹੈ। ਸਾਨੂੰ ਬੜਾ ਅਫਸੋਸ ਐ ਕਿ ਅਸੀਂ ਇਹੋ ਜਿਹੀਆਂ ਰਚਨਾ ਤੋਂ ਪਹਿਲਾਂ ਕਿਉਂ ਵਾਂਝੇ ਰਹਿ ਗਏ?...ਜਲਦੀ ਹੀ ਇਕ ਹੋਰ ਰਚਨਾ ਭੇਜੋ.....।

ਧੰਨਵਾਦ ਸਾਹਿਤ

ਤੁਹਾਡਾ (ਸੰਪਾਦਕ)

ਸਾਰੀਆਂ ਚਿੱਠੀਆਂ 'ਚ ਇਹੀ ਕੁੱਝ। ਮੰਤਰੀ ਜੀ ਬਹੁਤ ਖੁਸ਼ ਹੋਏ ਤੇ ਹੋਰ ਪਰਤ ਆਈਆਂ ਰਚਨਾਵਾਂ ਦਾ ਹੀਲਾ ਕਰਨ ਲੱਗੇ।

*ਜੁਲਾਈ, 1981*

## ਹਮਦਰਦ/ਰਮੇਸ਼ ਢੰਡ

ਸਹਿਕਾਰੀ ਬੈਂਕ ਦੇ ਮੁਲਾਜ਼ਮਾਂ ਦੀ ਅਨਿਸ਼ਚਤ ਸਮੇਂ ਤੋਂ ਚੱਲੀ ਆ ਰਹੀ ਹੜਤਾਲ ਦੇ ਖਤਮ ਹੋਣ ਦੀ ਰੇਡੀਓ ਅਤੇ ਅਖਬਾਰਾਂ ਵਿਚ ਬੜੀ ਚਰਚਾ ਸੀ। ਦਫਤਰ ਵਿਚ ਜਦ ਇਸ ਖਬਰ ਦਾ ਜ਼ਿਕਰ ਆਇਆ ਤਾਂ ਮੇਰੇ ਮੂੰਹੋਂ ਸੁਭਾਵਕ ਹੀ ਨਿਕਲਿਆ ਕਿ ਮੁਲਾਜ਼ਮਾਂ ਨੇ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਅਤੇ ਹੜਤਾਲ ਬਿਨਾਂ ਸ਼ਰਤ ਵਾਪਸ ਲੈ ਲਈ। ਇਸ ਤੇ ਮੇਰੇ ਨਾਲ ਦੇ ਸਾਥੀ ਨੇ ਮੁਲਾਜ਼ਮਾਂ ਪ੍ਰਤੀ 'ਹਮਦਰਦੀ' ਜਾਹਿਰ ਕਰਦੇ ਹੋਏ ਮੇਰੇ ਤੇ ਵਾਰ ਕੀਤਾ, 'ਤੁਹਾਨੂੰ ਮੁਲਾਜ਼ਮ ਹੋਣ ਦੇ ਨਾਤੇ ਉਨ੍ਹਾਂ ਪ੍ਰਤੀ ਹਮਦਰਦੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਸ਼ਾਨਦਾਰ ਜਿੱਤ ਤੇ ਵਧਾਈ ਦੇਣੀ ਚਾਹੀਦੀ ਹੈ ਨਾ ਕਿ ਉਨ੍ਹਾਂ ਦੇ ਵਿਰੁੱਧ ਪ੍ਰਾਪੇ ਗੰਡਾ।'

ਉਸ ਭੱਦਰ ਪੁਰਸ਼ ਦੇ ਰਿਮਾਰਕਸ ਸੁਣ ਕੇ ਮੈਨੂੰ ਹਾਸੀ ਵੀ ਆਈ ਤੇ ਖੁੰਦਕ ਵੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਜਦੋਂ ਸਹਿਕਾਰੀ ਬੈਂਕ ਦੇ ਮੁਲਾਜ਼ਮ ਸਾਡੀ ਸ਼ਾਖਾ ਵਿਚ ਮਾਇਕ ਸਹਾਇਤਾ ਕਰਨ ਦੀ ਅਪੀਲ ਲੈ ਕੇ ਆਏ ਸਨ। ਉਸ 'ਹਮਦਰਦ' ਭੱਦਰ ਪੁਰਸ਼ ਤੋਂ ਬਗ਼ੈਰ ਬਾਕੀ ਸਭ ਨੇ ਇੱਥੋਂ ਤੱਕ ਕਿ ਚੌਥੇ ਦਰਜੇ ਦੇ ਸਟਾਫ ਮੈਂਬਰਾਂ ਨੇ ਵੀ ਆਪਣੇ ਵਿਤ ਮੁਤਾਬਕ ਮਾਇਕ ਸਹਾਇਤਾ ਕੀਤੀ ਸੀ। ਮੈਂ ਜਦ ਉਸ ਪਾਸ ਨਿਜੀ ਤੌਰ ਤੇ ਸਹਾਇਤਾ ਲਈ ਅਪੀਲ ਕੀਤੀ ਤਾਂ ਉਸਨੇ ਕਿਹਾ ਸੀ, 'ਇਨ੍ਹਾਂ ਦਾ ਕਿਹੜਾ ਇਕ ਦਿਨ ਦਾ ਕੰਮ ਹੈ- ਇਹ ਤਾਂ ਰੋਜ਼ ਹੀ ਪੈਸਿਆਂ ਲਈ ਖੜ੍ਹੇ ਰਹਿਣਗੇ। ਨਾਲੇ ਜੇ ਇਨ੍ਹਾਂ ਨੇ ਲੜਾਈ ਹੀ ਲੜਨੀ ਹੈ ਤਾਂ ਆਪਣੇ ਦਮ ਤੇ ਲੜਨ- ਦੂਸਰਿਆਂ ਦੀਆਂ ਜੇਬਾਂ ਕੱਟਣ ਦਾ ਕੀ ਫਾਇਦੈ? ਨਾਲੇ ਇਨ੍ਹਾਂ ਨੇ ਕਿਹੜੇ ਲੋੜਵੰਦਾਂ ਦੀ ਮੱਦਦ ਕਰਨੀ ਹੈ, ਰਲ ਮਿਲ ਕੇ ਛਕ ਛਕਾ ਜਾਣਗੇ।'

ਤੇ ਅੱਜ ਉਹ ਭੱਦਰ ਪੁਰਸ਼ ਦੀ 'ਹਮਦਰਦੀ' ਮੈਨੂੰ ਓਪਰੀ ਓਪਰੀ ਲੱਗੀ ਜਿਹੜਾ ਪੰਜ ਰੁਪਏ ਦੇਣ ਦੇ ਬਦਲੇ ਕਿੰਨੀਆਂ ਵੱਡੀਆਂ ਵੱਡੀਆਂ ਕਹਾਣੀਆਂ ਘੜ ਰਿਹਾ ਸੀ।

***ਅਗਸਤ, 1981***

## ਢੰਗ/ਰਮੇਸ਼ ਕੁਮਾਰ ਅਗਰਵਾਲ

ਬੰਤਾ ਖੰਡ ਦੀ ਬੋਰੀ ਚੁੱਕੀ ਸਿਟੀ ਪੁਲੀਸ ਗੇਟ ਦੇ ਅੰਦਰ ਵੜ ਗਿਆ। ਤੁਰੇ ਜਾਂਦੇ ਦਾ ਪੁਲੀਸ ਵਾਲਿਆਂ ਦੀ ਖੜ੍ਹੀ ਕੀਤੀ ਬਹੁਕਰ ਨਾਲ ਪਾਸਾ ਲੱਗਣ ਕਰਕੇ ਉਹ ਡਿੱਗ ਪਈ। ਸਿਪਾਹੀ ਅੱਖਾਂ ਕੱਢਦਾ ਕੜ੍ਹਕ ਕੇ ਬੋਲਿਆ, 'ਸਾਲਿਆ, ਮਾਂ ਆਪਣੀ ਥੱਲੇ ਸੁੱਟਤੀ, ਤੂੰ ਚਾਹੁੰਨਾਂ ਕੋਈ ਵੀ ਬੰਦਾ ਨਾ ਫਸੇ, ਸਾਲੇ ਨੂੰ ਬੋਰੀ ਲਿਜਾਣ ਦੀ ਵੀ ਅਕਲ ਨੀ...।'

ਬਸ਼ੀਰੇ ਨੂੰ ਫੜੀ ਪੁਲੀਸ ਦੀ ਜੀਪ ਧੂੜਾਂ ਪਟਦੀ ਸਿਟੀ ਮੂਹਰੇ ਆ ਕੇ ਰੁਕੀ। ਅੱਜ ਉਹ ਅਫੀਮ ਵੇਚਦਾ ਫੜਿਆ ਗਿਆ ਸੀ। ਥਾਣੇਦਾਰ ਨੇ ਖਿੱਚ ਕੇ ਜੀਪ 'ਚੋਂ ਥੱਲੇ ਸੁੱਟ ਲਿਆ ਤੇ ਧਰ ਦਿੱਤੀਆਂ ਤਿੰਨ ਚਾਰ ਮੌਰਾਂ 'ਚ। ਬਸ਼ੀਰਾ ਤਰਲੇ ਕੱਢਦਾ ਬੋਲਿਆ, 'ਸਰਦਾਰ ਮਾਈ ਬਾਪ, ਗਲਤੀ ਹੋਗੀ, ਗਾਂਹ ਨੂੰ ਨੀ ਵੇਚਦਾ।'

ਥਾਣੇਦਾਰ ਨੇ ਦੋ ਹੋਰ ਮਾਰਦਿਆਂ ਕਿਹਾ, 'ਸਾਲਿਆ ਜੇ ਤੂੰ ਨੀ ਵੇਚੇਂਗਾ ਤਾਂ ਸਾਡਾ ਕੀ

ਬਣੂ ਤੂੰ ਐਂ ਕਹਿ ਬਈ ਮਹੀਨਾ ਪਹੁੰਚਾਇਆ ਕਰੂੰਗਾ।' ਬਸ਼ੀਰਾ ਹੁਣ ਖੁਸ਼ ਸੀ ਉਸਨੂੰ ਹੁਣ ਕੰਮ ਕਰਨ ਦਾ ਢੰਗ ਆ ਗਿਆ ਸੀ।

***ਅਗਸਤ, 1981***

## ਫ਼ਰਜ/ਜਗਦੀਪ ਗਿੱਲ

'ਉਏ ਮੀਤਿਆ ਉਸ ਫੱਟੇ ਤੇ ਕੀ ਲਿਖਿਆ ਸੜਕ ਵਾਲੇ ਖੇਤ?' ਬੰਤੇ ਨੇ ਅੱਠਵੀਂ 'ਚ ਪੜ੍ਹਦੇ ਆਪਣੇ ਮੀਤੇ ਨੂੰ ਚਾਅ ਨਾਲ ਪੁੱਛਿਆ।

'ਉਹ ਤਾਂ ਬਾਪੂ ਸਰਕਾਰ ਦਾ ਲਿਖਿਆ ਬਈ ਹਰ ਗੈਰ ਕਾਨੂੰਨੀ ਘਟਨਾ ਦੀ ਰਿਪੋਰਟ ਪੁਲੀਸ ਕੋਲ ਦਰਜ਼ ਕਰਾ ਕੇ ਚੰਗੇ ਨਾਗਰਿਕ ਦਾ ਫਰਜ ਪਾਲੋ। ਪੁਲੀਸ ਦੀ ਮਦਦ ਕਰੋ। ਪੁਲੀਸ ਤੁਹਾਡੀ ਆਪਣੀ ਹੈ।' ਖੇਤ ਮੱਥੇ ਸੜਕ ਦੇ ਬੋਰਡ ਤੋਂ ਪੜ੍ਹਿਆ ਸੰਦੇਸ਼ ਮੀਤੇ ਨੇ ਅਨਪੜ੍ਹ ਬਾਪ ਨੂੰ ਹੁੱਬ ਹੁਬਾ ਕੇ ਦੱਸਿਆ।

'ਠੀਕ ਕਹਿੰਦੀ ਏ ਸਰਕਾਰ ਤਾਂ ਫਿਰ...' ਸੋਚਦਾ ਉਹ ਆਪਣਾ ਮੈਰੇ ਵਾਲੇ ਖੇਤ ਨੂੰ ਤੁਰ ਗਿਆ। ਆਪਣੇ ਨੀਵੇਂ ਖੱਤੇ 'ਚ ਜਦੋਂ ਉਸ ਨੇ ਕਰਤਾਰਾ ਲੰਬੜ ਵੱਢਿਆ ਪਿਆ ਵੇਖਿਆ ਤੇ ਕੰਬਦੇ ਦੇ ਮੂੰਹੋਂ ਸੁਭਾਵਕ ਨਿਕਲ ਗਿਆ:

'ਉਹੋ ਨਿਧਾਨੇ ਕਿਆਂ ਨਾਲ ਦੁਸ਼ਮਣੀ ਸੀ ਵਿਚਾਰੇ ਦੀ...।' ਫਿਰ ਉਹ ਖੇਤੋਂ ਹੀ ਪੁਲੀਸ ਚੌਂਕੀ ਵੱਲ ਦੌੜ ਪਿਆ ਤੇ ਹੌਂਕ ਹੌਂਕ ਕੇ ਸਾਰੀ ਗੱਲ ਉਹਨੇ ਥਾਣੇਦਾਰ ਨੂੰ ਦੱਸ ਦਿੱਤੀ।

'ਦੇਖ ਕੰਜਰ ਦਾ ਡਰਾਮਾ....ਮਾਰ ਕੇ ਖਸਮ ਆਪ...ਆ ਗਿਆ ਸਾਨੂੰ ਚਾਰਨ...ਹੋਰ ਕਿਸੇ ਨੂੰ ਨੀ ਪਹਿਲਾਂ ਪਤਾ ਲੱਗਿਆ– ਕਰੋ ਇਹਨੂੰ ਪਿਛਲੀ ਕੋਠੀ 'ਚ ਬੰਦ।' ਥਾਣੇਦਾਰ ਨੇ ਸਿਪਾਹੀਆਂ ਨੂੰ ਹੁਕਮ ਚਾੜ੍ਹਿਆ। ਉਹ ਖੜ੍ਹਾ ਕੰਬ ਗਿਆ।

ਦੋ ਸਿਪਾਹੀਆਂ ਉਹਨੂੰ ਪੱਗ ਨਾਲ ਨੂੜ ਕੇ ਕੋਠੀ 'ਚ ਬੰਦ ਕਰ ਦਿੱਤਾ। ਉਥੇ ਪਿਆ ਉਹ ਸੋਚ ਰਿਹਾ ਸੀ, ਉਸ ਬੋਰਡ ਬਾਰੇ, ਆਪਣੀ ਪੁਲੀਸ ਬਾਰੇ ਤੇ ਚੰਗੇ ਨਾਗਰਿਕ ਦੇ ਕਰਤਵ ਬਾਰੇ।

***ਅਕਤੂਬਰ, 1981***

## ਨੌਕਰੀ/ਹਰਭਜਨ ਸਿੰਘ ਖੇਮਕਰਨੀ

...ਟਰਨ....ਟਰਨ....ਟਰਨ...ਟ...ਰ...ਨ

....ਹੈਲੋ?

.....ਕੌਣ? ਮਧੂ ਜੀ ਬੋਲ ਰਹੇ ਨੇ?

....ਹਾਂ, ਮੈਂ ਮਧੂ ਹੀ ਬੋਲ ਰਹੀ ਆਂ, ਸੁਸ਼ਮਾ ਦੱਸ ਕੀ ਗੱਲ ਏ?

...ਤੁਸੀਂ ਅਜ ਆਫਿਸ ਨਹੀਂ ਗਏ? ਕੀ ਸਰਵਿਸ ਛੱਡ ਦਿੱਤੀ ਜੇ?

...ਨਹੀਂ ਤਾਂ...ਕਿਉਂ?

...ਅਕਸਰ ਤੁਹਾਨੂੰ ਘਰ ਹੀ ਵੇਖੀਦਾ ਏ, ਸ਼ਾਇਦ ਲੰਬੀ ਛੁੱਟੀ ਤੇ ਹੋਵੋਂਗੇ?

....ਨਹੀਂ, ਛੁੱਟੀ ਤੇ ਤਾਂ ਨਹੀਂ ਆਂ, ਆਫਿਸ ਹੀ ਲੇਟ ਜਾਈਦਾ ਏ, ਛੁੱਟੀ ਤਾਂ ਜਿੰਨੀ ਚਾਹਵਾਂ ਮਿਲ ਜਾਂਦੀ ਹੈ।

....ਉਹ ਕਿਸ ਤਰ੍ਹਾਂ?

....ਬਸ ਬੁੱਢੇ ਅਫਸਰ ਦਾ ਦਿਲ ਪਰਚਾਉਣਾ, ਉਸ ਦੀ ਕਿਸੇ ਬੇਢੰਗੀ ਗੱਲ ਤੇ ਹੱਸ ਕੇ ਪਰ ਜ਼ਰਾ ਅਦਾ ਨਾਲ ਤੇ ਲੋ-ਕਟ ਬਲਾਊਜ਼ ਪਾ ਕੇ ਅੱਧਾ ਪੌਣਾ ਘੰਟਾ ਸਾਹਮਣੇ ਬੈਠਣ ਤੇ ਲੇਟ ਕਵਰ ਹੋ ਜਾਂਦੀ ਏ ਤੇ ਛੁੱਟੀ ਵੀ ਜਦੋਂ ਮਰਜ਼ੀ।

...ਤੇ ਤਨਖਾਹ

...ਅਕਾਊਂਟੈਂਟ ਆਪਣੇ ਦੂਸਰੇ ਸਾਥੀਆਂ ਤੋਂ ਅੱਖ ਬਚਾਕੇ ਹੱਥ ਮਿਲਾਣ ਤੇ ਨਸ਼ਿਆਇਆ ਰਹਿੰਦਾ ਏ ਤਨਖਾਹ ਘਰ ਆ ਜਾਂਦੀ ਏ।

...ਪਰ ਐਨੀ ਛੁੱਟੀ?

...ਆਪਣੀ ਸੀਟ ਤੋਂ ਉਠਦਿਆਂ ਬੈਠਦਿਆਂ ਇੰਚਾਰਜ ਨਾਲ ਬਸ ਕਦੇ ਕਦੇ ਜ਼ਰਾ ਖਹਿਕੇ ਲੰਘ ਜਾਈਦਾ ਏ, ਛੁੱਟੀ ਐਂਟਰ ਨਹੀਂ ਹੁੰਦੀ।

*ਅਕਤੂਬਰ, 1981*

## ਇੱਜਤਾਂ ਵਾਲੇ/ਰਾਮ ਸਰੂਪ ਜਿੰਦਲ

'ਉਹ ਸਾਲਾ ਦਮਸਰ ਆ ਨਾ ਜਿਹੜਾ ਉਹ ਉਨ੍ਹਾਂ ਦਾ ਵੱਡਾ ਈ ਸਪੋਟਰ ਬਣਿਆ ਫਿਰਦੈ'

'ਫੇਰ ਕੁੱਟ ਦਿਓ ਭੁੱਗਾ ਸਾਲੇ ਦਾ, ਨਹੀਂ ਤਾਂ ਇਹ ਗਧੇ ਗਾਜਰੀਂ ਗਿੱਝ ਜਾਣਗੇ।'

'ਭੁੱਗਾ ਤਾਂ ਕੁੱਟ ਦਿਆਂਗੇ ਪਰ ਜੇ ਅਗਲੇ ਨੇ ਥਾਣੇ ਰਪੋਟ ਕਰਤੀ ਤਾਂ ਆਹ ਜਿਹੜੀਆਂ ਪੰਜ ਚਾਰ ਵੋਟਾਂ ਆਪਣੇ ਮਗਰ ਆ ਇਹ ਵੀ ਟੁੱਟ ਜਾਣਗੀਆਂ।' ਉਸ ਦੇ ਸਹਾਇਕ ਨੇ ਦੂਰ ਦੀ ਸੋਚੀ ਤੇ ਦੋਨੋ ਕੋਈ ਹੋਰ ਸਕੀਮ ਸੋਚਣ ਲੱਗੇ ਆਖਰ ਵੋਟਾਂ ਦਾ ਮਾਮਲਾ ਸੀ।

ਅਚਾਨਕ ਸਹਾਇਕ ਦੇ ਮੂੰਹ ਤੇ ਰੌਣਕ ਆ ਗਈ, 'ਇਹ ਵੀ ਕੋਈ ਵੱਡੀ ਗੱਲ ਆ ਆਪਾਂ ਪਹਿਲਾਂ ਉਸ ਦਾ ਚੰਗੀ ਤਰ੍ਹਾਂ ਅਰਦਾਸਾ ਸੋਧ ਦਿੰਨੇ ਆਂ ਪਿੱਛੋਂ ਕਹਿ ਦਿਆਂਗੇ ਸਾਡੀ ਭੈਣ ਨੂੰ ਛੇੜਦਾ ਸੀ।'

ਦੋਵੇਂ ਖੁਸ਼ ਨਜ਼ਰ ਆ ਰਹੇ ਹਨ ਆਖਿਰ 'ਇੱਜ਼ਤਾਂ ਵਾਲਿਆਂ' ਦੀ ਇੱਜਤ ਦਾ ਸਵਾਲ ਸੀ।

*ਨਵੰਬਰ, 1981*

## ਸਿੱਖਿਆ/ਅਮਰਦੀਪ

'....ਸੱਚ ਬੋਲਣਾ ਇਕ ਮਨੁੱਖੀ ਗੁਣ ਹੈ, ਬੱਚਿਓ! ਇਸ ਲਈ ਸਾਨੂੰ ਸਾਰਿਆਂ ਨੂੰ ਸੱਚ ਬੋਲਣਾ ਚਾਹੀਦਾ ਹੈ' ਮਾਸਟਰ ਜੀ ਬੱਚਿਆਂ ਨੂੰ ਸਿੱਖਿਆ ਦੇ ਰਹੇ ਹਨ।

ਇੰਨੇ ਨੂੰ ਸਕੂਲ ਦੇ ਮੈਦਾਨ ਵਿਚ ਜੀਪ ਆ ਕੇ ਰੁਕੀ। ਜੀਪ ਦੇਖ ਮਾਸਟਰ ਜੀ ਇਕਦਮ

ਬੋਲੇ,

'ਓਏ! ਡੀ.ਓ. ਸਾਹਿਬ ਆਏ ਨੇ, ਜੇ 'ਥੋਡੇ' ਤੋਂ ਕਿਸੇ ਨੂੰ 'ਗਾਈਡਾਂ' ਬਾਰੇ ਪੁੱਛਿਆ ਤਾਂ ਤੁਸੀਂ ਕਹਿਓ ਕਿ ਇਹ ਤਾਂ ਅਸੀਂ ਆਪਣੀ ਮਰਜੀ ਨਾਲ ਲਈਆਂ ਨੇ, ਕਿਤੇ ਸੱਚ ਦੱਸ ਕੇ ਸਾਡੀ ਨਾ ਛੁੱਟੀ ਕਰਵਾ ਦਿਉ।'

ਮਾਸਟਰ ਜੀ ਦੀ 'ਸਿੱਖਿਆ' ਵਿਦਿਆਰਥੀਆਂ ਦੀ ਸਮਝ ਵਿਚ ਨਹੀਂ ਆਈ ਸੀ।

***ਨਵੰਬਰ, 1981***

## ਰਾਜ਼ੀਨਾਮਾ/ਗੁਰਮੁਖ ਖੁਰਸ਼ੀਦ ਈਸੜੂ

ਧਾੜ ਦੀ ਧਾੜ ਪੁਲੀਸ ਦੀ ਸਵੇਰੇ ਸਵੇਰੇ ਪਿੰਡ ਆ ਵੜੀ। ਉਨ੍ਹਾਂ ਆਉਣ ਸਾਰ ਸੁਰੈਣੇ ਜੱਟ ਅਤੇ ਉਸ ਦੇ ਦੋਵੇਂ ਮੁੰਡਿਆਂ ਨੂੰ ਲਿਆ ਸੱਥ ਵਿਚ ਮੂਧਾ ਪਾਇਆ। ਥਾਣੇਦਾਰ ਮੂੰਹੋਂ ਮਣ ਮਣ ਦੇ ਫੱਕੜ ਤੋਲ ਰਿਹਾ ਸੀ ਅਤੇ ਸਿਪਾਹੀ ਤਿੰਨਾਂ ਤੇ ਕੁਟਾਪਾ ਚਾੜ੍ਹ ਰਹੇ ਸਨ ਤਿੰਨਾਂ ਦੀਆਂ ਲੇਰਾਂ ਨਿਕਲ ਰਹੀਆਂ ਸਨ। ਜਦੋਂ ਸਿਪਾਹੀਆਂ ਜ਼ਰਾ ਦਮ ਲਿਆ। ਸੁਰੈਣੇ ਨੇ ਹੱਥ ਜੋੜ ਥਾਣੇਦਾਰ ਤੋਂ ਪੁੱਛਿਆ 'ਮਾਪਿਆ ਸਾਡਾ ਕਸੂਰ ਤਾਂ ਦਸੋ?' 'ਭੈਣ ਦਿਆ ਯਾਰਾ ਕਸੂਰ ਮੈਥੋਂ ਪੁਛਦੈਂ, ਤੁਸੀਂ ਫੱਤੂ ਮਜ੍ਹਬੀ ਦੀ ਸੂਰੀ ਚੋਰੀ ਕੀਤੀ ਏ।' ਥਾਣੇਦਾਰ ਕੜਕਿਆ।

'ਮਾਪਿਆ ਅਸੀਂ ਉਹ ਚੋਰੀ ਤਾਂ ਨਹੀਂ ਕੀਤੀ ਉਸ ਨੇ ਰਾਤ ਸਾਡੀ ਮੱਕੀ ਦੀ ਸਾਰੀ ਪੈਲੀ ਬਰਬਾਦ ਕਰ ਦਿੱਤੀ ਹੈ। ਸਾਡੇ ਘਰ ਜਰੂਰ ਬੱਝੀ ਹੋਈ ਏ।' ਸੁਰੈਣੇ ਨੇ ਲੇਲ੍ਹੜੀ ਕੱਢਦੇ ਹੋਏ ਕਿਹਾ।

ਸਿਪਾਹੀਆਂ ਨੇ ਤਿੰਨਾਂ ਨੂੰ ਫਿਰ ਮੂਧਾ ਪਾ ਲਿਆ। ਸੁਰੈਣੇ ਦਾ ਛੋਟਾ ਮੁੰਡਾ ਭੱਜਿਆ ਭੱਜਿਆ ਨੰਬਰਦਾਰ ਹਰਬਖਸ਼ ਸਿੰਘ ਦੇ ਘਰ ਗਿਆ ਅਤੇ ਨੰਬਰਦਾਰ ਦੀ ਮੁੱਠੀ ਵਿਚ ਦੋ ਨੋਟ ਸੌ ਸੌ ਦੇ ਫੜਾ ਆਇਆ। ਨੰਬਰਦਾਰ ਨੇ ਉਹੀ ਨੋਟ ਸੱਥ ਵਿੱਚੋਂ ਥਾਣੇਦਾਰ ਨੂੰ ਇੱਕ ਪਾਸੇ ਕਰ ਫੜਾ ਦਿੱਤੇ।

ਥਾਣੇਦਾਰ ਇੱਕ ਦਮ ਬਦਲ ਗਿਆ। ਉਸ ਨੇ ਇੱਕ ਪਾਸੇ ਬੈਠੇ ਫੱਤੂ ਮੱਜ੍ਹਬੀ ਨੂੰ ਉੱਥੇ ਮੂਧਾ ਪਾ ਲਿਆ ਅਤੇ ਫੱਤੂ ਤੇ ਡਾਂਗ ਵਰ੍ਹਾਉਣ ਲੱਗਾ। 'ਮਾਂ ਦਿਆ ਖਸਮਾਂ ਤੂੰ ਸੂਰੀ ਖੁੱਲੀ ਕਿਉਂ ਛੱਡੀ ਸੀ। ਭਲੇਮਾਣਸਾਂ ਦੀ ਮੈਥੋਂ ਬੇਇਜ਼ਤੀ ਕਰਵਾਈ ਨਾਲੇ ਉਨ੍ਹਾਂ ਦੀ ਸਾਰੀ ਪੈਲੀ ਬਰਬਾਦ ਕਰਵਾ ਦਿੱਤੀ।' ਹੁਣ ਮੂੱਧਾ ਪਿਆ ਫੱਤੂ ਦੁਹਾਈ ਪਾ ਰਿਹਾ ਸੀ। ਸੰਤੀ, ਫੱਤੂ ਦੀ ਘਰ ਵਾਲੀ ਨੇ ਨੰਬਰਦਾਰ ਨੂੰ ਇਕ ਪਾਸੇ ਕਰ ਉਸਦੇ ਪੈਰੀਂ ਝੋਲ ਧਰ ਦਿੱਤਾ। ਭੱਜੀ ਭੱਜੀ ਕਿਤੋਂ ਸੌ ਰੁਪਏ ਫੜ੍ਹ ਕੇ ਲਿਆਈ। ਨੰਬਰਦਾਰ ਨੇ ਥਾਣੇਦਾਰ ਦੀ ਮੁੱਠੀ ਵਿਚ ਉਹ ਸੌ ਰੁਪਏ ਵੀ ਤੁੰਨ ਦਿੱਤੇ। ਥਾਣੇਦਾਰ ਨੇ ਫੱਤੂ ਨੂੰ ਤਾਂ ਛੱਡਿਆ। ਹੁਣ ਥਾਣੇਦਾਰ ਸਾਹਿਬ ਚਾਹ ਪੀ ਰਹੇ ਸਨ। 'ਕਿਉਂ ਵਈ ਸੁਰੈਣ ਸਿਆਂ ਤੇਰਾ ਕੋਈ ਹੁਣ ਰੌਲਾ ਤਾਂ ਨਹੀਂ ਫੱਤੂ ਨਾਲ।' ਥਾਣੇਦਾਰ ਨੇ ਸਾਬਤਾ ਆਂਡਾ ਮੂੰਹ ਵਿਚ ਪਾਂਦਿਆਂ ਪੁੱਛਿਆ। 'ਨਹੀਂ ਮਾਪਿਆ ਮੇਰਾ ਕੋਈ ਰੌਲਾ ਨਹੀਂ।' ਸੁਰੈਣੇ ਨੇ ਹੱਥ ਜੋੜ ਕੇ ਆਖਿਆ।

'ਕਿਉਂ ਓਏ ਫਤੂ ਤੇਰਾ ਕੋਈ ਰੌਲਾ' ਥਾਣੇਦਾਰ ਨੇ ਫੱਤੂ ਤੋਂ ਪੁੱਛਿਆ। 'ਨਹੀਂ ਬੱਚਿਆਂ

ਵਾਲਿਆ ਸਾਡਾ ਕੋਈ ਰੌਲਾ ਨਹੀਂ।' ਫੱਤੂ ਗਿੜਗਿੜਾਇਆ।

'ਚੰਗਾ ਫਿਰ ਲਾਓ ਦੋਵੇਂ ਰਾਜ਼ੀਨਾਮੇ ਤੇ ਗੂਠੇ' ਥਾਣੇਦਾਰ ਨੇ ਰਾਜ਼ੀਨਾਮੇ ਵਾਲਾ ਕਾਗਜ਼ ਦੋਹਾਂ ਦੇ ਮੂਹਰੇ ਕਰ ਦਿੱਤਾ। ਝੱਟ ਦੋਵਾਂ ਨੇ ਗੂਠੇ ਲਾ ਦਿੱਤੇ।

'ਜਨਾਬ ਉਸ ਸੂਰੀ ਦਾ ਕੀ ਕਰਨਾ ਹੈ।' ਇਕ ਸਿਪਾਹੀ ਨੇ ਖਚਰੀ ਹਾਸੀ ਹੱਸਦਿਆਂ ਪੁੱਛਿਆ।

'ਉਸ ਨੂੰ ਜੀਪ ਦੇ ਪਿੱਛੇ ਸੁੱਟੋ ਕਾਰਵਾਈ ਤਾਂ ਪੂਰੀ ਕਰਨੀ ਹੈ।' ਇਹ ਕਹਿ ਥਾਣੇਦਾਰ ਸਾਹਿਬ ਦੋਹਾਂ ਧਿਰਾਂ ਦਾ ਰਾਜੀਨਾਮਾ ਕਰਾ ਜੀਪ ਵਿਚ ਜਾ ਬੈਠੇ।

***ਦਸੰਬਰ, 1981***

## ਗੰਦੇ-ਗਰੀਬ/ਪ੍ਰਭਦਿਆਲ

ਅਜੇ ਦੋ ਮਹੀਨੇ ਪਹਿਲਾਂ ਉਹ ਅਰਥ-ਵਿਗਿਆਨ ਦੀ ਐਮ.ਏ. ਵਿਚ ਯੂਨੀਵਰਸਿਟੀ ਭਰ 'ਚੋਂ ਫਸਟ ਆਈ ਸੀ। ਉਸ ਨੂੰ ਗੋਲਡ ਮੈਡਲ ਮਿਲਿਆ ਸੀ। ਪੜ੍ਹੇ-ਲਿਖੇ ਲੋਕਾਂ ਵਿਚ ਉਸਦੀ ਚਰਚਾ ਸੀ। ਉਸ ਦੀ ਸਮਾਜਿਕ, ਆਰਥਕ ਤੇ ਰਾਜਨੀਤਕ ਸੂਝ-ਬੂਝ ਹੈਰਾਨ ਕਰਨ ਵਾਲੀ ਸੀ। ਮੁਹੱਲੇ ਭਰ ਵਿਚ ਉਨ੍ਹਾਂ ਦੀ ਕੋਠੀ ਸਭ ਤੋਂ ਸੁਹਣੀ ਸੀ, ਉਹ ਆਪ ਵੀ ਤਾਂ ਕਿੰਨੀ ਖ਼ੂਬਸੂਰਤ ਸੀ, ਰੋਜ਼ ਕਾਰ ਵਿਚ ਪੜ੍ਹਨ ਜਾਂਦੀ, ਕਾਰ ਵਿਚ ਵਾਪਸ ਆਉਂਦੀ। ਉਸ ਦਾ ਪਿਤਾ ਮੰਨਿਆ ਹੋਇਆ ਬਿਜ਼ਨੈਸ-ਮੈਨ ਸੀ। ਉਸ ਦਾ ਕਈ ਰਾਜਨੀਤਿਕ ਪਾਰਟੀਆਂ ਨਾਲ ਬੜੇ ਨੇੜ ਦਾ ਰਿਸ਼ਤਾ ਸੀ। ਸੁਣਿਆਂ, ਉਸ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਉਪਰ ਪੁਲਿਟੀਕਲ-ਪ੍ਰੈਸ਼ਰ ਪੁਵਾ ਕੇ ਕੁੜੀ ਨੂੰ ਫਸਟ ਲਿਆਂਦਾ ਸੀ, ਰੱਬ ਜਾਣੇ।

ਅੱਜ, ਜਦ ਉਸ ਨੇ ਆਪਣੇ ਵੱਡੇ ਵੀਰ ਜੀ ਦੇ ਸੁਹਣੇ ਸੁਹਣੇ ਨਿੱਕੇ ਨਿੱਕੇ ਬੱਚਿਆਂ ਨੂੰ ਸਾਹਮਣੇ ਖੋਲੀਆਂ ਵਿਚ ਵਸਦੇ ਧੋਬੀਆਂ ਦੇ ਬੱਚਿਆਂ ਨਾਲ ਖੇਡਦੇ ਤੱਕਿਆ ਤਾਂ ਬੜੇ ਗੁੱਸੇ ਨਾਲ ਅਵਾਜ਼ ਲਗਾਈ, 'ਬੰਟੂ, ਮੋਹਣੀ ਕੀ ਗੰਦੇ-ਗੰਦੇ ਬੱਚਿਆਂ ਨਾਲ ਖੇਡਣ ਬਹਿ ਜਾਂਦੇ ਹੋ, ਚਲੋ ਇਧਰ ਆਓ, ਨਹੀਂ ਤਾਂ ਮਾਰਾਂਗੀ।' ਆਖਰ ਫੈਮਿਲੀ ਦੀ ਕੋਈ ਰੈਪੂਟੇਸ਼ਨ ਹੁੰਦੀ ਹੈ।

ਬੰਟੂ ਮੋਹਣੀ ਟੱਪਦੇ ਵਾਪਸ ਆ ਗਏ। ਧੋਬੀਆਂ ਦੇ ਦੋ ਕੁ ਸਾਲ ਦੇ ਮੁੰਡੇ ਨੂੰ ਮਗਰ ਆਉਂਦਾ ਦੇਖ ਕੇ ਉਸ ਦਬਕਾ ਮਾਰਿਆ, 'ਕਿਧਰ ਮੂੰਹ ਚੁੱਕੀ ਆਉਨਾ ਵੇਂ, ਚਲ ਭਜ ਇੱਥੋਂ' ਧੋਬੀਆਂ ਦਾ ਮੁੰਡਾ ਸਹਿਮ ਕੇ ਖੜ੍ਹ ਗਿਆ, 'ਆਂਟੀ ਅਸੀਂ ਗੰਦੇ ਨਹੀਂ ਗਰੀਬ ਹਾਂ' ਸੁਣ ਕੇ ਉਸ ਨੂੰ ਇਵੇਂ ਲੱਗਾ ਜਿਵੇਂ ਉਸਦਾ ਅਰਥ-ਵਿਗਿਆਨ ਵਿਅਰਥ ਹੋ ਗਿਆ ਹੋਵੇ।

***ਦਸੰਬਰ, 1981***

## ਬਕਵਾਸ/ਹਮਦਰਦਵੀਰ ਨੌਸ਼ਹਿਰਵੀ

ਨਖਲਿਸਤਾਨ ਦੀ ਸੰਸਦ ਦਾ ਸਮਾਗਮ ਚਲ ਰਿਹਾ ਸੀ। ਅੱਜ ਦੇਸ਼ ਦੇ ਚਾਚਾ ਦੇ ਜਨਮ ਦਿਨ ਵੀ ਸਮਾਗਮ ਬਲਾਉਣਾ ਪਿਆ ਸੀ। ਕਾਨੂੰਨ ਬਹੁਤ ਸਾਰੇ ਵਿਚਾਰ ਅਧੀਨ ਪਏ ਸਨ। ਵਕਤ ਬੜਾ ਘੱਟ ਸੀ।

ਵਕਤ ਨਾ ਮਿਲਣ ਕਰਕੇ ਦੋ ਵਿਰੋਧੀ ਪਾਰਟੀਆਂ ਦੇ ਵਿਧਾਇਕ ਸਦਨ ਵਿੱਚੋਂ ਵਾਕ ਆਊਟ ਕਰ ਗਏ ਸਨ।

ਬਕਵਾਸ?

ਆਨਰੇਬਲ ਮੈਂਬਰਜ਼, ਰਾਜ ਮੰਤਰੀ ਨੇ ਬਕਵਾਸ ਦਾ ਸ਼ਬਦ ਵਰਤਿਆ ਏ।

ਹੈਂ, ਬਕਵਾਸ ਦਾ ਸ਼ਬਦ ਵਰਤਿਆ ਏ?

ਸਾਨੂੰ ਬਕਵਾਸ ਕਿਹਾ ਏ?

ਕੀ ਆਪੋਜੀਸ਼ਨ ਬਕਵਾਸ ਏ?

ਬਕਵਾਸ ਨਹੀਂ, ਤੁਸੀਂ ਮਹਾਂ ਬਕਵਾਸ ਹੋ।

ਇਹ ਹਰਾਮਖੋਰ ਸਾਨੂੰ ਬਕਵਾਸ ਕਹਿੰਦੇ ਨੇ।

ਇਹ ਸਦਨ ਦੀ ਤੌਹੀਨ ਏ।

ਇਹ ਅਪਮਾਨ ਏ।

ਰਾਜ ਮੰਤਰੀ ਇਹ ਸ਼ਬਦ ਵਾਪਸ ਲਵੇ।

ਸਪੀਕਰ ਇਹ ਸ਼ਬਦ ਸਦਨ ਦੀ ਕਾਰਵਾਈ ਰਿਕਾਰਡ ਵਿੱਚੋਂ ਬਾਹਰ ਕੱਢੇ।

ਤੁਸੀਂ ਜਿੰਨਾਂ ਮਰਜ਼ੀ ਭੌਂਕੀ ਜਾਵੋ ਇਹ ਸ਼ਬਦ ਵਾਪਸ ਨਹੀਂ ਹੋਵੇਗਾ।

ਅਸੀਂ ਮੁੱਕੇ ਮਾਰ-ਮਾਰ ਕੇ ਕੁਰਸੀਆਂ ਤੋੜ ਦਿਆਂਗੇ।

ਟੋਪੀਆਂ ਉਛਾਲ ਦਿਆਂਗੇ।

ਪੇਪਰ ਪਾੜ ਦਿਆਂਗੇ।

ਤੇ ਫਿਰ ਇੱਕ ਘੰਟਾ ਵੀਹ ਮਿੰਟ ਰੌਲਾ ਪੈਂਦਾ ਰਿਹਾ- ਤੂੰ-ਤੂੰ, ਮੈਂ-ਮੈਂ ਹੁੰਦੀ ਰਹੀ- ਇੱਕ ਦੂਜੇ ਨੂੰ ਚੋਣਵੇਂ ਸ਼ਬਦਾਂ ਵਿਚ ਗਾਲ੍ਹਾਂ ਕੱਢੀਆਂ ਜਾਂਦੀਆਂ ਰਹੀਆਂ। ਸਦਨ ਦੀ ਕਾਰਵਾਈ ਰੁਕੀ ਰਹੀ।

ਸਪੀਕਰ ਨੇ ਸਦਨ ਦਾ ਸਮਾਗਮ ਇਕ ਘੰਟੇ ਲਈ ਉਠਾ ਦਿੱਤਾ। ਆਪਣੇ ਚੈਂਬਰ ਵਿਚ ਵਿਰੋਧੀ ਆਗੂਆਂ ਨੂੰ ਬੁਲਾਇਆ।

ਘੰਟੇ ਬਾਅਦ ਕਾਰਵਾਈ ਫੇਰ ਸ਼ੁਰੂ ਹੋਈ ਆਰਡੀਨੈਂਸ ਉਤੇ ਵਿਚਾਰ ਕਰਨ ਤੋਂ ਪਹਿਲਾਂ ਰਾਜ ਮੰਤਰੀ ਨੇ ਆਪਣਾ ਸਪਸ਼ਟੀਕਰਣ ਦਿੱਤਾ।

ਬਕਵਾਸ ਸ਼ਬਦ ਮੈਂ ਸਦਨ ਦੇ ਕਿਸੇ ਆਨਰੇਬਲ ਮੈਂਬਰ ਬਾਰੇ ਨਹੀਂ ਸੀ ਵਰਤਿਆ। ਇਹ ਕਈ ਪ੍ਰਾਂਤਾਂ ਵਿਚ ਚਲ ਰਹੇ ਕਿਸਾਨ ਅੰਦੋਲਨ ਬਾਰੇ....।

ਸਾਡੇ ਕਿਸਾਨ ਆਗੂਆਂ ਨੂੰ ਬਕਵਾਸ ਕਿਹਾ।

ਖੰਡ ਦਾ ਮੁੱਲ 20 ਰੁਪਏ ਕਿਲੋ ਅਤੇ ਗੰਨੇ ਦਾ ਮੁੱਲ 20 ਰੁਪਏ ਕੁਇੰਟਲ।

ਸ਼ੇਮ!ਸ਼ੇਮ!!

ਭੁੱਖੇ ਮਰਦੇ ਕਿਸਾਨ ਜੇ ਹੜਤਾਲ ਕਰਦੇ ਹਨ, ਤਾਂ ਤੁਸੀਂ ਬਕਵਾਸ ਕਹਿੰਦੇ ਹੋ।

'ਕਾਧੋਂ ਪਰ ਸੰਗੀਨ ਕੰਦਾਲੇ, ਹੋਠੋਂ ਪਰ ਬੇਬਾਕ ਤਰਾਨੇ।

ਦਹਿਕਾਨੋਂ ਕੇ ਦਲ ਨਿਕਲੇ ਹੈਂ ਆਪਨੀ ਬਿਗੜੀ ਆਪ ਬਨਾਨੇ।

– ਬੰਦ ਕਰ ਬਕਵਾਸ ਏਨੀ ਗੰਭੀਰ ਸਮੱਸਿਆ ਏ ਤੇ ਤੈਨੂੰ ਸ਼ੇਅਰ ਸੁਝਦੇ ਨੇ।

– ਸਪੀਕਰ, ਬਕਵਾਸ ਵਰਗਾ ਗੰਦਾ ਤੇ ਬਾਸਟਰਡ ਸ਼ਬਦ ਸਦਨ ਦੀ ਕਾਰਵਾਈ ਵਿੱਚੋਂ ਬਾਹਰ ਨਹੀਂ ਕੱਢ ਰਿਹਾ– ਸਾਰਾ ਦਲ ਵਾਕ ਆਊਟ ਕਰਦਾ ਹੈ।

– ਜਾਉ, ਤੁਸੀਂ ਚਲੇ ਜਾਉ।

– ਕਿਉਂ ਅਸੀਂ ਕਿਉਂ ਜਾਈਏ? ਤੇਰੇ ਪਿਉ ਦੇ ਘਰ ਬੈਠੇ ਹਾਂ?

– ਆਰਡਰ–ਅਰਡਰ। ਆਨਰੇਬਲ ਮੈਂਬਰਜ਼।

ਰਾਜ ਮੰਤਰੀ ਨੇ ਸਦਨ ਦੇ ਪਵਿੱਤਰ ਨੇਮਾਂ ਦਾ ਸਤਿਕਾਰ ਕਰਦਿਆਂ ਹੋਇਆ ਆਪਣੇ ਮੂੰਹੋਂ ਨਿਕਲੇ ਬਕਵਾਸ ਸ਼ਬਦ ਨੂੰ ਵਾਪਸ ਲੈ ਲਿਆ।

ਇਹ ਸ਼ਬਦ ਉਨ੍ਹਾਂ ਜਾਣ ਬੁਝ ਕੇ ਨਹੀਂ ਸੀ ਵਰਤਿਆ– ਇਹ ਤਾਂ ਸਲਿਪ ਆਫ਼ ਦੀ ਟੰਗ ਹੀ ਸੀ। (ਤਾੜੀਆਂ)

ਕੀ ਨਾਨਸੈਂਸ ਹੈ?

(ਤਾੜੀਆਂ ਵੱਜੀ ਜਾ ਰਹੀਆਂ ਹਨ)

***ਦਸੰਬਰ, 1981***

# ਨਕਾਬ/ਸੁਰਜੀਤ ਸਿੰਘ ਸੁਰਜੀਤ

ਉਸ ਦਿਨ ਊਸ਼ਾ ਦੀ ਗੱਲ ਉਪਰ ਮੈਨੂੰ ਯਕੀਨ ਹੀ ਨਹੀਂ ਸੀ ਆ ਰਿਹਾ। ਉਸ ਦਿਨ ਕੀ, ਅੱਜ ਵੀ ਜਦੋਂ ਉਸ ਗੱਲ ਬਾਰੇ ਸੋਚਦੀ ਹਾਂ ਤਾਂ ਬੜੀ ਹੈਰਾਨੀ ਹੁੰਦੀ ਹੈ ਕਿ ਇਨਸਾਨ ਕਿਸ ਹਦ ਤੱਕ ਨਕਾਬਪੋਸ਼ ਹੁੰਦਾ ਜਾ ਰਿਹਾ ਹੈ। ਇਹ ਸੀ ਜੋ ਊਸ਼ਾ ਨੇ ਗੱਲਾਂ ਹੀ ਗੱਲਾਂ 'ਚ ਮੈਨੂੰ ਦੱਸਿਆ ਸੀ, 'ਉਦੋਂ ਮੈਂ ਬੀ–ਐਡ ਵਿਚ ਦਾਖਲ ਹੋਈ ਸਾਂ। ਬੜੀ ਮੁਸ਼ਕਿਲ ਨਾਲ ਦਾਖਲਾ ਮਿਲਿਆ ਸੀ, ਤੈਨੂੰ ਪਤੈ ਬੜਾ ਬੁਰਾ ਹਾਲ ਐ ਅੱਜਕਲ੍ਹ। ਸਾਡਾ 'ਟੇਲੈਂਟ ਸ਼ੋ' ਚਲ ਰਿਹਾ ਸੀ। ਮੈਂ ਉਸ ਪ੍ਰੋਗਰਾਮ ਵਿਚ ਇਕ ਗ਼ਜ਼ਲ ਗਾਈ ਸੀ ਤੇ ਜਦੋਂ ਮੈਂ ਉਸ ਗ਼ਜ਼ਲ ਦਾ ਇਕ ਸ਼ੇਅਰ ਪੜ੍ਹ ਰਹੀ ਸਾਂ– 'ਹਮ ਤੋ ਸਮਝੇ ਥੇ ਕਿ ਬਰਸਾਤ ਮੇਂ ਬਰਸੇਗੀ ਸ਼ਰਾਬ, ਆਈ ਬਰਸਾਤ ਤੋਂ ਬਰਸਾਤ ਨੇ ਦਿਲ ਤੋੜ ਦੀਆ'। ਤਾਂ ਸਾਡੀ ਪ੍ਰਿੰਸੀਪਲ ਮੈਡਮ ਆਪਣੀ ਸੀਟ ਤੋਂ ਉੱਠ ਕੇ ਚੀਖ ਪਈ, 'ਤੈਨੂੰ ਸ਼ਰਮ ਆਉਣੀ ਚਾਹੀਦੀ ਐ, ਕੁੜੀ ਹੋ ਕੇ ਸ਼ਰਾਬ ਦੀਆਂ ਗੱਲਾਂ ਕਰਨੀ ਏਂ, ਵਿਸ਼ੇ ਤੋਂ ਪਤਾ ਚਲਦੈ ਕਿ ਤੂੰ ਕਿਹੋ ਜਿਹੇ ਖਾਨਦਾਨ ਨਾਲ ਸਬੰਧ ਰਖਨੀ ਏਂ।' ਮੈਨੂੰ ਬੜਾ ਗੁੱਸਾ ਆਇਆ। ਇਸ ਖਾਨਦਾਨ ਵਾਲੀ ਗੱਲ ਉਪਰ। ਮੈਂ ਕਿਹਾ ਕਿ ਇਹ ਮੇਰੀ ਰਚਨਾ ਨਹੀਂ ਤੇ ਨਾਲੇ ਇਹ ਗ਼ਜ਼ਲ ਬੇਗਮ ਅਖਤਰ ਦੀ ਆਵਾਜ਼ 'ਚ ਬੜੀ ਮਸ਼ਹੂਰ ਐ, ਉਹ ਵੀ ਤੇ ਔਰਤ ਸੀ, ਤਾਂ ਉਹ ਹੋਰ ਵੀ ਔਖੀ ਹੋ ਗਈ, ਕਹਿਣ ਲੱਗੀ ਮੈਂ ਤੈਨੂੰ ਕਾਲਜ 'ਚੋਂ ਕੱਢ ਦਿਆਂਗੀ। ਕਿਤਨੇ ਹੀ ਦਿਨ ਮੈਂ ਡਰ ਤੇ ਸ਼ਰਮ ਦੀ ਮਾਰੀ ਕਾਲਜ ਨਾ ਗਈ। ਮੈਨੂੰ ਮੇਰੀਆਂ ਸਹੇਲੀਆਂ ਤੇ ਇਕ ਦੋ ਟੀਚਰਾਂ ਨੇ ਸਮਝਾਇਆ ਕਿ ਪ੍ਰਿੰਸੀਪਲ ਮੈਡਮ ਬੜੀ ਅੱਖੜ ਕਿਸਮ ਦੀ ਔਰਤ ਐ, ਆਪਣੇ ਕੈਰੀਅਰ ਨੂੰ ਖਿਆਲ 'ਚ ਰੱਖਦੇ ਹੋਏ ਮੈਨੂੰ ਉਸ ਕੋਲੋਂ ਮਾਫੀ ਮੰਗ ਲੈਣੀ ਚਾਹੀਦੀ ਹੈ। ਗਲਤੀ ਨਾ ਹੁੰਦੇ ਹੋਏ ਵੀ ਮੈਂ ਉਸ ਕੋਲੋਂ ਮਾਫੀ ਮੰਗਣ ਲਈ ਤਿਆਰ ਹੋ ਗਈ ਤੇ ਇਕ ਸ਼ਾਮ, ਦਿਨ ਢਲੇ ਤੋਂ ਥੋੜ੍ਹਾ

ਚਿਰ ਬਾਅਦ ਮੈਂ ਉਸਦੀ ਕੋਠੀ ਤੇ ਜਾ ਪਹੁੰਚੀ। ਉਥੇ ਮੈਂ ਜੋ ਕੁਝ ਵੇਖਿਆ, ਉਹ ਭੁਲਾਇਆ ਵੀ ਨਹੀਂ ਭੁਲਦਾ। ਕਿਸੇ ਸੁਚੱਜੇ ਕਹਾਣੀਕਾਰ ਵਾਂਗ ਉਹ ਚੁੱਪ ਕਰ ਗਈ ਤੇ ਮੈਂ ਬੇਹੱਦ ਉਤਸੁਕ ਹੋ ਉੱਠੀ ਕਿ ਊਸ਼ਾ ਨੇ ਉਥੇ ਕੀ ਵੇਖਿਆ? ਮੇਰੇ ਪੁੱਛਣ 'ਤੇ ਹੀ ਉਹਨੇ ਦੱਸਿਆ, 'ਡਰਾਈਂਗ ਰੂਮ ਦਾ ਪਰਦਾ ਇਕ ਕੋਨੇ ਤੋਂ ਥੋੜ੍ਹਾ ਖਿਸਕਿਆ ਹੋਇਆ ਸੀ ਉੱਥੋਂ ਮੈਂ ਦੇਖਿਆ ਕਿ ਡਰਾਈਂਗ ਰੂਮ 'ਚ ਵਿਛੇ ਸੋਫੇ ਤੇ ਸਾਡੀ ਕਾਲਜ ਮੈਨੇਜਿੰਗ ਕਮੇਟੀ ਦਾ ਪ੍ਰਧਾਨ ਪਸਰਿਆ ਹੋਇਆ ਸੀ, ਮੇਜ਼ ਤੇ ਸ਼ਰਾਬ ਦੀ ਬੋਤਲ ਪਈ ਹੋਈ ਸੀ ਤੇ ਪ੍ਰਿੰਸੀਪਲ ਮੈਡਮ ਉਹਨੂੰ ਪੈੱਗ ਬਣਾ ਕੇ ਦੇ ਰਹੀ ਸੀ।'

*ਜਨਵਰੀ, 1982*

## ਸੇਵਾ/ਹਰਭਜਨ ਸਿੰਘ ਖੇਮਕਰਨੀ

'ਕਾਕਾ, ਤੇਰਾ ਮਾਸੜ ਆਇਆ ਏ, ਜਾਹ ਕਿਤਿਉਂ ਘੁੱਟ ਫੜ ਲਿਆ, ਸ਼ਾਮੀ ਬਹਿਕੇ ਗੱਲਾਂ ਬਾਤਾਂ ਕਰਾਂਗੇ, ਤੇ ਨਿਕ ਸੁੱਕ ਵੀ ਲਈ ਆਈਂ ਨਾਲ, ਬੜੇ ਚਿਰਾਂ ਪਿੱਛੋਂ ਆਇਐ, ਸੇਵਾ ਤਾਂ ਕਰਨੀ ਹੋਈ ਨਾ।'

'ਪਰ ਅੱਜ ਤਾਂ ਸ਼ੁਕਰਵਾਰ ਏ ਤੇ ਠੇਕੇ ਬੰਦ ਨੇ।'

'ਨਾਲ ਦੀ ਦੁਕਾਨ ਵਿਚ ਠੇਕੇਦਾਰ ਦਾ ਕਰਿੰਦਾ ਸ਼ਰਮਾ ਬੈਠਾ ਹੋਣਾ ਈ, ਉਹਨੂੰ ਕਹੀਂ ਆਪੇ ਬੰਦੋਬਸਤ ਕਰ ਦਊਗਾ।'

'ਸੁਣਾ ਫਿਰ ਬਚਨ ਸਿਆਂ, ਕੰਮ ਕਾਰ ਦਾ ਕੀ ਹਾਲ ਏ।'

'ਕੰਮ ਕਾਰ ਕਾਹਦਾ ਭਰਾਵਾ, ਬਸ ਜੂਨ ਰੋਟੀ ਤੁਰੀ ਜਾਂਦੀ ਆ, ਮੁੰਡੇ ਉਡਾਰ ਹੋ ਗਏ ਨੇ ਤੇ ਹੁਣ ਉਹ ਗੱਲ ਨਹੀਂ ਰਹਿਗੀ, ਮਗ੍ਹਾਈ ਹੀ ਨਹੀਂ ਸਾਹ ਲੈਣ ਦਿੰਦੀ ਇਕ ਤਾਂ।'

'ਤੂੰ ਤਾਂ ਗਲਾਸ ਈ ਹੇਠਾਂ ਰਖੀ ਜਾਨਾ ਏ, ਉਰ੍ਹਾਂ ਕਰ।'

'ਬੱਸ ਯਾਰ, ਹੋਰ ਨਹੀਂ ਪੀਣੀ, ਇਹ ਖਰਾਬ ਕਰਦੀ ਆ ਫਿਰ।'

'ਤੇਰੇ ਅਰਗਿਆਂ ਨੂੰ ਇੰਨੀ ਕੀ ਆਂਹਦੀ ਆ।'

'ਉਂਝ ਤਾਂ ਤੂੰ ਸਿਆਣਾ ਏ ਪਰ ਉਮਰ ਨਾਲ ਫਰਕ ਪੈ ਈ ਜਾਂਦੇ ਨਾ, ਚਲ ਤੋਲਾ ਕੁ ਪਾਦੇ।' ਗਲਾਸ ਵਿਚ ਡਬਲ ਪੈਗ ਭਰਿਆ ਗਿਆ।

'ਨਿੱਕੇ ਆਪਣੇ ਦੀ, ਕੀ ਨਾਂ ਉਹਦਾ ਛਿੰਦਾ ਜਿਹਾ, ਉਹਦੀ ਨੌਕਰੀ ਦਾ ਕੀ ਬਣਿਆ?'

'ਭਾਊ ਪੰਜ-ਪੰਜ ਹਜ਼ਾਰ ਕਿਹੜਾ ਤਾਰੇ, ਢਾਈ ਸੌ ਦੀ ਨੌਕਰੀ ਪਿੱਛੇ, ਇੰਨੇ ਦੀ ਬਜ਼ਾਜ਼ੀ ਪਾ ਦਈਏ ਤਾਂ ਰੋਟੀ ਕਮਾ ਲਊ।'

'ਲਿਆ ਗਲਾਸ ਫੜਾ, ਮਸਾਂ ਲੋਰ ਆਉਣ ਲਗੈ।'

'ਬੱਸ ਭਾਊ ਸ਼ਰਾਬੀ ਕਰਨਾ ਈ ਮੈਨੂੰ, ਐਵੇਂ ਛਿੱਟ ਕੁ ਪਾਈਂ ਫਿਰ।'

ਗਲਾਸ ਵਿਚ ਪੈਗ ਅੱਗੇ ਨਾਲੋਂ ਵੱਡਾ ਹੋ ਗਿਆ।

'ਐਤਕੀਂ ਕਿੰਨੂ ਜਤਾਇਆ ਜੇ ਵੋਟਾਂ ਵਿਚ?'

'ਵੋਟਾਂ ਤਾਂ ਬੱਸ ਨਾਂ ਦੀਆਂ ਹੀ ਪੈਂਦੀਆਂ ਨੇ, ਜਾਅਲੀ! ਵੋਟਾਂ ਨਾਲ ਹੀ ਸਾਰ ਲੈਂਦੇ ਆ

ਅਗਲੇ ਹੁਣ ਤਾਂ। ਮੇਰਾ ਧੜਾ ਐਤਕੀਂ ਪਾਟ ਗਿਆ ਸੀ, ਅਖੇ ਪਿਛਲੀ ਵਾਰ 'ਕੱਲਾ ਹੀ ਡਕਾਰ ਗਿਐਂ।'

'ਅੱਛਾ ਲੈ ਹੁਣ ਘੁੱਟ-ਘੁੱਟ ਹੋਰ ਲਈਏ ਤੇ ਰੋਟੀ ਖਾਈਏ, ਠੰਡੀ ਹੁੰਦੀ ਆ।'

'ਬੱਸ ਬਈ ਬੱਸ, ਹੁਣ ਰਹਿਣ ਦੇ।'

'ਓਏ ਰੋਟੀ ਜੋਗਾ ਤਾਂ ਹੋ ਲੈ।'

'ਲੈ ਫਿਰ ਬੂੰਦ ਕੁ ਈ ਪਾਈਂ।'

ਗਲਾਸ ਕੰਗਨੀ ਤੀਕ ਭਰਿਆ ਗਿਆ।

'ਸੁਣਾ ਬਚਨ ਸਿਆਂ, ਸਨਬੰਧੀਆਂ ਦੇ ਹੋ ਆਇਐ, ਚੰਗੀ ਸੇਵਾ ਕੀਤੀ ਹੋਣੀ ਐ, ਅਜੇ ਤੀਕ ਪੈਰ ਥਿੜਕਦੇ ਫਿਰਦੇ ਨੇ।'

ਉਹ ਤਾਂ ਭੁੱਖੇ ਨੰਗੇ ਨੇ ਭੁੱਖੇ ਨੰਗੇ। ਕਿਸੇ ਨੇ ਸਵੇਰੇ ਚੂਲੀ ਵੀ ਨਹੀਂ ਕਰਾਈ।

***ਜਨਵਰੀ, 1982***

## ਠਰਕੀ/ਪਰਮਜੀਤ

ਬੱਸ ਖਚਾਖਚ ਭਰੀ ਹੋਈ ਸੀ। ਪਰ ਕੰਡਕਟਰ ਫਿਰ ਵੀ ਸਵਾਰੀਆਂ ਬੱਸ ਵਿਚ ਚੜ੍ਹਾਈ ਜਾ ਰਿਹਾ ਸੀ। ਬੱਸ ਦੀ ਅਗਲੀ ਤਾਕੀ ਵਿਚ ਭੀੜ ਕੁਝ ਘੱਟ ਸੀ। ਉਥੇ ਕੁੱਝ ਲੜਕੇ ਖੜ੍ਹੇ ਹੋਏ ਸਨ। ਉਹਨਾਂ ਵਿੱਚੋਂ ਇਕ ਨੇ ਇੰਜਣ ਦੇ ਬੋਨਟ ਤੇ ਬੈਠਣ ਲਈ ਡਰਾਈਵਰ ਨੂੰ ਬੇਨਤੀ ਕੀਤੀ।

ਡਰਾਈਵਰ ਨੇ ਨਾਂਹ ਵਿਚ ਸਿਰ ਹਿਲਾਉਂਦੇ ਕਿਹਾ- 'ਦਿਸਦਾ ਨਹੀਂ ਤੈਨੂੰ? ਇੱਥੇ ਕੀ ਲਿਖਿਆ: ਪੈਰ ਰੱਖਣਾ ਤੇ ਬੈਠਣਾ ਮਨ੍ਹਾ ਹੈ।'

ਲੜਕਾ ਵਿਚਾਰਾ ਚੁੱਪ ਚਾਪ ਖੜ੍ਹੇ ਦਾ ਖੜ੍ਹਾ ਹੀ ਰਹਿ ਗਿਆ। ਥੋੜ੍ਹੀ ਦੂਰ ਕੁੜੀਆਂ ਨੇ ਬੱਸ ਖੜ੍ਹੀ ਕਰਨ ਲਈ ਹੱਥ ਦਿੱਤਾ। ਡਰਾਈਵਰ ਨੇ ਜਾਂ ਬਰੇਕ ਲਾਈ ਤੇ ਸਾਰੀਆਂ ਦੀਆਂ ਸਾਰੀਆਂ ਕੁੜੀਆਂ ਅਗਲੀ ਤਾਕੀ ਰਾਹੀਂ ਚੜ੍ਹਾ ਲਈਆਂ। ਉਹਨਾਂ ਵਿੱਚੋਂ ਇਕ ਨੇ ਇੰਜਣ ਦੇ ਬੋਨਟ ਤੇ ਬੈਠਣ ਦੀ ਇੱਛਾ ਪ੍ਰਗਟ ਕੀਤੀ।

'ਬੈਠ ਜਾ ਬੀਬਾ, ਇਹਦਾ ਕੀ ਘੱਸਦਾ ਏ।' ਡਰਾਈਵਰ ਨੇ ਮੁੱਛਾਂ ਵਿੱਚੋਂ ਮਿੰਨਾਂ ਜਿਹਾ ਮੁਸਕਰਾਉਂਦੇ ਹੋਏ ਕਿਹਾ।

***ਫਰਵਰੀ, 1982***

## ਰਾਖਵੀਂ ਸੀਟ/ਅਮਰਦੀਪ

....'ਤੇ ਉਸ ਨੂੰ ਇੰਟਰਵਿਊ ਲਈ ਸੱਦਾ ਆ ਹੀ ਗਿਆ। ਆਸਾਮੀ ਕਲਰਕ ਦੀ ਸੀ ਕੁੱਲ ਸੀਟਾਂ ਤਿੰਨ ਸਨ। ਜਿਨ੍ਹਾਂ 'ਚੋਂ ਇੱਕ ਇੱਕ ਸਾਬਕਾ ਫੌਜੀਆਂ ਤੇ ਪਛੜੀਆਂ ਜਾਤਾਂ ਲਈ ਰਾਖਵੀਂ ਸੀ।

ਉਹ 'ਜੱਟ' ਸੀ ਪਰ ਘਰੋਂ ਬਹੁਤ ਹੀ ਗਰੀਬ ਸੀ। 'ਪੱਛੜੀਆਂ ਸ਼੍ਰੇਣੀਆਂ' ਨਾਲੋਂ ਵੀ ਵੱਧ।

ਉਹ ਇੰਟਰਵਿਊ ਦੇਣ ਗਿਆ। ਉਸ ਨੂੰ ਸੱਦਿਆ ਗਿਆ। 'ਰਸਮੀ' ਜਿਹੇ ਸੁਆਲ ਪੁੱਛੇ ਗਏ ਤੇ ਬਾਹਰ ਭੇਜ ਦਿੱਤਾ ਗਿਆ। ਉਸਨੂੰ ਰੱਖਿਆ ਨਹੀਂ ਗਿਆ ਸੀ। ਘਰ ਵਾਪਸ ਆਉਂਦਾ ਉਹ ਸੋਚ ਰਿਹਾ ਸੀ ਕਿ ਮੇਰੇ ਪਰਿਵਾਰ ਤੇ ਹਰੀਜਨਾਂ ਦੇ ਪਰਿਵਾਰ 'ਚ ਕੀ ਫਰਕ ਹੈ; ਬਸ ਨਾਂ ਦੇ ਹੀ ਜੱਟ ਹਾਂ। ਏਦੂੰ ਤਾਂ ਹਰੀਜਨਾਂ ਦੇ ਘਰੇ ਜੰਮ ਪੈਂਦੇ, ਨੌਕਰੀ ਤਾਂ ਮਿਲ ਜਾਂਦੀ।

***ਫਰਵਰੀ, 1982***

# ਕਾਗਜ/ਡਾ.ਬਲਜੀਤ ਤਖ਼ਤੂਪੁਰੀ

ਜੀ.ਟੀ. ਰੋਡ ਤੇ ਸਕੂਟਰ ਆਪਣੀ ਪੂਰੀ ਰਫਤਾਰ ਨਾਲ ਜਾ ਰਿਹਾ ਸੀ। ਅਗਲੇ ਚੌਂਕ 'ਤੇ ਟ੍ਰੈਫਿਕ ਇੰਚਾਰਜ ਖੜ੍ਹਾ ਸੀ। ਉਸ ਦੂਰੋਂ ਹੀ ਮੈਨੂੰ ਦੇਖਕੇ ਹੱਥ ਨਾਲ ਰੁਕਣ ਦਾ ਇਸ਼ਾਰਾ ਦਿੱਤਾ ਤਾਂ ਮੈਂ ਇਕ ਦਮ ਸਕੂਟਰ ਠੱਲ ਲਿਆ। ਸਕੂਟਰ ਰੁਕਦੇ ਸਾਰ ਹੀ ਉਸ ਮੇਰੇ ਤੇ ਸੁਆਲਾਂ ਦੀ ਝੜੀ ਹੀ ਲਾ ਦਿੱਤੀ।

'ਤੇਰਾ ਡਰਾਈਵਿੰਗ ਲਾਈਸੈਂਸ ਹੈ?'

'ਜੀ ਹੈ!' ਮੈਂ ਜੇਬ ਚੋਂ ਕਾਪੀ ਕੱਢਦੇ ਹੋਏ ਕਿਹਾ।

'ਸਕੂਟਰ ਦੇ ਕਾਗ਼ਜ਼ ਪੱਤਰ ਕਿੱਥੇ ਨੇ?'

'ਕਾਗਜ਼ ਤਾਂ ਹੈ ਨੀ' , ਅਚਾਨਕ ਮੇਰੇ ਮੂੰਹੋਂ ਨਿਕਲ ਗਿਆ।

'ਹੈ ਨੀ ਤਾਂ ਸਕੂਟਰ ਪਾਸੇ ਲਾ ਕੇ ਖੜ੍ਹਾਦੇ, ਹੁਣੇ ਦੱਸਦਾਂ ਕਾਗਜ਼ ਕਿਮੇਂ ਬਣਦੇ ਐ, ਚੋਰੀ ਦਾ ਮਾਲ ਜੂ ਹੋਇਆ....'

'ਨਹੀਂ ਜਨਾਬ! ਚੋਰੀ ਦਾ ਨੀ ਇਹਦੇ ਕਾਗਜ਼ ਪੱਤਰ ਰਜਿਸਟਰੇਸ਼ਨ ਵਾਸਤੇ ਕਚਹਿਰੀ 'ਚ ਗਏ ਹੋਏ ਨੇ।' ਮੈਂ ਫਟਾ ਫਟ ਦਸਾਂ ਦਾ ਨੋਟ ਇੰਸਪੈਕਟਰ ਵੱਲ ਵਧਾਉਂਦੇ ਹੋਏ, ਸਫਾਈ ਪੇਸ਼ ਕਰਦੇ ਕਿਹਾ।

ਨੋਟ ਨੂੰ ਝਮੁੱਟ ਜਿਹੀ ਮਾਰ ਕੇ ਫੜਦੇ ਉਸ ਢਿੱਲੇ ਜਿਹੇ ਪੈਂਦੇ ਕਿਹਾ-

'ਇਹ ਵੀ ਤਾਂ ਕਾਗ਼ਜ਼ ਹੀ ਨੇ।'

***ਫਰਵਰੀ, 1982***

# ਕਹਿਣੀ ਤੇ ਕਰਨੀ/ਆਤਮਾ ਸਿੰਘ ਚਿੱਟੀ

ਮ੍ਰਿਤਕ ਦੇ ਰਿਸ਼ਤੇਦਾਰ , ਮਿੱਤਰ ਤੇ ਸ਼ੁਭਚਿੰਤਕ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਅਤੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੋਣ ਲਈ ਸ਼ੋਕ ਸਮਾਗਮ ਵਿਚ ਆਏ ਹੋਏ ਹਨ। ਇਕ ਪ੍ਰਚਾਰਕ ਮਾਈਕ ਅੱਗੇ ਖੜੋ ਕੇ ਸੰਗਤ ਨੂੰ ਦੱਸ ਰਿਹਾ ਹੈ।

'ਸੰਸਾਰ ਵਿਚ ਜੋ ਕੁੱਝ ਸਾਨੂੰ ਦਿਸ ਰਿਹਾ ਹੈ: ਇਹ ਸਭ ਬੱਦਲ ਦੀ ਛਾਂ ਵਾਂਗੂੰ ਨਾਸ਼ਵਾਨ ਹੈ। ਜੋ ਚੀਜ਼ ਪੈਦਾ ਹੋਈ ਹੈ, ਉਸ ਨੇ ਅੱਜ ਜਾਂ ਕੱਲ ਨੂੰ ਜ਼ਰੂਰ ਖਤਮ ਹੋਣਾ ਹੈ।'

ਪ੍ਰਚਾਰਕ, ਰੁਪਈਏ ਦੇਣ ਆ ਰਹੀ ਸੰਗਤ ਨੂੰ ਚੋਰ ਅੱਖ ਨਾਲ ਵਿਚੋ ਵਿਚੀ ਦੇਖੀ ਜਾਂਦਾ ਹੈ ਤੇ ਭਾਸ਼ਨ ਦੀ ਲੜੀ ਜਾਰੀ ਹੈ-

'ਜਦੋਂ ਕਿ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਦੁਨੀਆਂ ਦੀ ਹਰ ਸ਼ੈਅ ਨਾਸ਼ਵਾਨ ਹੈ, ਫਿਰ ਅਸੀਂ ਮਾਇਆ ਦੀ ਫਾਹੀ ਵਿਚ ਫਸ ਕੇ ਰੱਬ ਦੇ ਨਾਂ ਨੂੰ ਕਿਉਂ ਭੁਲਾ ਦਿੱਤਾ ਹੈ। ਇਹ ਮਾਇਆ ਖੋਟੀ ਰਾਸ ਹੈ। ਇਸ ਨੇ ਕਈ ਘਰ ਤਬਾਹ ਕਰ ਦਿੱਤੇ ਹਨ। ਇਸ ਨੇ ਸਾਰੇ ਸੰਸਾਰ ਨੂੰ ਆਪਣੇ ਜਾਲ ਵਿਚ ਜਕੜ ਰੱਖਿਆ ਹੈ। ' ਪੰਡਾਲ ਵਿਚ ਸ਼ਨਾਟਾ ਛਾ ਗਿਆ ਹੈ। ਹਰ ਇਕ ਮੌਤ ਦੇ ਪੰਜੇ ਤੋਂ ਡਰ ਰਿਹਾ ਹੈ- ਜਿਵੇਂ ਮੌਤ ਸਾਹਮਣੇ ਖੜੀ ਦਿਸ ਰਹੀ ਹੋਵੇ।

'ਪਿਆਰੀ ਸਾਧ ਸੰਗਤ ਜੀ! ਇਹ ਸਰੀਰ ਅਤੇ ਮਾਇਆ ਸਾਡੇ ਨਾਲ ਨਹੀਂ ਜਾਂਦੇ। ਇਹਨਾਂ ਦੋਹਾਂ ਤੇ ਮਾਣ ਕਰਨਾ ਵਿਅਰਥ ਹੈ। ਅੰਤ ਵੇਲੇ ਇਹਨਾਂ ਵਿੱਚੋਂ ਕੋਈ ਵੀ ਸਾਡਾ ਸਾਥ ਨਹੀਂ ਦਿੰਦਾ। ਪਰਮਾਤਮਾ ਦਾ ਸਿਮਰਨ ਹੀ ਸਾਡਾ ਸੱਚਾ ਸਾਖੀ ਹੈ। ਪਰ ਅੱਜ ਦਾ ਮਨੁੱਖ ਮਾਇਆ ਦੇ ਨਸ਼ੇ ਵਿਚ ਮਸਤ ਹੈ। ਇਸ ਪਿੱਛੇ ਪਾਗਲ ਹੋਇਆ ਵਾਹਿਗੁਰੂ ਦਾ ਨਾਮ ਭੁਲਾ ਬੈਠਾ ਹੈ।

ਸੰਗਤ ਵੱਲੋਂ ਮਾਇਆ ਆਉਣ ਕਰਕੇ ਪ੍ਰਚਾਰਕ ਦਿੱਤੇ ਵਕਤ ਤੋਂ ਵੱਧ ਸਮਾਂ ਲੈਣ ਦੀ ਕੋਸ਼ਿਸ਼ ਵਿਚ ਹੈ। ਸਟੇਜ ਸਕੱਤਰ ਉਸ ਦਾ ਪਜਾਮਾ ਖਿੱਚਦਾ ਹੈ। ਅਖੀਰ ਉਹਦੇ ਗਿੱਟੇ ਤੇ ਚੂੰਢੀਆਂ ਵੱਢ ਕੇ ਉਸ ਨੂੰ ਭਾਸ਼ਨ ਬੰਦ ਕਰਨ ਤੇ ਮਜ਼ਬੂਰ ਕਰ ਦਿੱਤਾ ਜਾਂਦਾ ਹੈ।

ਸ਼ੋਕ ਸਮਾਚਾਰ ਤੋਂ ਬਾਅਦ 'ਮਾਇਆ ਦਾ ਲਾਲਚ ਨਾ ਕਰੋ' ਦਾ ਪ੍ਰਚਾਰ ਕਰਨ ਵਾਲਾ ਲੜ ਝਗੜ ਕੇ ਘਰ ਵਾਲਿਆਂ ਤੋਂ ਹੋਰ ਵਧੇਰੇ ਭੇਟਾ ਮੰਗ ਰਿਹਾ ਹੈ।

*ਫਰਵਰੀ, 1982*

## ਮਨੁੱਖ ਤੇ ਮੁਸਾਫਰ/ਤਰਲੋਚਨ ਸਮਾਧਵੀ

ਕਾਫੀ ਦੇਰ ਤੋਂ ਕੋਈ ਬਸ ਨਹੀਂ ਸੀ ਆਈ। ਜਿਹੜੀਆਂ ਇੱਕ ਦੋ ਆਈਆਂ ਵੀ ਉਹ ਇਸ ਅੱਡੇ 'ਤੇ ਨਹੀਂ ਸਨ ਰੁਕੀਆਂ। ਹਰ ਕੋਈ ਬੜਾ ਬੇਕਰਾਰ ਜਿਹਾ ਸੀ। ਭਾਂਤ-ਭਾਂਤ ਦੀਆਂ ਗੱਲਾਂ ਹੋ ਰਹੀਆਂ ਸਨ। ਰਾਜਨੀਤੀ ਬਾਰੇ, ਸਾਧਾਂ-ਸੰਤਾਂ, ਹਕੀਮਾਂ ਤੇ ਡਾਕਟਰਾਂ ਬਾਰੇ, ਪਾੜ੍ਹਿਆਂ ਤੇ ਪਾੜ੍ਹੀਆਂ ਦੀਆਂ ਖਰਮਸਤੀਆਂ ਬਾਰੇ । ਇਨ੍ਹਾਂ ਗੱਲਾਂ ਵਿੱਚੋਂ ਮੁਸਾਫਰਾਂ ਨੂੰ ਅਨੋਖਾ ਸੁਆਦ ਆ ਰਿਹਾ ਸੀ। ਸੱਜੇ ਪਾਸੇ ਬੈਠੇ ਭਈਏ ਆਪਣੀ ਬੋਲੀ ਵਿਚ ਪਤਾ ਨਹੀਂ ਕੀ ਗੱਲਾਂ ਕਰ ਰਹੇ ਸਨ। ਹਰ ਸਵਾਰੀ ਬੜੀ ਉਤਸੁਕਤਾ ਨਾਲ ਖਾਲੀ ਸੜਕ ਵਲ ਝਾਕ ਰਹੀ ਸੀ।

ਇਕ ਬਸ ਆਉਂਦੀ ਦਿਸੀ। ਸਾਰਿਆਂ ਦੇ ਚਿਹਰਿਆਂ ਉਪਰ ਮਿੱਠੀ ਖੁਸ਼ੀ ਤੇ ਤਸੱਲੀ ਦੀ ਲਹਿਰ ਫੈਲ ਗਈ। ਸਾਰਿਆਂ ਨੇ ਆਪਣਾ ਸਮਾਨ ਚੁੱਕਿਆ ਤੇ ਚੜ੍ਹਨ ਲਈ ਤਿਆਰ ਹੋ ਗਏ। ਸਵਾਰੀਆਂ ਬਸ ਉਪਰ ਟੁੱਟ ਪਈਆਂ, ਭਈਏ ਪਿਛਲੀ ਤਾਕੀ ਵਲ ਅਹੁਲੇ।

'ਉਏ ਤੁਸੀਂ ਉਤੇ ਚੜ੍ਹ ਜਾਓ, ਅੰਦਰ ਸਵਾਰੀਆਂ ਚੜ੍ਹਨ ਦਿਓ, ਚਲੋ ਚਲੋ ਉਤੇ, ਵਿਚ ਹੈਨੀ ਥਾਂ।' ਕੰਡਕਟਰ ਨੇ ਬਸ 'ਚੋਂ ਉਤਰਦਿਆਂ ਹੱਥ ਦੇ ਇਸ਼ਾਰੇ ਨਾਲ ਕਿਹਾ। ਗੈਰ ਸਵਾਰੀਆਂ ਉਪਰ ਚੜ੍ਹਨ ਲੱਗੀਆਂ।

*ਮਾਰਚ, 1982*

## ਭੈਅ/ਰਣਜੀਤ ਗਰੇਵਾਲ

ਬਸ ਦੇ ਅੰਦਰ ਕੋਈ ਬਹੁਤੀ ਭੀੜ ਨਹੀਂ ਸੀ। ਪਰ ਚੜ੍ਹਨ ਲਈ ਭੀੜ-ਤੋਬਾ। ਹੇਠ ਉੱਤਰ ਰਹੀਆਂ ਸਵਾਰੀਆਂ ਨੂੰ ਧੱਕਦੀ ਭੀੜ ਹੋ ਹੇ ਹਾ ਹਾ ਕਰਦੀ ਉਹਨਾਂ ਨੂੰ ਅੰਦਰ ਵਲ ਹੀ ਧੱਕ ਕੇ ਲੈ ਗਈ।

ਇਸੇ ਜ਼ੋਰ ਅਜ਼ਮਾਈ ਵਿਚ ਇਕ ਨਵਾਂ ਜੋੜਾ ਧੁਸ ਦਿਤੀ ਅੰਦਰ ਵੜਿਆ ਤੇ ਤਿੰਨ ਵਾਲੀ ਸੀਟ ਉਤੇ, ਜਿਸ ਵਿਚ ਦੋ ਦੀ ਥਾਂ ਖਾਲੀ ਸੀ, ਟੋਕਰੀ ਸੁੱਟਦਾ ਹੋਇਆ ਪਤੀ ਪਤਨੀ ਨੂੰ ਕਹਿਣਾ ਲੱਗਾ-ਛੇਤੀ ਕਰ ਬੈਠ ਜਾਹ।

ਤੁਸੀਂ ਪਰਲੇ ਪਾਸੇ ਹੋ ਜਾਵੋ- ਪਤਨੀ ਕਹਿਣ ਲੱਗੀ

ਤੁਸੀਂ ਹੋ ਜਾਵੋ ਇਧਰ ਤਾਂ ਭੀੜ ਬਹੁਤ ਐ।

ਕੋਈ ਗੱਲ ਨਹੀਂ- ਪਤਨੀ ਨੇ ਹੌਲੀ ਦੇ ਕੇ ਕਿਹਾ- ਉਧਰ ਪੁਲਸੀਆ ਬੈਠਾ।

*ਅਪ੍ਰੈਲ, 1982*

## ਇਨਕਲਾਬੀ/ਰਮੇਸ਼ ਢੰਡ

ਬੱਸਾਂ ਦੇ ਭਾੜੇ ਵਿਚ ਹੋਏ ਵਾਧੇ ਦੇ ਖਿਲਾਫ ਨੌਜਵਾਨ ਸਭਾ ਦੇ ਮੈਂਬਰਾਂ ਨੇ ਰੋਸ ਮੁਜ਼ਾਹਰੇ ਕੀਤੇ ਅਤੇ ਥਾਂ ਥਾਂ ਬੱਸਾਂ ਰੋਕਣ ਦਾ ਫੈਸਲਾ ਕੀਤਾ। ਸਰਕਾਰ ਨੇ ਮੁਜ਼ਾਹਰਾਕਾਰ ਨਾਲ ਸਖਤੀ ਨਾਲ ਨਿਬੜਣ ਦਾ ਫੈਸਲਾ ਕੀਤਾ ਅਤੇ ਹੱਕ ਨਿਆਂ ਲਈ ਜੂਝਦੇ ਨੌਜਵਾਨਾਂ ਤੇ ਕਈ ਥਾਂ ਗੋਲੀ ਚਲਾਈ। ਅਜਿਹੀ ਹੀ ਇਕ ਮੁੱਠ ਭੇੜ ਵਿਚ ਕਿਸੇ ਗਰੀਬ ਦਾ ਗਊ ਵਰਗਾ ਪੁੱਤ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋ ਗਿਆ। ਨੌਜਵਾਨ ਵਿਚ ਰੋਹ ਦੀ ਲਹਿਰ ਫੈਲ ਗਈ-ਸ਼ਹੀਦ ਦੀ ਅਰਥੀ ਦਾ ਸਾਰੇ ਬਜਾਰ ਵਿਚ ਜਲੂਸ ਕੱਢਿਆ ਗਿਆ 'ਖੂਨ ਦਾ ਬਦਲਾ ਖੂਨ' ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਸਾਰਾ ਬਜ਼ਾਰ ਗੂੰਜ ਉਠਿਆ। ਲੱਗਦਾ ਸੀ ਕੋਈ ਅਣਹੋਣੀ ਹੋ ਕੇ ਰਹੇਗੀ। ਸ਼ਹੀਦ ਦਾ ਅੰਤਮ ਸੰਸਕਾਰ ਕਰਕੇ ਹੁਣ ਮੁਜਾਹਰਾਕਾਰ ਵਾਪਿਸ ਜਾ ਰਹੇ ਸਨ। ਮੇਰੀ ਨਿਗਾਹ ਦੋ ਨੌਜਵਾਨਾਂ ਤੇ ਪਈ ਜੋ ਹੁਣ ਤੋਂ ਥੋੜ੍ਹੀ ਦੇਰ ਪਹਿਲਾਂ 'ਖੂਨ ਦਾ ਬਦਲਾ ਖੂਨ' ਦੇ ਨਾਹਰੇ ਬੜੇ ਜੋਸ਼ ਨਾਲ ਲਾ ਰਹੇ ਸਨ ਹੁਣ ਉਹ ਗੋਲੀਆਂ ਦੇ ਨਸ਼ੇ ਵਿਚ ਧੁਤ ਇਕ ਦੂਜੇ ਵਿਚ ਟਕਰਾ ਰਹੇ ਸਨ ਅਤੇ ਉਨ੍ਹਾਂ ਦੇ ਹੱਥਾਂ ਵਿਚ ਫੜੀਆਂ ਇਨਕਲਾਬ ਦੀਆਂ ਸੂਚਕ ਲਾਲ ਝੰਡੀ ਵਾਲੀਆਂ ਸੋਟੀਆਂ ਉਨ੍ਹਾਂ ਦੇ ਲੜਖੜਾਂਦੇ ਕਦਮਾਂ ਨੂੰ ਸਹਾਰੇ ਦਾ ਕੰਮ ਦੇ ਰਹੀਆਂ ਸਨ।

*ਮਈ, 1982*

## ਡੂਢ ਸੌ ਵਾਲੇ ਸੱਤ ਸੌ ਵਾਲੇ/ਡਾ. ਬਲਜੀਤ ਤਖ਼ਤੂਪੁਰੀ

ਪਿੰਡ ਦੇ ਵੱਡੇ ਥੜ੍ਹੇ 'ਚ ਖੁੰਡ-ਚਰਚਾ ਚੱਲ ਰਹੀ ਸੀ-

'ਕਹਿੰਦੇ ਆ ਆਪਣੀ ਮੰਡੀ 'ਚ ਨਮਾ ਅੰਗਰੇਜ਼ੀ ਸਕੂਲ ਖੁਲ੍ਹਿਆ ਨਿੱਕੇ ਜੁਆਕਾਂ ਲਈ' । ਬਾਬੇ ਸੁਰੈਣੇ ਨੇ ਸਹਿਜ ਸੁਭਾ ਗੱਲ ਤੋਰੀ।

'ਆਹੋ ਬਾਈ ਸਿੰਹਾਂ ਕਮੇਟੀ ਵਾਲਿਆਂ ਹੀ ਖੁਲਾਇਆ' , ਪ੍ਰਤਾਪਾ ਬੋਲਿਆ। ਪਰ ਪ੍ਰਤਾਪ

ਸਿੰਹਾਂ! ਕਹਿੰਦੇ ਉਹਦੀਆਂ ਫੀਸਾਂ ਬਹੁਤ ਡਬਲ ਐ।'

'ਆਹੋ ਬਾਈ ਤੂੰ ਠੀਕ ਈ ਕਹਿੰਨਾ, ਫਿਰ ਖਰਚੇ ਬੀ ਤਾਂ ਵਿਚੋਂ ਈ ਪੂਰੇ ਕਰਨੇ ਐ। ਜਿਹੜੀਆਂ ਮਾਸਟਰਾਣੀਆਂ ਰੱਖੀਆਂ ਨੇ ਉਨ੍ਹਾਂ ਨੂੰ ਵੀ ਤਨਖਾਹ ਵਿਚੋਂ ਈ ਦਿੰਦੇ ਹੋਣਗੇ।'

'ਪ੍ਰਤਾਪਿਆ ਗੱਲ ਤਾਂ ਤੇਰੀ ਵੀ ਠੀਕ ਆ ਪਰ ਉਨ੍ਹਾਂ ਨੂੰ ਕਿਹੜੇ ਪੌਂਡ ਦਿੰਦੇ ਆ ਮਸਾਂ ਸੌ, ਡੂਢ ਸੌ ਦਿੰਦੇ ਹੋਣਗੇ।'

'ਬਾਈ ਕਹਿੰਦੇ ਆ ਉਹ ਤਾਂ ਪੜ੍ਹੀਆਂ ਬੀ ਬਾਲ੍ਹੀਆਂ ਹੁੰਦੀਆਂ।'

'ਫੇਰ ਉਨ੍ਹਾਂ ਨੂੰ ਕੀ ਲੋੜ ਆ ਡੂਢ ਸੌ ਤੇ ਕੰਮ ਕਰਨ ਦੀ' ਵਿੱਚੋਂ ਇਕ ਹੋਰ ਬੋਲਿਆ।

'ਸਰਕਾਰੀ ਨੌਕਰੀ ਕਿਹੜਾ ਸੌਖੀ ਮਿਲਦੀ ਐ। ਬਾਈ ਸਿੰਹਾਂ ਅਕਸਰ ਚੌਦਾਂ ਸਾਲ ਖੂਹ 'ਚ ਪਾ ਕੇ ਘਰ ਕਿਮੇਂ ਬਹਿ ਜਾਣ ਨਾਲ ਰੋਟੀ ਦਾ ਬੀ ਤਾਂ ਮਸਲਾ ਹੋਇਆ ਨਾ।' ਪ੍ਰਤਾਪੇ ਨੇ ਸਰਕਾਰ ਦੀ ਰੁਜ਼ਗਾਰ ਨੀਤੀ ਤੇ ਵਿਅੰਗ ਕਸਦਿਆਂ ਕਿਹਾ।

'ਆਹੋ ਬਾਈ ਜਿਹੜੇ ਘਰਦਿਆਂ ਨੇ ਐਨੇ ਵਰ੍ਹੇ ਪੜ੍ਹਾਤੀਆਂ ਉਨ੍ਹਾਂ ਵੀ ਤਾਂ ਟੁੱਕ ਚਾਹੀਦੈ ਈ ਆ ਨਾ ਹੁਣ ਫਿਰ ਬੁੱਢੇ ਵਾਰੇ। ਉਹ ਵੀ ਕੀ ਕਰਨ ਵਿਚਾਰੇ। ਚੱਲ ਜੇ ਘੱਟ ਮਿਲਦੇ ਤਾਂ ਘੱਟ ਹੀ ਸਹੀ ਅਗਲਾ ਕਹਿੰਦਾ ਘਰ ਬੈਠਣ ਨਾਲੋਂ ਤਾਂ ਚੰਗਾ ਈ ਆ।'

'ਨਾ ਬਾਬਾ ਫੇਰ ਕਿਹੜਾ ਉਹ ਜੁਆਕਾਂ ਨੂੰ ਐਮ.ਏ. ਕਰਾ ਦਿੰਦੀਆਂ ਬਹਿ ਕੇ ਈ ਤਾਂ ਮੁੜ ਆਉਂਦੀਆਂ। ਉਹ ਕਿਹੜਾ ਉੱਥੇ ਜੁਆਕਾਂ ਨੂੰ ਪੜ੍ਹਾਉਂਦੀਆਂ ਨੇ। ਆਪਣੇ ਈ ਸੂਈ ਸਲਾਈ ਦੇ ਕੰਮ ਕਰਕੇ ਆ ਜਾਂਦੀਆਂ।' ਕੋਲ ਬੈਠੇ ਮਾਸਟਰ (ਸਰਕਾਰੀ) ਤੋਂ ਬਾਬੇ ਦੀ ਗੱਲ ਸੁਣ ਕੇ ਰਿਹਾ ਨਾ ਗਿਆ। 'ਆਹੋ ਬਈ ਮਾਸਟਰਾ! ਜਦੋਂ ਤੁਸੀਂ ਸੱਤ ਸੌ ਵਾਲੇ ਨੀ ਕੱਖ ਪੱਲੇ ਪਾਉਂਦੇ ਜੁਆਕਾਂ ਦੇ ਤੇ ਉਹ ਵਿਚਾਰੀਆਂ ਡੂਢ ਸੌ ਵਾਲੀਆਂ ਕੀ ਕਰਨ।' ਬਾਬੇ ਸੁਰੈਣੇ ਨੇ ਟੇਢੀ ਜਿਹੀ ਅੱਖ ਨਾਲ ਮਾਸਟਰ ਵੱਲ ਝਾਕਦਿਆਂ ਕਿਹਾ।

***ਮਈ, 1982***

## ਦਾਣਾ/ਸੁਲੱਖਣ ਮੀਤ

ਦੇਖਣ ਤੋਂ ਉਹ ਪੂਰਾ ਗੁਰਸਿੱਖ ਲੱਗਦਾ। ਉਹ ਜਿੱਥੇ ਵੀ ਜਾਂਦਾ, ਉਸ ਦੀ ਈਮਾਨਦਾਰੀ ਦੀ ਚਰਚਾ ਹੁੰਦੀ। ਅਕਾਲੀ ਨੇਤਾਵਾਂ ਨੇ ਸੋਚਿਆ– ਗੁਰਸਿੱਖ ਹੀ ਮਿਹਨਤੀ ਅਤੇ ਈਮਾਨਦਾਰ ਕਰਮਚਾਰੀ ਹੋ ਸਕਦਾ ਹੈ। ਇਸ ਲਈ ਆਪਣੀ ਵਜ਼ਾਰਤ ਹੋਣ ਕਰਕੇ ਉਹਨਾਂ ਨੇ ਉਸ ਨੂੰ 'ਏ' ਕਲਾਸ ਸਟੇਸ਼ਨ ਉੱਤੇ ਬਦਲ ਦਿੱਤਾ। ਉਹ ਅੰਦਰੋਂ ਅੰਦਰੀ ਬੜਾ ਦੁਖੀ ਹੋਇਆ। ਉਹ ਸਾਰੀ ਰਾਤ ਪਤਨੀ ਨਾਲ ਝੂਰਦਾ ਰਿਹਾ ਸੀ– ਬੱਚੇ ਮਸਾਂ ਹੀ ਸਕੂਲ ਜਾਣ ਲੱਗੇ ਸੀ। ਮਸਾਂ ਹੀ ਚਾਰ ਬੰਦੇ ਮੂੰਹ ਮੁਲਾਹਜੇ ਵਾਲੇ ਬਣੇ ਸਨ। ਮਰਕੇ ਸਰਕਾਰੀ ਘਰ ਮਿਲਿਆ ਸੀ, ਨੱਕ ਰਗੜ ਕੇ....

ਕਾਂਗਰਸ ਸਰਕਾਰ ਆਈ ਤਾਂ ਉਸ ਨੇ ਉਸ ਨੂੰ ਇਸ ਲਈ ਖੁੱਡੇ ਲਾਈਨ ਲਾ ਦਿੱਤਾ ਕਿ ਉਹ ਅਕਾਲੀਆਂ ਦਾ ਬੰਦਾ ਸੀ। ਉਹ ਸਾਰੀ ਰਾਤ ਦੋ ਪੁੜਾਂ ਵਿਚਕਾਰ ਆਏ ਦਾਣੇ ਵਾਂਗ ਪਿਸਦਾ ਰਿਹਾ ਸੀ।

***ਜੁਲਾਈ, 1982***

## ਮਜਬੂਰੀ/ਸੁਰਿੰਦਰ 'ਖੰਨਾ' ਜਲਾਲਾਬਾਦੀ

ਪਾਰੋ ਸਿਰ ਉਤਲਾ ਘੜਾ ਥੱਲੇ ਰੱਖਦੀ ਹੋਈ ਪਤੀ ਦੇਵ ਵੱਲ ਵਧੀ। ਬਾਂਹ ਪਕੜੀ। ਨਬਜ਼ ਬਹੁਤ ਤੇਜ਼ ਚੱਲ ਰਹੀ ਸੀ। ਹੁਣ ਤਾਂ ਡਾਕਟਰ ਦੀ ਦਿੱਤੀ ਹੋਈ ਦਵਾਈ ਵੀ ਖਤਮ ਹੋ ਚੁੱਕੀ ਸੀ। ਉਸਨੂੰ ਆਪਨਾ ਤੇ ਬੱਚਿਆਂ ਦਾ ਭਵਿੱਖ ਧੁੰਦਲਾ ਧੁੰਦਲਾ ਵਿਖਾਈ ਦੇਣ ਲੱਗਾ ਕਿਉਂਕਿ ਰੋਜ਼ੀ ਕਮਾਉਣ ਦਾ ਇੱਕੋ ਇੱਕ ਸਾਧਨ ਉਸ ਦਾ ਪਤੀ ਹੀ ਸੀ ਜੋ ਕਿ ਮੰਜੇ ਤੇ ਪਿਆ ਮੌਤ ਨਾਲ ਸੰਘਰਸ਼ ਕਰ ਰਿਹਾ ਸੀ। ਜੋ ਚਾਰ ਪੈਸੇ ਜੋੜੇ ਹੋਏ ਸਨ, ਸਭ ਡਾਕਟਰ ਦੇ ਘਰ ਜਾ ਚੁਕੇ ਸਨ ਤੇ ਹੁਣ ਦਵਾਈ ਜੋਗੇ ਵੀ ਪੈਸੇ ਨਹੀਂ ਸਨ। ਉਸਦੀ ਸੋਚਾਂ ਦੀ ਲੜੀ ਉਦੋਂ ਟੁੱਟੀ ਜਦੋਂ ਉਸਦੇ ਪਤੀ ਨੂੰ ਜ਼ੋਰਾਂ ਦੀ ਉਲਟੀ ਆਈ ਤੇ ਨਾਲ ਹੀ ਖ਼ੂਨ ਵੀ। ਏਨੇ ਚਿਰ ਨੂੰ ਵੱਡਾ ਮੁੰਡਾ ਬੀਰਾ ਬਾਹਰੋਂ ਖੇਡਦਾ ਘਰ ਆਇਆ। ਪਿਉ ਦੀ ਇਹ ਹਾਲਤ ਵੇਖ ਕੇ ਉਸਨੇ ਮਾਂ ਨੂੰ ਪੁੱਛਿਆ 'ਮਾਂ! ਭਾਪਾ ਜੀ ਅਜੇ ਠੀਕ ਨਹੀਂ ਹੋਏ? ਡਾਕਟਰ ਤਾਂ ਕਹਿੰਦਾ ਸੀ ਪਈ ਤੇਰੇ ਭਾਪਾ ਜੀ ਨੂੰ ਹੋਰ ਦਵਾਈ ਦੇਣ ਨਾਲ ਆਰਾਮ ਆ ਜਾਵੇਗਾ। ਮਾਂ! ਕੀ ਤੂੰ ਹੋਰ ਦਵਾਈ ਨਹੀਂ ਲਿਆਈ? ਮਾਂ ਤੂੰ ਬੋਲਦੀ ਕਿਉਂ ਨਹੀਂ?' ਬੱਚੇ ਦੀ ਇਸ ਤਰਸਯੋਗ ਹਾਲਤ ਨੂੰ ਵੇਖਕੇ ਮਾਂ ਦੀਆਂ ਆਂਦਰਾਂ ਦਾ ਰੁੱਗ ਭਰ ਆਇਆ। ਉਸਨੇ ਬੱਚੇ ਨੂੰ ਛਾਤੀ ਨਾਲ ਲਾਉਂਦਿਆਂ ਭਰੇ ਗਲੇ ਨਾਲ ਕਿਹਾ 'ਤੇਰੇ ਭਾਪਾ ਜੀ ਛੇਤੀ ਹੀ ਠੀਕ ਹੋ ਜਾਣਗੇ। ਮੈਂ ਹੁਣੇ ਹੋਰ ਦਵਾਈ ਲਿਆਉਂਦੀ ਹਾਂ।' ਕਹਿਣ ਨੂੰ ਤਾਂ ਪਾਰੋ ਕਹਿ ਗਈ ਪਰ ਹੁਣ ਦਵਾਈ ਲਈ ਪੈਸੇ ਕਿੱਥੋਂ ਲਿਆਵੇ? ਪਰ ਹੁਣ ਉਸਦੇ ਪੈਰ ਉਸ ਰਾਹ ਜਾ ਰਹੇ ਸਨ ਜੋ ਕਿ ਟਹਿਲੇ ਨੰਬਰਦਾਰ ਦੇ ਖੇਤ ਵਿਚ ਬਣੇ ਹੋਏ ਕੋਠੇ ਵੱਲ ਜਾਂਦਾ ਸੀ।

*ਜੁਲਾਈ, 1982*

## ਦਿਹਾੜੀ/ਪ੍ਰੋ. ਚਾਨਣ ਸਿੰਘ ਨਿਰਮਲ

ਨੱਥੇ ਨੇ ਲੋਕਾਂ ਦਾ ਆਮ ਚਲਦਾ ਪੰਦਰਾਂ ਫੁਟ ਦਾ ਲੰਮਾ ਰਸਤਾ ਆਪਣੇ ਖੇਤ ਵਿਚ ਮਿਲਾਉਣ ਲਈ ਇੱਟਾਂ ਮੰਗਵਾਈਆਂ ਤੇ ਰਾਜ ਲਗਾ ਦਿੱਤੇ। ਲੋਕਾਂ ਨੇ ਰੌਲਾ ਪਾਇਆ ਕਿ ਰਸਤਾ ਨਾ ਬੰਦ ਕਰੇ। ਤਰਲੇ ਕੀਤ, ਪੈਰੀਂ ਪਏ। ਪਰ ਉਸ ਇਕ ਨਾ ਮੰਨੀ। ਨੱਥਾ ਬੜਾ ਮੰਨਿਆ ਹੋਇਆ ਧਾੜਵੀ ਸੀ। ਆਖਰ ਮੈਂ ਅੱਗੇ ਵਧਿਆ ਤੇ ਰਾਜਾਂ ਨੂੰ ਬੇਨਤੀ ਕੀਤੀ,

'ਰਾਜ ਭਰਾਵੋ, ਵੀਰੋ ਇਹ ਸਾਡਾ ਰਸਤਾ ਮੱਲ ਰਿਹਾ ਹੈ। ਤੁਸੀਂ ਜਾਣ ਦੇ ਹੋ। ਕੰਮ ਕਰਨਾ ਛੱਡ ਦਿਉ। ਰਾਜ ਕਹਿਣ ਲਗੇ 'ਅਸਾਂ ਤਾਂ ਭਰਾਓ ਦਿਹਾੜੀ ਲਗਾਣੀ ਹੈ। ਸਾਨੂੰ ਰਸਤੇ ਨਾਲ ਕੋਈ ਵਾਸਤਾ ਨਹੀਂ।' ਤੇ ਉਹ ਕੰਮ ਕਰਦੇ ਗਏ ਕੰਧ ਉਸਾਰਨ ਦਾ।

'ਪਈ ਦਿਹਾੜੀ ਤਾਂ ਉਹਨਾਂ ਰਾਜਾਂ ਵੀ ਲਗਾਈ ਸੀ ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਾਇਆ ਸੀ।' ਮੈਂ ਕਿਹਾ। ਰਾਜ ਨਿਰ ਉਤਰ ਮੇਰੇ ਵਲ ਵੇਖਦੇ ਰਹੇ।

*ਅਗਸਤ, 1982*

# ਅਣਖੀ ਲਹੂ/ਅੰਗਰੇਜ਼ ਸਿੰਘ ਔਲਖ

ਸੇਠ ਦੀਨ ਦਿਆਲ ਸੋਫੇ ਤੇ ਬੈਠਾ ਸੀ। ਉਸ ਦਾ ਨੌਕਰ ਜਗਤੂ, ਉਸ ਦੀਆਂ ਲੱਤਾਂ ਦੀ ਮਾਲਿਸ਼ ਕਰ ਰਿਹਾ ਸੀ। ਮਜਦੂਰਾਂ ਦੀ ਕੀਤੀ ਅਚਾਨਕ ਹੜਤਾਲ ਨੇ ਸੇਠ ਦੇ ਸਰੀਰ 'ਚ ਇਕ ਭੂਚਾਲ ਲੈ ਆਂਦਾ। ਉਸ ਨੂੰ ਆਪਣੇ ਜ਼ਰਦ ਹੁੰਦੇ ਜਾਂਦੇ ਹੱਥਾਂ ਪੈਰਾਂ 'ਚੋਂ ਸੱਤਿਆ ਮੁੱਕਦੀ ਜਾਪੀ। ਕੰਬਦੀ ਆਵਾਜ਼ ਨੇ ਠਾਰੀ ਛੱਡੀ, 'ਮਖਾਂ ਜਗਤ ਸਿਆਂ! ਏਨ੍ਹਾਂ ਸੂਰਾਂ ਨੂੰ ਕੀ ਝੱਲ ਚੜ੍ਹ ਗਿਆ?'

ਜਗਤੂ ਦੇ ਜੁੜੇ ਹੱਥਾਂ 'ਚੋਂ ਨਮਕ ਹਲਾਲ ਝਾਕਦਾ ਸੀ। 'ਬਾਬੂ ਜੀ, ਆਪਣੇ ਵਿਚਕਾਰਲੇ ਕਾਕੇ ਨਰੇਸ਼ ਪਾਸੋਂ ਗਲਤੀ ਹੋ ਗਈ।' ਜਗਤੂ ਨੇ ਸੇਠ ਦੀਆਂ ਅੱਡੀਆਂ ਅੱਖਾਂ 'ਚੋਂ 'ਕੀ ਲਫਜ਼ ਪੜ੍ਹ ਲਿਆ ਤੇ ਤੇਲ ਲੱਗੇ ਹੱਥਾਂ ਨਾਲ ਮੁੱਛਾਂ ਹੇਠ ਸੁਟਦਿਆਂ ਕਿਹਾ, 'ਕਾਕੇ ਨੇ ਚੌੜ 'ਚ ਆਇਆਂ ਜਮਾਂਦਾਰ ਭੀਮੂ ਦੀ ਕੁੜੀ ਦੀ ਬਾਂਹ ਫੜ੍ਹ ਲਈ। ਐਨੀ ਸਾਰੀ ਗੱਲ ਐ।'

ਮਜਦੂਰ, ਕਾਰਖਾਨੇ ਦੇ ਦਫਤਰ ਦੇ ਨੇੜੇ ਢੁਕ ਗਏ ਸਨ। ਉਨ੍ਹਾਂ ਦੇ ਨਾਅਰਿਆਂ ਨੇ ਸੇਠ ਨੂੰ ਸ਼ਸ਼ੋਪੰਜ 'ਚ ਫਸਾ ਕੇ ਪ੍ਰੇਸ਼ਾਨ ਕਰ ਦਿੱਤਾ। ਜਗਤੂ ਨੇ ਮੌਕੇ ਦੀ ਨਜ਼ਾਕਤ ਸਮਝਦਿਆਂ, ਦਰਵਾਜ਼ਾ ਬੰਦ ਕਰ ਦਿੱਤਾ।

ਭੀਮੂ ਨੇ ਬਾਕੀ ਭੀੜ ਨੂੰ ਪਰ੍ਹਾਂ ਹੀ ਖੜ੍ਹੇ ਰਹਿਣ ਦਿੱਤਾ। ਉਸ, ਸੇਠ ਨੂੰ ਉੱਚੀ ਆਵਾਜ਼ 'ਚ ਆਪਣਾ ਇਰਾਦਾ ਦਰਸਾ ਦਿੱਤਾ। ਸੇਠ ਨੇ ਅਣਸਰਦੇ ਨੂੰ ਬਾਰੀ ਦੇ ਨੇੜੇ ਹੁੰਦਿਆਂ ਕਿਹਾ, 'ਭੀਮੂਆ, ਮੈਂ ਉਸ ਕੰਜਰੀ ਦੇ ਪੁੱਤ ਨੂੰ ਘਰੋਂ ਕੱਢ ਦੇਵਾਂਗਾ। ਦੇਵੀ ਦੀ ਸਹੁੰ ਮੈਂ ਉਸ ਕੰਬਖ਼ਤ ਦੀ ਸ਼ਕਲ ਨਹੀਂ ਦੇਖਾਂਗਾ। ਕੇਰਾਂ ਤੂੰ ਮੁਆਫ ਕਰ ਦੇ।'

ਭੀਮੂ ਦੇ ਮੁੰਡੇ ਨੂੰ ਭੀੜ ਰੋਕ ਰੋਕ ਕੇ ਰੱਖ ਰਹੀ ਸੀ ਪਰ ਉਹ ਸਭ ਨੂੰ ਪਰੇ ਧੱਕ ਕੇ, ਦਫਤਰ ਦੀ ਗਰਿੱਲ ਲੱਗੀ ਬਾਰੀ ਤੀਕ ਅੱਪੜ ਗਿਆ। ਉਸ ਲੂੰਹਦੇ ਬੋਲ ਛੱਡੇ, 'ਸਾਲ੍ਹਾ ਮਾਫੀਆਂ ਦਾ। ਦੱਲੇ ਨੂੰ ਮੇਰੇ ਸਾਹਮਣੇ ਕਰ। ਲਵਾਂ ਤੇਰੀ ਧੀ ਨਾਲ ਫੇਰੇ।' ਸੇਠ ਨੂੰ ਫੋਕਾ ਤਾਅ ਚੜ੍ਹਿਆ। ਉਸ ਨੇ ਜਗਤੂ ਨੂੰ ਪੁਲੀਸ ਨੂੰ ਟੈਲੀਫੋਨ ਕਰਨ ਲਈ ਕਿਹਾ। ਜਗਤੂ ਨੇ ਚੋਗਾ ਹੱਥ 'ਚ ਫੜਿਆ ਹੀ ਸੀ ਕਿ ਭੀਮੂ ਦੇ ਮੁੰਡੇ ਦੇ ਬੋਲ ਗਰਜੇ, 'ਉਏ ਜਗਤਿਆ, ਪੁਲੀਸ ਨੂੰ ਫੇਰ ਸੱਦੀਂ, ਪਹਿਲਾਂ ਆਪਣੀ ਧੀ ਨੂੰ ਸੇਠ....।'

ਜਗਤ ਦੇ ਸਰੀਰ 'ਚ ਇਕ ਝੁਣਝੁਣੀ, ਅਥਾਹ ਵੇਗ ਨਾਲ ਘੁੰਮੀ। ਗੁਲਾਮ ਲਹੂ ਅਣਖੀ ਲਹੂ ਬਣ ਕੇ ਵਿਚਰਣ ਲੱਗਾ।

ਚੋਗਾ ਥਾਂ ਸੁੱਟਕੇ, ਉਸ ਨੇ ਦਰਵਾਜਾ ਖੋਹਲ ਦਿੱਤਾ....।

*ਅਕਤੂਬਰ, 1982*

# ਜੇਬ ਕਤਰਾ/ਦਰਸ਼ਨ ਸਿੰਘ ਆਸ਼ਟ

'ਜੇਬ ਕਤਰਾ ਓ ਲੋਕੋ ਜੇਬ ਕਤਰਾ ਉਏ' ਉਹਨੇ ਆਪਣੀ ਜੇਬ ਕੱਟ ਰਹੇ ਇਕ ਆਦਮੀ ਨੂੰ ਫੜਕੇ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉੱਥੇ ਖੜ੍ਹੇ ਲਗਭਗ ਹਰੇਕ ਆਦਮੀ ਨੇ ਥੱਪੜ ਮਾਰਨੇ, ਵਾਲ ਪੁੱਟਣੇ ਤੇ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ।

'ਤੂੰ ਸਮਝ ਕੀ ਰੱਖਿਐ ਭੈਣ ਦੇ....ਜੇ ਤੈਨੂੰ ਪੁਲੀਸ ਹਵਾਲੇ ਨਾ ਕੀਤਾ ਤਾਂ ਮੈਨੂੰ ਕੌਣ ਜਾਣੂੰ?' ਉਹ ਜੇਬ ਕਤਰੇ ਨੂੰ ਕੁੱਟਦਾ ਹੋਇਆ ਨੇੜੇ ਹੀ ਥਾਣੇ 'ਚ ਲਿਜਾ ਰਿਹਾ ਸੀ।

'ਦੇਖੋ ਜਨਾਬ! ਏਸ ਜੇਬ ਕਤਰੇ ਨੇ ਮੇਰੀ ਜੇਬ ਕੱਟੀ ਏ ਏਨਾ ਸ਼ੁਕਰ ਮੈਂ ਪੈਸੇ ਬੋਚ ਲਏ ਨਹੀਂ ਤਾਂ...ਉਹ ਥਾਣੇਦਾਰ ਸਾਹਿਬ ਨੂੰ ਕਹਿ ਰਿਹਾ ਸੀ।

'ਤੂੰ ਛੱਡਦੇ ਇਹਨੂੰ ਮੈਂ ਹੁਣੇ ਸਿਖਾਉਨਾਂ ਗਰੀਬ ਲੋਕਾਂ ਦੀਆਂ ਜੇਬਾਂ ਕੱਟਣਾ' ਇਹ ਕਹਿੰਦਿਆਂ ਹੀ ਥਾਣੇਦਾਰ ਨੇ ਜੇਬ ਕਤਰੇ ਦੇ ਲੱਕ 'ਚ ਦਿਖਾਵੇ ਵਜੋਂ ਡੰਡਾ ਮਾਰਿਆ।

'ਸਰਦਾਰ ਸਾਹਿਬ, ਇਹਦੀ ਐਸੀ ਚਮੜੀ ਉਧੇੜ ਦਿਓ ਜਿਹੜਾ ਦਿਨਾਂ ਤੱਕ ਯਾਦ ਰੱਖੇ।'

'ਤੂੰ ਹੁਣ ਬੇ-ਫਿਕਰ ਰਹਿ ਤੇ ਜਾਹ, ਜੇ ਇਹਨੂੰ ਸਾਲੇ ਨੂੰ ਮਿਰਚਾਂ ਵਾਲੀ ਬੋਰੀ ਵਿਚ ਪਾ ਕੇ ਨਾ ਕੁੱਟਿਆਂ ਤਾਂ' ਥਾਣੇਦਾਰ ਨੇ ਉਹਦੇ ਨਾਲ ਹਮਦਰਦੀ ਪ੍ਰਗਟਾਉਂਦੇ ਹੋਏ ਨੇ ਕਿਹਾ। ਉਹ ਹੁਣ ਥਾਣੇ 'ਚੋਂ ਬਾਹਰ ਆ ਗਿਆ ਸੀ।

ਠਾਣੇਦਾਰ ਨੇ ਜੇਬ ਕਤਰੇ ਨੂੰ ਅੰਦਰ ਲਿਜਾਂਦਿਆਂ ਪੁੱਛਿਆ, 'ਕਿੰਨੇ ਬਣੇ ਨੇ ਤੜਕੇ ਦੇ ਹੁਣ ਤੱਕ?'

'ਜੀ ਸੌ ਕੁ ਰੁਪਈਆ ਬਣਿਐ ਦੋ ਜੇਬਾਂ ਕੱਟੀਆਂ ਸਨ।'

'ਲਿਆ ਕੱਢ ਫੇਰ' ਥਾਣੇਦਾਰ ਨੇ ਹੁਕਮ ਦਿੱਤਾ। ਸੌ ਰੁਪਏ ਜੇਬ ਕਤਰੇ ਤੋਂ ਫੜ ਲਏ। 'ਆਹ ਲੈ 25 ਰੁਪਏ ਨਾਲੇ ਮਾੜ੍ਹਾ ਜਾ ਚਲਾਕੀ ਨਾਲ ਕੰਮ ਕਰਿਆ ਕਰ! ਸਮਝਿਆ' ਥਾਣੇਦਾਰ ਨੇ 75 ਰੁਪਏ ਆਪ ਰੱਖ ਕੇ ਉਹਨੂੰ ਨਸੀਹਤ ਦਿੰਦਿਆਂ ਕਿਹਾ।

'ਆਹ ਤਾਂ ਜੀ ਸਾਲੇ ਨੂੰ ਪਤਾ ਨ੍ਹੀਂ ਕਿਵੇਂ ਪਤਾ ਲੱਗ ਗਿਆ ਊਂ ਮੈਂ ਤਾਂ ਚਲਾਕੀ ਈ ਵਰਤੀ ਸੀ' ਜੇਬ ਕਤਰੇ ਨੇ ਹੱਸਦਿਆਂ ਕਿਹਾ।

'ਚੰਗਾ ਆ ਪਿਛਲੀ ਕੰਧ ਟੱਪ ਕੇ ਆਪਣਾ ਸਮਾਨ ਬਦਲ ਆ, ਹੁਣ ਦੂਜੇ ਅੱਡੇ ਤੇ ਜਾਈਂ ਕੋਈ ਮੋਟੀ ਜਿਹੀ ਸਾਮੀ ਨੂੰ ਹੱਥ ਪਾਈਂ।' ਥਾਣੇਦਾਰ ਨੇ ਹੁਕਮ ਦਿੱਤਾ।

ਕੁਝ ਸਮੇਂ ਪਿੱਛੋਂ ਉਹ ਜੇਬ ਕਤਰਾ ਦੂਜੇ ਬੱਸ ਅੱਡੇ ਤੇ 'ਸਾਧੂ' ਬਣਕੇ ਇਧਰ ਉਧਰ ਚੱਕਰ ਮਾਰਨ ਲੱਗ ਪਿਆ।

*ਅਕਤੂਬਰ, 1982*

## ਸਵੇਰ ਹੋਣ ਤੱਕ/ਅਮਰਜੀਤ ਕੌਂਕੇ

ਉਹ ਸਾਈਕਲ ਚੁੱਕ ਕੇ ਕੋਠੀ 'ਚੋਂ ਬਾਹਰ ਨਿਕਲਦਾ ਹੈ। ਰੋਜ਼ ਵਾਂਗ ਉਸ ਦੇ ਕੰਨਾਂ ਵਿਚ ਆਵਾਜ਼ ਪੈਂਦੀ ਹੈ।

'ਸਾਲਿਆ, ਮਸ਼ਟਰਾ, ਚੂਹਿਆ...' ।

ਉਸ ਤੋਂ ਦਸ ਬਾਰਾਂ ਸਾਲ ਛੋਟਾ ਜੁਆਕ ਬੋਲ ਰਿਹਾ ਹੈ- ਤੇ ਫਿਰ ਹੋਰ ਬੱਚਿਆਂ ਤੇ ਸਿਆਣਿਆਂ ਦੇ ਹੱਸਣ ਦੀ ਆਵਾਜ਼- ਉਨ੍ਹਾਂ ਦੇ ਹਾਸੇ ਵਿਚ ਅਮੀਰੀ ਦੀ ਖਣਕਾਰ ਹੈ। ਉਸ ਦੇ ਮੂੰਹੋਂ ਬੋਲ ਕਿਰ ਜਾਂਦੇ ਹਨ।

'ਇਹ ਤੂੰ ਕਿਸ ਨਗਰੀ ਵਿਚ ਜਨਮ ਦਿੱਤਾ ਮਾਂ।'

ਮਾਂ ਉਸ ਦੀਆਂ ਅੱਖਾਂ ਸਾਹਮਣੇ ਖਿਲਾਅ ਵਿਚ ਤਰ ਪੈਂਦੀ ਹੈ। ਦੁਬਲੀ ਪਤਲੀ ਅੱਖਾਂ 'ਚ ਉੱਤਰਿਆ ਚਿੱਟਾ ਮੋਤੀਆ- ਕਈ ਮਹੀਨਿਆਂ ਤੋਂ ਉਹਦੀਆਂ ਅੱਖਾਂ ਦੀ ਜੋਤ ਘਟਦੀ ਜਾਂਦੀ ਪਰ ਅਜੇ ਤੱਕ ਦਵਾਈ ਨਹੀਂ ਆ ਸਕੀ।

ਉਹ ਸੋਚਦਾ ਹੈ ਆਖਿਰ ਇੰਜ ਕਿੰਨੇ ਦਿਨ ਹੋਵੇਗਾ? ਕਿੰਨਾ ਚਿਰ ਉਹ ਭੋਰਾ ਭਰ ਜੁਆਕ ਤੋਂ ਗਾਲ੍ਹਾਂ ਸੁਣੇਗਾ? ਕਿੰਨੇ ਦਿਨ ਉਸ ਆਵਾਜ਼ ਤੋਂ ਮਗਰੋਂ ਵਾਲਾ ਮਿਸ਼ਰਾ ਠਹਾਕਾ?

'ਟਿਊਸ਼ਨ ਛੱਡ ਦੇ ਅੱਗ ਲਾ।' ਜ਼ਮੀਰ ਸਿਰ ਚੁੱਕਦੀ ਹੈ।

'ਪਰ ਰੋਟੀ-? ਹੁਣ ਤਾਂ ਪੇਟ ਭਰ ਮਿਲ ਹੀ ਜਾਂਦੀ ਹੈ।'

'ਫਿੱਟ ਲਾਹਨਤ ਐ ਇਸ ਪੇਟ ਭਰਨ ਤੇ?' ਜ਼ਮੀਰ ਟਾਹ ਟਾਹ ਉਹਦੇ ਸਾਹਮਣੇ ਹੱਸ ਰਹੀ ਹੈ।

'ਹੋਰ ਦੱਸ ਕੀ ਕਰਾਂ? ਮੈਂ ਤਾਂ ਕੁਝ ਵੀ ਕਰ ਲਵਾਂਗਾ- ਪਰ ਬੁੱਢੀ ਮਾਂ ਦੀ ਭੁੱਖ ਕਿਵੇਂ ਵੇਖਾਂ- ਨਾਲੇ ਜਿੱਥੇ ਨੌਕਰੀ ਕਰਾਂਗਾ ਗਾਲ੍ਹਾਂ ਤਾਂ ਖਾਣੀਆਂ ਪੈਣਗੀਆਂ।' ਉਹਦੀ ਬੇਵਸੀ ਸੱਚ ਵਿਚ ਕੈਦੀ ਹੈ।

ਉਹ ਜ਼ਮੀਰ ਨੂੰ ਫਿਰ ਬੋਲਦੀ ਸੁਣਨਾ ਚਾਹੁੰਦਾ ਹੈ- ਪਰ ਜ਼ਮੀਰ ਲਾਜੁਆਬ, ਝੱਗ ਵਾਂਗ ਬੈਠਦੀ ਜਾਂਦੀ ਹੈ- ਜ਼ਮੀਰ ਦੀ ਚੁੱਪ ਉਸ ਤੋਂ ਜਰੀ ਨਹੀਂ ਜਾਂਦੀ-

'ਕੋਈ ਨਾ ਕਿਸੇ ਦਿਨ ਲੇਖੇ ਹੋਣਗੇ' ਉਹ ਆਪ ਹੀ ਬੋਲ ਕੇ ਜ਼ਮੀਰ ਨੂੰ ਹਲੂਣਦਾ ਹੈ ਤੇ ਜੋਸ਼ ਵਿਚ ਸਾਈਕਲ ਪੈਡਲ ਤੇਜ਼ ਤੇਜ਼ ਮਾਰਨੇ ਸ਼ੁਰੂ ਕਰ ਦਿੰਦਾ ਹੈ।

***ਫਰਵਰੀ-ਮਾਰਚ, 1983***

## ਸੱਚ/ਜੋਗਾ ਸਿੰਘ

ਕਟਹਿਰਾ ਉਸ ਦੇ ਸੱਜੇ ਪਾਸੇ ਹੈ।

ਜੇ ਖੱਬੇ ਪਾਸੇ ਹੁੰਦਾ ਤਾਂ ਵੀ ਕੀ ਹੋਣਾ ਸੀ।

ਹੁਣੇ ਕੋਈ ਗ੍ਰੰਥ, ਕੋਈ ਗੀਤਾ, ਝੁਕਦੀ ਹੋਈ ਆਏਗੀ ਤੇ ਉਸ ਦਾ ਹੱਥ ਆਪਣੈ ਸਿਰ ਉਤੇ ਰਖ ਕੇ ਬੋਲੇਗੀ।

ਕਹਿ- 'ਜੋ ਕਹਾਂਗਾ ਸੱਚ ਕਹਾਂਗਾ' , ਤੇ ਉਸ ਤੋਂ ਸੱਚ ਆਖਿਆ ਜਾਣਾ ਹੈ...ਉਸਦੀ ਮਜਬੂਰੀ ਹੈ ਕਿ ਕੋਈ ਮਖੌਟਾ ਉਸ ਦੇ ਮੇਚ ਨਹੀਂ ਆਇਆ ਤੇ ਉਹ ਨੰਗੇ ਮੂੰਹ ਅਦਾਲਤ ਨੂੰ ਤੁਰ ਆਇਆ ਹੈ...ਉਸਨੇ ਜੋ ਕੁਝ ਆਖਣਾ ਸੀ ਆਖ ਗਿਆ ਹੈ।

ਨਿਆਂ ਦੀ ਕੁਰਸੀ ਤੇ ਬੈਠੀ, ਬੁੱਢੀ ਖਸਤਾ ਪੁਸਤਕ ਘਿਗਿਆਂਦੀ ਅਵਾਜ਼ ਵਿਚ ਕੁਝ ਬੋਲੀ ਹੈ।

ਨਿਆਂ-ਘਰ ਵਿਚ ਇਕ ਤਨਜ਼ੀਆ ਹਾਸਾ ਫੈਲ ਗਿਆ ਹੈ ਪਤਾ ਨਹੀਂ ਕੁਰਸੀਆਂ ਦੇ ਹੱਸਣ ਦੀ ਅਵਾਜ਼ ਹੈ ਜਾਂ ਕੁਰਸੀਆਂ 'ਤੇ ਬੈਠੇ ਬੁਰਕਿਆਂ ਦੀ...

ਅਦਾਲਤ ਦੇ ਅਹਾਤੇ ਵਿਚ ਉੱਗ ਆਏ ਰੁੱਖ ਨੂੰ ਕਟਵਾ ਦੇਣ ਦਾ ਹੁਕਮ ਦੇ ਦਿੱਤਾ ਗਿਆ

ਹੈ...ਆਦਮੀ ਨੇ ਨਿਆਂ ਘਰ ਦੀਆਂ ਕੰਧਾਂ ਨੂੰ ਜੋ ਕੁਝ ਆਖਿਆ ਸੀ। ਉਹ ਕੰਧਾਂ ਨੂੰ ਪਾੜ ਕੇ ਬਾਹਰ ਆ ਗੂੰਜਿਆ ਹੈ ਰੁੱਖਾਂ ਦਾ ਕੁਲਨਾਸ ਨਹੀਂ ਹੋ ਸਕਦਾ।

*ਫਰਵਰੀ-ਮਾਰਚ, 1983*

## ਸਵਾਲ/ਸ਼ਿਆਮ ਸੁੰਦਰ ਅਗਰਵਾਲ

ਮੁੱਖ ਮੰਤਰੀ ਜਦੋਂ ਆਪਣੇ ਪਿੰਡ ਤੋਂ ਰਾਜਧਾਨੀ ਲਈ ਕੂਚ ਕਰਨ ਵਾਲੇ ਸਨ ਤਾਂ ਉਨ੍ਹਾਂ ਦੇ ਨੌਜਵਾਨ ਪੁੱਤਰ ਨੇ ਕਿਹਾ, ਪਿਤਾ ਜੀ, ਤੁਹਾਥੋਂ ਇਕ ਸਵਾਲ ਪੁੱਛਣਾ ਹੈ?'

'ਕਹਿ ਪੁੱਤਰ!'

'ਪਿਤਾ ਜੀ, ਤੁਸੀਂ ਪਿੰਡ ਵਿਚ ਇੰਨਾਂ ਵੱਡਾ ਹਸਪਤਾਲ ਖੁਲ੍ਹਵਾ ਦਿੱਤਾ ਹੈ, ਬੈਂਕ ਖੁਲ੍ਹਵਾ ਦਿੱਤਾ ਹੈ। ਇਸ ਲਈ ਲੋਕ ਤੁਹਾਡੀ ਬਹੁਤ ਤਾਰੀਫ ਕਰ ਰਹੇ ਹਨ। ਪਿੰਡ ਦੇ ਲੋਕ ਕਿੰਨੇ ਸਾਲਾਂ ਤੋਂ ਪਿੰਡ ਦੇ ਪ੍ਰਾਇਮਰੀ ਸਕੂਲ ਨੂੰ ਅਪਗ੍ਰੇਡ ਕਰ 'ਹਾਈ' ਬਣਾ ਦੇਣ ਦੀ ਮੰਗ ਕਰ ਰਹੇ ਹਨ, ਪਰੰਤੂ ਤਸੀਂ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੇ। ਮੈਂ ਜਦੋਂ ਵੀ ਪਿੰਡ ਆਉਂਦਾ ਹਾਂ, ਲੋਕ ਮੈਨੂੰ ਸਵਾਲ ਕਰਦੇ ਹਨ ਕਿ ਜੇਕਰ ਵਿਰੋਧੀ ਨੇਤਾ ਦੇ ਪਿੰਡ ਦਾ ਸਕੂਲ ਅਪਗ੍ਰੇਡ ਹੋ ਸਕਦਾ ਹੈ ਤਾਂ ਮੁੱਖ ਮੰਤਰੀ ਦੇ ਪਿੰਡ ਦਾ ਸਕੂਲ ਅਪਗ੍ਰੇਡ ਕਿਉਂ ਨਹੀਂ ਹੋ ਸਕਦਾ?'

ਆਪਣੀ ਗੱਲ ਪੂਰੀ ਕਰ ਉਸਨੇ ਉੱਤਰ ਲਈ ਆਪਣੀ ਨਿਗ੍ਹਾ ਪਿਤਾ ਦੇ ਚਿਹਰੇ 'ਤੇ ਗੱਡ ਦਿੱਤੀ।

ਮੁੱਖ ਮੰਤਰੀ ਮੁਸਕਰਾਏ। ਉਨ੍ਹਾਂ ਆਪਣਾ ਚਿਹਰਾ ਉੱਪਰ ਉਠਾਇਆ ਅਤੇ ਕਿਹਾ, 'ਪੁੱਤਰ, ਪਿੰਡ ਦਾ ਸਕੂਲ ਤਾਂ ਅੱਜ ਹੀ ਅਪਗ੍ਰੇਡ ਹੋ ਸਕਦਾ ਹੈ, ਪਰੰਤੂ ਸਵਾਲ ਇਹ ਹੈ ਕਿ ਜੇਕਰ ਪਿੰਡ ਦਾ ਸਕੂਲ ਮੈਟ੍ਰਿਕ ਤੱਕ ਦਾ ਹੋ ਗਿਆ ਤਾਂ ਫਿਰ ਆਪਣੇ ਇਤਨੇ ਵੱਡੇ ਫਾਰਮ 'ਚ ਕੰਮ ਕਰਨ ਲਈ ਸਸਤੇ ਮਜ਼ਦੂਰ ਕਿੱਥੋਂ ਆਉਣਗੇ? ਸਾਡੇ ਪਸ਼ੂਆਂ ਦੀ ਦੇਖ ਭਾਲ ਕੌਣ ਕਰੇਗਾ? ਸਾਰੇ ਤਾਂ ਪੜ੍ਹ ਲਿਖ ਕੇ ਸ਼ਹਿਰ ਚਲੇ ਜਾਣਗੇ ਜਾਂ ਆਪਣੇ ਲਈ ਬੇਕਾਰ ਹੋ ਜਾਣਗੇ।'

ਪੁੱਤਰ ਚੁੱਪ ਹੋ ਗਿਆ ਸੀ।

*ਮਈ-ਜੂਨ, 1987*

## ਤੜਪਦੀ ਰੀਝ ਦਾ ਸਿਵਾ/ਬਲਬੀਰ ਪਰਵਾਨਾ

ਮੋਟਰ ਚਲ ਰਹੀ ਸੀ। ਖੂਹ 'ਚੋਂ ਨਿਕਲ ਕੇ ਚਾਂਦੀ ਰੰਗੇ ਪਾਣੀ ਦੀ ਧਾਰ ਚੁਬੱਚੇ 'ਚ ਪੈਂਦੀ ਤੇ ਚੁਬੱਚੇ 'ਚੋਂ ਅਗਾਂਹ ਆਡ ਰਾਹੀਂ ਆਲੂਆਂ ਦੇ ਖੇਤ ਨੂੰ। ਆਡਾਂ 'ਚ ਪਾਣੀ ਮੋੜਦਾ ਨੌਕਰ ਇਕ ਪਲ ਸਾਹ ਲੈਣ ਲਈ ਰੁਕਿਆ ਤਾਂ ਕੋਲ ਖੜ੍ਹੇ ਸਰਦਾਰ ਜਗਰੂਪ ਸਿੰਘ ਨੇ ਕਿਹਾ, 'ਕਾਲਿਆ, ਆਲੂ ਭਰ ਗਏ ਤਾਂ ਤੋਰੀਏ ਨੂੰ ਪਾਣੀ ਮੋੜ ਦੇਵੀਂ। ਮੈਂ ਰਤਾ ਟੂਰਨਾਮੈਂਟ ਦੇਖ ਆਵਾਂ....।'

'ਚੰਗਾ ਜੀ' ਇਕ ਪਲ ਕਾਲਾ ਰੁਕਿਆ, '...ਨਹੀਂ ਤੇ ਰਾਤ ਨੂੰ ਪਾਣੀ ਲਾ ਲਈਏ। ਹੁਣ ਰਤਾ ਮੈਂ ਵੀ ਟੂਰਨਾਮੈਂਟ ਵੇਖ ਲਵਾਂ...ਜੀਅ ਬੜਾ ਕਰਦਾ ਏ ਜੀ....।' ਕਾਲਾ ਅੱਜ ਤੋਂ ਦਸ ਬਾਰਾਂ

ਸਾਲ ਪਹਿਲਾਂ ਆਪਣੀ ਭਰ ਜੁਆਨੀ 'ਚ ਖੁਦ ਕਬੱਡੀ ਦਾ ਬੜਾ ਵਧੀਆ ਖਿਡਾਰੀ ਹੁੰਦਾ ਸੀ।'

'ਤੈਂ ਉਥੇ ਟੂਰਨਾਮੈਂਟ 'ਚ ਕੀ ਦੇਖਣਾ...?...ਰਾਤ ਬਿਜਲੀ ਨਾ ਆਈ ਤਾਂ ਫਿਰ....ਤੋਰੀਏ ਨੂੰ ਪਾਣੀ ਨਾ ਲੱਗਾ ਤਾਂ ਇਹਦਾ ਕੱਖ ਨਹੀਂ ਰਹਿਣਾ....।'

ਉਹ ਸਿਰ ਸੁੱਟ ਮੁੜ ਆਡਾਂ 'ਚ ਪਾਣੀ ਮੋੜਨ ਲੱਗ ਪਿਆ। ਪਰ ਪਿੰਡ ਦੇ ਚੜ੍ਹਦੇ ਵੱਲ ਹੋ ਰਹੇ ਮੈਚਾਂ ਦੀ ਸਪੀਕਰ ਤੋਂ ਸੁਣਾਈ ਦੇ ਰਹੀ ਕੁਮੈਂਟਰੀ ਦੇ ਬੋਲ ਉਹਦੇ ਜ਼ਿਹਨ 'ਚ ਹਥੌੜਿਆਂ ਵਾਂਗ ਵੱਜਦੇ ਰਹੇ ਤੇ ਉਹ ਆਪਣੀ ਬੇਬਸੀ ਤੇ ਕੁੜ੍ਹਦਾ ਰਿਹਾ।

*ਅਪ੍ਰੈਲ-ਜੂਨ, 1989*

## ਖਾਲੀ ਹੱਥ/ਹਮਦਰਦਵੀਰ ਨੌਸ਼ਹਿਰਵੀ

ਸੋਚਿਆ ਸੀ। ਇਸ ਵਾਰ ਜ਼ਰੂਰ ਓਲੰਪਿਕ ਖੇਡਾਂ ਵਿਚ ਸਾਡੇ ਖਿਡਾਰੀ ਦੇਸ਼ ਦਾ ਨਾਮ ਰੌਸ਼ਨ ਕਰਨਗੇ।

– ਪਰ ਹੋਇਆ ਕੀ? ਏਨੀ ਵੱਡੀ ਖਿਡਾਰੀਆਂ ਦੀ ਪਲਟਨ।

– ਖਿਡਾਰੀਆਂ ਨਾਲੋਂ ਅਧਿਕਾਰੀ ਹੋਰ ਵੀ ਵੱਧ।

– ਕਿੰਨੀ ਸ਼ਰਮ ਦੀ ਗੱਲ ਹੈ ਕਿ ਇਸ ਅੱਸੀ ਕਰੋੜ ਵੱਸੋਂ ਵਾਲੇ ਨਖਲਿਸਤਾਨ ਦੇਸ਼ ਲਈ ਇਕ ਵੀ ਪੁਰਸਕਾਰ ਨਹੀਂ। ਕੋਈ ਕਾਂਸੀ ਦਾ ਮੈਡਲ ਵੀ ਨਹੀਂ। ਬਿਲਕੁਲ ਖਾਲੀ ਹੱਥ ਵਾਪਸ।

– ਖਾਲੀ ਹੱਥ ਤਾਂ ਵਾਪਸ ਨਹੀਂ। ਹੱਥ ਤਾਂ ਭਰੇ ਹੋਏ ਸਨ।

– ਉਹ ਕਿਵੇਂ?

– ਦੋ ਹੱਥ ਹੀ ਭਰੇ ਹੋਏ ਨਹੀਂ ਸਨ। ਸਾਰੀਆਂ ਜੇਬਾਂ ਵੀ ਭਰੀਆਂ ਹੋਈਆਂ ਸਨ। ਭਾਰੇ ਬੈਗ ਵੀ। ਸੂਟ ਕੇਸ ਵੀ। ਬੈਂਡ ਹੋਲਡਰ ਵੀ ਤੂੜੇ ਪਏ ਸਨ। ਘੜੀਆਂ, ਕਪੜੇ, ਕੈਮਰੇ, ਵੀ.ਸੀ.ਆਰ. ਰੀਕਾਰਡਰ, ਫਰੀਜ਼ਰ, ਸਰੀਜ਼ਰ...ਖਾਲੀ ਹੱਥ ਤਾਂ ਵਾਪਸ ਨਹੀਂ ਮੁੜੇ।

*ਅਪ੍ਰੈਲ-ਜੂਨ, 1989*

## ਨਰਕ ਦੀ ਤਾਮੀਰ/ਸ਼ਰਨ ਮੱਕੜ

ਜਿਸ ਪ੍ਰਾਣੀ ਦਾ ਵਕਤ ਪੂਰਾ ਹੋ ਜਾਂਦਾ ਧਰਮਰਾਜ ਉਸਦੇ ਪ੍ਰਾਣ ਕੱਢਦੇ ਅਤੇ ਉਸ ਦੀ ਰੂਹ ਵੀ ਪ੍ਰਲੋਕ ਲੈ ਜਾਂਦੇ। ਧਰਮਰਾਜ ਉਸ ਪ੍ਰਾਣੀ ਦਾ ਖਾਤਾ ਲਿਆਉਣ ਲਈ ਹੁਕਮ ਦੇਂਦੇ। ਮੁਨਕਰ ਅਤੇ ਨਕੀਰ ਉਸਦੇ ਕਰਮਾਂ ਦੀ ਵਹੀ ਫਰੋਲਦੇ। ਸਾਰੀ ਦੀ ਸਾਰੀ ਵਹੀ ਕਾਲੀ ਹੁੰਦੀ। ਦੂਰਬੀਨ ਲਾ ਕੇ ਦੇਖਿਆਂ ਵੀ ਕਿਧਰੇ ਪੁੰਨ ਦਾ ਕੋਈ ਪੱਤਰਾ ਨਾ ਹੁੰਦਾ। ਧਰਮਰਾਜ ਉਸ ਪ੍ਰਾਣੀ ਨੂੰ ਨਰਕ ਭੇਜ ਦੇਂਦੇ। ਧਰਮਰਾਜ ਪ੍ਰਾਣੀਆਂ ਦੇ ਕਾਲੇ ਕਰਮਾਂ ਦੀਆਂ ਕਾਲੀਆਂ ਹੋਈਆਂ ਵਹੀਆਂ ਦੇਖ ਦੇਖ ਕੇ, ਪ੍ਰਾਣੀਆਂ ਨੂੰ ਨਰਕ ਭੇਜ ਭੇਜ ਕੇ ਥੱਕ ਗਏ। ਸੁਵਰਗ ਖਾਲੀ ਭਾਂ ਭਾਂ ਕਰ ਰਹੇ ਸਨ ਅਤੇ ਨਰਕ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਾਂਗ ਓਵਰਲੋਡ ਹੋ ਗਏ ਸਨ। ਧਰਮਰਾਜ

ਨੇ ਆਪਣਾ ਵਤੀਰਾ ਬਹੁਤ ਨਰਮ ਕਰਕੇ ਦੇਖਿਆ। ਲੋਕ-ਰਾਜ ਵਾਂਗ ਲੋਕਾਂ ਦੀ ਰਾਇ ਪੁੱਛੀ ਜਾਂਦੀ ਕਿ ਮਰ ਗਏ ਪ੍ਰਾਣੀ ਨੇ ਨਰਕ ਵਿਚ ਜਾਣਾ ਹੈ ਜਾਂ ਸੁਵਰਗ ਵਿਚ। ਅੱਗੋਂ ਪ੍ਰਾਣੀ ਆਖਦਾ, 'ਮਹਾਰਾਜ ਸੁਵਰਗ ਦੀ ਇੱਕਲ ਦੇ ਖਲਾ ਵਿਚ ਲਟਕੇ ਰਹਿਣ ਨਾਲੋਂ ਤਾਂ ਨਰਕ ਹੀ ਚੰਗਾ ਹੈ। ਆਪਣੇ ਜਿਹੇ ਸਾਥੀ ਤਾਂ ਮਿਲ ਜਾਣਗੇ।'

*ਅਪ੍ਰੈਲ-ਜੂਨ, 1989*

## ਆਉਣ ਵਾਲਾ ਤੂਫ਼ਾਨ/ਡਾ. ਅਮਰ ਕੋਮਲ

ਮੈਂ ਗੱਡੀ 'ਚੋਂ ਉਤਰਕੇ ਰੇਲਵੇ ਸਟੇਸ਼ਨ ਪਾਰ ਕਰਕੇ ਜਦ ਸਦਰ ਬਾਜ਼ਾਰ ਵਿਚ ਦਾਖਲ ਹੋਇਆ ਤਾਂ ਆਲਾ-ਦੁਆਲਾ ਦੇਖਕੇ ਹੈਰਾਨ ਰਹਿ ਗਿਆ। ਜਿਧਰ ਵੇਖੋ ਉਥਲ ਪੁਥਲ ਹੋਈ ਪਈ ਸੀ, ਜਿਵੇਂ ਕੋਈ ਆਦਮ ਬੋ ਕਰਦਾ ਡਰਾਉਣਾ ਦਿਓ ਹੂੰਝਾ ਫੇਰ ਗਿਆ ਹੋਵੇ। ਨਾ ਹਨ੍ਹੇਰੀ ਆਈ ਸੀ ਨਾ ਹੀ ਕੋਈ ਝੱਖੜ ਝੁਲਿਆ ਸੀ, ਇਹ ਨਾ ਮੀਂਹ ਦੀ ਕੀਤੀ ਤਬਾਹੀ ਸੀ ਨਾ ਹੀ ਕੋਈ ਤੂਫਾਨ ਆਇਆ ਸੀ। ਸਾਹਮਣੇ ਦੋ ਸਰਕਾਰੀ ਇਮਾਰਤਾਂ ਸਨ, ਜ੍ਹਿਨਾਂ ਦੇ ਦਰਵਾਜੇ ਅਤੇ ਸ਼ੀਸ਼ੇ ਭੰਨੇ ਪਏ ਸਨ। ਦੁਕਾਨਾਂ ਦੇ ਬੋਰਡ ਚਿੱਬੇ ਕੀਤੇ ਪਏ ਸਨ, ਖਿੜਕੀਆਂ ਤੋੜੀਆਂ ਪਈਆਂ ਸਨ। ਬਾਜ਼ਾਰ ਵਿਚ ਰੇੜ੍ਹੀਆਂ ਮੂਧੀਆਂ ਕੀਤੀਆਂ ਪਈਆਂ ਸਨ ਅਤੇ ਉਹਨਾਂ ਉਪਰ ਲੱਦਿਆ ਸਮਾਨ ਏਧਰ ਓਧਰ ਖਿਲਰਿਆ ਪਿਆ ਸੀ। ਲੋਕਾਂ ਦੇ ਅੱਧ ਟੁਟੇ ਛਿੱਤਰ ਇਟਾਂ ਪੱਥਰ ਅਤੇ ਟੁੱਟੀਆਂ ਬੋਤਲਾਂ ਸੜਕ ਉਪਰ ਪਈਆਂ ਹਨ। ਹੁਣ....ਜਿਵੇਂ ਤੂਫ਼ਾਨ ਦੇ ਆ ਚੁੱਕਣ ਪਿੱਛੋਂ ਦੀ ਸ਼ਾਂਤੀ ਹੋਵੇ। ਲੋਕ ਹੱਕੇ ਬੱਕੇ ਖੜ੍ਹੇ ਸਨ। ਵਿਚਾਰੇ ਲੋਕ ਸਹਿਮੇ, ਡਰੇ ਬੇ-ਬੱਸ ਤੇ ਲਾਚਾਰ ਹਵਾਸੇ ਹਵਾਸੇ....

ਮੈਨੂੰ ਵੀ ਸਮਝ ਨਹੀਂ ਸੀ ਆ ਰਹੀ ਕਿ ਹੋਇਆ ਕੀ ਹੈ? ਆਖ਼ਰ ਇਹ ਭਾਣਾ ਕੀ ਵਰਤ ਗਿਆ ਹੈ?

'ਮੈਂ ਆਪਣੀ ਉਤਸੁਕਤਾ ਮਿਟਾਉਣ ਲਈ ਸੜਕ 'ਤੇ ਖੜ੍ਹੇ ਇਕ ਬੁੱਢੇ ਬਜ਼ੁਰਗ ਤੋਂ ਪੁੱਛ ਹੀ ਲਿਆ, 'ਬਾਬਾ! ਅਹਿ ਕੀ ਹੋ ਗਿਆ ਏਥੇ?'

'ਹੋਣਾ ਕੀ ਐ-' ਬੁੱਢੇ ਨੇ ਡੂੰਘਾ ਸਾਹ ਲੈਂਦਿਆਂ ਕਿਹਾ, 'ਹੁਣੇ ਹੁਣੇ ਇਲਾਕੇ ਦੇ ਬੇਰੁਜ਼ਗਾਰ, ਪੜ੍ਹੇ ਲਿਖੇ ਅਤੇ ਅਨਪੜ੍ਹ ਨੌਜਵਾਨ ਜਲੂਸ ਬਣਾਕੇ ਨਾਅਰੇ ਲਾਉਂਦੇ ਗਏ ਨੇ- ਇਨਕੁਲਾਬ ਜ਼ਿੰਦਾਬਾਦ- ਇਨਕੁਲਾਬ ਜ਼ਿੰਦਾਬਾਦ...'

'ਪਰ ਅਹਿ ਕੀ ਕੀਤੈ ਬਾਬਾ?' ਮੈਂ ਹੋਰ ਜਾਣਨ ਲਈ ਪੁੱਛਿਆ।

'ਅਹਿ ਜੋ ਕੀਤਾ ਤੂੰ ਵੀ ਤਾਂ ਵੇਖ ਰਿਹੈਂ...ਪਰ....' ਬਾਬੇ ਬੁੱਢੇ ਨੇ ਮੈਨੂੰ ਉੱਤਰ ਦਿੰਦਿਆਂ ਕਿਹਾ, 'ਪਰ ਅਹਿ ਜੋ ਕੁੱਝ ਇਨ੍ਹਾਂ ਨੇ ਕੀਤਾ ਹੈ, ਇਹ ਤਾਂ ਇਨ੍ਹਾਂ ਅੰਦਰ ਪੈਦਾ ਹੋਏ ਰੋਹ ਦਾ ਪ੍ਰਤੀਕਰਮ ਹੈ। ਸਮਝੇ?'

'ਕੀ ਬਾਬਾ?'

'ਬਈ ਹੁਣ ਇਕ ਮਾਰੂ ਤੂਫ਼ਾਨ ਆਉਣ ਵਾਲਾ ਹੈ। ਤੂਫ਼ਾਨ- ਜਿਸਨੂੰ ਕੋਈ ਨਹੀਂ ਰੋਕ

ਸਕੇਗਾ।' ਇਹ ਕਹਿ ਕੇ ਬੁੱਢਾ ਬਜ਼ੁਰਗ ਇਕ ਪਾਸੇ ਵੱਲ ਨੂੰ ਟੁਰ ਗਿਆ। ਮੈਂ ਇਹ ਸੋਚਦਾ ਹੋਇਆ ਆਪਣੇ ਘਰ ਵੱਲ ਨੂੰ ਜਾ ਰਿਹਾ ਸਾਂ ਕਿ ਆਉਣ ਵਾਲਾ ਤੂਫ਼ਾਨ ਕਿਹੋ ਜਿਹਾ ਹੋਵੇਗਾ।

*ਅਪ੍ਰੈਲ-ਜੂਨ, 1989*

## ਪੁੰਨ ਕਿ ਪਾਪ/ਡਾ. ਅਮਰ ਕੋਮਲ

ਮਾਘ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਲਾਲਾ ਦੇਵਕੀ ਨੰਦਨ, ਆਪਣੇ ਸਰਕਾਰੀ ਰਾਸ਼ਨ ਦੇ ਡੀਪੂ ਅੱਗੇ ਪੁੰਨਦਾਨ ਕਰ ਰਿਹਾ ਸੀ। ਸਬਜ਼ੀਆਂ ਤੇ ਹਲਵਾ ਤਿਆਰ ਹੋ ਚੁੱਕਾ ਸੀ, ਪੂਰੀਆਂ ਪੱਕ ਰਹੀਆਂ ਸਨ। ਗ਼ਰੀਬ ਬੱਚੇ ਬੁੱਢੇ ਨੌਜਵਾਨ ਨਰ ਅਤੇ ਨਾਰੀ, 'ਪਵਿੱਤਰ-ਭੋਜਨ' ਦਾ ਆਨੰਦ ਮਾਣਕੇ ਲਾਲਾ ਜੀ ਨੂੰ ਅਸੀਸਾਂ ਦੇ ਰਹੇ ਸਨ।

ਐਨੇ ਨੂੰ ਦੁਰਗਾ ਹਲਵਾਈ ਆਇਆ। ਉਹ ਜ਼ਰਾ ਕੁ ਮੁਸਕ੍ਰਾ ਕੇ ਮਿੱਠਾ ਜਿਹਾ ਬਣ ਕਹਿਣ ਲੱਗਾ, 'ਲਾਲਾ ਜੀ। ਨਮਸਕਾਰ। ਤੁਸੀਂ ਤਾਂ ਧੰਨ ਹੋ। ਕਮਾਲ ਈ ਕਰ 'ਤੀ। ਅਹਿ...ਅੱਜ ਦੇ ਪਵਿੱਤਰ ਦਿਨ, ਪੁੰਨਦਾਨ ਕਰਨ ਦਾ ਕੰਮ ਤਾਂ ਬਹੁਤ ਵਧੀਆ ਐ ਜੀ....।'

'ਸਭ ਪ੍ਰਭੂ ਦੀ ਕਿਰਪਾ ਹੈ।' ਲਾਲਾ ਜੀ ਨੇ ਹੱਥ ਜੋੜਦਿਆਂ ਭਗਤ ਬਣਦਿਆਂ ਕਿਹਾ।

'ਮੇਰੇ ਲਾਇਕ ਕੋਈ ਸੇਵਾ?' ਦੁਰਗਾ ਹਲਵਾਈ ਫੇਰ ਅਧੀਨਗੀ ਨਾਲ ਬੋਲਿਆ, 'ਬੰਦਾ ਹਾਜ਼ਰ ਐ ਜੀ।'

'ਬੱਸ ਮਿਹਰਬਾਨੀ ਹਾਂ ਸੱਚ...' ਲਾਲਾ ਦੇਵਕੀ ਨੰਦਨ ਨੇ ਝਿਜਕਦਿਆ ਝਿਜਕਦਿਆਂ ਆਲਾ ਦੁਆਲਾ ਵੇਖਕੇ ਕਿਹਾ, 'ਮੇਰੇ ਕੋਲ ਆ ਕੰਨ ਕਰ...ਇਕ ਗੱਲ ਕਰਨੀ ਐ....।'

ਦੁਰਗਾ ਹਲਵਾਈ ਜਦ ਲਾਲਾ ਦੇਵਕੀ ਨੰਦਨ ਦੇ ਨੇੜੇ ਹੋਇਆ ਤਾਂ ਲਾਲਾ ਜੀ ਨੇ ਗੰਭੀਰ ਪਰ ਮਚਲਾ ਜਿਹਾ ਬਣ ਕਿਹਾ 'ਮੇਰੇ ਕੋਲ ਚਾਰ ਬੋਰੀਆਂ ਖੰਡ ਤੇ ਚਾਰ ਪੀਪੇ ਘਿਓ ਦੇ ਪਏ ਨੇ...ਜੇ ਲੋੜ ਹੋਵੇ ਤਾਂ ਦੱਸ ਦੇਵੀਂ...ਰੇਟ...ਤੈਨੂੰ ਪਿਛਲੇ ਮਹੀਨੇ ਵਾਲਾ ਹੀ ਲਾ ਦਿਆਂਗੇ।'

'ਕੋਈ ਨੀਂ ਜੀ...ਠੀਕ ਹੈ। ਠੀਕ ਹੈ...ਆਪਣੀ ਘਰ ਦੀ ਗੱਲ ਹੈ। ਅੱਜ ਹੁਣੇ ਹੀ ਮਾਲ ਚੁਕਵਾ ਲਵਾਂਗਾ।' ਕਹਿੰਦਿਆਂ, ਦੁਰਗਾ ਹਲਵਾਈ ਲਾਲਾ ਜੀ ਨੂੰ ਨਮਸਕਾਰ ਕਰ ਚਲਾ ਗਿਆ।

ਮਲਕ ਭਾਗੋ ਦੇ ਸ਼ਰਧਾਲੂ ਸਰਕਾਰੀ ਰਾਸ਼ਨ ਡੀਪੂ ਅੱਗੇ ਗਰੀਬ ਬੱਚੇ ਬੁੱਢੇ ਨੌਜਵਾਨ ਨਰ ਅਤੇ ਨਾਰੀ ਇਸ 'ਪਵਿੱਤਰ ਭੋਜਨ' ਦਾ ਆਨੰਦ ਮਾਣ ਕੇ ਲਾਲਾ ਜੀ ਨੂੰ ਅਸੀਸਾਂ ਦੇ ਰਹੇ ਹਨ। ਉਹਨਾਂ ਵਿਚ ਭਾਈ ਲਾਲੋ ਦੀ ਪਹਿਚਾਣ ਕਰਨ ਵਾਲਾ ਗੁਰੂ ਨਾਨਕ ਜੀ ਵਰਗਾ ਕੋਈ ਨਹੀਂ ਸੀ।

ਥੋੜੇ ਚਿਰ ਪਿੱਛੋਂ ਦੂਜੇ ਪਾਸੇ ਦੁਰਗਾ ਹਲਵਾਈ ਰੇਹੜੇ ਤੇ ਮਾਲ ਲਦਵਾ ਰਿਹਾ ਸੀ।

*ਅਪ੍ਰੈਲ-ਜੂਨ, 1989*

## ਪਰਾਈ ਖੁਰਲੀ ਦਾ ਚਾਰਾ/ਪਾਂਧੀ ਨਨਕਾਣਵੀ

ਕਹਾਣੀਕਾਰ ਮਹੇਸ਼ ਨੇ ਆਪਣੀ ਇਕ ਕਹਾਣੀ ਪੰਜਾਬੀ ਦੇ ਇਕ ਸ੍ਰੇਸ਼ਟ ਮੈਗਜ਼ੀਨ 'ਚਿੰਤਨ' ਵਿਚ ਛਪਣ ਹਿਤ ਭੇਜੀ, ਪਰ ਉਹ ਧੰਨਵਾਦ ਸਹਿਤ ਵਾਪਸ ਕਰ ਦਿੱਤੀ ਗਈ।

ਰਮੇਸ਼ ਨੇ ਮਹਿਸੂਸ ਕੀਤਾ ਕਿ ਕਹਾਣੀ ਦੀ ਥਾਂ, ਪਰਚੇ ਵਿਚ ਲੇਖਕਾਂ ਦੀਆਂ ਕੁਰਸੀਆਂ ਨੂੰ ਮੁੱਖ ਰੱਖਿਆ ਜਾ ਰਿਹਾ ਹੈ। ਉਸ ਦੇ ਬਾਵਜੂਦ ਉਸ ਦਿਲ ਨਹੀਂ ਛੱਡਿਆ। ਉਹ ਹਰ ਹਾਲਤ ਵਿਚ ਇਸ ਮੈਗਜ਼ੀਨ ਵਿਚ ਛਪ ਕੇ ਸਥਾਪਤੀ ਦਾ ਝੰਡਾ ਗੱਡਣਾ ਚਾਹੁੰਦਾ ਸੀ, ਤੇ ਲਗਾਤਾਰ ਉਹ 'ਚਿੰਤਨ' ਨੂੰ ਰਚਨਾਵਾਂ ਭੇਜਦਾ ਰਿਹਾ, ਪਰ ਸੰਪਾਦਕ ਨੇ ਇਕ ਵੀ ਕਹਾਣੀ ਸਵੀਕਾਰ ਨਹੀਂ ਕੀਤੀ। ਆਖਰ, ਉਹਨੇ ਮਾਂ ਬੋਲੀ ਨੂੰ ਛੱਡ ਕੇ ਹਿੰਦੀ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਉਸ ਉਹੀਉ ਨਾ-ਮਨਜ਼ੂਰ ਕਹਾਣੀਆਂ ਨੂੰ ਹਿੰਦੀ ਵਿਚ ਅਨੁਵਾਦ ਕਰ ਕਰ ਕੇ ਛਪਵਾਉਣਾ ਸ਼ੁਰੂ ਕਰ ਦਿੱਤਾ। ਕਹਾਣੀ ਛਪਣ ਦੇ ਨਾਲ ਨਾਲ, ਉਸਨੂੰ ਪੈਸੇ ਵੀ ਮਿਲਣੇ ਸ਼ੁਰੂ ਹੋ ਗਏ। ਤੇ ਫਿਰ ਇਕ ਦਿਨ ਉਸਨੂੰ ਚਿੰਤਨ ਦਾ ਮੈਗਜ਼ੀਨ ਮਿਲਿਆ। ਫਰੋਲਿਆ, ਤਾਂ ਚੱਕ੍ਰਿਤ ਰਹਿ ਗਿਆ। ਉਸ ਵਿਚ 'ਚਿੰਤਨ' ਦੇ ਸੰਪਾਦਕ ਨੇ, ਉਸ ਦੀ ਕਹਾਣੀ ਅਨੁਵਾਦ ਕਰਕੇ ਛਾਪੀ ਹੋਈ ਸੀ। ਤੇ ਸੰਪਾਦਕ ਨੇ ਆਪਣੇ ਵੱਲੋਂ ਇੰਜ ਲਿਖਿਆ ਸੀ:

'ਅਸੀਂ 'ਚਿੰਤਨ' ਦੇ ਸੁਹਿਰਦ ਪਾਠਕਾਂ ਲਈ ਹਿੰਦੀ ਦੇ ਸੁਪ੍ਰਸਿੱਧ ਕਹਾਣੀ ਲੇਖਕ ਰਮੇਸ਼ ਜੀ ਦੀ ਕਹਾਣੀ 'ਮੇਰੀ ਅਵਾਜ਼ ਸੁਣੋ' ਪੇਸ਼ ਕਰਨ ਵਿਚ ਖੁਸ਼ੀ ਮਹਿਸੂਸ ਕਰ ਰਹੇ ਆਂ। ਆਸ ਹੈ 'ਚਿੰਤਨ' ਦੇ ਪਾਠਕ ਇਸਨੂੰ ਦਿਲਚਸਪੀ ਨਾਲ ਪੜ੍ਹਨਗੇ। ''

- ਤੇ ਰਮੇਸ਼ ਦੇ ਚਿਹਰੇ ਤੇ ਇਕ ਮੁੱਸਕਣੀ ਜਿਹੀ ਖਿਲਰ ਗਈ- ਵਿਅੰਗ ਭਰੀ ਮੁੱਸਕਣੀ।

*ਅਪ੍ਰੈਲ-ਜੂਨ, 1989*

## ਪੁੱਤ ਦਾ ਸੌਦਾ/ਇੰਦਰਾ ਬਾਂਸਲ

ਕਾਲੂ ਦੀ ਪਤਨੀ ਰਾਜੂ ਇਕ ਖਤਰਨਾਕ ਬੀਮਾਰੀ ਨਾਂਲ ਦੁਖੀ ਸੀ। ਇਲਾਜ ਵਾਸਤੇ ਡਾਕਟਰ ਨੇ 500 ਰੁਪਏ ਦਾ ਖਰਚ ਦੱਸਿਆ ਸੀ। ਕਾਲੂ ਨੇ ਪਤਨੀ ਦੀ ਜ਼ਿੰਦਗੀ ਦੀ ਖਾਤਰ ਕਈਆਂ ਕੋਲੋਂ ਹੱਥ ਪਸਾਰ ਕੇ ਉਧਾਰ ਮੰਗਿਆ ਪਰ ਉਧਾਰ ਲੈਣ ਵਾਸਤੇ ਵੀ ਤਾਂ ਪੱਲੇ ਕੁਝ ਹੋਣਾ ਚਾਹੀਦਾ ਹੈ।

ਇਸ ਕੁਝ ਦੀ ਪੂਰਤੀ 10 ਸਾਲ ਦੇ ਪੁੱਤਰ ਗੋਪੀ ਨੇ ਕਰ ਦਿੱਤੀ। ਜ਼ਿੰਮੀਂਦਾਰ ਬੋਲਿਆ, 'ਠੀਕ ਹੈ ਭਾਈ 500 ਰੁਪਏ ਲੈ ਜਾ ਤੇ ਗੋਪੀ ਨੂੰ ਇਕ ਸਾਲ ਲਈ ਸਾਡਾ ਨੌਕਰ ਪਾਲੀ ਲਾ ਦੇ।' ਮਰਦਾ ਕੀ ਨਹੀਂ ਕਰਦਾ। ਮਾਂ ਦੀ ਜ਼ਿੰਦਗੀ ਦੀ ਕੀਮਤ ਗੋਪੀ ਨੇ ਸਕੂਲ ਛੱਡ ਕੇ ਜ਼ਿੰਮੀਂਦਾਰ ਦੀ ਨੌਕਰੀ ਕਰਕੇ ਚੁਕਾਈ।

ਪਰ ਮਾਸੂਮ ਬਾਲ ਹਿਰਦਾ ਮਾਲਕ ਦਾ ਕਠੋਰ ਅਨੁਸ਼ਾਸਨ, ਸਖਤ ਮਿਹਨਤ, ਭੁੱਖ ਪਿਆਸ ਤੇ ਬੇਕਾਰ ਦੀਆਂ ਘੁੜਕੀਆਂ ਸੁਣ ਕੇ ਬੇਚੈਨ ਹੋ ਗਿਆ। ਇਸ ਕੱਚੀ ਵੇਲ ਨੂੰ ਪਿਆਰ ਦੇ ਖਾਦ ਪਾਣੀ ਦੀ ਕਮੀ ਹੋ ਗਈ ਤੇ ਇਹ ਮੁਰਝਾ ਕੇ ਸੁੱਕਣ ਲੱਗੀ।

ਆਜ਼ਾਦੀ, ਛੁਟਕਾਰਾ। ਕਿੰਨਾ ਸੁਹਣਾ ਸੁਪਨਾ ਹੈ। ਗੋਪੀ ਨੱਠ ਗਿਆ।

ਸ਼ਾਮ ਨੂੰ ਜ਼ਿਮੀਂਦਾਰ ਕੜਕਿਆ, 'ਓਏ ਕਮੀਨੇ। ਕੱਢ ਬਾਹਰ ਉਹਨੂੰ। ਮੈਂ ਪੂਰੇ 500 ਗਿਣੇ ਸੀ। ਮੈਂ ਪੁਲੀਸ ਬੁਲਾ ਲਵਾਂਗਾ।' ਕਾਲੂ ਚੁੱਪ ਚਾਪ ਰੋਂਦਾ ਰਿਹਾ। ਕਿਉਂਕਿ ਪੁੱਤ ਦਾ ਸੌਦਾ

ਤਾਂ ਉਹਨੇ ਖੁਦ ਕੀਤਾ ਸੀ।

ਦੂਜੇ ਦਿਨ ਪਿੰਡ ਵਿਚ ਚਰਚਾ ਸੀ, 'ਗੋਪੀ ਨੂੰ ਜ਼ਿਮੀਂਦਾਰ ਨੇ ਅੰਦਰ ਡੱਕ ਰੱਖਿਆ ਹੈ।'

*ਸਤੰਬਰ, 1989*

## ਖੁਮਾਰੀ/ਧਰਮ ਪਾਲ ਸਾਹਿਲ

ਜੀਵਨ ਜਦੋਂ ਪਹਿਲੀ ਵਾਰੀ ਮੈਨੂੰ ਮਿਲੀ ਤਾਂ ਉਹ ਆਪਣੇ ਨਸ਼ਈ ਪਤੀ ਤੋਂ ਬਹੁਤ ਦੁਖੀ ਸੀ। ਨਸ਼ਾ ਕਰਕੇ ਗਾਲ੍ਹਾਂ ਕੱਢਣੀਆਂ ਤੇ ਮਾਰਕੁਟਾਈ ਕਰਨੀ ਉਸ ਦਾ ਨਿੱਤ ਦਾ ਕੰਮ ਸੀ। ਕੁਝ ਦਿਨਾਂ ਬਾਅਦ ਹਰੇਕ ਦੇ ਮੂੰਹ ਤੇ ਇੱਕੋ ਗੱਲ ਸੀ ਕਿ ਜੀਵਨ ਦੇ ਪਤੀ ਨੇ ਸਾਰੇ ਨਸ਼ੇ ਛੱਡ ਦਿੱਤੇ ਹਨ। ਮੈਂ ਸੁੱਖ ਦਾ ਸਾਹ ਲਿਆ ਚਲੋ ਉਸ ਵਿਚਾਰੀ ਦਾ ਦੁੱਖ ਕੱਟਿਆ ਗਿਆ।

ਪ੍ਰੰਤੂ ਜਦੋਂ ਜੀਵਨ ਨੂੰ ਦੂਜੀ ਵਾਰੀ ਮਿਲੀ ਤਾਂ ਉਹ ਪਹਿਲਾਂ ਨਾਲੋਂ ਵੀ ਵਧੇਰੇ ਉਦਾਸ ਤੇ ਕਮਜ਼ੋਰ ਜਾਪੀ। ਮੈਂ ਕਿਹਾ, 'ਸੁਣਿਆਂ ਤੇਰਾ ਪਤੀ ਤਾਂ ਹੁਣ ਠੀਕ ਠਾਕ ਹੈ ਪਰ ਤੇਰੀ ਹਾਲਤ ਤਾਂ ਪਹਿਲਾਂ ਨਾਲੋਂ ਵੀ ਭੈੜੀ ਹੈ।'

ਜੀਵਨ ਨੇ ਰੋਣ ਹਾਕੀ ਹੋ ਕੇ ਕਿਹਾ, 'ਤੁਸੀਂ ਤਾਂ ਠੀਕ ਹੀ ਸੁਣਿਆ ਹੈ ਭੈਣ ਜੀ, ਪਰ।'

'ਪਰ ਕੀ?'

'ਹੁਣ ਉਹ ਸਾਡੇ ਵਲ ਉੱਕਾ ਹੀ ਧਿਆਨ ਨਹੀਂ ਦਿੰਦੇ।'

'ਭਲਾ, ਕਿਉਂ?'

'ਸੰਤਾਂ ਤੋਂ ਨਾਮ ਲੈ ਕੇ ਉਨ੍ਹਾਂ ਦੇ ਚਰਨਾਂ ਵਿਚ ਹੀ ਰਮ ਗਏ ਹਨ। ਜਦੋਂ ਟੋਕਦੀ ਹਾਂ ਤਾਂ ਕਹਿੰਦੇ ਨੇ, ਮੋਹ ਮਾਇਆ ਛੱਡੇ ਬਿਨਾਂ ਮੁਕਤੀ ਨਹੀਂ ਹੋ ਸਕਦੀ। ਕੰਮ ਵਲ ਵੀ ਧਿਆਨ ਨਹੀਂ ਦਿੰਦੇ। ਬਸ ਲੈਕਚਰ ਸ਼ੁਰੂ ਹੋ ਜਾਂਦਾ ਹੈ ਭਗਵਾਨੇ ! ਅਸਲ ਕਮਾਈ ਤੇ ਨਾਮ ਦੀ ਹੈ ਅਗਲਾ ਜੀਵਨ ਸਵਾਰਨਾ ਹੈ ਕਿ ਨਹੀਂ। ਬਸ ਇਹੋ ਖੁਮਾਰੀ ਦਿਨ ਰਾਤ ਚੜ੍ਹੀ ਰਹਿੰਦੀ ਹੈ।'

*ਸਤੰਬਰ, 1989*

## ਅਸਰ/ਮੋਹਨ ਸ਼ਰਮਾ

ਅਜਨਬੀਆਂ ਦੀ ਜ਼ਿੰਦਗੀ ਦੇ ਵਰਕੇ ਫਰੋਲਣ ਦੀ ਉਹਦੀ ਆਦਤ ਸੀ। ਰਿਕਸ਼ੇ ਵਿਚ ਬੈਠਾ ਉਹ ਭਈਏ ਤੋਂ ਪੁੱਛ ਰਿਹਾ ਸੀ, 'ਆਹ ਪੰਜਾਬ 'ਚ ਜਿਹੜਾ ਕਤਲੇਆਮ ਹੋ ਰਿਹੈ, ਇਹਦਾ ਥੋਡੇ ਕੰਮ ਤੇ ਵੀ ਅਸਰ ਪਿਆ ਹੋਣੈ?'

'ਬਹੁਤ ਅਸਰ ਪੜਾ ਹੈ ਸਾਹਿਬ, ਪਰ ਕਿਆ ਕਰੇਂ, ਪੇਟ ਕੇ ਲੀਏ ਸਭ ਕੁਛ ਕਰਨਾ ਪੜਤਾ ਹੈ। ਅਬ ਤੋ ਜਬ ਕਿਸੀ ਸੁਆਰੀ ਕੋ ਛੋੜਨੇ ਜਾਤੇ ਹੈਂ ਤੋ ਪਹਿਲੇ ਜੋ ਦਸ ਬਾਰਾਂ ਰੁਪਏ ਮਜ਼ਦੂਰੀ ਕਮਾਈ ਹੋਤੀ ਹੈ ਵੋ ਅਪਨੇ ਸਾਥ ਵਾਲੋਂ ਕੋ ਪਕੜਾ ਆਤੇ ਹੈਂ। ਕਿਆ ਪਤਾ ਸਾਹਿਬ ਕਬ...ਸੋਚ ਲੇਤੇ ਹੈਂ ਉਨ ਪੈਸੋਂ ਸੇ ਕਮ ਸੇ ਕਮ ਏਕ ਦੋ ਦਿਨ ਕਾ ਆਟਾ ਤੋ ਘਰ ਪਹੁੰਚ ਜਾਏਗਾ।

ਆਪ ਜਬ ਰਿਕਸ਼ਾ ਮੇਂ ਬੈਠੇ ਉਸ ਸਮੇਂ ਭੀ ਮੈਂ....।'

ਹੁਣ ਉਹ ਰਿਕਸ਼ੇ ਵਾਲੇ ਨਾਲ ਅੱਖ ਮਿਲਾਉਣ ਤੋਂ ਝਿਜਕ ਰਿਹਾ ਸੀ।

***ਸਤੰਬਰ, 1989***

## ਉਵਲਾਈਜ਼/ਜ਼ਿੰਦਰ

ਕਾਪੀ ਜੋੜਨ ਲੱਗਿਆਂ ਅਚਾਨਕ ਹੀ ਉਸ ਦੀ ਨਜ਼ਰ ਸ਼ੱਕੀ ਹੋ ਗਈ। ਇਹ ਕਹਾਣੀ ਤਾਂ ਪਹਿਲਾਂ ਵੀ ਛਪੀ ਲਗਦੀ ਸੀ। ਫੇਰ ਵੀ ਸ਼ੱਕ ਨੂੰ ਅਸਲੀਅਤ ਵਿਚ ਦੇਖਣ ਲਈ ਉਸ ਸਾਰੀਆਂ ਅਖ਼ਬਾਰਾਂ ਦੀਆਂ ਫਾਈਲਾਂ ਮੰਗਾ ਲਈਆਂ। ਕਹਾਣੀ ਤਾਂ ਤਿੰਨ ਵਾਰ ਵੱਖ ਵੱਖ ਅਖਬਾਰਾਂ ਵਿਚ ਛੱਪ ਚੁੱਕੀ ਸੀ। ਉਸ ਅੱਧ-ਜੁੜੀ ਕਾਪੀ ਚੁੱਕੀ ਤੇ ਸੰਪਾਦਕ ਦੇ ਕਮਰੇ 'ਚ ਜਾਂਦਿਆਂ ਹੀ ਕਿਹਾ, 'ਆ...ਕਹਾਣੀ ਤਾਂ ਪਹਿਲਾਂ ਛਪੀ ਸੀ'

'ਕਿਹੜੀ?'

'ਕਾਂ, ਕੁੱਤੇ ਤੇ ਗਿੱਦੜ...'

'ਕਿਹਦੀ ਲਿਖੀ?'

'ਬਲਬੀਰ ਚੰਦ ਸੂਦਨ ਪੀ.ਸੀ.ਐਸ. ਦੀ...'

'ਲਾ ਦੇ ਇਸੇ ਅੰਕ ਵਿਚ।'

'ਪਰ...'

'ਪਰ ਪੁਰ ਨੂੰ ਰੱਖ ਆਪਣੇ ਕੋਲ..ਆਖਿਰ ਬੰਦੇ ਨੂੰ ਉਵਲਾਈਜ਼ ਵੀ ਕਰਨਾ। ਪੀ.ਸੀ.ਐਸ. ਅਫਸਰ ਹੈ। ਕਿਸੇ ਵੇਲੇ ਵੀ ਕੰਮ ਆ ਸਕਦਾ ਹੈ।

***ਸਤੰਬਰ, 1989***

## ਸਾਂਝਾ ਖਾਤਾ/ਰਾਜਿੰਦਰ ਭੋਗਲ

ਮਾਂ ਨਹੀਂ ਸੀ ਚਾਹੁੰਦੀ ਉਹ ਵੱਖੋ ਵੱਖ ਹੋ ਜਾਣ ਪਰ ਉਹਨਾਂ ਦੀਆਂ ਪਤਨੀਆਂ ਇਕੱਠੇ ਰਹਿਣ ਲਈ ਤਿਆਰ ਨਹੀਂ ਸਨ। ਅਖੀਰ ਮਾਂ ਨੇ ਨਾ ਚਾਹੁੰਦਿਆਂ ਵੀ ਕਲੇਸ਼ ਮੁਕਾਉਣ ਲਈ ਦੋਵਾਂ ਪੁੱਤਰਾਂ ਨੂੰ ਬਿਠਾ ਕੇ ਘਰ ਦੇ ਕਮਰੇ ਵੰਡ ਦਿੱਤੇ। ਭਾਂਡਾ ਟੀਂਡਾ ਤੇ ਗਹਿਣਾ ਗੱਟਾ ਵੰਡ ਦਿੱਤਾ। ਬਾਕੀ ਰਹਿ ਗਈ ਸੀ ਦੁਧਾਰੂ ਮੱਝ।

ਵੱਡੇ ਪੁੱਤਰ ਨੇ ਪੁੱਛਿਆ, 'ਮਾਂ! ਮੱਝ ਦਾ ਕਿਵੇਂ ਕਰਨਾਂ?'

ਮਾਂ ਨੂੰ ਉਹਨਾਂ ਦੇ ਵੱਖ ਹੋਣ ਦਾ ਪਹਾੜ ਜਿਡਾ ਸੱਲ੍ਹ ਸੀ। ਉਹ ਸਾਰੀ ਪੀੜ ਸੀਨੇ 'ਚ ਦੱਬੀ ਪੁੱਤਰਾਂ ਵਲ ਸਧਰਾਈਆਂ ਨਜ਼ਰਾਂ ਨਾਲ ਤਕਦੀ ਬੋਲੀ 'ਇਹ ਤੁਹਾਡਾ ਸਾਂਝਾ ਚਾਹ ਪਾਣੀ ਚਲਦਾ ਰਹੂ ਤੇ ਇਕ ਗੱਲ ਹੋਰ ਕਰਿਓ ਮੱਝ ਦੇ ਗੋਹੇ ਦੀਆਂ ਪਾਥੀਆਂ ਪਾ ਕੇ ਮੈਨੂੰ ਫੂਕ ਸਾਂਝੇ ਖਾਤੇ ਛੱਡਿਓ।'

ਮਾਂ ਦੇ ਬੋਲਾਂ ਨੇ ਪੁੱਤਰਾਂ ਨੂੰ ਸੁੰਨ ਕਰ ਦਿੱਤਾ। ਉਹ ਨਾ ਹੁਣ ਪਤਨੀਆਂ ਵਲ ਵੇਖ ਰਹੇ

ਸਨ ਨਾ ਮਾਂ ਵਲ। ਉਨ੍ਹਾਂ ਦੀਆਂ ਨਜ਼ਰਾਂ ਨਮੋਸ਼ੀ ਨਾਲ ਧਰਤ ਵਿਚ ਗੱਡੀਆਂ ਹੋਈਆਂ ਸਨ।

***ਸਤੰਬਰ, 1989***

## ਸਮੇਂ ਦੀ ਗੱਲ/ਡਾ. ਰਮੇਸ਼ ਕੱਕੜ ਬੋਹਾ

ਅਨਪੜ੍ਹ ਬਾਪ ਹਾੜੀ ਸਉਣੀ ਦੁਕਾਨਦਾਰ ਦਾ ਹਿਸਾਬ ਵਿਆਜ ਸਮੇਤ ਨਬੇੜ ਜਾਂਦਾ। ਐਤਕੀਂ ਉਸ ਦੇ ਦਸਵੀਂ ਕੀਤੇ ਮੁੰਡੇ ਨੇ ਕਬੀਲਦਾਰੀ ਸੰਭਾਲ ਲਈ। ਦੁਕਾਨਦਾਰ ਦੀ ਹੇਰਾ ਫੇਰੀ ਵੇਖ ਉਨ੍ਹਾਂ ਦੀ ਕਾਫੀ ਤੂੰ-ਤੂੰ ਮੈਂ-ਮੈਂ ਹੋਈ। ਆਖਿਰ ਹਿਸਾਬ ਤਾਂ ਨਿਬੜ ਗਿਆ, ਪਰ ਦੁਕਾਨਦਾਰ ਕਾਫੀ ਅਕਿਆ ਹੋਇਆ ਉਚੀ ਅਵਾਜ਼ ਵਿਚ ਬੋਲ ਰਿਹਾ ਸੀ।

'ਪਤਾ ਨੀਂ ਇਹ ਅੱਜਕਲ ਦੇ ਛੋਕਰੇ ਚਾਰ ਅੱਖਰ ਪੜ੍ਹ ਕੇ ਆਪਣੇ ਆਪ ਨੂੰ ਸਮਝਣ ਕੀ ਲੱਗ ਜਾਂਦੇ ਨੇਂ, ਸਾਡੇ ਵੀ ਪਿਉ ਬਨਣ ਦੀ ਕੋਸ਼ਿਸ਼ ਕਰਦੇ ਨੇ। ਇਹਦਾ ਪਿਉ ਕਿੰਨਾ ਚੰਗਾ ਐ, ਕਦੇ ਚੂੰ ਨੀਂ ਸੀ ਕੀਤੀ। ਏਸੇ ਕਰ ਕੇ ਪੜ੍ਹੇ ਲਿਖੇ ਮੁੰਡੇ ਮੈਨੂੰ ਹਮੇਸ਼ਾ ਈ ਬੁਰੇ ਲੱਗਦੇ ਐ।'

***ਸਤੰਬਰ, 1989***

## ਸ਼ੇਰ ਦਾ ਭਾਸ਼ਨ/ਦਵਿੰਦਰ ਮੰਡ

ਸ਼ੇਰ ਨੇ ਸਾਰੇ ਜਾਨਵਰਾਂ ਨੂੰ ਸੋਮਵਾਰ ਦਾ ਸੱਦਾ ਦਿੰਦੇ ਹੋਏ ਕਿਹਾ, 'ਤੁਹਾਡੇ ਸਭ ਵਿੱਚੋਂ ਇਕ ਮੇਰਾ ਪੀ.ਏ.. ਤੇ ਬਾਕੀਆਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਜਾਵੇਗਾ ਤੇ ਬਾਅਦ ਵਿੱਚ ਮੈਂ ਭਾਸ਼ਣ ਦੇਵਾਂਗਾ?'

ਸੋਮਵਾਰ ਵਾਲੇ ਦਿਨ ਸਾਰੇ ਜਾਨਵਰ ਖੂਬ ਤਿਆਰੀਆਂ ਕਰਕੇ ਪਧਾਰੇ। ਬੱਕਰੀ ਤੇ ਲੂੰਬੜੀ ਨੇ ਰੰਗੀਨ ਐਨਕਾਂ ਲਾਈਆਂ ਹੋਈਆਂ ਸਨ। ਬਾਂਦਰ, ਖੋਤਾ, ਰਿੱਛ ਆਦਿ ਪਰੈਸ ਕੀਤੇ ਕਪੜੇ ਪਾਈ ਮੂੰਹ 'ਚ ਮੁਕਸਰਾ ਰਹੇ ਸਨ।

ਸਮਾਗਮ ਸ਼ੁਰੂ ਹੋ ਗਿਆ। ਖੋਤਾ ਪਹਿਲਾਂ ਹੀ ਖੜ੍ਹਾ ਹੋ ਗਿਆ, 'ਮੈਂ ਪੀ.ਏ. ਬਣਾਂਗਾ?'

'ਨਹੀਂ ਮੈਂ ਬਣਾਂਗਾ?'

'ਨਹੀਂ ਮੈਂ ਬਣੂੰ?'

ਬੱਕਰੀ, ਬਾਂਦਰ ਤੇ ਲੂੰਬੜੀ ਆਪਣਾ ਦਬਾਅ ਪਾ ਰਹੇ ਸਨ। ਅਖੀਰ ਜਦੋਂ ਗੱਲ ਵਧਦੀ ਗਈ ਤਾਂ ਹੱਥੋ ਪਾਈ ਸ਼ੁਰੂ ਹੋ ਗਈ। ਮੇਜ਼, ਕੁਰਸੀਆਂ ਟੁੱਟਣੀਆਂ ਸ਼ੁਰੂ ਹੋ ਗਈਆਂ। ਲੂੰਬੜੀ ਤੇ ਬੱਕਰੀ ਐਨਕਾਂ ਤੁੜਾ ਕੇ ਬਹਿ ਗਈਆਂ। ਘਸੁੰਨ, ਮੁੱਕੀਆਂ ਨਾਲ ਕਈਆਂ ਦੇ ਨੀਲ ਪੈ ਗਏ। ਸ਼ੇਰ ਨੇ ਮਸਾਂ ਹੀ ਸ਼ਾਂਤੀ ਕਰਾਈ ਤੇ ਭਾਸ਼ਣ ਦੇਣਾ ਸ਼ੁਰੂ ਕਰ ਦਿੱਤਾ।

'ਮੈਨੂੰ ਬਹੁਤ ਸ਼ਰਮਿੰਦਗੀ ਮਹਿਸੂਸ ਹੋ ਰਹੀ ਹੈ ਕਿ ਤੁਸੀਂ ਅਨੁਸ਼ਾਸ਼ਨ ਨਹੀਂ ਰੱਖ ਸਕੇ, ਮੈਨੂੰ ਤੁਹਾਡੇ ਤੋਂ ਇਹ ਉਮੀਦ ਨਹੀਂ ਸੀ, ਤੁਸੀਂ ਖੁਦ ਸਿਆਣੇ ਸੀ....?' ਇਸ ਤੋਂ ਬਾਅਦ ਸ਼ੇਰ ਚੁੱਪ ਕਰ ਗਿਆ। ਖੋਤਾ, ਬਾਂਦਰ ਫਿਰ ਬਹਿਸਣ ਲੱਗੇ।

'ਲੱਖ ਲਾਹਨਤ ਆ ਤੁਹਾਡੇ ਤੇ ਜਿਹੜੀ ਮੈਂ ਗੱਲ ਨਹੀਂ ਕਹਿਣੀ ਚਾਹੁੰਦਾ ਸੀ ਕਹਿਣੀ ਪੈ ਰਹੀ ਹੈ, ਤੁਸੀਂ ਵੀ ਭਾਰਤ ਦੇ ਮੰਤਰੀਆਂ ਦੀ ਜੂਠ ਖਾ ਈ ਲਈ।'

ਹੁਣ ਸਾਰੇ ਜਾਨਵਰ ਬਿਲਕੁਲ ਸ਼ਾਂਤ ਹੋ ਗਏ ਉਹਨਾਂ ਨੂੰ ਲੱਗ ਰਿਹਾ ਸੀ ਜਿਵੇਂ ਸ਼ੇਰ ਬਹੁਤ ਵੱਡੀ ਗੱਲ ਕਹਿ ਗਿਆ ਹੋਵੇ।

***ਸਤੰਬਰ, 1989***

## ਹੱਕ/ਡਾ. ਹਰਨੇਕ ਸਿੰਘ ਕੈਲੇ

ਇਮਤਿਹਾਨ ਵਿਚ ਡਿਊਟੀ ਦੇ ਰਹੇ ਧੰਨਾ ਸਿੰਘ ਸੁਪਰਵਾਈਜ਼ਰ ਨੇ ਕਮਰੇ ਵਿਚ ਵੜਦਿਆਂ ਸਾਰ ਸਾਰੇ ਪ੍ਰੀਖਿਆਰਥੀਆਂ ਨੂੰ ਗਹੁ ਨਾਲ ਵੇਖਿਆ। ਇਕ ਤਾਂ ਉਸਦਾ ਦੂਰੋਂ ਰਿਸ਼ਤੇਦਾਰ ਹੀ ਸੀ, ਦੋ ਉਹ ਸਨ ਜਿਨ੍ਹਾਂ ਨੇ ਰਾਤ ਉਸਨੂੰ ਮੱਲੋ ਜੋਰੀ ਵਿਸਕੀ ਪਿਲਾਈ ਸੀ ਅਤੇ ਉਹ ਦੋਵੇਂ ਵੀ ਬੈਠੇ ਸਨ ਜਿਨ੍ਹਾਂ ਨੇ ਉਸਨੂੰ ਸਵੇਰੇ ਧਮਕੀ ਦਿੱਤੀ ਸੀ, 'ਜੇ ਨਕਲ ਨਾ ਮਾਰਨ ਦਿੱਤੀ ਤਾਂ ਤੂੰ ਹੈ ਨ੍ਹੀਂ।'

ਪਰਚਾ ਸ਼ੁਰੂ ਹੋਇਆ। ਕਈਆਂ ਨੇ ਹੌਲੀ ਹੌਲੀ ਪਰਚੀਆਂ ਕੱਢੀਆਂ ਅਤੇ ਨਕਲ ਮਾਰਕੇ ਲਿਖਣ ਲੱਗ ਪਏ। ਧੰਨਾ ਸਿੰਘ ਕਿਸੇ ਕੋਲੋਂ ਪਰਚੀਆਂ ਖੋਹ ਲੈਂਦਾ ਤੇ ਕਿਸੇ ਕੋਲ ਦੀ ਚੁੱਪ ਚਾਪ ਲੰਘ ਜਾਂਦਾ। ਪਹਿਲੀ ਲਾਈਨ ਵਿਚ ਬੈਠੇ ਲੜਕੇ ਕੋਲੋਂ ਜਦ ਉਸਨੇ ਪਰਚੀਆਂ ਫੜੀਆਂ ਤਾਂ ਉਹ ਖੜ੍ਹਾ ਹੋ ਗਿਆ ਅਤੇ ਕੁਝ ਲੜਕਿਆਂ ਵਲ ਉਂਗਲ ਕਰਦਾ ਕਹਿਣ ਲੱਗਿਆ, 'ਜੇ ਔਹ ਤੇਰੀ ਮਰਜ਼ੀ ਨਾਲ ਨਕਲ ਕਰ ਰਹੇ ਨੇ ਤਾਂ ਮੇਰਾ ਵੀ ਹੱਕ ਐ ਨਕਲ ਕਰਨ ਦਾ।' ਧੰਨਾ ਸਿੰਘ ਛਿੱਥਾ ਪੈ ਗਿਆ ਅਤੇ ਉਹ ਲੜਕੇ ਦੀਆਂ ਪਰਚੀਆਂ ਮੋੜ ਕੇ ਅੱਗੇ ਤੁਰ ਪਿਆ।

***ਸਤੰਬਰ, 1989***

## ਬਦਤਾਮੀਜ਼/ਗੁਲਸ਼ਨ ਮਿਰਜ਼ਾਪੁਰੀ

ਕਾਫੀ ਭੀੜ ਹੋਣ ਕਾਰਨ ਬੁੱਢੇ ਕੋਲੋਂ ਸਾਈਕਲ ਨਾ ਸੰਭਾਲਿਆ ਗਿਆ। ਤੇ ਇੱਕ ਛੋਟੀ ਜਿਹੀ ਕੁੜੀ ਦੇ ਜਾ ਲੱਗਾ ਜੋ ਸ਼ਾਇਦ ਸਕੂਲੇ ਜਾ ਰਹੀ ਸੀ। ਭਾਵੇਂ ਸਾਈਕਲ ਜ਼ਿਆਦਾ ਨਹੀਂ ਲੱਗਾ ਸੀ, ਪਰ ਫਿਰ ਵੀ ਉਸ ਕੁੜੀ ਨੇ ਗੁੱਸੇ ਨਾਲ ਬੁੱਢੇ ਵੱਲ ਵੇਖਦੇ ਹੋਏ ਕਿਹਾ, 'ਬਦਤਾਮੀਜ਼! ਦਿਸਦਾ ਨਹੀਂ ਤੈਨੂੰ, ਤਾਂ ਐਨਕਾਂ ਲਗਵਾ ਲੈ।' ਪਰ ਬੁੱਢਾ ਚੁੱਪਚਾਪ ਉਸ ਵੱਲ ਵੇਂਹਦਾ ਹੋਇਆ ਮੁਸਕਰਾ ਰਿਹਾ ਸੀ। ਇਕੱਠੇ ਹੋਏ ਲੋਕ ਕਹਿ ਰਹੇ ਸਨ, 'ਕਿੱਡੀ ਬਦਤਾਮੀਜ਼ ਕੁੜੀ ਹੈ, ਰਤਾ ਨਹੀਂ ਛੋਟੇ ਵੱਡੇ ਦਾ ਕੋਈ ਲਿਹਾਜ਼ ਇਹਨੂੰ।' ਪਰ ਬੁੱਢਾ ਅਜੇ ਵੀ ਅਡੋਲ ਪਿਆ ਮੁਸਕਰਾ ਰਿਹਾ ਸੀ ਤੇ ਆਪ ਮੁਹਾਰੇ ਬੁੜਬੁੜਾ ਰਿਹਾ ਸੀ, 'ਤੂੰ ਠੀਕ ਹੀ ਕਿਹਾ ਪੁੱਤ! ਮੇਰੀ ਆਪਣੀ ਪੋਤੀ ਵੀ ਤਾਂ ਅਕਸਰ ਏਦਾਂ ਕਹਿੰਦੀ ਰਹਿੰਦੀ ਏ ਮੈਨੂੰ!'

***ਸਤੰਬਰ, 1989***

## ਰਾਜਪੂਤੀ ਸ਼ਾਨ/ਕ੍ਰਿਸ਼ਨ ਬੇਤਾਬ

'ਵਿਚਾਰਾ ਰਵੀ ਜੇ ਅਜਿਹਾ ਨਾ ਕਰਦਾ ਤਾਂ ਹੋਰ ਕੀ ਕਰਦਾ। ਪਹਿਲਾ ਹੀ ਉਸ ਦੇ ਪੰਜ ਕੁੜੀਆਂ ਹਨ। ਜੇ ਛੇਵੀਂ ਹੋਰ ਆ ਜਾਂਦੀ ਤਾਂ ਸਮਝੋ, ਉਸਦਾ ਤਾਂ ਦਿਵਾਲਾ ਹੀ ਨਿਕਲ ਜਾਣਾ

ਸੀ। ਇਹ ਤਾਂ ਸ਼ੁਕਰ ਹੈ ਅੱਜ ਦੇ ਡਾਕਟਰਾਂ ਦੀ ਕਾਢ ਦਾ। ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਕਿ ਢਿੱਡ ਵਿੱਚ ਮੁੰਡਾ ਹੈ ਜਾਂ ਕੁੜੀ।' ਰਵੀ ਦੇ ਬਾਪੂ ਜੀ ਨੇ ਉਹਨਾਂ ਦੇ ਘਰ ਆਏ ਰਵੀ ਦੇ ਮਿੱਤਰ ਨੂੰ ਕਿਹਾ।

ਮਿੱਤਰ ਦਾ ਉੱਤਰ ਸੀ, 'ਠੀਕ ਆਖਦੇ ਹੋ ਬਾਪੂ ਜੀ। ਪਹਿਲੇ ਜ਼ਮਾਨੇ ਵਿੱਚ ਰਾਜਪੂਤ ਕੁੜੀ ਹੋਣ ਤੇ ਉਸ ਨੂੰ ਵੱਢ ਦਿੰਦੇ ਸਨ। ਪਰ ਅੱਜ ਕਲ੍ਹ ਉਨਤੀ ਦਾ ਸਦਕਾ ਕੁੜੀਆਂ ਕੁੱਖ ਵਿੱਚ ਹੀ ਕਤਲ ਕਰ ਦਿੱਤੀਆਂ ਜਾਂਦੀਆਂ ਹਨ। ਜੁਆਬ ਨਹੀਂ ਇਸ ਰਾਜਪੂਤੀ ਸ਼ਾਨ ਦਾ।'

***ਸਤੰਬਰ, 1989***

## ਚੇਤਨਾ/ਗੁਰਮੇਲ ਮਡਾਹੜ

ਸੰਨੀ ਇਕ ਲਾਇਕ ਮਾਸਟਰ ਦਾ ਮੁੰਡਾ....ਪੜ੍ਹਾਈ ਵਿਚ ਬਹੁਤ ਹੀ ਹੁਸ਼ਿਆਰ ...ਤੀਸਰੀ ਜਮਾਤ ਤੱਕ ਉਹ ਸਕੂਲ ਵਿਚੋਂ ਅੱਵਲ ਆਉਂਦਾ ਰਿਹਾ। ਫਿਰ ਉਸ ਬਾਰੇ ਮੁਹੱਲੇ ਵਿਚ ਚਰਚਾ ਚਲੀ ਸੰਨੀ ਗੁਰ ਭਗਤ ਹੋ ਗਿਆ ਹੈ। ਸਵੇਰੇ ਸ਼ਾਮ ਆਪਣੇ ਪਿਉ ਨਾਲ ਧਾਰਮਿਕ ਸਥਾਨ ਤੇ ਜਾਣਾ...ਪਾਠ ਕਰਨਾ ਉਸੇ ਕਦੇ ਨਹੀਂ ਸੀ ਖੁੰਝਾਇਆ। ਖੇਡਣਾ ਕੁਦਣਾ ਬੰਦ। ਭਜਨ ਹੀ ਭਜਨ। ਪਾਠ ਹੀ ਪਾਠ।

ਫੇਰ ਸਾਲ ਬਾਅਦ ਸਾਰੇ ਮੁਹੱਲੇ ਵਿਚ ਚਰਚਾ ਛਿੜੀ। ਸੰਨੀ ਨਾਸਤਕ ਹੋ ਗਿਆ ਹੈ। ਪੂਜਾ ਪਾਠ ਭਜਨ ਬੰਦਗੀ ਪ੍ਰਸਿੱਧ ਧਾਰਮਿਕ ਸਥਾਨਾਂ ਦੀ ਸੇਵਾ, ਸਭ ਬੰਦ ਕਰ ਦਿੱਤੀਆਂ ਨੇ...ਆਪਣੇ ਪਿਉ ਨੂੰ ਵੀ ਇਸ ਰਸਤੇ ਤੋਂ ਰੋਕਣ ਲੱਗ ਪਿਆ ਹੈ। ਸਿਰਫ ਪੜ੍ਹਾਈ ਜਾਂ ਖੇਡਣ ਤੋਂ ਬਿਨਾਂ ਹੋਰ ਕੁਝ ਨਹੀਂ ਕਰਦਾ।

'ਸੰਨੀ ਕੀ ਗੱਲ ਬੇਟੇ ਅੱਜ ਕਲ ਬੜੀ ਪੜ੍ਹਾਈ ਕਰ ਰਿਹੈਂ? ਭਜਨ ਬੰਦਗੀ ਛੱਡ ਦਿੱਤੀ?' ਇਕ ਦਿਨ ਉਸਨੂੰ ਆਪਣੇ ਬੂਹੇ ਅੱਗਿਓਂ ਲੰਘਦੇ ਨੂੰ ਮੈਂ ਪੁੱਛਿਆ।

'ਅੰਕਲ ਮੇਰੇ ਡੈਡੀ ਨੇ ਕਿਹਾ ਸੀ ਕਿ ਜੇ ਪ੍ਰਮਾਤਮਾ ਦੀ ਸੱਚੇ ਦਿਲੋਂ ਭਜਨ ਬੰਦਗੀ ਕਰੋ ਗੁਰੂ ਘਰ ਦੀ ਸੇਵਾ ਕਰੋ ਤਾਂ ਗੁਰੂ ਘਰ 'ਚੋਂ ਮੂੰਹ ਮੰਗੀਆਂ ਮੁਰਾਦਾਂ ਮਿਲਦੀਆਂ ਹਨ....

ਮੈਂ ਸਾਰਾ ਸਾਲ ਰੱਜ ਕੇ ਭਜਨ ਬੰਦਗੀ ਕੀਤੀ। ਗੁਰੂ ਘਰ ਦੀ ਸੇਵਾ ਕਰਕੇ ਪ੍ਰਮਾਤਮਾ ਤੋਂ ਮੰਗ ਕੀਤੀ ਕਿ ਮੈਂ ਪੰਜਵੀਂ ਵਿੱਚੋਂ ਫਸਟ ਆ ਜਾਵਾਂ ਪਰ ਹੋ ਗਿਆ ਫੇਲ....'

'ਅੱਛਾ...ਫੇਰ ਹੁਣ ਕੀ ਸਲਾਹ ਹੈ?'

'ਸਲਾਹ ਕੀ ਐ ਜਿਹੜਾ ਸਮਾਂ ਮੈਂ ਇਧਰ ਬਰਬਾਦ ਕੀਤਾ ਉਨਾਂ ਸਮਾਂ ਲਾ ਕੇ ਤਾਂ ਮੈਂ ਸਾਰੇ ਪੰਜਾਬ ਵਿੱਚੋਂ ਫਸਟ ਆ ਜਾਵਾਂਗਾ।'

***ਸਤੰਬਰ, 1989***

## ਮੁੱਲ/ਸ਼ਿਆਮ ਸੁੰਦਰ ਅੱਗਰਵਾਲ

ਗਰੀਬੂ ਦੀ ਮੌਤ 'ਤੇ ਅਫਸੋਸ ਪ੍ਰਗਟਾਉਣ ਗਏ ਸਰਵਣ ਨੇ ਸੱਥਰ 'ਤੇ ਬੈਠੇ ਆਪਣੇ ਭਤੀਜੇ ਨੂੰ ਹੌਲੀ ਜਿਹਾ ਕਿਹਾ, 'ਸੁਣਿਐ ਸਰਕਾਰ ਹਾਦਸੇ 'ਚ ਮਰਨ ਵਾਲਿਆਂ ਨੂੰ ਦੋ-ਦੋ ਲੱਖ

ਰੁਪਏ ਦੇ ਰਹੀ ਐ। ਗਰੀਬੂ ਮਰ ਕੇ ਘਰਦਿਆਂ ਨੂੰ ਤਾਂ ਲੱਖਪਤੀ ਬਣਾ ਗਿਆ।'

'ਨਾ ਚਾਚਾ, ਦੋ ਲੱਖ ਤਾਂ ਹਵਾਈ ਹਾਦਸੇ 'ਚ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਮਿਲਣੇ ਐ। ਗਰੀਬੂ ਤਾਂ ਰੇਲ ਹਾਦਸੇ 'ਚ ਮਰਿਐ।'

'ਫੇਰ ਤਾਂ ਪੱਚੀ ਹਜ਼ਾਰ ਈ ਮਿਲੂ। ਮੈਨੂੰ ਯਾਦ ਐ ਪਿਛਲੇ ਮਹੀਨੇ ਗੱਡੀ 'ਚ ਮਰਨ ਵਾਲਿਆਂ ਨੂੰ ਸਰਕਾਰ ਨੇ ਪੱਚੀ-ਪੱਚੀ ਹਜ਼ਾਰ ਦਿੱਤੇ ਸੀ। ਚਲੋ ਪੱਚੀ ਹਜ਼ਾਰ ਨਾਲ ਮੁੰਡਾ ਕੋਈ ਕੰਮ ਕਰ ਲੂ।' ਸਰਵਣ ਨੇ ਤਸੱਲੀ ਜਿਹੀ ਪ੍ਰਗਟਾਉਂਦਿਆਂ ਕਿਹਾ।

'ਚਾਚਾ, ਇਨ੍ਹਾਂ ਨੂੰ ਤਾਂ ਪੰਜ ਹਜ਼ਾਰ ਈ ਮਿਲੂ। ਗਰੀਬੂ ਪਸੰਜਰ ਗੱਡੀ 'ਚ ਮਰਿਐ। ਪੱਚੀ ਹਜ਼ਾਰ ਤਾਂ ਮੇਲ ਗੱਡੀ 'ਚ ਮਰਨ ਵਾਲਿਆਂ ਨੂੰ ਮਿਲੇ ਸੀ।' ਭਤੀਜੇ ਨੇ ਸਰਵਣ ਨੂੰ ਸਮਝਾਉਂਦਿਆਂ ਕਿਹਾ।

***ਸਤੰਬਰ, 1989***

# ਖ਼ਬਰ/ਸੁਰਿੰਦਰ ਕੈਲੇ

ਗਰਮੀ ਦੇ ਸਤਾਏ ਤੇ ਦਿਨ ਭਰ ਦੀ ਹੱਡ ਭੰਨਵੀਂ ਮਿਹਨਤ ਦੇ ਥਕਾਏ ਮਜ਼ਦੂਰ ਝੁੱਗੀਆਂ ਦੇ ਸਾਹਮਣੇ ਤੂਤ ਦੇ ਕੋਲ ਬੈਠੇ ਬੀੜੀਆਂ ਪੀ ਕੇ ਸਰੀਰ 'ਚ ਥੋੜ੍ਹੀ ਤਾਕਤ ਇਕੱਠੀ ਕਰਨ ਦਾ ਯਤਨ ਕਰ ਰਹੇ ਸਨ। ਬੱਚੇ ਥੋੜ੍ਹਾ ਹੱਟ ਕੇ ਪਹੀ 'ਚ ਖੇਲ ਰਹੇ ਸਨ ਜਿਨ੍ਹਾਂ ਦੇ ਨੰਗੇ ਸਰੀਰ ਭੱਠੇ ਦੀ ਧੂੜ ਨਾਲ ਭਰੇ ਪਏ ਸਨ। ਔਰਤਾਂ ਥਕਾਵਟ ਦੇ ਬਾਵਜੂਦ ਵੀ ਰੋਟੀਆਂ ਪਕਾਉਣ ਦੇ ਆਹਰ 'ਚ ਜੁੱਟੀਆਂ ਹੋਈਆਂ ਸਨ।

ਉਨ੍ਹਾਂ ਸੜਕ ਵੱਲੋਂ ਆਉਂਦੀ ਮੋਟਰ ਸਾਈਕਲ ਦੀ ਅਵਾਜ਼ ਸੁਣੀ। ਹਾਲੇ ਉਨ੍ਹਾਂ ਨੇ ਆਉਣ ਵਾਲੇ ਦੋ ਮੋਟਰ ਸਾਈਕਲਾਂ ਤੇ ਬੈਠੇ ਚਾਰ ਸਵਾਰਾਂ ਨੂੰ ਦੇਖਿਆ ਹੀ ਸੀ ਕਿ ਤੜਾਤੜ ਗੋਲੀਆਂ ਚੱਲਣ ਲੱਗ ਪਈਆਂ। ਸਕਿੰਟਾਂ ਵਿਚ ਮਜ਼ਦੂਰਾਂ ਦੇ ਖ਼ੂਨ ਦਾ ਛੱਪੜ ਲੱਗ ਗਿਆ, ਸਵਾਰ ਜਿਵੇਂ ਤੂਫਾਨ ਵਾਂਗੂ ਆਏ ਸਨ, ਧੂੰਏ ਦੇ ਬੱਦਲਾਂ ਵਾਂਗ ਅਲੋਪ ਹੋ ਗਏ।

'ਸਾਰਾ ਕੰਮ ਠੀਕ ਠਾਕ ਹੋਇਆ ਕਿ ਨਹੀਂ!' ਨੇਤਾ ਨੇ ਬਾਹਰੋਂ ਆਏ ਦੋ ਬੰਦਿਆਂ ਕੋਲੋਂ ਪੁੱਛਿਆ।

'ਹਾਂ ਸਾਹਬ! ਬਿਲਕੁਲ। ਸਾਡੇ ਵਾਰੇ ਕਿਸੇ ਨੂੰ ਪਤਾ ਨਹੀਂ ਲੱਗਿਆ। ਅਸੀਂ ਮੁੜਣ ਲਗਿਆਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਗਾਏ ਤੇ ਇਕ ਚਿੱਠੀ ਛੱਡ ਆਏ।' ਇਕ ਨੇ ਵੇਰਵਾ ਦੱਸਿਆ।

'ਸਾਹਬ, ਆਉਂਦਿਆਂ ਅਖ਼ਬਾਰ ਦੇ ਦਫਤਰ ਫੋਨ ਵੀ ਕਰ ਦਿੱਤਾ ਕਿ ਕਾਤਲਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦੇ ਹਾਂ।'

'ਸ਼ਾਬਾਸ਼! ਮੇਰੇ ਸ਼ੇਰੋ। ਹੁਣ ਦੇਖਿਓ ਡਰਦਿਆਂ ਭਈਆਂ ਯੂ.ਪੀ. ਨੂੰ ਨੱਠ ਜਾਣਾ। ਕਾਰਖਾਨਿਆਂ ਤੇ ਖੇਤਾਂ ਲਈ ਮਜ਼ਦੂਰ ਲੱਭਣੇ ਨਹੀਂ ਤੇ ਲੋਕਾਂ ਇਨ੍ਹਾਂ ਦੇ ਵਿਰੁੱਧ ਹੋ ਜਾਣਾ। ਅਸੀਂ ਇਸਨੂੰ ਚੋਣ ਮੁਦਾ ਬਣਾਵਾਂਗੇ ਤੇ ਅਗਲੀਆਂ ਚੋਣਾਂ 'ਚ ਆਪਣੀ ਪਾਰਟੀ ਦੀ ਜਿੱਤ ਯਕੀਨੀ ਹੈ। ਮੈਂ ਮੰਤਰੀ ਤਾਂ ਬਣ ਹੀ ਜਾਣਾ ਹੈ, ਤੁਹਾਨੂੰ ਵੀ ਕਾਰਪੋਰੇਸ਼ਨਾਂ ਦੀਆਂ ਚੇਅਰਮੈਨੀਆਂ ਜ਼ਰੂਰ

ਦਿਵਾਵਾਂਗਾ। ਮੈਂ ਤੁਹਾਡੀ ਵਫਾਦਾਰੀ ਦੀ ਤਾਰੀਫ ਮਹਾਂ ਮੰਤਰੀ ਕੋਲ ਕਰਾਂਗਾ।' ਸਾਬਕਾ ਮੰਤਰੀ ਆਪਣੀ ਚਾਲ ਦੀ ਕਾਮਯਾਬੀ 'ਚ ਫੁੱਲਿਆ ਨਹੀਂ ਸੀ ਸਮਾਉਂਦਾ।

ਅਗਲੀ ਸਵੇਰ ਅਖ਼ਬਾਰ ਦੀ ਸੁਰਖੀ ਸੀ, ਅਤਿਵਾਦੀਆਂ ਇਕ ਭੱਠੇ ਦੇ ਮਜ਼ਦੂਰਾਂ 'ਤੇ ਅੰਧਾਧੁੰਧ ਗੋਲੀਆਂ ਚਲਾ ਕੇ ਬਾਰਾਂ ਮਜ਼ਦੂਰਾਂ ਦੀ ਹੱਤਿਆ ਕਰ ਦਿੱਤੀ ਅਤੇ ਛੇ ਜ਼ਖ਼ਮੀਆਂ ਦੀ ਹਾਲਤ ਗੰਭੀਰ ਹੈ। ਇਸ ਘਟਨਾ ਦੀ ਜ਼ਿੰਮੇਵਾਰੀ ਕੇ.ਐਲ.ਐਫ. ਨੇ ਆਪਣੇ ਸਿਰ ਲਈ ਹੈ।

*ਸਤੰਬਰ, 1989*

## ਸੰਦਰਭ/ਰਾਮ ਸਰੂਪ ਅਣਖੀ

'ਦੁੱਧੀ ਨ੍ਹਾਵੇਂ, ਪੁੱਤੀਂ ਖੇਡੇਂ, ਬੁੱਢ ਸੁਹਾਗਣ, ਰੱਬ ਬੱਚਾ ਦੇਹ।' ਅਸੀਸ ਸਾਡੇ ਸੰਸਕਾਰਾਂ ਵਿਚ ਘੁਲ-ਮਿਲ ਚੁੱਕੀ ਹੈ।

ਇੱਕ ਔਰਤ ਕਈ ਵਰ੍ਹਿਆਂ ਪਿੱਛੋਂ ਆਪਣੇ ਸ਼ਰੀਕੇ ਦੀ ਬੁੜ੍ਹੀ ਨੂੰ ਮਿਲੀ ਤੇ ਪੈਰੀਂ ਹੱਥ ਲਾਏ। ਬੁੱਢੀ ਨੇ ਅਸੀਸ ਦਿੱਤੀ- ਦੁੱਧੀਂ ਨ੍ਹਾਵੇਂ, ਪੁੱਤੀਂ ਖੇਡੇਂ, ਬੁੱਢ ਸੁਹਾਗਣ, ਰੱਬ ਬੱਚਾ ਦੇਹ।'

ਔਰਤ ਕਹਿੰਦੀ- 'ਅੰਮਾਂ ਜੀ, ਆਹ ਪਿਛਲੀ ਗੱਲ ਨਾ ਆਖ।'

'ਕਿਉਂ ਧੀਏ?' ਬੁੱਢੀ ਬੋਲੀ।

ਔਰਤ ਨੇ ਜੁਆਬ ਦਿੱਤਾ- 'ਤੇਰੇ ਪੁੱਤ ਦਾ ਅਪਰੇਸ਼ਨ ਕਰਾਇਆ ਹੋਇਐ।'

*ਸਤੰਬਰ, 1989*

## ਏਥੇ ਉਥੇ/ਨੂਰ ਸੰਤੋਖਪੁਰੀ

'ਮੈਂ ਸੁਣਿਐਂ, ਕਿ ਇੰਗਲੈਂਡ ਵਿਚ ਲੋਕ ਖਾਣ-ਪੀਣ ਦੇ ਮਾਮਲੇ ਵਿਚ ਬਰੈੱਡ, ਬਿਸਕੁਟ, ਕੇਕ, ਮੱਖਣ ਆਦਿ 'ਤੇ ਜ਼ਿਆਦਾ ਨਿਰਭਰ ਕਰਦੇ ।'

'ਹਾਂ, ਤੁਹਾਡੀ ਇਹ ਗੱਲ ਕਿਸੇ ਹੱਦ ਤੱਕ ਸਹੀ ਹੈ।'

'ਯਾਰ, ਜੇ ਸਾਡੀ ਇਹ ਬੇਕਰੀ ਉਥੇ ਹੋਵੇ ਤਾਂ, ਵਿਕਰੀ ਖ਼ੂਬ ਹੋਵੇ। ਫਿਰ ਤਾਂ...।'

'ਜੇ ਤੁਹਾਡੀ ਉਥੇ ਕੋਈ ਬੇਕਰੀ ਹੋਵੇ, ਤਾਂ ਜੁਰਮਾਨੇ ਵੀ ਤੁਹਾਨੂੰ ਬਾਕੀ ਬੇਕਰੀਆਂ ਵਾਲਿਆਂ ਨਾਲੋਂ ਜਿਆਦਾ ਹੋਣ।'

'ਕਿਉਂ?'

'ਤੁਸੀਂ ਸਫ਼ਾਈ ਵਲ ਤਾਂ ਕੋਈ ਧਿਆਨ ਨਹੀਂ ਦੇਂਦੇ, ਤੇ ਗੱਲਾਂ ਕਰਦੇ ਓ ਇੰਗਲੈਂਡ ਵਿਚ ਬੇਕਰੀ ਖੋਲ੍ਹਣ ਦੀਆਂ।'

*ਸਤੰਬਰ, 1989*

## ਫਸਲ ਦਰ ਫ਼ਸਲ/ਬਲਵੀਰ ਪਰਵਾਨਾ

ਕਣਕ ਵੱਲ ਦੇਖ ਸਾਰਾ ਪਰਿਵਾਰ ਵੀ ਖੁਸ਼ ਸੀ। ਰੂਹ ਖੁਸ਼ ਹੋ ਜਾਂਦੀ ਸੀ ਝੂਮਦੀ ਹੋਈ ਫਸਲ ਵਲ ਦੇਖ। ਇਸ ਫ਼ਸਲ 'ਤੇ ਉਸਨੇ ਘਰ ਦੇ ਸਾਰੇ ਜੀਆਂ ਨੂੰ ਉਹਨਾਂ ਦੀ ਮਨ-ਮਰਜ਼ੀ

ਦੇ ਕੱਪੜੇ ਲੈ ਦੇਣ ਦਾ ਲਾਰਾ ਲਾਇਆ ਹੋਇਆ ਸੀ। ਸਾਰੇ ਪਰਿਵਾਰ ਨੇ ਚਾਈਂ ਚਾਈਂ ਵਾਢੀ ਕੀਤੀ, ਗਹਾਈ ਕੀਤੀ ਤੇ ਦਾਣੇ ਕੱਢੇ। ਪਰ ਖਾਦ ਤੇ ਦੁਆਈਆਂ ਦੇ ਦਾਣੇ ਕੱਟ ਕਟਾ, ਹੱਟੀਆਂ ਦੇ ਉਧਾਰ ਦਾ ਹਿਸਾਬ ਲਾ ਕੇ ਜਦੋਂ ਦੇਖਿਆ ਤਾਂ ਮਸਾਂ ਖਾਣ ਜੋਗੇ ਦਾਣੇ ਹੀ ਬਚਦੇ ਲੱਗੇ।

ਤੇ ਇਸ ਵਾਰ ਫਿਰ ਉਹ ਜਦੋਂ ਦੁਕਾਨ 'ਤੇ ਗਿਆ ਤਾਂ ਉਸ ਸਾਰੇ ਜੀਆਂ ਲਈ ਸਸਤੇ ਕਪੜੇ ਪੜਵਾ ਲਏ। ਮਨ ਮਰਜ਼ੀ ਦੇ ਕੱਪੜੇ ਲੈਕੇ ਦੇਣ ਦਾ ਲਾਰਾ ਮੁੜ ਅਗਲੀ ਫਸਲ 'ਤੇ ਜਾ ਪਿਆ ਸੀ।

***ਦਸੰਬਰ, 1989***

## ਮਿੰਨੀ ਅਤਿਵਾਦੀ/ਮਿੱਤਰ ਸੈਨ ਮੀਤ

ਘੰਟੇ ਤੋਂ ਰੋਂਦੀ ਬੱਚੀ ਨੂੰ ਚੁੱਪ ਕਰਾਉਣ ਲਈ ਮਾਂ ਨੇ ਦੋ ਦਾ ਨੋਟ ਦਿੱਤਾ।

ਬੱਚੀ ਦਹਿਲੀਜ਼ਾਂ 'ਚ ਖੜੋ ਕੇ ਕੁਲਫੀ ਵਾਲੇ ਦਾ ਇੰਤਜ਼ਾਰ ਕਰਨ ਲੱਗੀ।

ਕੋਲ ਖੜ੍ਹੇ ਟੈਂਪੂ ਵਿੱਚੋਂ ਦੋ ਬੱਚੇ ਉਤਰੇ, ਨੋਟ ਖੋਹਿਆ ਅਤੇ ਮੁੜ ਟੈਂਪੂ ਵਿਚ ਚੜ੍ਹ ਕੇ ਖਿੜ ਖਿੜ ਹੱਸਣ ਲੱਗੇ।

'ਅਤਿਵਾਦੀ....ਅਤਿਵਾਦੀ...' ਆਖਦੀ ਡਰੀ ਸਹਿਮੀ ਬੱਚੀ ਮੁੜ ਧਾਹਾਂ ਮਾਰਨ ਲੱਗੀ।

***ਦਸੰਬਰ, 1989***

## ਲੁੱਟ ਦਾ ਮਾਲ/ਡਾ. ਹਰਨੇਕ ਸਿੰਘ ਕੈਲੇ

ਯੂਨੀਵਰਸਿਟੀ ਪੱਤਰ ਵਿਹਾਰ ਕੋਰਸ ਦੇ ਨਿੱਜੀ ਸੰਪਰਕ ਪ੍ਰੋਗਰਾਮ ਲਈ ਟਾਈਮ-ਟੇਬਲ ਬਣ ਰਿਹਾ ਸੀ। ਹਰ ਕੋਈ ਵੱਧ ਤੋਂ ਵੱਧ ਪੀਰੀਅਡ ਲੈਣੇ ਚਾਹੁੰਦਾ ਸੀ- ਇਕ ਪੀਰੀਅਡ ਪੜ੍ਹਾਉਣ ਦੇ ਚਾਲੀ ਰੁਪਏ ਜੋ ਮਿਲਣੇ ਸੀ। ਕਾਵਾਂ ਰੌਲੀ ਪੈ ਰਹੀ ਸੀ। 'ਇਹ ਤਾਂ ਲੁੱਟ ਦਾ ਮਾਲ ਐ। ਜਿੰਨਾ ਕੋਈ ਲੈ ਗਿਆ, ਸੋ ਲੈ ਗਿਆ।' ਇਕ ਦੀ ਆਖੀ ਗੱਲ ਨਾਲ ਬਹੁਤਿਆਂ ਨੇ ਸਹਿਮਤੀ ਪ੍ਰਗਟ ਕੀਤੀ।

***ਦਸੰਬਰ, 1989***

## ਅਰਦਾਸ/ਭਗਵੰਤ ਰਸੂਲਪੁਰੀ

ਸਖਤ ਪਹਿਰੇ ਹੇਠ ਰਹਿ-ਰਹਿ ਕੇ ਉਹ ਅੱਕ ਗਿਆ ਸੀ, ਉਹ ਦੁਖੀ ਹੋ ਕੇ ਕਹਿ ਉੱਠਦਾ-

'ਹੇ! ਸੱਚੇ ਪਾਤਸ਼ਾਹਾ ਕਿਸੇ ਨੂੰ ਪੁਲੀਸ ਅਫਸਰ ਦੀ ਉਲਾਦ ਨਾ ਬਣਾਈਂ, ਗਰੀਬ-ਗੁਰਬੇ ਦੀ ਭਵੇਂ ਬਣਾ ਦਈਂ।

ਦੂਰ ਪਰੇ ਕੱਚੇ ਕੋਠੇ ਵਿਚ ਟੁੱਟੀ ਮੰਜੀ ਉਤੇ ਬੈਠਾ ਬਜ਼ੁਰਗ ਅਰਦਾਸ ਕਰਦਾ-

'ਹੇ! ਸੱਚੇ ਪਾਸ਼ਹਾ ਕਿਸੇ ਨੂੰ ਐਹੋ ਜਹੀ ਨਰਕ ਵਾਲੀ ਜ਼ਿੰਦਗੀ ਨਾ ਦਈਂ।'

***ਜੂਨ, 1990***

## ਰਾਜਨੀਤੀ/ਭੁਪਿੰਦਰ ਸਿੰਘ ਪੀ.ਸੀ.ਐਸ.

ਲੋਕਾਂ ਤੋਂ ਰਾਜ ਸੱਤਾ ਲੈ ਕੇ ਉਹਨਾਂ ਦਾ ਪ੍ਰਤੀਨਿਧ ਕਿਧਰੇ ਗੁਆਚ ਈ ਗਿਆ। ਲੋਕ ਦੀਵਾ ਲੈ ਕੇ ਉਹਨੂੰ ਟੋਲਦੇ ਰਹਿੰਦੇ ਪਤਾ ਨਹੀਂ ਉਹ ਕਿਹੜੇ ਦੇਸੀਂ ਉਡਾਰੀ ਮਾਰ ਗਿਆ, ਲਭਦਾ ਈ ਕਿਤੇ ਨਾ। ਮੀਂਹ ਵੀ ਵਰ੍ਹੇ, ਹੜ੍ਹ ਵੀ ਆਏ, ਗੜ੍ਹੇ ਵੀ ਪਏ। ਲੋਕੀਂ ਔਖੇ ਵੀ ਰਹੇ, ਸੌਖੇ ਵੀ ਰਹੇ, ਪਰ ਕਿਸੇ ਗਮੀ ਜਾਂ ਖ਼ੁਸ਼ੀ ਵੇਲੇ ਉਹਨਾਂ ਦੇ ਪ੍ਰਤੀਨਿਧ ਨੇ ਸਾਂਝ ਨ ਪਾਈ। ਮੁੱਦਤਾਂ ਪਿੱਛੋਂ ਇੱਕ ਮੰਤਰੀ ਉਹਦੇ ਚੋਣ ਖੇਤਰ ਵਿਚ ਆਇਆ ਤੇ ਕਿਧਰੇ ਜਾ ਕੇ ਉਹਦੇ ਦਰਸ਼ਨ ਹੋਏ।

ਪਿੰਡ ਦੇ ਬਜ਼ੁਰਗਾਂ ਨੇ ਇਕੱਠੇ ਹੋ ਕੇ ਉਲ੍ਹਾਮਾਂ ਦਿੱਤਾ। ਅਸੀਂ ਤੈਨੂੰ ਤਖਤ ਬਿਠਾਇਆ ਲੋਕਾਂ 'ਦਾ ਹਮਦਰਦ ਜਾਣ ਕੇ। ਸਾਰੇ ਤੈਨੂੰ ਸਿਆਣਾਂ ਤੇ ਦਾਨਾ ਬੀਨਾ ਸਮਝਦੇ ਆ ਪਰ ਤੂੰ ਸਾਨੂੰ ਉਜੱਡ ਤੇ ਮੂਰਖ ਈ ਸਮਝਿਆ।'

ਤੁਸੀਂ ਬਿਲਕੁਲ ਠੀਕ ਕਹਿੰਦੇ ਓ ਬਜ਼ੁਰਗੋ। ਤੁਸੀਂ ਆਪਣੀ ਥਾਂ ਸੱਚੇ ਓ, ਮੈਂ ਆਪਣੀ।

*ਜੂਨ, 1990*

## ਜਿਆਦਤੀ/ਮਿੱਤਰ ਸੈਨ ਮੀਤ

ਇਸ ਹਫਤੇ 'ਚ ਹੋਈ ਇਹ ਦੂਸਰੀ ਵਾਰਦਾਤ ਸੀ।

ਪਹਿਲੀ ਵਿਚ ਇਕ ਨੇਤਾ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਇਆ ਸੀ। ਇਸ ਵਾਰ ਦੋ ਪਰਵਾਸੀ ਮਜਦੂਰ।

ਪਹਿਲੀ ਵਾਰੀ ਸ਼ਹਿਰ ਵਿਚ ਮੁਕੰਮਲ ਹੜਤਾਲ ਹੋਈ ਸੀ। ਸਕੂਲ ਬਜ਼ਾਰ ਸਭ ਬੰਦ ਰਹੇ ਸਨ।

ਇਸ ਵਾਰ ਲੋਕ ਇਕ-ਮਤ ਨਹੀਂ ਸਨ। ਕੁਝ ਦੁਕਾਨਾਂ ਖੁਲ੍ਹੀਆਂ ਸਨ ਅਤੇ ਕੁਝ ਬੰਦ। ਕਈ ਸਕੂਲਾਂ ਦੇ ਰਿਕਸ਼ੇ ਸੜਕਾਂ ਤੇ ਘੁਮ ਰਹੇ ਸਨ ਅਤੇ ਕਈਆਂ ਦੇ ਗਾਇਬ ਸਨ।

ਦੋਚਿਤੀ ਵਿਚ ਉਸਨੇ ਬੱਚੇ ਨੂੰ ਤਿਆਰ ਕੀਤਾ, ਸਕੂਟਰ ਤੇ ਬੈਠਾਇਆ ਅਤੇ ਸਕੂਲ ਨੂੰ ਲੈ ਤੁਰਿਆ।

'ਛੁੱਟੀ ਹੈ...ਛੁੱਟੀ ਹੈ...।' ਚਾਬੜੇਂ ਪਾਉਂਦੇ , ਸਕੂਲੋਂ ਮੁੜਦੇ ਬੱਚੇ ਉਸਦੇ ਬੱਚੇ ਨੂੰ ਸੰਬੋਧਨ ਹੋ ਕੇ ਖੁਸ਼ਖਬਰੀ ਸੁਣਾਉਣ ਲੱਗੇ।

ਛੁੱਟੀ ਦੀ ਖਬਰ ਸੁਣਦਿਆਂ ਹੀ ਬੱਚੇ ਦਾ ਚਿਹਰਾ ਗੁਲਾਬ ਵਾਂਗ ਖਿਲਾ ਗਿਆ।

'ਕਿੰਨੀਆਂ ਛੁੱਟੀਆਂ ਨੇ?' ਬੱਚੇ ਨੂੰ ਕੁਝ ਹੋਰ ਆਸ ਸੀ। ਤਸੱਲੀ ਲਈ ਉਸਨੇ ਵਾਪਸ ਮੁੜਦੇ ਬੱਚੇ ਤੋਂ ਪੁੱਛਿਆ।

'ਇਕ....'

'ਬਸ! ਇਕ ਬੰਦਾ ਮਰਿਆ ਸੀ ਤਾਂ ਇਕ ਛੁੱਟੀ ਹੋਈ ਸੀ, ਦੋ ਮਰੇ ਨੇ ਤਾਂ ਦੋ ਕਿਉਂ ਨਹੀਂ?'

ਬੱਚਿਆਂ ਦੇ ਚਿਹਰਿਆਂ ਤੇ ਮੁੜ ਮਾਤਮ ਛਾ ਗਿਆ।

ਬੱਚਿਆਂ ਨੂੰ ਲੱਗ ਰਿਹਾ ਸੀ ਜਿਵੇਂ ਇਕ ਛੁੱਟੀ ਕਰਕੇ ਪ੍ਰਬੰਧਕਾਂ ਨੇ ਉਨ੍ਹਾਂ ਨਾਲ ਜਿਆਦਤੀ ਕੀਤੀ ਸੀ।

*ਦਸੰਬਰ, 1990*

## ਤੇ ਮਨੁੱਖਤਾ ਰੋ ਪਈ/ਦੇਵ ਤਲਵੰਡੀ

ਹਰ ਰੋਜ਼ ਵਾਂਗ ਉਹ ਕੁੱਤਾ, ਅੱਜ ਵੀ ਉਸ ਕੋਲੋਂ ਖਾਣ ਲਈ ਰੋਟੀ ਮੰਗ ਰਿਹਾ ਹੈ। ਪਰ ਰੋਟੀ ਹੁੰਦਿਆਂ ਵੀ ਉਸ ਨੂੰ ਦੁਰਕਾਰ ਦਿੱਤਾ ਗਿਆ, ਹਰ ਰੋਜ਼ ਵਾਂਗ ਹੀ।

...ਤੇ ਫਿਰ ਇੰਨੇ ਮੀਂਹ ਪਏ ਕਿ ਨਹਿਰਾਂ ਦੇ ਪਾਣੀਆਂ 'ਚ ਉਛਾਲਾ ਆ ਗਿਆ। ਤੇ ਪਾਣੀ 'ਹੜ੍ਹ' ਬਣ ਕੇ ਹੋਰਨਾਂ ਘਰਾਂ ਵਾਂਗਰ ਉਸ ਦਾ ਵੀ ਸਭ ਕੁਝ ਰੋੜ੍ਹ ਕੇ ਲੈ ਗਿਆ। ਉਹ ਕਈ ਦਿਨਾਂ ਦਾ ਭੁੱਖਾ ਉੱਚੀ ਜਗ੍ਹਾ ਚੜ੍ਹਿਆ ਬੈਠਾ ਭੁੱਖ ਨਾਲ ਵਿਲਕ ਰਿਹਾ ਸੀ। ਅਚਾਨਕ ਹੀ ਉਸ ਨੇ ਕੁੱਤੇ ਦੇ ਮੂੰਹ ਰੋਟੀ ਦਾ ਟੁਕੜਾ ਦੇਖਿਆ। ਜਿਵੇਂ ਉਸਦੀ ਭੁੱਖ ਹੋਰ ਚਮਕ ਉੱਠੀ। ਉਹ ਕੁੱਤੇ ਨੂੰ ਪੁਚਕਾਰ ਕੇ ਰੋਟੀ ਦਾ ਟੁਕੜਾ ਮੰਗਣ ਲੱਗਿਆ। ਕੁੱਤੇ ਨੇ ਪੂਰੇ ਦਾ ਪੂਰਾ ਟੁਕੜਾ ਉਸ ਦੇ ਹੱਥ ਤੇ ਧਰ ਦਿੱਤਾ।

ਤੇ ਉਹ ਜਿਵੇਂ ਪਾਣੀ-ਪਾਣੀ ਹੋ ਕੇ ਸਾਰੇ ਦਾ ਸਾਰਾ ਵਹਿ ਤੁਰਿਆ।

*ਦਸੰਬਰ, 1990*

## ਹੰਝੂ/ਰਾਜਿੰਦਰ ਸਿੰਘ ਤੋਖੀ

ਜਾਲੰਧਰ ਦੇ ਹੈੱਡ ਆਫਿਸ 'ਚੋਂ ਬਦਲ ਕੇ ਆਈ ਉਹ ਨਵੀਂ ਕੁੜੀ ਅਜੰਤਾ ਦੀ ਮੂਰਤ ਤੋਂ ਘੱਟ ਨਹੀਂ ਸੀ। ਗੋਰੀ ਚਿੱਟੀ, ਤਿੱਖੇ ਨੈਣ ਨਕਸ਼, ਪਤਲੇ ਬੁੱਲ੍ਹ, ਗੋਲ ਠੋਡੀ ਤੇ ਬਿੱਲੀਆਂ ਅੱਖਾਂ ਵਾਲੀ ਉਸ ਕੁੜੀ ਦੇ ਅੰਗ ਅੰਗ 'ਚ ਇਕ ਅਜੀਬ ਕਿਸਮ ਦੀ ਖਿੱਚ ਸੀ।

ਅਕਸਰ ਮੇਰੇ ਕੋਲੋਂ ਮੇਰੇ ਮਾਂ ਪਿਉ, ਭੈਣ ਭਰਾਵਾਂ ਤੇ ਘਰ ਬਾਰ ਵਾਰੇ ਪੁੱਛਦੀ ਰਹਿੰਦੀ ਹੈ ਪਰ ਮੈਂ ਹੀ ਉਸਨੂੰ ਆਪਣਾ ਦਿਲ ਖੋਲ੍ਹ ਕੇ ਨਹੀਂ ਦੱਸ ਸਕਿਆ। ਚਲੋ ਹੁਣ ਮਾਂ ਦਾ ਚਾਅ ਵੀ ਪੂਰਾ ਕਰ ਦਿਆਂਗਾ ਉਹ ਤਾਂ ਹਰ ਵਕਤ ਮੇਰੇ ਵਿਆਹ ਦੀ ਹੀ ਰੱਟ ਲਾਈ ਫਿਰਦੀ ਸੀ।

ਅੱਜ ਦੀ ਡਾਕ 'ਚ ਵਿਦੇਸ਼ ਰਹਿੰਦੀ ਮੇਰੀ ਭੈਣ ਦੀਆਂ ਰੱਖੜੀਆਂ ਆਈਆਂ ਸਨ। ਭੈਣ ਦੀ ਚਿੱਠੀ ਪੜ੍ਹਨ ਤੋਂ ਬਾਅਦ ਜਦ ਮੈਂ ਕਮਲ ਵੱਲ ਦੇਖਿਆ ਤਾਂ ਉਸਦੀਆਂ ਅੱਖਾਂ 'ਚ ਹੰਝੂ ਆਏ ਹੋਏ ਸਨ।

'ਤੇਰੀਆਂ ਅੱਖਾਂ 'ਚ ਹੰਝੂ...।' ਮੈਂ ਉਸਨੂੰ ਪੁੱਛਿਆ।

'ਪਿਛਲੇ ਸਾਲ ਰੱਖੜੀ ਵਾਲੇ ਦਿਨ ਮੇਰੇ ਵੀਰ ਦਾ ਐਕਸੀਡੈਂਟ ਹੋ ਗਿਆ ਸੀ ਤੇ ਉਹ ਇਸ ਦੁਨੀਆਂ ਤੋਂ ਸਦਾ ਲਈ....। ਮੇਰੀ ਬੁੱਢੀ ਮਾਂ ਉਸਦੇ ਗਮ 'ਚ ਪਾਗਲ...। ਕੱਲ੍ਹ ਰੱਖੜੀ ਆ ਤੁਸੀਂ ਮੇਰੇ ਘਰ ਜਰੂਰ ਆਇਉ। ਮੇਰੀ ਮਾਂ ਤੁਹਾਨੂੰ ਦੇਖ ਬੜਾ ਖੁਸ਼ ਹੋਵੇਗੀ।'

'ਪਰ ਮੇਰੀ ਮਾਂ ਦੀਆਂ ਖੁਸ਼ੀਆਂ ਦਾ ਕੀ ਹੋਵੇਗਾ?'

ਕਹਿੰਦੇ ਹੀ ਮੇਰੀਆਂ ਅੱਖਾਂ 'ਚ ਹੰਝੂ ਆ ਗਏ।

## ਯੁਵਕ ਵਿਕਾਊ ਹਨ/ਹਮਦਰਦਵੀਰ ਨੌਸ਼ਹਿਰਵੀ

ਤੀਰਥ ਕਾਲਜ ਯੁਵਕ ਸਭਾ ਦਾ ਪ੍ਰਧਾਨ ਸੀ। ਉਹ ਕਾਲਜ ਦੇ ਹਰ ਸਮਾਗਮ ਵੇਲੇ ਇਨਕਲਾਬੀ ਕਵਿਤਾ ਬੋਲਦਾ ਹੁੰਦਾ ਸੀ ਤੇ ਹਰ ਕਵਿਤਾ ਦੇ ਪਿੱਛੋਂ ਜੈ ਸੰਘਰਸ਼ ਕਹਿਣੋ ਉਹ ਕਦੀ ਨਹੀਂ ਸੀ ਰੁਕਦਾ।

ਇਕ ਵਾਰ ਕਾਲਜ ਵਿਚ ਯੁਵਕ ਸੁਧਾਰ ਸਭਾ ਨੇ 'ਦਾਜ ਇਕ ਸਮਾਜਿਕ ਲਾਹਨਤ ਹੈ' , ਦੇ ਵਿਸ਼ੇ ਉਤੇ ਇਕ ਬਹਿਸ ਰੱਖੀ। ਬਹਿਸ ਤੋਂ ਬਾਅਦ ਬਾਈ ਵਿਦਿਆਰਥੀਆਂ ਨੇ ਆਪਣੀ ਸ਼ਾਦੀ ਸਮੇਂ ਦਾਜ ਨਾ ਲੈਣ ਦੀ ਸੌਂਹ ਚੁੱਕੀ ਅਤੇ ਇੱਕ ਰਜਿਸਟਰ ਉਤੇ ਦਸਤਖਤ ਕੀਤੇ। ਸੌਂਹ ਚੁੱਕਣ ਵਾਲੇ ਵਿਦਿਆਰਥੀਆਂ ਵਿਚ ਤੀਰਥ ਦਾ ਨਾਮ ਸਭ ਤੋਂ ਉੱਪਰ ਸੀ।

ਛੇਤੀ ਹੀ ਤੀਰਥ ਦੀ ਕਿਸੇ ਵੱਡੇ ਘਰ ਮੰਗਣੀ ਹੋ ਗਈ। ਬਾਅਦ ਵਿਚ ਤੀਰਥ ਬੀ.ਏ. ਦੀ ਪੜ੍ਹਾਈ ਅਧਵਾਟੇ ਛੱਡ ਹੀ ਪੜ੍ਹਨੋਂ ਹਟ ਗਿਆ। ਉਸ ਦੀ ਪੜ੍ਹਾਈ ਦੀ ਮੰਜਿਲ ਸ਼ਾਇਦ ਮੰਗਣੀ ਤੱਕ ਹੀ ਸੀ।

ਉਸ ਦੀ ਸ਼ਾਦੀ ਲਈ ਦਾਅਵਤ ਨਾਮਾ ਮੈਨੂੰ ਵੀ ਮਿਲਿਆ ਪਰ ਮੈਂ ਜਾ ਨਾ ਸਕਿਆ।

ਪੰਦਰਾਂ ਵੀਹ ਦਿਨ ਹੋਰ ਬੀਤ ਗਏ।

ਇੱਕ ਸ਼ਾਮ ਮੈਂ ਕਾਲਜੋਂ ਆਪਣੀ ਡਿਊਟੀ ਮੁਕਾ ਕੇ ਘਰ ਮੁੜ ਰਿਹਾ ਸਾਂ। ਰਾਹ ਵਿਚ ਹੀ ਸਾਈਕਲ ਦੇ ਪਿਛਲੇ ਪਹੀਏ ਵਿੱਚੋਂ ਹਵਾ ਨਿਕਲ ਜਾਣ ਕਰਕੇ ਮੈਂ ਹੌਲੀ ਹੌਲੀ ਸਾਈਕਲ ਰਾਹੀਂ ਮੁੜ ਰਿਹਾ ਸਾਂ। ਪਿੱਛੋਂ ਇਕ ਤੇਜ਼ ਚਲਦਾ ਮੋਟਰ ਸਾਈਕਲ ਐਨ ਮੇਰੇ ਲਾਗੇ ਆਕੇ ਰੁਕ ਗਿਆ।

....'ਪ੍ਰੋਫੈਸਰ ਸਾਹਿਬ, ਸਤਿ ਸ੍ਰੀ ਅਕਾਲ।' ਤੀਰਥ ਨੇ ਮੇਰੇ ਵਲ ਹੱਥ ਵਧਾਇਆ। ਉਸ ਦਾ ਸੋਨੇ ਦਾ ਕੜਾ ਮੇਰੇ ਹੱਥ ਨਾਲ ਵੀ ਟਕਰਾ ਗਿਆ। ਐਟੋਮੈਟਿਕ ਘੜੀ ਨੇ ਵੀ ਕੋਟ ਹੇਠੋਂ ਮੇਰੇ ਵਲ ਝਾਕਿਆ।

..ਵਾਹ ਭਈ ਤੀਰਥਾ, ਤੂੰ ਤਾਂ ਬੜਾ ਚਮਕ ਪਿਆ ਏ। ਇਹ ਨਵਾਂ ਸੂਟ-ਨਵਾਂ ਮੋਟਰ ਸਾਈਕਲ ਕੋਈ ਖਜਾਨਾ ਤੇ ਨਹੀਂ ਲੱਭ ਪਿਆ।

...ਪ੍ਰੋਫੈਸਰ ਸਾਹਿਬ, ਤੁਸੀਂ ਵੀ ਹੁਣ ਮੋਟਰਸਾਈਕਲ ਲਵੋ।

...ਭਾਈ ਕੋਈ ਦੇਣ ਵਾਲਾ ਹੋਵੇ ਵੀ ਸਹੀ। ਇਸ ਉਮਰ 'ਚ ਮੇਰੀ ਹੁਣ ਦੁਬਾਰਾ ਸ਼ਾਦੀ ਤੇ ਨਹੀਂ ਹੋਣੀ।

ਤੀਰਥ ਸ਼ਰਮਿੰਦਾ ਜਿਹਾ ਹੋ ਕੇ ਦੂਜੇ ਪਾਸੇ ਵਲ ਵੇਖਣ ਲੱਗ ਪਿਆ।

## ਚੁੱਪ ਦਾ ਅਸਰ/ਬਿਪਨ ਗੋਇਲ

ਪੱਖੀ- ਤੁਸੀਂ ਮੈਨੂੰ ਕਿਉਂ ਵੱਢ ਰਹੇ ਹੋ? ਮੈਂ ਭਾਵੇਂ ਸੁੱਕ ਗਿਆ ਹਾਂ ਪਰ ਬਸੰਤ 'ਚ ਫੇਰ ਹਰਾ ਹੋ ਸਕਦਾ ਹਾਂ-

ਪ੍ਰਤੀ-ਪੱਖੀ-ਸੁੱਕੀ ਹੋਈ ਚੀਜ਼ ਕਦੀ ਹਰੀ ਹੁੰਦੀ ਐ- ਨਹੀਂ, ਕਦੇ ਨਹੀਂ...।

ਪੱਖੀ- ਜੇ ਕਰ ਉਸ ਨੂੰ ਕੁੱਝ ਦੇਰ ਉਸ ਦੀ ਖੁਰਾਕ ਦਿੱਤੀ ਜਾਵੇ...।

ਪ੍ਰਤੀ-ਪੱਖੀ- ਇਸ ਵਿਅਕਤੀ ਵਾਦੀ ਯੁੱਗ 'ਚ ਦੂਜੇ ਨੂੰ ਖੁਰਾਕ ਦੇਣਾ ਮਨਾਂ ਹੈ...।

ਪੱਖੀ- ਮੈਂ ਆਪਣੇ ਆਪ ਹਰਾ ਹੋ ਜਾਵਾਂਗਾ ਪਰ ਤੁਸੀਂ ਮੇਰੀਆਂ ਬਾਹਾਂ ਤਾਂ ਨਾ ਵਢੋ...।

ਪ੍ਰਤੀ-ਪੱਖੀ...ਇਹ ਦੁਨੀਆਂ ਦਾ 'ਸੂਲ ਐ ਕਿ ਜੋ ਚੀਜ਼ ਸੁੱਕ ਗਈ ਉਸ ਨੂੰ ਸੁਕਦੇ ਈ ਵੱਢ ਦਿਓ-।

ਪੱਖੀ- ਨਹੀਂ ਮੈਂ ਇਸ 'ਸੂਲ ਨੂੰ ਭੰਗ ਕਰਾਂਗਾ-। ਲਓ- ਭਾਵੇਂ ਮੈਂ ਸੁੱਕਾਂ ਹਾਂ ਪਰ ਤੁਸੀਂ ਮੈਨੂੰ ਵੱਢ ਕੇ ਵਿਖਾਓ-।

ਪ੍ਰਤੀ ਪੱਖੀ- ਤੂੰ ਕੱਲਾ ਕੁੱਝ 'ਨੀ ਕਰ ਸਕਦਾ- ਵੇਖ ਤੇਰੇ ਨਾਲ ਦੇ ਵੀ ਤਾਂ ਕਿਵੇਂ ਚੁੱਪ ਖੜੇ ਨੇ-।

ਲਕੜਹਾਰੇ ਨੇ ਕਹਿੰਦੇ ਕੁਹਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੀਆਂ ਟਹਿਣੀਆਂ ਇਕ ਇਕ ਕਰਕੇ ਥੱਲੇ ਡਿਗਣ ਲੱਗੀਆਂ। ਵੇਖਦੇ ਵੇਖਦੇ ਉਹ ਦਰਖ਼ਤ ਉਥੋਂ ਪੁੱਟ ਦਿੱਤਾ ਗਿਆ।

ਸ਼ਾਮ ਤੱਕ ਜੰਗਲ ਰੜਾ ਮੈਦਾਨ ਬਣ ਚੁੱਕਾ ਸੀ।

# ਭਾਗ ਤੀਜਾ

## (1991-2000)



# ਮਿੰਨੀ ਕਹਾਣੀ ਵਿਧਾ ਪ੍ਰਤੀ ਇਕ ਹੋਰ ਸਾਰਥਿਕ ਉਪਰਾਲਾ

ਸਾਹਿਤਕ ਰੂਪਾਕਾਰਾਂ ਦਾ ਨਿਕਾਸ ਤੇ ਵਿਕਾਸ ਇਕ ਜਟਿਲ ਤੇ ਜੈਵਿਕ ਵਰਤਾਰਾ ਹੈ। ਇਹ ਵਿਸ਼ੇਸ਼ ਸਮਾਜਿਕ ਤੇ ਸਭਿਆਚਾਰਕ ਪਰਿਸਥਿਤੀਆਂ ਦੇ ਜਮ੍ਹਾਂ ਜੋੜ ਦਾ (ਕੁਦਰਤੀ ਵਰਤਾਰਿਆਂ ਵਾਂਗ) ਇਕ ਸਹਿਜ ਪ੍ਰਕ੍ਰਿਆ ਤੇ ਪ੍ਰਤੀਫਲ ਹੈ। ਬੀਤੀ ਸਦੀ ਦੇ ਅੱਧ ਵਿਚ ਪੰਜਾਬੀ ਸਾਹਿਤ ਵਿਚ ਮਿੰਨੀ ਕਹਾਣੀ ਦੀਆਂ ਕਰੂੰਬਲਾਂ ਨਿਕਲਣੀਆਂ ਸ਼ੁਰੂ ਹੁੰਦੀਆਂ ਹਨ। ਇਸ ਪਿੱਛੇ ਦਰਜਨਾਂ ਕਾਰਨ ਸੰਯੁਕਤ ਰੂਪ 'ਚ ਕਾਰਜਸ਼ੀਲ ਸਨ। ਪੂੰਜੀਵਾਦੀ ਵਿਕਾਸ ਵਿਵਸਥਾ ਦਾ ਲਾਜ਼ਮੀ ਪ੍ਰਤੀਫਲ ਵਿਅਕਤੀਵਾਦ, ਨਿੱਜਵਾਦ ਤੇ ਅੰਤਰਮੁਖਤਾ, ਸਮਾਜਿਕ ਤੇ ਪਰਿਵਾਰਕ ਸੰਬੰਧਾਂ 'ਚ ਉਪਜਦਾ ਤਣਾਉ ਤੇ ਟਕਰਾਉ, ਗਿਆਨ ਤੇ ਸੰਚਾਰ ਸਾਧਨਾਂ 'ਚ ਹੁੰਦਾ ਵਿਸਫੋਟ ਅਤੇ ਵਿਸ਼ੇਸ਼ ਹਾਲਤਾਂ ਵਿਚ ਭਾਰਤ ਨੂੰ ਪ੍ਰਾਪਤ ਰਾਜਨੀਤਕ ਸੁਤੰਤਰਤਾ, ਦੇਸ਼ ਵੰਡ ਤੋਂ ਉਪਜਿਆ ਮਹਾਂ ਦੁਖਾਂਤ ਅਤੇ ਸੁਤੰਤਰਤਾ ਸੰਗਰਾਮ ਨੇ ਮੱਧ-ਵਰਗ ਵਿਚ ਜਗਾਏ ਸੁਪਨੇ ਆਦਿ ਮਿੰਨੀ ਕਹਾਣੀ ਦੇ ਨਿਕਾਸ ਤੇ ਵਿਕਾਸ ਲਈ ਕੁਝ ਮਹੱਤਵ ਕਾਰਨ/ਅਧਾਰ ਬਣਦੇ ਹਨ। ਬੀਤੀ ਸਦੀ ਦੇ ਅੱਠਵੇਂ ਦਹਾਕੇ 'ਚ ਜਦੋਂ ਸੁਤੰਤਰਤਾ ਨਾਲ ਜੁੜੇ ਸੁਪਨੇ ਚਕਨਾਚੂਰ ਹੋਣੇ ਸ਼ੁਰੂ ਹੁੰਦੇ ਹਨ ਅਤੇ ਭਾਰਤੀ ਮੱਧ-ਵਰਗ ਦੇ ਸੁਚੇਤ ਤੇ ਸੰਵੇਦਨਸ਼ੀਲ ਹਿੱਸਿਆਂ ਦਾ ਪੇਸ਼ ਭਾਰਤੀ ਵਿਵਸਥਾ ਤੋਂ ਮੋਹ ਭੰਗ ਹੋਣਾ ਸ਼ੁਰੂ ਹੁੰਦਾ ਹੈ ਤਾਂ ਮਿੰਨੀ ਕਹਾਣੀ ਵੱਡੀ ਮਾਤਰਾ 'ਚ ਪ੍ਰਕਾਸ਼ਿਤ ਹੋਣੀ ਸ਼ੁਰੂ ਹੁੰਦੀ ਹੈ ਅਤੇ ਇਹ ਅਖ਼ਬਾਰਾਂ ਤੇ ਪਰਚਿਆਂ ਤੋਂ ਬਾਅਦ ਪੁਸਤਕ ਰੂਪ ਧਾਰਨ ਕਰਨਾ ਸ਼ੁਰੂ ਕਰਦੀ ਹੈ। ਪੰਜਾਬੀ ਗ਼ਜ਼ਲ ਵੀ ਇਸ ਦਹਾਕੇ 'ਚ ਵੱਡੀ ਮਾਤਰਾ 'ਚ ਸਿਰਜਿਤ ਹੋਣੀ ਸ਼ੁਰੂ ਹੁੰਦੀ ਹੈ ਅਤੇ ਤਿੰਨ-ਚਾਰ ਮਹੱਤਵਪੂਰਨ 'ਗ਼ਜ਼ਲ ਸਕੂਲ' ਸਥਾਪਿਤ ਹੁੰਦੇ ਹਨ। ਗ਼ਜ਼ਲ ਦੇ ਹਰ ਸ਼ਿਅਰ ਦਾ ਮੁਕੰਮਲ ਤੇ ਸੁਤੰਤਰ ਹੋਂਦ ਰੱਖਣਾ ਅਤੇ ਮਿੰਨੀ ਕਹਾਣੀ ਦਾ ਲਘੂ ਆਕਾਰ 'ਚ ਵੀ ਸੁਤੰਤਰ ਇਕਾਈ ਦੀ ਧਾਰਨੀ ਹੋਣਾ ਇਕ ਰੂਪਾਕਾਰਕ ਸਮਾਨਤਾ ਸਮਝਣੀ ਚਾਹੀਦੀ ਹੈ। ਦੂਜੇ, ਗ਼ਜ਼ਲ ਸਕੂਲਾਂ ਵਾਂਗ ਕੁਝ ਮਿੰਨੀ ਕਹਾਣੀ ਲੇਖਕ ਇਸ ਵਿਧਾ ਨੂੰ ਸਥਾਪਿਤ ਕਰਨ ਲਈ ਸੰਸਥਾਵਾਂ ਵਾਂਗ ਕੰਮ ਕਰਨਾ ਸ਼ੁਰੂ ਕਰਦੇ ਹਨ। ਇਨ੍ਹਾਂ 'ਚ ਜਗਦੀਸ਼ ਅਰਮਾਨੀ, ਸੁਰਿੰਦਰ ਕੈਲੇ ਅਤੇ ਡਾ. ਸ਼ਿਆਮ ਸੁੰਦਰ ਦੀਪਤੀ ਤੇ ਸ਼ਿਆਮ ਸੁੰਦਰ ਅਗਰਵਾਲ ਦੀ ਜੋੜੀ (ਬਾਅਦ 'ਚ ਬਿਕਰਮਜੀਤ ਸਿੰਘ ਨੂਰ ਵੀ ਇਨ੍ਹਾਂ ਨਾਲ ਜੁੜ ਜਾਂਦਾ ਹੈ) ਆਦਿ ਮਿੰਨੀ ਕਹਾਣੀ ਦੇ ਵਿਕਾਸ ਲਈ ਜੱਥੇਬੰਦਕ ਤੇ ਸੰਸਥਾਗਤ ਰੂਪ 'ਚ ਕਾਰਜਸ਼ੀਲ ਹੁੰਦੇ ਹਨ। ਇ੍ਹਨਾਂ ਵਿੱਚੋਂ ਸੁਰਿੰਦਰ ਕੈਲੇ ਸਭ ਤੋਂ ਪਹਿਲਾਂ 'ਅਣੂ' ਨਾਮਕ ਮਿੰਨੀ ਕਹਾਣੀ ਪੱਤ੍ਰਿਕਾ ਸ਼ੁਰੂ ਕਰਦਾ ਹੈ ਅਤੇ ਇਹ ਪਰਚਾ ਬੀਤੇ ਚਾਰ ਦਹਾਕਿਆਂ ਤੋਂ ਨਿਰੰਤਰ ਪ੍ਰਕਾਸ਼ਿਤ ਹੋ ਰਿਹਾ ਹੈ। ਇਹ ਸਾਰਾ ਕੁਝ ਇਕ ਪ੍ਰਕਾਰ ਦੀ ਮਿਸ਼ਨਰੀ ਭਾਵਨਾ ਤਹਿਤ ਕੀਤਾ ਜਾ ਰਿਹਾ ਹੈ। ਚਾਲੀ ਸਾਲਾਂ ਦੀ ਨਿਰੰਤਰਤਾਂ ਵਾਲੇ ਪੰਜਾਬੀ 'ਚ ਕੇਵਲ ਦੋ-ਚਾਰ ਪਰਚੇ ਹੀ ਹਨ। ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀ ਪ੍ਰਤੀ ਨਿਸ਼ਠਾ ਦਾ ਇਹ ਪੁਖ਼ਤਾ ਪ੍ਰਮਾਣ ਹੈ। ਅੱਜਕੱਲ੍ਹ ਉਹ ਇਨ੍ਹਾਂ ਚਾਰ ਦਹਾਕਿਆਂ 'ਤੇ ਪਰਤਵੀਂ ਝਾਤ ਪਾ ਰਿਹਾ ਹੈ ਅਤੇ

ਹੱਥਲੀ ਲਿਖਤ ਬੀਤੀ ਸਦੀ ਦੇ ਅੰਤਿਮ ਦਹਾਕੇ 'ਚ ਪ੍ਰਕਾਸ਼ਿਤ ਮਿੰਨੀ ਕਹਾਣੀਆਂ ਦੀ ਪਰਖ ਪੜਚੋਲ ਨਾਲ ਸੰਬੰਧਿਤ ਹੈ।

ਇਸ ਦਹਾਕੇ ਤੱਕ ਪਹੁੰਚਦਿਆਂ ਮਿੰਨੀ ਕਹਾਣੀ ਇੱਕ ਸੁਤੰਤਰ ਵਿਧਾ ਵਜੋਂ ਪ੍ਰਵਾਨਿਤ ਹੋ ਜਾਂਦੀ ਹੈ। ਮਿੰਨੀ ਕਹਾਣੀ ਦੀ ਸਮੀਖਿਆ, ਅਧਿਐਨ, ਆਲੋਚਨਾ ਤੇ ਮੁਲੰਕਣ ਮਿੰਨੀ ਕਹਾਣੀ ਲੇਖਕਾਂ ਤੋਂ ਛੁੱਟ ਕੁਝ ਸਾਹਿਤ ਆਲੋਚਕ ਵੀ ਕਰਦੇ ਹਨ। ਮਿੰਨੀ ਕਹਾਣੀ ਬਾਰੇ ਖੋਜ ਨਿਬੰਧ ਪੁਸਤਕ ਰੂਪ ਗ੍ਰਹਿਣ ਕਰਦੇ ਹਨ ਅਤੇ ਮਿੰਨੀ ਕਹਾਣੀ ਦੇ ਰੂਪਾਕਾਰਕ ਗੁਣ-ਲੱਛਣ ਨਿਰਧਾਰਿਤ ਹੋ ਜਾਂਦੇ ਹਨ। ਇਸ ਦਹਾਕੇ ਵਿਚ ਜਿੱਥੇ ਮਿੰਨੀ ਕਹਾਣੀ 'ਚ ਵਿਅੰਗ, ਤੇ ਕਟਾਖ਼ਸ਼ ਨੂੰ ਇਸ ਵਿਧਾ ਦਾ ਜਰੂਰੀ ਤੱਤ ਮੰਨਣਾ ਛੱਡ ਦਿੱਤਾ ਜਾਂਦਾ ਹੈ ਉੱਥੇ ਦੋਗਲੇ-ਦੰਭੀ ਕਿਰਦਾਰ ਤੇ ਵਿਵਹਾਰ ਵਰਗੇ ਵਿਸ਼ਿਆਂ ਦੀ ਵਾਰ-ਵਾਰ ਪੇਸ਼ਕਾਰੀ ਤੋਂ ਖਹਿੜਾ ਛੁਡਾ ਕੇ ਵਿਸ਼ੇ/ਵਸਤੂ/ਤੱਥ ਦੀ ਵੰਨ-ਸੁਵੰਨਤਾ ਨੂੰ ਪ੍ਰਮੁੱਖਤਾ ਮਿਲਦੀ ਹੈ। ਮਿੰਨੀ ਕਹਾਣੀ ਲੇਖਕ ਇਸ ਵਿਧਾ ਦੇ ਰੂਪਾਕਾਰਕ ਗੁਣਾਂ ਲੱਛਣਾਂ ਪ੍ਰਤੀ ਵਧੇਰੇ ਸੁਚੇਤ ਹੁੰਦੇ ਹਨ। ਇਹ ਵੱਖਰੀ ਗੱਲ ਹੈ ਕਿ ਸੌਖਪ੍ਰਸਤੀ ਦੀ ਭਾਵਨਾ, (ਲਘੂ ਆਕਾਰ ਕਾਰਨ) ਛਪਣ ਕਾਹਲ ਅਤੇ ਬਹੁ-ਪੱਖੀ ਅਧਿਐਨ, ਵਿਸ਼ਲੇਸ਼ਣ ਤੇ ਮੁਲੰਕਣ ਦੀ ਘਾਟ ਅਜੇ ਵੀ ਪ੍ਰਤੱਖ ਹੈ। ਵੱਖਰੀ ਪਛਾਣ ਸਥਾਪਿਤ ਕਰਨ ਦਾ ਮੋਹ ਸਭਯ ਸੀਮਾਵਾਂ ਪਾਰ ਕਰ ਰਿਹਾ ਹੈ। ਇਸ ਪਿੱਠ-ਭੂਮੀ ਵਿਚ ਹੀ ਸੁਰਿੰਦਰ ਕੈਲੇ ਦੁਆਰਾ 1991 ਤੋਂ ਦਸੰਬਰ 2000 ਦੇ ਦਹਾਕੇ 'ਚ ਪ੍ਰਕਾਸ਼ਿਤ ਕੁਝ ਚੋਣਵੀਆਂ ਕਹਾਣੀਆਂ ਬਾਰੇ ਸੰਖੇਪ ਚਰਚਾ ਹੇਠਾਂ ਕੀਤੀ ਜਾਂਦੀ ਹੈ:

ਮਿੰਨੀ ਕਹਾਣੀ ਲਈ ਨਾ ਤਾਂ ਕੋਈ ਵਿਸ਼ੇ ਰਾਖਵੇਂ ਹਨ ਅਤੇ ਨਾ ਹੀ ਕੋਈ ਵਰਜਿਤ। ਸੰਬੰਧਿਤ ਵਿਸ਼ੇ-ਵਸਤੂ, ਵੱਥ ਤੇ ਕਥਾਨਕ ਦੀ ਪੇਸ਼ਕਾਰੀ ਕਹਾਣੀਕਾਰ ਦੀ ਸਿਰਜਣਾਤਮਕ ਸਮਰੱਥਾ 'ਤੇ ਨਿਰਭਰ ਕਰਦੀ ਹੈ। ਦੂਜੇ, ਇਹ ਕਥਾਨਕ ਹੈ ਜਿਹੜਾ ਨਾਵਲ, ਕਹਾਣੀ ਤੇ ਮਿੰਨੀ ਕਹਾਣੀ 'ਚ ਨਿਖੇੜਕ ਆਧਾਰ ਹੈ। ਤੀਜੇ, ਮਿੰਨੀ ਕਹਾਣੀ ਇਕ ਨੁਕਤੇ/ਬਿੰਦੂ/ਪਲ ਦੀ ਸ਼ਾਬਦਿਕ-ਕਲਾਤਮਕ ਪੇਸ਼ਕਾਰੀ ਹੈ। ਇਸ 'ਚ ਬਹੁਤੇ ਪਾਤਰ, ਘਟਨਾਵਾਂ ਤੇ ਵਰਤਾਰਿਆਂ ਨੂੰ ਪੇਸ਼ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਹ ਵਿਧਾ ਵਿਆਖਿਆ ਵਿਸਥਾਰ ਸਹਾਰ ਸਕਦੀ ਹੈ। ਇਸ 'ਚ ਪ੍ਰਕ੍ਰਿਤੀ, ਵਾਤਾਵਰਣ ਤੇ ਪਾਤਰ ਚਿਤ੍ਰਣ ਆਕਾਰ ਅਨੁਸਾਰ ਹੀ ਹੋ ਸਕਦਾ ਹੈ। ਲੰਮੇ ਅੰਤਰਾਲ 'ਚ ਵਾਪਰਨ ਵਾਲੀਆਂ ਜਾਂ ਵਾਪਰੀਆਂ ਘਟਨਾਵਾਂ ਦੀ ਪੇਸ਼ਕਾਰੀ ਮਿੰਨੀ ਕਹਾਣੀ 'ਚ ਕਾਫੀ ਕਠਿਨ ਹੈ। ਅਜਿਹਾ ਕੋਈ ਵਿਰਲਾ-ਟਾਵਾਂ ਪ੍ਰਤਿਭਾਵਾਨ ਗਲਪਕਾਰ ਹੀ ਕਰ ਸਕਦਾ ਹੈ। ਉਂਝ ਮਿੰਨੀ ਕਹਾਣੀ 'ਚ ਹਰ ਪ੍ਰਕਾਰ ਦੇ ਵਿਸ਼ੇ-ਵਸਤੂ ਤੇ ਮਸਲੇ ਪੇਸ਼ ਹੋ ਰਹੇ ਹਨ। ਵਿਚਾਰਾਧੀਨ ਕਹਾਣੀਆਂ 'ਚ ਘੱਟ ਤੋਂ ਘੱਟ ਅੱਧੀ ਦਰਜਨ ਕਹਾਣੀਆਂ ਮੂਲ-ਮਨੁੱਖੀ ਮਾਨਸਿਕਤਾ ਦੀ ਸਫਲ ਪੇਸ਼ਕਾਰੀ ਕਰਦੀਆਂ ਹਨ। ਇਨ੍ਹਾਂ 'ਚ 'ਅਵੱਲੀ ਰੀਝ' - ਗੁਰਦੀਪ ਸਿੰਘ ਖਿੰਡਾ, 'ਵਿਦਾਇਗੀ' - ਸੁਖਦੇਵ ਸਿੰਘ ਸ਼ਾਂਤ, 'ਮਜਬੂਰੀ' - ਪਰਮਜੀਤ ਰਾਮਗੜ੍ਹੀਆ ਆਦਿ ਕਹਾਣੀਆਂ ਬਾਲ ਮਾਨਸਿਕਤਾ, ਮਾਸੂਮੀਅਤ, ਮਾਂ ਦੀ ਮਮਤਾ ਤੇ ਮੋਹ ਨੂੰ ਚਿੱਤਰਦੀਆਂ ਹਨ। 'ਲੱਛਮੀ' - ਧਰਮ ਪਾਲ ਸਾਹਿਲ ਬਾਲ ਮਸੂਮੀਅਤ ਦੇ ਨਾਲ ਨਾਲ ਕੁੜੀਆਂ ਦੇ ਪੈਦਾ ਹੋਣ 'ਤੇ ਘਰ 'ਚ ਪਸਰਦੇ ਸੋਗ ਵੱਲ ਸੰਕੇਤ ਕਰਦੀ ਹੈ। ਹਰੀ ਕ੍ਰਿਸ਼ਨ ਮਾਇਰ ਦੀ ਕਹਾਣੀ 'ਸੰਸਕ੍ਰਿਤੀ'

ਮਨੁੱਖੀ ਮਾਨਸਿਕਤਾ ਦਾ ਇਕ ਵਿਕ੍ਰਿਤ ਪਸਾਰ ਪੇਸ਼ ਕਰਦੀ ਹੈ। ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਇਹ ਤੇ ਉਹ' ਪੁਰਸ਼ ਤੇ ਨਾਰੀ ਮਾਨਸਿਕਤਾ ਦਾ ਖ਼ੂਬਸੂਰਤ ਤੇ ਤੁਲਨਾਤਮਕ ਅਧਿਐਨ ਪੇਸ਼ ਕਰਦੀ ਹੈ। ਪੁਰਸ਼ ਆਮ ਕਰਕੇ 'ਹਵਸ਼ ਪੂਰਤੀ' ਚਾਹੁੰਦਾ ਹੈ, ਪਰ ਨਾਰੀ ਆਮ ਕਰਕੇ 'ਚਿਰ ਸਥਾਈ' /ਸਦੀਵੀ ਪਿਆਰ' ਦੀ ਤਾਂਘ ਪਾਲਦੀ ਹੈ। ਜਤਿੰਦਰ ਸਿੰਘ ਹੰਸ 'ਪਸ਼ੂ' ਨਾਮਕ ਕਹਾਣੀ 'ਚ ਪੁਰਸ਼ ਮਾਨਸਿਕਤਾ ਦੇ ਨਾਲ ਨਾਲ ਇਸ ਸੱਚ ਦੀ ਪੁਨਰ-ਪੁਸ਼ਟੀ ਕਰਦਾ ਹੈ ਕਿ ਗੁੱਸੇ 'ਚ ਕੀਤੇ ਕੰਮ ਆਮ ਹਾਲਤਾਂ 'ਚ ਗਲਤ ਸਿੱਟੇ ਹੀ ਕੱਢਦੇ ਹਨ। ਭੁਪਿੰਦਰ ਕੌਰ ਦੀ ਕਹਾਣੀ 'ਐਡਜਸਟ' ਪੁਰਸ਼ ਮਾਨਸਿਕਤਾ ਦੀ ਪੇਸ਼ਕਾਰੀ ਦੇ ਨਾਲ ਨਾਲ ਪ੍ਰਵਾਸ ਦੇ ਮੋਹ ਨੂੰ ਵਿਅਕਤ ਕਰਦੀ ਹੈ। ਰਾਓਵਰਿੰਦਰ ਸਿੰਘ ਦੀ ਕਹਾਣੀ 'ਸਮਝੌਤਾ' ਭਾਵੇਂ ਕਹਾਣੀ ਕਲਾ ਪੱਖੋਂ ਕਮਜ਼ੋਰ ਰਹਿ ਗਈ ਹੈ, ਪਰ ਪੁਰਸ਼ ਮਾਨਸਿਕਤਾ ਦਾ ਸਫਲ ਚਿਤ੍ਰਣ ਕਰਦੀ ਹੈ। ਸੁਰਿੰਦਰ ਕੈਲੇ ਦੀ ਕਹਾਣੀ 'ਸੱਧਰ' ਮਰਦ ਮਾਨਸਿਕਤਾ ਦੇ ਪਾਸਾਰ ਪੇਸ਼ ਕਰਦੀ ਹੈ।

ਹਰਨੇਕ ਸਿੰਘ ਕੋਮਲ ਦੀ ਕਹਾਣੀ 'ਬਿਨਾਂ ਤਨਖਾਹ' ਜਿੱਥੇ ਹਾਕਮਾਂ ਦੇ ਪਾਖੰਡਾਂ 'ਤੇ ਤਿੱਖਾ ਵਿਅੰਗ ਕਰਦੀ ਹੈ ਉੱਥੇ ਲੋਕ ਮਾਨਸਿਕਤਾ ਦੀ ਝਲਕ ਵੀ ਪੇਸ਼ ਕਰਦੀ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਦੀ ਕਹਾਣੀ 'ਤਮੀਜ਼' ਮੱਧ ਸ਼੍ਰੇਣਿਕ ਮਾਨਸਿਕਤਾ, ਕਿਰਦਾਰ ਤੇ ਵਿਵਹਾਰ ਦੀ ਪੇਸ਼ਕਾਰੀ ਲਈ ਪ੍ਰਤੀਨਿਧ ਕਹਾਣੀ ਮੰਨੀ ਜਾ ਸਕਦੀ ਹੈ।

ਪੈਸਾ ਤੇ ਮੁਨਾਫਾ ਅਧਾਰਿਤ ਵਿਵਸਥਾ 'ਚ ਕਥਿਤ ਖ਼ੂਨ ਦੇ ਰਿਸ਼ਤੇ ਨਫ਼ੇ-ਨੁਕਸਾਨ ਦੀ ਦ੍ਰਿਸ਼ਟੀ ਤੋਂ ਵੇਖੇ-ਪਰਖੇ ਜਾਂਦੇ ਹਨ। ਰਿਸ਼ਤਿਆਂ ਦਾ ਅਮਾਨਵੀਕਰਨ ਤੇ ਵਪਾਰੀਕਰਨ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ 'ਵਿਦਾਇਗੀ' (ਸੁਖਦੇਵ ਸਿੰਘ ਸ਼ਾਂਤ), 'ਸਿਸਟਮ' (ਸੁਰਿੰਦਰ ਕੈਲੇ) ਅਤੇ 'ਸਿਲਾ' (ਮਨਪ੍ਰੀਤ ਕੌਰ ਭਾਟੀਆ) ਆਦਿ ਸਫਲ ਕਹਾਣੀਆਂ ਵਜੋਂ ਵਿਚਾਰੀਆਂ ਜਾ ਸਕਦੀਆਂ ਹਨ। ਸੁਰਿੰਦਰ ਕੈਲੇ ਦੀ 'ਦਾਜ ਦੀ ਬਲੀ' ਵੀ ਧੀਆਂ-ਭੈਣਾਂ ਨੂੰ ਪੈਸੇ ਨਾਲ ਤੋਲਣ ਦੀ ਪ੍ਰਵਿਰਤੀ ਨੂੰ ਰੂਪਮਾਨ ਕਰਨ ਦੇ ਨਾਲ-ਨਾਲ ਬਾਵਾ ਬਲਵੰਤ ਦੇ ਸ਼ਿਅਰ ਦੀ ਪੁਸ਼ਟੀ ਕਰਦੀ ਹੈ:

ਤੰਗ ਆਏ ਹੋਏ ਫੁੱਲ ਤੇ ਸਤਾਈਆਂ ਹੋਈਆਂ ਲਗਰਾਂ
ਲਾਹ ਦੇਣਗੀਆਂ ਮਾਲੀ ਦੀ ਦਸਤਾਰ ਕਿਸੇ ਦਿਨ।

ਆਖਰ 'ਹਰ ਹਿਟਲਰ ਦੀ ਇਕ ਹੱਦ ਹੁੰਦੀ ਹੈ।' ਖਪਤ ਸਭਿਆਚਾਰ, ਖਾਓ-ਹੰਢਾਉਵਾਦ ਅਤੇ ਆਡੀਓ-ਵੀਡੀਓ ਕਲਚਰ ਸਾਡੇ ਲੋਕਾਂ ਦਾ ਹਰ ਪੱਧਰ 'ਤੇ ਅਤੇ ਹਰ ਢੰਗ ਨਾਲ ਸ਼ੋਸ਼ਣ ਕਰ ਰਿਹਾ ਹੈ। ਪੱਛਮੀ ਸਭਿਆਚਾਰਕ ਹਮਲੇ ਦੇ ਚੰਗੇ-ਮਾੜੇ ਪ੍ਰਭਾਵਾਂ ਨੂੰ ਚਿਤਰਦੀਆਂ ਕਹਾਣੀਆਂ ਵਿਚ 'ਸੁਖਮਨੀ ਕਿੱਟੀ' ਤੇ 'ਨਵਾਂ ਟੀ.ਵੀ.' (ਸੁਰਿੰਦਰ ਕੈਲੇ) ਅਤੇ 'ਨੇਤਾ' (ਹਰਪ੍ਰੀਤ ਸਿੰਘ ਰਾਣਾ) ਆਦਿ ਰੱਖੀਆਂ ਜਾ ਸਕਦੀਆਂ ਹਨ। 'ਨੇਤਾ' ਕਹਾਣੀ ਭਾਰਤੀ ਰਾਜਨੀਤਕ ਸਭਿਆਚਾਰ ਅਤੇ ਨੌਜਵਾਨਾਂ ਦੀ ਸੰਵੇਦਨਸ਼ੀਲਤਾ ਨੂੰ ਰੂਪਮਾਨ ਕਰਦੀ ਹੈ। ਨਕਲ ਦੀ ਪ੍ਰਵਿਰਤੀ ਵੀ ਕਾਰਜਸ਼ੀਲ ਦਿਖਾਈ ਦਿੰਦੀ ਹੈ।

ਕੇਸਰਾ ਰਾਮ ਤਲਵਾੜਾ ਦੀ ਕਹਾਣੀ 'ਭਵਿੱਖ' ਅਤੇ ਅਸਰਫ ਸੁਹੇਲ ਦੀ ਕਹਾਣੀ 'ਸੱਚਾਈ' ਪੇਸ਼ ਵਿਵਸਥਾ ਦੇ ਸੱਚ ਨੂੰ ਰੂਪਮਾਨ ਕਰਦੀਆਂ ਹਨ। ਡਾ. ਜੋਗਿੰਦਰ ਸਿੰਘ ਨਿਰਾਲਾ

ਦੀ ਕਹਾਣੀ 'ਕਹਾਣੀ ਲੇਖਕ' ਸਾਡੇ ਲੇਖਕਾਂ ਦੇ ਇਕ ਵਰਗ ਦੀ ਅਸੰਵੇਦਨਾ ਨੂੰ ਵਿਅਕਤ ਕਰਦੀ ਹੋਈ ਇਸ ਤੱਥ ਨੂੰ ਰੂਪਮਾਨ ਕਰਦੀ ਹੈ ਕਿ ਜਿੰਨਾਂ ਚਿਰ ਅੱਗ ਦਾ ਸੇਕ ਘਰ ਤੱਕ ਨਹੀਂ ਪਹੁੰਚਦਾ ਓਨਾ ਚਿਰ ਅੱਗ ਬਸੰਤਰ ਦੇਵਤਾ ਦੇ ਚੋਜ ਹਨ। ਜਰਨੈਲ ਸੇਖਾ ਦੀ ਕਹਾਣੀ 'ਅਰਜੋਈ' ਰਾਜਕੀ ਦਹਿਸ਼ਤ ਦਾ ਚਿੱਤਰ ਪੇਸ਼ ਕਰਦੀ ਹੈ। ਬਿਕਰਮਜੀਤ ਨੂਰ ਦੀ ਕਹਾਣੀ 'ਵੁੱਕਤ' ਅਮੀਰੀ-ਗਰੀਬੀ ਦਰਮਿਆਨ ਵਧ ਰਹੇ ਪਾੜੇ ਨੂੰ ਰੂਪਮਾਨ ਕਰਦੀ ਹੈ। ਸੁਰਿੰਦਰ ਕੈਲੇ ਦੀ ਕਹਾਣੀ 'ਲਕੀਰਾਂ' ਭਾਰਤ-ਪਾਕਿ ਦੀ ਧਰਮ ਦੇ ਆਧਾਰ ਹੋਈ ਕੀਤੀ ਗਈ ਮਸਨੂਈ ਵੰਡ ਦਾ ਰੁਦਨ ਪੇਸ਼ ਕਰਦੀ ਹੈ। ਧਰਮ ਪਾਲ ਦੀ ਕਹਾਣੀ 'ਦਾਇਰਾ' ਦੇ ਅੰਤਲੇ ਦੋ ਵਾਕਾਂ 'ਤੇ ਆਧਾਰਿਤ ਪੈਰ੍ਹਾ ਬੇਲੋੜਾ ਹੈ। ਉਂਝ ਮਾਵਾਂ ਦੇ ਭਾਈਚਾਰੇ ਦੀ ਗਾਵਾਂ ਨਾਲ ਤੁਲਨਾਤਮਕ ਪੇਸ਼ਕਾਰੀ ਸਲਾਹੁਣਯੋਗ ਹੈ। ਸਮਰੱਥ ਕਹਾਣੀਕਾਰ ਸਿਆਮ ਸੁੰਦਰ ਅਗਰਵਾਲ ਦੀ ਕਹਾਣੀ ਰੱਬ ਦੀ ਸਥੂਲ ਹੋਂਦ ਦੀ ਨਿਰਾਰਥਕਤਾ ਅਤੇ ਉਸ ਦੇ ਜਾਣੀ-ਜਾਣ ਹੋਣ/ਸਰਵ ਗਿਆਤਾ ਹੋਣ ਦੀ ਮਿੱਥ ਦਾ ਭੰਜਨ ਕਰਦੀ ਹੋਈ ਸੰਕੇਤ ਕਰਦੀ ਹੈ ਕਿ ਰੱਬ ਲੋਕਾਂ ਦਾ ਸਿਰਜਤ ਹੈ।

ਉੱਕਤ ਸਭ ਕਹਾਣੀਆਂ (ਨਿੱਕੀਆਂ ਮੋਟੀਆਂ ਉਕਾਈਆਂ ਅਪਵਾਦ ਦੇ ਰੂਪ 'ਚ ਹਨ) ਮਿੰਨੀ ਕਹਾਣੀ ਦੀਆਂ ਪ੍ਰਵਾਨਿਤ ਪਰਖ ਕਸੌਟੀਆਂ ਤੇ ਖ਼ਰਾ ਉੱਤਰਦੀਆਂ ਹਨ। ਇਨ੍ਹਾਂ ਵਿੱਚ ਕਹਾਣੀਕਾਰ ਦਾ ਉਦੇਸ਼ ਜੈਵਿਕ ਰੂਪ 'ਚ ਸਮੋਇਆ ਹੋਇਆ ਹੈ। ਇਹੀ ਧਾਰਨਾ ਨਿਮਨ ਦਰਜ ਕਹਾਣੀਆਂ 'ਤੇ ਲਾਗੂ ਹੈ। ਇਨ੍ਹਾਂ 'ਚ 'ਮੈਂ ਮੀਤੋ ਨਹੀਂ' (ਸੁਰਿੰਦਰ ਕੈਲੇ), 'ਜਿੰਦਗੀ ਦੇ ਨਾਟਕ' (ਧਰਮਪਾਲ ਸਾਹਿਲ), 'ਭੇੜੀਆ ਤੇ ਖੋਤਾ' (ਦਵਿੰਦਰ ਮੰਡ), 'ਉਪਾਅ' (ਅਵਤਾਰ ਸਿੰਘ ਬਿਲਿੰਗ), 'ਹੱਦ' (ਡਾ. ਸ਼ਿਆਮ ਸੁੰਦਰ ਦੀਪਤੀ), 'ਆਸਤਕ' (ਮਢਾਰ ਕਰਤਾਰਵੀ), 'ਕਾਫਿਰ' (ਨੂਰ ਸੰਤੋਖਪੁਰੀ), 'ਪੂਰਨ' (ਮਨਪ੍ਰੀਤ ਕੌਰ ਭਾਟੀਆ), 'ਤਪੱਸਿਆ ਦਾ ਫਲ' (ਸੁਰਿੰਦਰ ਕੈਲੇ) ਅਤੇ 'ਮਿਹਨਤ' (ਟੀ.ਆਰ. ਸ਼ਰਮਾ) ਆਦਿ ਕਹਾਣੀਆਂ ਸ਼ਾਮਲ ਹਨ। ਡਾ. ਸ਼ਿਆਮ ਸੁੰਦਰ ਦੀਪਤੀ ਦੀ ਕਹਾਣੀ 'ਹੱਦ' ਦੀ ਪੇਸ਼ਕਾਰੀ 'ਚ ਕਹਾਣੀ 'ਚ ਦਰਸਾਏ ਮੁਕੱਦਮੇ ਦੀ ਕਾਰਵਾਈ ਥੋੜ੍ਹੀ ਲਟਕਾਉਣੀ ਲਮਕਾਉਣੀ ਚਾਹੀਦੀ ਸੀ। ਕਹਾਣੀਕਾਰ ਆਕਾਰ ਨੂੰ ਲਘੂ ਰੱਖਣ ਦੇ ਮੋਹ 'ਚ ਫਸ ਗਿਆ ਲੱਗਦਾ ਹੈ। ਇਸੇ ਤਰ੍ਹਾਂ ਮਢਾਰ ਕਰਤਾਰਵੀ ਦੀ 'ਆਸਤਕ' ਦਾ ਸੁਨੇਹਾ ਤਾਂ ਸਾਕਾਰਾਤਮਕ ਹੈ, ਪਰ ਕਹਾਣੀ ਨੂੰ ਕੇਵਲ ਦੋ ਲੰਮੇ ਵਾਕਾਂ 'ਚ ਨਿਬੇੜ ਦੇਣਾ ਠੀਕ ਨਹੀਂ। ਇਨ੍ਹਾਂ ਦੋਵਾਂ ਕਹਾਣੀਆਂ ਵਿਚ ਉਤਪੰਨ ਤਣਾਉ ਦੇ ਵਿਸਰਜਨ ਇਕਦਮ ਕਰ ਦਿੱਤਾ ਗਿਆ ਹੈ। ਤਣਾਉ ਦੀ ਪੇਸ਼ਕਾਰੀ ਹੀ ਉੱਤਮ ਸਾਹਿਤ ਦੀ ਗਾਰੰਟੀ ਹੈ। ਲਘੂ ਆਕਾਰ ਰੱਖਣ ਦੇ ਨਾਲ ਹੀ ਕਹਾਣੀ ਰਸ ਦਾ ਹੋਣਾ ਬੇਹੱਦ ਜ਼ਰੂਰੀ ਹੈ। ਅਸਲ 'ਚ ਮਿੰਨੀ ਕਹਾਣੀ ਦੀ ਸਿਰਜਣਾ ਕੋਈ ਸਹਿਲ ਕਾਰਜ ਨਹੀਂ। ਥੋੜ੍ਹੇ ਸ਼ਬਦਾਂ 'ਚ ਵੱਡੀ ਗੱਲ ਕਹਿਣੀ ਮਿਹਨਤ ਤੇ ਪ੍ਰਤਿਭਾ ਦੀ ਮੰਗ ਕਰਦੀ ਹੈ।

ਮਿੰਨੀ ਕਹਾਣੀ ਰੂਪਾਕਾਰ ਦੇ ਦੋ ਗੁਣ ਬੇਹੱਦ ਲਾਜ਼ਮੀ ਮੰਨੇ ਗਏ ਹਨ। (ੳ) ਕਹਾਣੀ ਦਾ ਲਘੂ ਆਕਾਰੀ ਹੋਣਾ (ਅ) ਕਹਾਣੀ ਰਸ ਜਾਂ ਕਹਾਣੀ ਹੋਣਾ, (ਬੇਸ਼ੱਕ ਇਹ ਵੀ ਲਘੂ ਮਾਤਰਾ 'ਚ ਹੋਵੇ) ਜਾਂ ਕਹਾਣੀ 'ਚ ਅੱਗੋਂ ਜਾਨਣ ਦੀ ਉਤਸੁਕਤਾ, ਦਿਲਚਸਪੀ ਜਾਂ ਜਗਿਆਸਾ ਬਣੀ ਰਹੇ। ਇਨ੍ਹਾਂ ਦੋਵਾਂ ਗੁਣਾਂ ਦਾ ਇੱਕੋ ਵੇਲੇ/ਇਕ ਸਾਥ/ਨਾਲ ਨਾਲ ਹੋਣਾ ਬੇਹੱਦ ਜ਼ਰੂਰੀ ਹੈ।

ਕਹਾਣੀ 'ਚ ਲੋੜੀਂਦੇ ਲਟਕਾਉ, ਤਣਾਉ ਤੇ ਟਕਰਾਉ ਦੀ ਪੇਸ਼ਕਾਰੀ ਲਾਜ਼ਮੀ ਹੈ। ਤਣਾਉ ਦਾ ਇਕਦਮ ਵਿਸਰਜਨ ਕਹਾਣੀ ਦੇ ਅੰਤ 'ਚ ਹੋਣਾ ਹੁੰਦਾ ਹੈ। ਤਣਾਉ ਦੀ ਪੇਸ਼ਕਾਰੀ ਹੀ ਸਾਹਿਤ ਸਿਰਜਣਾ ਹੈ।

ਮਿੰਨੀ ਕਹਾਣੀ 'ਚ ਇਕ ਵੀ ਸ਼ਬਦ/ਵਾਕ ਬੇਲੋੜਾ ਜਾਂ ਵਾਧੂ ਨਹੀਂ ਹੋਣਾ ਚਾਹੀਦਾ ਪਰ ਨਾਲ ਹੀ ਆਕਾਰ ਨੂੰ ਲਘੂ ਰੱਖਣ ਦੇ ਮੋਹ 'ਚ ਕਹਾਣੀ ਰਸ ਹੀ ਖਤਮ ਨਹੀਂ ਕਰਨਾ ਹੁੰਦਾ। ਪੂਰਵ ਨਿਸ਼ਚਿਤ ਧਾਰਨਾਵਾਂ ਦੀ ਪੁਸ਼ਟੀ ਲਈ ਵਾਰਤਾਲਾਪ ਘੜਨੀ ਜਾਂ ਅਜਿਹੀ ਪੇਸ਼ਕਾਰੀ ਜਿਸ 'ਚ ਲੇਖਕ ਆਪ ਬੋਲਦਾ ਨਜ਼ਰ ਆਵੇ, ਮਿੰਨੀ ਕਹਾਣੀ ਨਹੀਂ ਅਖਵਾ ਸਕਦੀ। ਸਾਡੇ ਆਲੇ-ਦੁਆਲੇ ਨਿੱਤ ਘਟਨਾਵਾਂ ਤੇ ਵਰਤਾਰੇ ਵਾਪਰ ਰਹੇ ਹਨ, ਜਿਨ੍ਹਾਂ ਨੂੰ ਮਨ-ਮਸਤਕ ਦਾ ਭਾਗ ਬਣਾ ਕੇ, ਉਨ੍ਹਾਂ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਸਮਝਕੇ ਇਕ ਨਿਸ਼ਚਿਤ ਉਦੇਸ਼ ਦੀ ਪੂਰਤੀ ਲਈ ਘਟਨਾ ਜਾਂ ਵਰਤਾਰੇ ਨੂੰ ਸ਼ਾਬਦਿਕ ਰੂਪ ਦਿੱਤਾ ਜਾ ਸਕਦਾ ਹੈ। ਕਹਾਣੀ 'ਚ ਪੇਸ਼ ਘਟਨਾ ਜਾਂ ਵੱਥ ਜਾਂ ਵਰਤਾਰਾ ਸੰਭਵ-ਸੰਭਾਵੀ ਦੀ ਸੀਮਾ 'ਚ ਰਹੇ ਅਤੇ ਉਹ ਅਪਵਾਦ ਜਾਂ ਅਣਯਥਾਰਥਕ ਨਾ ਲੱਗੇ। ਮਿੱਤਰਾਂ 'ਚ ਚੱਲਦੀ ਗੱਪ-ਸ਼ੱਪ, ਚੁਟਕਲੇਬਾਜ਼ੀ ਜਾਂ ਹਾਸਾ ਠੱਠਾ ਤੇ ਚੁਸਤ ਵਾਰਤਾਲਾਪ ਕਹਾਣੀ ਨਹੀਂ ਬਣ ਸਕਦੀ। ਕਹਾਣੀ ਦਾ ਸਿਰਲੇਖ ਸੰਕੇਤਕ ਤਾਂ ਹੋਵੇ ਪਰ ਇਹ ਕਹਾਣੀ ਦੀ ਪੁਸ਼ਟੀ ਕਰਨ ਵਾਲਾ ਨਹੀਂ ਹੋਣਾ ਚਾਹੀਦਾ। ਹਾਂ, ਇਹ ਕਹਾਣੀ ਦੇ ਉਦੇਸ਼ ਦਾ ਉਲਟ ਸੰਕੇਤਕ ਵੀ ਨਹੀਂ ਹੋਣਾ ਚਾਹੀਦਾ। ਭਾਰਤੀ ਸਾਹਿਤ ਪਰੰਪਰਾ ਅਨੁਸਾਰ ਹਰ ਸਾਹਿਤਿਕ ਸਿਰਜਣਾ ਦਾ ਕੋਈ ਨਾ ਕੋਈ ਸਾਰਥਕ ਉਦੇਸ਼ ਹੋਣਾ ਚਾਹੀਦਾ ਹੈ। ਇਹ ਉਦੇਸ਼ ਸਾਹਿਤਿਕ ਸਿਰਜਣਾ 'ਚ ਜੈਵਿਕ ਰੂਪ 'ਚ ਸਮੋਇਆ ਹੋਣਾ ਚਾਹੀਦਾ ਹੈ, ਰਚਨਾ ਨਾਲੋਂ ਵੱਖ, ਅਲਹਿਦਾ ਜਾਂ ਵਿਕੋਲਿੱਤਰਾ ਨਹੀਂ। ਲੇਖਕ ਆਪ ਬੋਲਦਾ ਲੱਗਣਾ/ਦਿਸਣਾ ਜਾਂ ਪ੍ਰਤੀਤ ਹੋਣਾ ਨਹੀਂ ਚਾਹੀਦਾ।

ਪੰਜਾਬੀ ਮਿੰਨੀ ਕਹਾਣੀ ਪਰਚਿਆਂ ਦੇ ਸੰਪਾਦਕਾਂ ਦੇ ਸੁਹਿਰਦ ਤੇ ਸਮਰਪਿਤ ਯਤਨਾਂ ਦੇ ਬਾਵਜੂਦ ਅਤੇ ਕੁਝ ਸਮਾਜਿਕ-ਸਭਿਆਚਾਰਕ ਪ੍ਰਭਾਵਾਂ ਤਹਿਤ ਕੁਝ ਰਚਨਾਵਾਂ ਮਿੰਨੀ ਕਹਾਣੀ ਦੇ ਸਿਰਲੇਖ ਹੇਠ ਪ੍ਰਕਾਸ਼ਿਤ ਹੋ ਜਾਂਦੀਆਂ ਹਨ। ਇਹ ਸੰਪਾਦਨ ਸੀਮਾ ਮੰਨੀ ਜਾਵੇ। ਇਸੇ ਸੀਮਾ ਤਹਿਤ ਵਿਚਾਰਾਧੀਨ ਕਹਾਣੀਆਂ/ਰਚਨਾਵਾਂ 'ਚ ਕੁਝ ਅਜਿਹੀਆਂ ਰਚਨਾਵਾਂ ਸ਼ਾਮਲ ਹੋ ਗਈਆਂ ਹਨ ਜਿਹੜੀਆਂ ਮਿੰਨੀ ਕਹਾਣੀ ਦੇ ਪ੍ਰਵਰਗ 'ਚ ਨਹੀਂ ਰੱਖੀਆਂ ਜਾ ਸਕਦੀਆਂ। ਇਨ੍ਹਾਂ 'ਚ ਪ੍ਰਮੁੱਖ ਰੂਪ 'ਚ 'ਦੂਜਾ ਪਹਿਲੂ' (ਪ੍ਰੇਮ ਸਿੰਘ ਬਰਨਾਲਵੀ), 'ਸੁਧਾਰ' (ਜੀਵਨ ਜੋਤ), 'ਆਲ੍ਹਣਾ' (ਸੁਰਿੰਦਰ ਮੁਕਸੂਦਪੁਰੀ), 'ਵੱਡੇ ਹੋਣ ਦਾ ਅਹਿਸਾਸ' (ਰਾਮ ਸਰੂਪ ਅਣਖੀ), 'ਬੰਦੂਕਾਂ' (ਧਰਮ ਪਾਲ ਸਾਹਿਲ), 'ਅਰਥ ਬਦਲ ਗਏ' (ਅਤਰ ਸਿੰਘ ਤਰਸਿੱਕਾ), 'ਬਰਕਤ' (ਨਿਸ਼ਾਨ ਸਿੰਘ ਜੌਹਲ), 'ਸੰਤਰੇ' (ਕਰਮਵੀਰ ਸਿੰਘ), 'ਅੰਨ੍ਹੇ' (ਸੁਰਿੰਦਰ ਮਕਸੂਦਪੁਰੀ), 'ਕ੍ਰਾਂਤੀ ਕਾਲ' (ਕੰਵਲਜੀਤ ਸਿੰਘ ਕੁੱਟੀ), 'ਆਪਣਾ ਮੁਲਖ' (ਗੁਰਦੀਪ ਸਿੰਘ ਪੁਰੀ ਯੂ.ਕੇ.), 'ਅਜਾਦੀ?' (ਮਨਪ੍ਰੀਤ ਕੌਰ ਭਾਟੀਆ), 'ਟੂਣਾ' (ਅਸ਼ੋਕ ਸਰਹਾਣੂ) ਅਤੇ 'ਪੁੱਤਰਾਂ ਵਾਲੀ' (ਅਮਰੀਕ ਕੰਡਾ) ਆਦਿ ਕਹਾਣੀਆਂ ਰੱਖੀਆਂ ਜਾ ਸਕਦੀਆਂ ਹਨ। ਵਿਜੇ ਭਾਰਦਵਾਜ ਦੀ ਕਹਾਣੀ 'ਨਵੀਂ ਕਾਰ' ਨੂੰ ਜਦੋਂ ਇਸ ਦੇ ਪ੍ਰਕਾਸ਼ਨ ਸਮੇਂ ਦਸੰਬਰ 1992 ਨੂੰ ਵੇਖਿਆ ਜਾਵੇ ਤਾਂ

ਹੈਰਾਨੀ ਭਰੀ ਖੁਸ਼ੀ ਹੁੰਦੀ ਹੈ ਕਿ ਲੇਖਕ ਨਵ-ਉਦਾਰਵਾਦੀ ਪੂੰਜੀਵਾਦੀ ਵਿਸ਼ਵੀਕਰਨ ਉੱਪਰ ਜਬਰਦਸਤ ਵਿਅੰਗ ਕਰ ਰਿਹਾ ਹੈ ਅਤੇ ਇਸ ਦੀ ਵਾਸਤਵਿਕਤਾ ਨੂੰ ਉਘਾੜਕੇ ਪੇਸ਼ ਕਰ ਰਿਹਾ ਹੈ, ਪਰ ਮਿੰਨੀ ਕਹਾਣੀ ਨਹੀਂ ਬਣ ਸਕੀ। ਇਸੇ ਤਰ੍ਹਾਂ ਸਮਰੱਥ ਕਹਾਣੀਕਾਰ ਹਰਭਜਨ ਖੇਮਕਰਨੀ ਦੀ ਚਰਚਿਤ ਕਹਾਣੀ 'ਵਰਦੀ' ਵੇਖਣੀ ਬਣਦੀ ਹੈ। ਇਹ ਕਹਾਣੀ ਪੂਰਵ ਨਿਸ਼ਚਿਤ ਧਾਰਨਾ ਦੀ ਪੁਸ਼ਟੀ ਦੀ ਧੁਨ ਤਹਿਤ ਸੰਭਵ ਸੰਭਾਵੀ ਤੋਂ ਪਾਰ ਨਿਕਲ ਗਈ ਹੈ। (ੳ) ਫੌਜੀ ਵਰਦੀ ਕੱਸ ਕੇ ਮਿੱਤਰਾਂ 'ਚ ਕੋਈ ਗੱਪਾਂ ਨਹੀਂ ਮਾਰਦਾ, ਜਦੋਂ ਫੌਜੀ ਪਿੰਡ ਛੁੱਟੀ ਆਇਆ ਹੋਵੇ। (ਅ) ਪਿੰਡਾਂ 'ਚ ਜੇਕਰ ਸੀਨੀਅਰ-ਜੂਨੀਅਰ ਨੇ ਮੁਕੰਮਲ ਸੈਨਿਕ ਵਰਦੀ ਨਾ ਪਹਿਨੀ ਹੋਵੇ ਤਾਂ ਜੂਨੀਅਰ ਸੈਲੂਟ ਨਹੀਂ ਮਾਰਦਾ। ਸੁਰਿੰਦਰ ਕੈਲੇ ਦੀ ਕਹਾਣੀ 'ਹਨੇਰਾ' 'ਚ ਵਿਅੰਗ ਦੀ ਪੇਸ਼ਕਾਰੀ ਤਾਂ ਹੈ, ਕਹਾਣੀ ਵੀ ਕੁਝ ਹੱਦ ਤੱਕ ਹੈ, ਪਰ ਸਰਲੀਕਰਨ ਦੀ ਰੁਚੀ ਨੇ ਗੰਭੀਰਤਾ ਨਹੀਂ ਰਹਿਣ ਦਿੱਤੀ। ਕਾਰਨ? ਜੇਕਰ ਪਤਨੀ ਪਾਤਰ ਦੁੱਧ ਗਰਮ/ਉਬਾਲ ਵੀ ਲਿਆਉਂਦਾ ਤਦ ਵੀ ਉਸ ਨੇ ਇਨਕਲਾਬੀ ਹੋਣ ਦਾ ਟੈਸਟ ਪਾਸ ਨਹੀਂ ਸੀ ਕਰ ਲੈਣਾ।

ਸਾਕਾਰਾਤਮਕ ਸੁਨੇਹੇ, ਸਾਰਥਿਕ ਉਦੇਸ਼ ਅਤੇ ਸਮਾਜਿਕ ਸੇਧ ਰਹਿਤ ਕਹਾਣੀਆਂ ਜਾਂ ਹੋਰ ਸਾਹਿਤਿਕ ਕ੍ਰਿਤਾਂ ਭਾਵੇਂ ਕਿੰਨੀਆਂ ਵੀ ਦਿਲਚਸਪ ਜਾਂ ਹੋਰ ਕਲਾ-ਜੁਗਤਾਂ ਪੱਖੋਂ ਪ੍ਰਪੱਕਤਾ ਹੋਣ, ਉਨ੍ਹਾਂ ਨੂੰ ਸਾਹਿਤ 'ਚ ਸ਼ੁਮਾਰ ਨਹੀਂ ਕੀਤਾ ਜਾ ਸਕਦਾ।

ਵਿਚਾਰਾਧੀਨ ਕਹਾਣੀਆਂ 'ਚ ਵੀ ਸੱਤ ਉਦੇਸ਼ ਰਹਿਤ ਰਚਨਾਵਾਂ ਸ਼ਾਮਲ ਹੋ ਗਈਆਂ ਹਨ। ਇਨ੍ਹਾਂ 'ਚ 'ਖਿਆਲ' (ਜਗਦੀਸ਼ ਅਰਮਾਨੀ), 'ਪੱਗ' (ਮਢਾਰ ਕਰਤਾਰਵੀ) ਅਤੇ 'ਬਦਲਾਵ' (ਹਰਪ੍ਰੀਤ ਸਿੰਘ ਰਾਣਾ) ਆਦਿ ਕਿਸੇ ਸਪੱਸ਼ਟੀਕਰਨ ਦੀਆਂ ਮੁਥਾਜ ਨਹੀਂ ਹਨ। ਪਰ ਕੁਝ ਕਹਾਣੀਆਂ ਸੰਖੇਪ ਚਰਚਾ ਦੀ ਮੰਗ ਕਰਦੀਆਂ ਹਨ। ਭਗਵੰਤ ਰਸੂਲਪੁਰੀ ਦੀ ਕਹਾਣੀ 'ਹੌਕੇ' ਅਨੁਸਾਰ ਸਰਦਾਰਾਂ ਦਾ ਪਰਿਵਾਰ ਚੰਗਾ ਖਾਂਦਾ-ਪੀਂਦਾ ਭਾਵ ਪੌਸ਼ਟਿਕ ਭੋਜਨ ਖਾਂਦਾ ਤੇ ਚੰਗਾ ਪਹਿਨਦਾ, ਪਰ ਗਰੀਬਾਂ ਦੀ ਕੁੜੀ ਬੀਰੋ- ਗਰਮੀ/ਸਰਦੀ 'ਚ ਗੋਹਾ ਕੂੜਾ ਕਰਨ ਵਾਲੀ ਅਤੇ ਬਚਿਆ-ਖੁਚਿਆ ਤੇ ਸੁੱਕੀਆਂ ਰੋਟੀਆਂ ਖਾਣ ਵਾਲੀ 'ਤੇ ਜੋਬਨ ਕਿੱਥੋਂ ਆ ਗਿਆ? ਸਰਦਾਰਾਂ ਦੀ ਕੁੜੀ ਨੂੰ ਕੋਈ 'ਦੁੱਖ' ਨੂੰ ਵੀ ਦਰਸਾਇਆ ਗਿਆ। ਗਰੀਬੀ ਜਾਂ ਦਲਿਤਾਂ ਦੀ ਹੋਣੀ ਨੂੰ ਕਿਉਂ ਵਡਿਆਇਆ ਜਾਵੇ? ਡਾ. ਹਰਨੇਕ ਸਿੰਘ ਕੈਲੇ ਦੀ ਕਹਾਣੀ 'ਖਾੜਕੂ' 'ਚ ਦਰਸਾਏ ਅਨੁਸਾਰ ਪੁਲੀਸ ਦਾ ਸ਼ੱਕ ਜਾਇਜ਼ ਹੈ। ਗਰਮੀ ਦੇ ਦਿਨਾਂ 'ਚ ਬੰਦਾ ਬੁੱਕਲ ਮਾਰੀ ਜਾ ਰਿਹਾ ਹੈ। ਬਿਨਾ ਸ਼ੱਕ ਸ਼ੱਕੀ ਪਾਤਰ ਅਪੰਗ ਹੈ। ਪਰ ਕਹਾਣੀ 'ਚ ਸੁਨੇਹਾ ਕੀ ਹੈ? ਦੂਜੇ, ਕਹਾਣੀ ਵੀ ਨਹੀਂ ਬਣੀ। ਸੁਖਵੰਤ ਸਿੰਘ ਮਰਵਾਹਾ ਦੀ ਕਹਾਣੀ 'ਸ਼ੇਰ ਤੇ ਆਦਮੀ' 'ਚ ਮਨੁੱਖ ਨਾਕਾਰਾਤਮਕ ਰੂਪ 'ਚ ਪੇਸ਼ ਹੋ ਰਿਹਾ ਹੈ। ਮਨੁੱਖ ਹੋਂਦ ਦੇ ਅਨੇਕਾਂ ਸਾਕਾਰਾਤਮਕ ਪੱਖ ਹਨ। ਵਿਕਸਤ ਮਨੁੱਖੀ ਦਿਮਾਗ ਨੇ ਕ੍ਰਿਸ਼ਮੇ ਕੀਤੇ ਹਨ। ਮਨੁੱਖੀ ਘਾਟਾਂ-ਕਮਜ਼ੋਰੀਆਂ ਆਪਣੇ ਥਾਂ ਹਨ। ਪਰ ਆਪ ਅਸੀਂ ਹਾਂ-ਪੱਖੀ ਪਹੁੰਚ ਅਪਣਾਈਏ। ਸੁਰਿੰਦਰ ਕੈਲੇ ਦੀ ਕਹਾਣੀ 'ਭਾਗਾਂ ਵਾਲੀ' 'ਚ ਹਰ ਰੋਜ਼ ਪਤੀ ਕੋਲੋਂ ਕੁੱਟ ਖਾਣ ਵਾਲੀ ਭਾਗਾਂ ਵਾਲੀ ਕਿਵੇਂ ਹੈ? ਕੀ ਸੁਨੇਹਾ ਹੈ? ਪਤੀ ਹਰ ਰੋਜ਼ ਘਰ 'ਜ਼ਰੂਰ' ਆਵੇ ਭਾਵੇਂ ਪਤਨੀ ਦੇ ਵੀ ਹਰ ਰੋਜ਼ ਹੱਡ ਤੱਤੇ ਕਰੇ।

ਇਸ ਤਰ੍ਹਾਂ ਸਮੁੱਚੇ ਤੌਰ 'ਤੇ ਵਿਚਾਰਾਧੀਨ ਮਿੰਨੀ ਕਹਾਣੀਆਂ ਜਿੱਥੇ ਭਾਰਤੀ/ਪੰਜਾਬੀ

ਯਥਾਰਥ ਦੇ ਕੁਝ ਪਾਸਾਰਾਂ ਨੂੰ ਸਫਲਤਾ ਸਹਿਤ ਪੇਸ਼ ਕਰਦੀਆਂ ਹਨ, ਉਥੇ ਮਿੰਨੀ ਕਹਾਣੀ ਦੇ ਰੂਪਾਕਾਰਕ ਗੁਣਾਂ-ਲੱਛਣਾਂ ਤੇ ਵਿਸ਼ੇਸ਼ਤਾਈਆਂ ਨੂੰ ਨਿਖਾਰਨ ਵਿਚ ਸਹਾਈ ਹੁੰਦੀਆਂ ਹਨ। ਕੁਝ ਰਚਨਾਵਾਂ ਦਾ ਮਿੰਨੀ ਕਹਾਣੀ ਸਿਰਲੇਖ ਤਹਿਤ ਪ੍ਰਕਾਸ਼ਿਤ ਹੋ ਜਾਣਾ ਜਾਂ ਕੁਝ ਇਕ ਦਾ ਉਦੇਸ਼ ਰਹਿਤ ਹੋਣਾ ਸਾਡੇ ਸਮਿਆਂ ਦਾ ਇਕ ਅਣਇੱਛਤ ਵਰਤਾਰਾ ਹੈ, ਜਿਹੜਾ ਮਿੰਨੀ ਕਹਾਣੀ ਪਰਚਿਆਂ ਦੇ ਸੰਪਾਦਕਾਂ ਦੀ ਸੁਹਿਰਦਤਾ ਤੇ ਮਿਸ਼ਨਰੀ ਭਾਵਨਾ ਦੇ ਬਾਵਜੂਦ ਵਾਪਰ ਰਿਹਾ ਹੈ। ਇਸ ਵਰਤਾਰੇ ਬਾਰੇ ਕਹਿ-ਲਿਖ ਦੇਣਾ ਬੜਾ ਸਹਿਲ ਹੈ, ਪਰ ਇਸ ਨੂੰ ਰੋਕ ਸਕਣਾ ਕਾਫੀ ਕਠਿਨ ਹੈ। ਹੋਰ ਠਰ੍ਹੰਮਾ ਦਰਕਾਰ ਹੈ।

*- ਡਾ. ਅਨੂਪ ਸਿੰਘ*

## ਮੈਂ ਮੀਤੋ ਨਹੀਂ/ਸੁਰਿੰਦਰ ਕੈਲੇ

ਹਾੜ ਦਾ ਸੂਰਜ ਸਿਰ ਤੇ ਆਉਣ ਵਾਲਾ ਸੀ। ਉਹ ਗਰਮੀ ਦਾ ਸਤਾਇਆ ਕਮਾਦ ਦੇ ਬੰਨੇ ਵਾਲੀ ਕਿਕਰ ਹੇਠਾਂ ਖੜ੍ਹਾ ਪਿੰਡ ਵਲ ਨੂੰ ਜਾਂਦੇ ਸੁੰਨੇ ਪਹੇ ਨੂੰ ਦੇਖੀਂ ਜਾ ਰਿਹਾ ਸੀ। ਦੂਰੋਂ ਆਉਂਦੀ ਕੁੜੀ ਦਾ ਅਕਾਰ ਉਸ ਨੂੰ ਮਿੰਦਰੋ ਵਰਗਾ ਲਗਿਆ ਤੇ ਉਸ ਦੀ ਜੀਭ ਸੁੱਕੇ ਵੂਲ੍ਹਾਂ 'ਤੇ ਫਿਰ ਗਈ।

ਪਿਛਲੀ ਦਿਨੀਂ ਵੀ ਉਸਦਾ ਇੰਝ ਹੀ ਦਾਅ ਲਗ ਗਿਆ ਸੀ। ਕੱਖਾਂ ਨੂੰ ਆਈ ਇਕੱਲੀ ਕੁੜੀ ਨੂੰ ਬਾਹੋਂ ਫੜ ਘਸੀਟਦਾ ਕਮਾਦ 'ਚ ਲੈ ਵੜਿਆ ਸੀ। ਕੁੜੀ ਨੇ ਆਪਣੇ ਆਪ ਨੂੰ ਛੁਡਾਉਣ ਲਈ ਬੜੇ ਹੱਥ ਪੈਰ ਮਾਰੇ ਪਰ ਦਿਓ ਵਰਗੀ ਦੇਹ ਅੱਗੇ ਉਸਦੀ ਕੋਈ ਪੇਸ਼ ਨਾ ਗਈ ਤੇ ਉਸਦੀਆਂ ਸਿਸਕੀਆਂ ਕਮਾਦ ਦੀ ਸਰਸਰਾਹਟ ਵਿਚ ਦੱਬ ਕੇ ਰਹਿ ਗਈਆਂ ਸਨ।

ਕੱਖਾਂ ਦੀ ਇਕ ਹੋਰ ਭਰੀ ਲੈਣ ਜਾਂਦੀ ਮਿੰਦਰੋ ਜਦੋਂ ਕਿਕਰ ਕੋਲੋਂ ਦੀ ਲੰਘਣ ਲੱਗੀ ਤਾਂ ਇਕ ਸਰਾਲ ਵਰਗੀ ਬਾਂਹ ਨੇ ਉਸ ਨੂੰ ਦਬੋਚ ਲਿਆ ਤੇ ਕਮਾਦ ਵਲ ਨੂੰ ਧੂਹਣ ਲੱਗੀ। ਉਸ ਨੇ ਹੱਥ ਵਿਚ ਫੜੀ ਦਾਤੀ ਜਿਉਂ ਹੀ ਉਭਾਰ ਕੇ ਮਾਰੀ ਮੁੰਡੇ ਦੇ ਕੰਨ 'ਚੋਂ ਤੱਤੇ ਲਹੂ ਦੀ ਤਤੀਰੀ ਗਰਦਨ ਤੇ ਚਲ ਪਈ।

'ਮਾਂ ਦਿਆ...ਮੈਂ ਮੀਤੋ ਨੀਂ।' ਝਟਕੇ ਨਾਲ ਮਿੰਦਰੋ ਨੇ ਬਾਂਹ ਛੁੜਵਾ ਲਈ।

*ਮਾਰਚ, 1991*

## ਦੂਜਾ ਪਹਿਲੂ/ਪ੍ਰੇਮ ਸਿੰਘ ਬਰਨਾਲਵੀ

ਅਖਬਾਰ ਵਿਚ ਖਬਰ ਛਪੀ ਕਿ ਫਲਾਨੀ ਥਾਂ ਇਕ ਦਹਿਸ਼ਤਪਸੰਦ ਫੜਿਆ ਗਿਆ ਤੇ ਉਸ ਕੋਲੋਂ ਇਕ ਏ.ਕੇ.-47 ਰਾਈਫਲ ਬਰਾਮਦ ਹੋਈ। ਫੇਰ ਅਜਿਹੀਆਂ ਖਬਰਾਂ ਦਾ ਸਿਲਸਿਲਾ।

ਇੱਕ ਰਾਤ ਸਿਪਾਈ ਥਾਣੇਦਾਰ ਨੂੰ ਪੁੱਛ ਰਿਹਾ ਸੀ, 'ਜੀ ਜਨਾਬ, ਕਲ੍ਹ ਇਹ ਰਾਈਫਲ ਕਿਸ ਥਾਂ ਰਖਵਾਉਣੀ ਹੈ?'

*ਮਾਰਚ, 1991*

## ਸੁਧਾਰ/ਜੀਵਨ ਜੋਤ

ਨੱਕ ਤੇ ਰੱਖੇ ਖਾਦੀ ਦੇ ਰੁਮਾਲ ਨੂੰ ਕੱਸ ਕੇ ਪਕੜਦੇ ਹੋਏ ਉਹ ਬੋਲਿਆ, 'ਬਾਬਾ! ਅਸੀਂ ਇਸ ਗੰਦੀ ਬਸਤੀ ਦੇ ਲੋਕਾਂ ਦਾ ਸੁਧਾਰ ਕਰਨ ਆਏ ਆਂ।'

'ਪਹਿਲਾਂ ਆਪਣੀ ਮਾਨਸਿਕਤਾ ਦਾ ਤਾਂ ਸੁਧਾਰ ਕਰ ਲਓ!   ਫੇਰ ਆਇਓ ਸਾਡੇ ਗੰਦੇ ਲੋਕਾਂ ਖਾਤਿਰ।'

ਬਸਤੀ ਦੀ ਭੀੜ ਵਿੱਚੋਂ ਇਕ ਆਵਾਜ਼ ਉੱਭਰੀ।

*ਜੂਨ, 1991*

## ਕਹਾਣੀ ਲੇਖਕ/ਡਾ. ਜੋਗਿੰਦਰ ਸਿੰਘ ਨਿਰਾਲਾ

ਉਸ ਦਿਨ ਉਹ ਕਹਾਣੀ-ਲੇਖਕ ਮੇਰੇ ਕੋਲ ਆਇਆ ਤਾਂ ਗਹਿਰੀ ਚਿੰਤਾ ਵਿਚ ਡੁੱਬਿਆ ਹੋਇਆ ਸੀ। ਉਸਦੇ ਚਿਹਰੇ ਉਪਰ ਆਪਣੀ ਹੀ ਤਰ੍ਹਾਂ ਦਾ ਭੈਅ, ਸਹਿਮ ਅਤੇ ਆਤੰਕ ਜਿਹਾ ਛਾਇਆ ਹੋਇਆ ਸੀ।

ਮੈਂ ਜਦੋਂ ਇਸ ਦਾ ਕਾਰਨ ਪੁੱਛਿਆ ਤਾਂ ਜਿਵੇਂ ਉਹ ਹੋਰ ਵੀ ਭੈਅਭੀਤ ਹੋ ਗਿਆ ਹੋਵੇ ਅਤੇ ਫਿਰ ਇੰਜ ਬੋਲਿਆ ਜਿਵੇਂ ਖੂਹ ਵਿੱਚੋਂ ਬੋਲ ਰਿਹਾ ਹੋਵੇ, 'ਮਿੱਤਰੋ! ਮੈਂ ਅਸ਼ਲੀਲ ਕਹਾਣੀਆਂ ਲਿਖਣੀਆਂ ਛੱਡ ਦੇਣੀਆਂ ਹਨ।'

ਇਹ ਸੁਣ ਕੇ ਮੈਨੂੰ ਬੜਾ ਅਚੰਭਾ ਹੋਇਆ। ਕਹਾਣੀ ਦੇ ਖੇਤਰ ਵਿਚ ਉਸਦੀ ਪਹਿਚਾਣ ਮਰਦ-ਔਰਤ ਦੇ ਜਾਇਜ਼-ਨਜਾਇਜ਼ ਕਾਮੁਕ ਸੰਬੰਧਾਂ ਬਾਰੇ ਬਣੀ ਸੀ। ਪਿੱਛੇ ਜਿਹੇ ਉਸਦਾ ਕਹਾਣੀ-ਸੰਗ੍ਰਹਿ ਛਪਿਆ ਜਿਸ ਵਿਚ ਕੁੱਝ ਕਹਾਣੀਆਂ ਤਾਂ ਸਿੱਧੀਆਂ ਮਰਦ-ਔਰਤ ਦੇ ਸਮਲਿੰਗਕ ਸੰਬੰਧਾਂ ਜਾਂ ਔਰਤ-ਮਰਦ ਦੇ ਪਸ਼ੂ ਲਿੰਗਿਕ ਸੰਬੰਧਾਂ ਬਾਰੇ ਸਨ। ਮੈਂ ਉਸਨੂੰ ਅਜਿਹੇ ਵਰਜਿਤ ਤੇ ਨਖਿੱਧ ਵਿਸ਼ਿਆਂ ਬਾਰੇ ਨਾ ਲਿਖਣ ਲਈ ਪ੍ਰੇਰਿਆ ਤਾਂ ਉਸਨੇ ਬੜੇ ਫਖਰ ਨਾਲ ਕਿਹਾ ਸੀ, 'ਮਿੱਤਰਾ ਏਹੋ ਤਾਂ ਕਹਾਣੀ ਹੈ, ਤੂੰ ਤਾਂ ਪਰੰਪਰਾਵਾਦੀ ਹੈਂ।' ਪਰ ਅੱਜ ਉਸਦੀ ਅਸ਼ਲੀਲ ਕਹਾਣੀਆਂ ਲਿਖਣੀਆਂ ਛੱਡਣ ਦੀ ਗੱਲ ਸੁਣਕੇ ਤਾਂ ਮੈਂ ਠਠੰਬਰ ਜਿਹਾ ਗਿਆ।

'ਕੀ ਗੱਲ ਅੱਤਵਾਦੀਆਂ ਵਲੋਂ ਧਮਕੀ ਪੱਤਰ ਆ ਗਿਆ ਜਿਹੜਾ ਇਕਦਮ ਫੈਸਲਾ ਕਰ ਲਿਆ' , ਮੈਂ ਮੁਸਕਰਾਉਂਦਿਆਂ ਕਿਹਾ।

'ਨਹੀਂ ਯਾਰ' , ਉਸਨੇ ਕੰਬਦੀ ਆਵਾਜ਼ ਵਿਚ ਆਖਿਆ, 'ਅੱਜ ਰਾਤੀਂ ਜਦ ਮੈਂ ਪਿਸ਼ਾਬ ਕਰਨ ਲਈ ਉਠਿਆ ਤਾਂ ਮੇਰੀ ਧੀ ਰੀਟਾ ਮੋਮਬੱਤੀ ਦੀ ਲਾਈਟ ਵਿਚ ਮੇਰੀਆਂ ਕਹਾਣੀਆਂ ਪੜ੍ਹ ਰਹੀ ਸੀ ਤੇ ਮੁੜ੍ਹਕੋ ਮੁੜ੍ਹਕੀ ਹੋ ਰਹੀ ਸੀ।

***ਸਤੰਬਰ, 1991***

## ਜ਼ਿੰਦਗੀ ਤੇ ਨਾਟਕ/ਧਰਮਪਾਲ ਸਾਹਿਲ

ਉਸਨੇ ਤੰਗਹਾਲੀ ਵਿਚ ਵੀ ਆਪਣੇ ਇਕਲੌਤੇ ਪੁੱਤਰ ਨੂੰ ਵੱਡਾ ਅਫਸਰ ਬਨਾਉਣ ਦਾ ਸੁਪਨਾ ਸੰਜੋ ਕੇ ਇਕ ਮਹਿੰਗੇ ਸਕੂਲ ਵਿਚ ਦਾਖਲ ਕਰਾ ਦਿੱਤਾ। ਇਕ ਦਿਨ-

- ਪਾਪਾ, ਮੈਨੂੰ ਸਕੂਲ ਦੇ ਸਲਾਨਾ ਸਮਾਗਮ ਤੇ ਹੋਣ ਵਾਲੇ ਨਾਟਕ ਵਿਚ ਰੋਲ ਮਿਲਿਆ ਹੈ।
- ਅੱਛਾ! ਕਿਹੜਾ ਰੋਲ ਮਿਲਿਆ ਹੈ ਤੈਨੂੰ?
- ਰਾਜੇ ਦੇ ਨੌਕਰ ਦਾ।
- ਰਾਜਾ ਕੌਣ ਬਣਿਆ ਹੈ।
- ਬਿੱਟੂ, ਜਿਨ੍ਹਾਂ ਦੀ ਫੈਕਟਰੀ ਵਿਚ ਤੁਸੀਂ ਕੰਮ ਕਰਦੇ ਹੋ, ਉਨ੍ਹਾਂ ਦਾ ਮੁੰਡਾ।
- ਤੂੰ ਹੋਰ ਕੋਈ ਰੋਲ ਨਹੀਂ ਕਰ ਸਕਦਾ?

– ਨਹੀਂ ਪਾਪਾ, ਸਾਰੇ ਅਧਿਆਪਕ ਵੀ ਕਹਿੰਦੇ ਨੇ ਕਿ ਮੈਂ ਨੌਕਰ ਦਾ ਰੋਲ ਬਹੁਤ ਵਧੀਆ ਕਰਦਾ ਹਾਂ।

– ਨਹੀਂ ਤੂੰ ਇਹ ਰੋਲ ਨਹੀਂ ਕਰੇਂਗਾ।

– ਕਿਉਂ ਪਾਪਾ?

– ਪੁੱਤਰ, ਮੈਂ ਨਹੀਂ ਚਾਹੁੰਦਾ ਕਿ ਜੋ ਕੁੱਝ ਮੈਂ ਅਸਲ ਜ਼ਿੰਦਗੀ ਵਿਚ ਕਰ ਰਿਹਾ ਹਾਂ, ਉਹੀ ਤੂੰ ਨਾਟਕ ਵਿਚ ਵੀ ਕਰੇਂ।

– ਪਰ ਪਾਪਾ, ਨਾਟਕ ਵਿਚ ਕੰਮ ਕਰਨ ਨਾਲ ਕੋਈ ਸਚ ਮੁੱਚ ਦਾ ਨੌਕਰ ਤਾਂ ਨਹੀਂ ਹੋ ਜਾਂਦਾ।

– ਚੰਗਾ, ਤੂੰ ਕਲ੍ਹ ਰਾਜੇ ਦਾ ਰੋਲ ਲੈਣ ਲਈ ਆਪਣੇ ਅਧਿਆਪਕ ਅੱਗੇ ਬੇਨਤੀ ਕਰੀਂ।

ਅਗਲੇ ਦਿਨ ਬੱਚੇ ਨੇ ਪਿਤਾ ਦੀ ਆਗਿਆ ਦਾ ਪਾਲਨ ਕੀਤਾ।

ਸਿੱਟੇ ਵਜੋਂ ਉਸ ਦਾ ਨਾਂ ਨਾਟਕ ਦੀ ਰਿਹਰਸਲ ਲਈ ਪੁਕਾਰਨਾ ਬੰਦ ਹੋ ਗਿਆ।

*ਸਤੰਬਰ, 1991*

## ਆਲ੍ਹਣਾ/ਸੁਰਿੰਦਰ ਮਕਸੂਦਪੁਰੀ

ਜਦੋਂ ਉਸਦਾ ਚੌਥੀ ਜਮਾਤ ਵਿਚ ਪੜ੍ਹਦਾ ਲੜਕਾ ਉਹਦੇ ਨਾਲ ਸ਼ਹਿਰ ਘੁੰਮ ਰਿਹਾ ਸੀ ਤਾਂ ਉਸਨੇ ਇੱਕ ਖੂਬਸੂਰਤ ਸੰਗਮਰਮਰੀ ਇਮਾਰਤ ਦੇ ਮੱਥੇ 'ਤੇ 'ਆਲ੍ਹਣਾ' ਸ਼ਬਦ ਉਕਰਿਆ ਦੇਖ ਕੇ ਪਿਤਾ ਨੂੰ ਪੁੱਛਿਆ, 'ਪਾਪਾ! ਆਲ੍ਹਣੇ ਤਾਂ ਜਾਨਵਰ ਬਣਾਉਂਦੇ ਹਨ– ਜਿੱਦਾਂ ਆਪਣੇ ਤੂਤਾਂ ਵਾਲੇ ਖੂਹ 'ਤੇ– ਪਰ ਇਹ ਕੀ?'

'ਬੇਟਾ! ਕਈ ਅਜਿਹੇ ਮਨੁੱਖੀ ਜਾਨਵਰ ਵੀ ਹਨ ਜੋ ਸਾਡੀਆਂ ਝੁੱਗੀਆਂ ਦੇ ਕੱਖ ਨੋਚ ਨੋਚ ਇਹ ਆਲ੍ਹਣੇ ਬਣਾਉਂਦੇ ਹਨ।' ਪਿਤਾ ਨੇ ਭਾਵੁਕ ਜਿਹਾ ਹੋ ਕੇ ਉੱਤਰ ਦਿੱਤਾ। ਪ੍ਰੰਤੂ ਲੜਕਾ ਚੁੱਪ-ਚਾਪ ਪਿਤਾ ਦੇ ਮੂੰਹ ਵਲ ਝਾਕ ਰਿਹਾ ਸੀ ਜਿਵੇਂ ਉਸ ਨੂੰ ਆਲ੍ਹਣੇ ਦੇ ਅਰਥ ਸਮਝ ਹੀ ਨਾ ਆਏ ਹੋਣ।

*ਮਾਰਚ, 1992*

## ਅਵੱਲੀ ਰੀਝ/ਗੁਰਦੀਪ ਸਿੰਘ ਖਿੰਡਾ

ਮੋਈ ਮਾਂ ਨੂੰ ਮਿਲਣ ਲਈ ਉਸ ਦੇ ਬਾਲ-ਮਨ ਅੰਦਰ ਬੜੀ ਰੀਝ ਸੀ। ਰਾਤ ਨੂੰ ਪਾਪਾ ਦੀ ਬਗਲ ਵਿਚ ਲੇਟ ਕੇ ਗੱਲਾਂ ਹੀ ਗੱਲਾਂ ਵਿਚ ਉਸ ਨੂੰ ਅਜੀਬ ਗੁੰਝਲ ਵਿਚ ਪਾ ਛਡਦੀ, 'ਪਾਪਾ! ਮੇਰੀ ਮੰਮੀ ਕਿੱਥੇ ਚਲੀ ਗਈ ਹੈ?'

ਉਸ ਦੇ ਖਾਮੋਸ਼ ਰਹਿਣ ਤੇ ਆਪਣੇ ਸਵਾਲ ਦਾ ਆਪ ਹੀ ਜਵਾਬ ਦੇ ਲੈਂਦੀ, ' ਚੰਦਾ ਮਾਮਾ ਕੋਲ। ਹੈ ਨਾ?'

'ਹਾਂ।'

'ਪਰ ਬਾਬਾ ਜੀ ਤਾਂ ਕਹਿੰਦੇ ਸੀ ਉਹ ਰੱਬ ਕੋਲ ਗਈ ਹੈ।'

'ਆਪਣੇ ਮੰਨੂੰ ਬੱਚੇ ਕੋਲ ਕਦੋਂ ਆਵੇਗੀ?'

'ਜਦੋਂ ਤੂੰ ਜਵਾਨ ਹੋ ਜਾਵੇਂਗੀ।' ਉਹ ਕੁੜੀ ਨੂੰ ਟਾਲ ਦਿੰਦਾ।

ਪਰ ਉਹ ਰੋਜ਼ ਸਵੇਰੇ ਉੱਠ ਕੇ ਨਵੀਂ ਫਰਾਕ ਪਹਿਨਦੀ ਆਪਣਾ ਬਣਿਆ-ਸੰਵਰਿਆ ਚਿਹਰਾ ਸ਼ੀਸ਼ੇ ਥਾਣੀਂ ਦੇਖਦੀ ਅਤੇ ਫਿਰ ਨੱਠ ਕੇ ਪਿਉ ਦੀਆਂ ਲੱਤਾਂ ਨੂੰ ਜਾ ਚਿੰਬੜਦੀ, 'ਪਾਪਾ! ਵੇਖੋ ਮੈਂ ਜਵਾਨ ਹੋ ਗਈ।'

*ਮਾਰਚ, 1992*

## ਅਰਜੋਈ/ਜਰਨੈਲ ਸੇਖਾ

ਬਾਹਰ ਹਰ ਪਾਸੇ ਵਿਆਹ ਦੀ ਚਹਿਲ ਪਹਿਲ ਤੇ ਧੂਮ ਧੜੱਕਾ ਸੀ ਪ੍ਰੰਤੂ ਅੰਦਰ ਵਿਆਂਹਦੜ ਕੁੜੀ ਗੁਰੂ ਗਰੰਥ ਸਾਹਿਬ ਅੱਗੇ ਨਤਮਸਤਕ ਹੋਈ ਅਰਦਾਸ ਕਰ ਰਹੀ ਸੀ, 'ਹੇ ਸੱਚੇ ਪਾਤਸ਼ਾਹ! ਮੇਰੇ ਵੀਰ ਨੂੰ ਕਿਤੋਂ ਇਕ ਛਿਣ ਲਈ ਭੇਜ ਦੇ। ਉਹ ਭੈਣ ਦੀ ਡੋਲੀ ਨੂੰ ਤੋਰ ਜਾਵੇ। ਪਤਾ ਨਹੀਂ ਕਿੰਨੀਂ ਹਾਲੀਂ ਤੇ ਕਿਥੇ ਕਿੱਥੇ ਭਟਕਦਾ ਫਿਰਦਾ ਹੋਵੇਗਾ, ਮੇਰਾ ਵੀਰ। ਰੱਖਿਆ ਕਰ ਪ੍ਰਭੂ। ਭੈਣ ਦੀ ਜੋਦੜੀ ਸਵੀਕਾਰ ਕਰੀਂ ਤੇ ਵੀਰੇ ਦੇ ਮਨ ਮਿਹਰ ਪਾਈਂ ਕਿ ਇਕ ਵਾਰ ਵਿਦਾ ਹੁੰਦੀ ਭੈਣ ਨੂੰ ਮਿਲ ਜਾਵੇ।' ਉਸ ਇਕਾਗਰ ਚਿੱਤ ਹੋ ਕੇ ਗੁਰੂ ਚਰਨਾ ਵਿਚ ਮੱਥਾ ਟੇਕਿਆ। ਉਸ ਨੂੰ ਜਾਪਿਆ ਜਿਵੇਂ ਵਾਹਿਗੁਰੂ ਨੇ ਉਹਦੀ ਅਰਦਾਸ ਸੁਣ ਹੀ ਲਈ ਹੋਵੇ।

ਉਹ ਅਰਦਾਸ ਕਰਕੇ ਪਿੱਛੇ ਮੁੜੀ ਤਾਂ ਉਥੇ ਉਸਦੀ ਸਹੇਲੀ ਖੜ੍ਹੀ ਸੀ। ਸਹੇਲੀ ਨੇ ਉਸ ਦੇ ਕੰਨਾਂ ਵਿਚ ਕੁਝ ਕਿਹਾ। ਉਸ ਦੀ ਗਲ ਸੁਣ ਕੇ ਉਹ ਹੱਕੀ ਬੱਕੀ ਰਹਿ ਗਈ। ਮੁੜ ਕੇ ਫੇਰ ਆਪਣੇ ਇਸ਼ਟ ਅੱਗੇ ਅਰਦਾਸ ਕਰਨ ਲੱਗੀ, 'ਹੇ ਸੱਚੇ ਪਾਤਸ਼ਾਹ ਤੂੰ ਜਾਣੀਜਾਣ ਤੇ ਸਰਵ ਸ਼ਕਤੀਮਾਨ ਏਂ। ਤੂੰ ਬਖਸ਼ਣਹਾਰ ਏਂ ਦਾਤਿਆ। ਤੂੰ ਮੇਰੀ ਪਹਿਲੀ ਅਰਦਾਸ ਦੀ ਭੁੱਲ ਬਖਸ਼ ਦੇ। ਮੈਂ ਵੀਰੇ ਦੇ ਆਉਣ ਲਈ ਬੇਨਤੀ ਕਰਕੇ ਬਹੁਤ ਵੱਡੀ ਭੁੱਲ ਕੀਤੀ ਪ੍ਰਭੂ। ਨਾ ਭੇਜੀਂ ਮੇਰੇ ਕੋਲ ਮੇਰੇ ਵੀਰ ਨੂੰ। ਮੈਂ ਨਿਕਰਮਣ ਨਹੀਂ ਚਾਹੁੰਦੀ ਕਿ ਮੇਰਾ ਵੀਰ ਮੇਰੇ ਕੋਲ ਆਵੇ। ਅਨੇਕਾਂ ਹੀ ਭੈਣਾਂ ਬਿਨਾਂ ਭਰਾਵਾਂ ਦੇ ਪੇਕਿਆਂ ਤੋਂ ਵਿਦਾ ਹੁੰਦੀਆਂ ਆਈਆਂ ਨੇ। ਮੈਂ ਵੀ ਵੀਰ ਦੀ ਅਸੀਸ ਬਿਨਾਂ ਵਿਦਾ ਹੋ ਜਾਵਾਂਗੀ ਪਰ ਮੇਰੇ ਵੀਰ ਤੇ ਸਦਾ ਮਿਹਰ ਦਾ ਹੱਥ ਰੱਖੀਂ ਦਾਤਿਆ।' ਉਸ ਦੀਆਂ ਅੱਖਾਂ ਵਿੱਚੋਂ ਛਮ ਛਮ ਹੰਝੂ ਵਹਿ ਰਹੇ ਸਨ ਤੇ ਉਹ ਹੁਣ ਹੱਥ ਜੋੜੀ ਗੁਰੂ ਮਹਾਰਾਜ ਕੋਲ ਅਰਜੋਈ ਕਰ ਰਹੀ ਸੀ ਕਿ ਉਸ ਦਾ ਵੀਰ ਉਹਦੇ ਵਿਆਹ ਵਿਚ ਸ਼ਾਮਲ ਨਾ ਹੋਵੇ ਤੇ ਬਾਹਰ ਪਿੰਡ ਦੇ ਦੁਆਲੇ ਜਿਪਸੀਆਂ ਨੇ ਗਰਦੋ ਗੁਬਾਰ ਕੀਤਾ ਹੋਇਆ ਸੀ।

*ਮਾਰਚ, 1992*

## ਵੱਡੇ ਹੋਣ ਦਾ ਅਹਿਸਾਸ/ਰਾਮ ਸਰੂਪ ਅਣਖੀ

ਇਕ ਬੰਦਾ ਇਕ ਕਲੱਬ ਵਿਚ ਪਹਿਲੀ ਵਾਰ ਗਿਆ। ਉਹਨੇ ਦੇਖਿਆ, ਉਥੇ ਤਾਂ ਛੇ ਫੁੱਟ ਤੋਂ ਘੱਟ ਕੋਈ ਵੀ ਨਹੀਂ: ਜੇ ਕੋਈ ਛੇ ਫੁੱਟ ਤੋਂ ਘੱਟ ਹੋਵੇਗਾ ਤਾਂ ਉਹਦੇ ਨਾਲੋਂ ਜਰੂਰ ਉੱਚਾ ਲੱਗਦਾ। ਉਹਦਾ ਆਪਣਾ ਕੱਦ ਸਿਰਫ ਪੰਜ ਫੁੱਟ ਪੰਜ ਇੰਚ ਸੀ। ਇਕ ਨਿੱਕੇ ਕੱਦ ਦਾ ਬੈਰਾ

ਪਲੇਟ ਵਿਚ ਕੁਝ ਰੱਖਕੇ ਉਹਦੇ ਮੇਜ਼ ਕੋਲ ਦੀ ਲੰਘਿਆ। ਉਹਨੇ ਬੈਰੇ ਨੂੰ ਬੁਲਾਇਆ ਤੇ ਪੁੱਛਿਆ...'ਤੇਰਾ ਕੱਦ ਕਿੰਨੈ?'

ਬੈਰੇ ਨੇ ਦੱਸਿਆ– 'ਪੰਜ ਫੁੱਟ ਤਿੰਨ ਇੰਚ।'

ਬੰਦਾ ਕਹਿੰਦਾ– 'ਪਲੇਟ ਰੱਖਦੇ ਏਥੇ ਤੇ ਆਹ ਫੜ ਸੌ ਰੁਪਈਆ। ਕੱਲਬ ਵਾਲਿਆਂ ਤੋਂ ਛੁੱਟੀ ਲੈ ਲੈ।'

ਬੈਰਾ ਹੈਰਾਨ ਤੇ ਪੁੱਛਣ ਲੱਗਿਆ...'ਸ਼ਾਅਬ, ਇਹ ਕੀ ਗੱਲ?'

'ਬੱਸ, ਜਿੱਥੇ ਕਿਤੇ ਮੈਂ ਖੜ੍ਹਾਂ ਹੋਵਾਂ, ਮੇਰੇ ਕੋਲ ਆ ਕੇ ਖੜ੍ਹ ਜਾਇਆ ਕਰ।' ਬੰਦੇ ਨੇ ਬੈਰੇ ਦੀ ਡਿਊਟੀ ਲਾਈ ਤੇ ਉਹਨੂੰ ਪੈੱਗ ਪੇਸ਼ ਕੀਤਾ।

***ਸਤੰਬਰ, 1992***

## ਖ਼ਿਲਾਅ/ਜਗਦੀਸ਼ ਅਰਮਾਨੀ

ਅੱਜ ਫੇਰ ਮੇਰੀ ਬੀਵੀ ਗੁਆਂਢੀਆਂ ਦੇ ਬੱਚੇ ਨੂੰ ਘਰ ਲੈ ਆਈ ਤੇ ਉਹਨੂੰ ਬਿਸਕੁਟ ਖੁਆ ਰਹੀ ਸੀ।

ਤੀਹ ਸਾਲ ਪਹਿਲਾਂ ਵੀ, ਜਦੋਂ ਮੈਂ ਅਜੇ ਵਿਆਹਿਆ ਨਹੀਂ ਸੀ ਤਾਂ ਮੇਰੇ ਬੀਜੀ ਗੁਆਂਢੀਆਂ ਦੇ ਕਿਸੇ ਬਾਲ ਨੂੰ ਫੜ੍ਹ ਲਿਆਉਂਦੇ ਤੇ ਉਸਨੂੰ ਬਿਸਕੁਟ, ਟਾਫੀਆਂ ਆਦਿ ਕਿੰਨਾ ਕੁਝ ਬੜੀ ਰੀਝ ਨਾਲ ਖੁਆਉਂਦੇ ਰਹਿੰਦੇ।

ਇਨ੍ਹਾਂ ਤੀਹਾਂ ਸਾਲਾਂ ਵਿਚ ਕਿੰਨਾ ਕੁਝ ਵਾਪਰ ਗਿਆ ਏ। ਮੇਰਾ ਵਿਆਹ ਵੀ ਹੋ ਗਿਆ ਏ। ਮੇਰੇ ਬੱਚੇ ਵੀ ਜੁਆਨ ਹੋ ਕੇ ਵਿਆਹੇ ਵਰੇ ਗਏ ਹਨ। ਪਰ ਰੋਟੀ-ਰੋਜ਼ੀ ਦੀ ਭਾਲ ਵਿਚ ਮੇਰੇ ਬੱਚੇ ਕਿੱਥੇ ਦੇ ਕਿੱਥੇ ਚਲੇ ਗਏ ਹਨ। ਫਲਸਰੂਪ ਹੁਣ ਘਰ ਵਿਚ ਉਨ੍ਹਾਂ 'ਚੋਂ ਕੋਈ ਵੀ ਨਹੀਂ ਰਿਹਾ। ਨਾ ਉਹ ਬੱਚੇ ਅਤੇ ਨਾ ਉਹਨਾਂ ਬੱਚਿਆਂ ਦੇ ਬੱਚੇ।

ਮੈਂ ਪੈਂਤੀ ਵਰ੍ਹੇ ਸਰਕਾਰੀ ਨੌਕਰੀ ਕਰਨ ਉਪਰੰਤ ਰਿਟਾਇਰ ਹੋਣ ਮਗਰੋਂ, ਇਕ ਵਾਰ ਮੁੜ ਇਕੱਲੇ ਦਾ ਇਕੱਲਾ ਰਹਿ ਗਿਆ ਹਾਂ। ਬਸ ਫਰਕ ਸਿਰਫ ਇੰਨਾ ਏ ਕਿ ਤੀਹ ਸਾਲ ਪਹਿਲਾਂ ਜਦੋਂ ਮੈਂ ਵਿਆਹਿਆ ਨਹੀਂ ਸਾਂ ਤਾਂ ਮੇਰੇ ਨਾਲ ਬੁੱਢੇ ਮਾਂ ਜੀ ਰਹਿੰਦੇ ਸਨ ਅਤੇ ਅੱਜ ਜਦੋਂ ਮੈਂ ਵਿਆਹਿਆ ਵਰ੍ਹਿਆ ਤੇ ਪੋਤਿਆਂ-ਦੋਤ੍ਰਿਆਂ ਵਾਲਾ ਹੋ ਗਿਆ ਹਾਂ, ਮੇਰੇ ਨਾਲ ਕੇਵਲ ਮੇਰੀ ਬੁੱਢੀ ਪਤਨੀ ਹੀ ਰਹਿੰਦੀ ਏ।

***ਦਸੰਬਰ, 1992***

## ਭੇੜੀਆ ਤੇ ਖੋਤਾ/ਦਵਿੰਦਰ ਮੰਡ

ਆੜ ਵਿੱਚੋਂ ਖੋਤੇ ਨੂੰ ਪਾਣੀ ਪੀਂਦਾ ਦੇਖਕੇ ਭੇੜੀਏ ਨੂੰ ਲੇਲੇ ਵਾਲੀ ਗੱਲ ਚੇਤੇ ਆ ਗਈ ਤੇ ਰੋਅਬ 'ਚ ਬੋਲਿਆ,

'ਖੋਤਿਆ ਪਾਣੀ ਕਾਹਤੋਂ ਗੰਦਾ ਕਰਦੈਂ, ਤੈਨੂੰ ਦੀਂਹਦਾ ਨਹੀਂ, ਮੈਂ ਪਾਣੀ ਪੀ ਰਿਹੈਂ?'

'ਸਾਹਬ, ਪਾਣੀ ਤੁਹਾਡੇ ਵੱਲੋਂ ਸਗੋਂ ਗੰਦਾ ਹੋ ਕੇ ਆ ਰਿਹਾ। ਮੈਂ ਤਾਂ ਆੜ ਵਿੱਚੋਂ ਦੀਂ

ਪੀਂਦਾਂ।' ਖੋਤਾ ਨਰਮੀ ਨਾਲ ਬੋਲਿਆ।

ਭੇੜੀਏ ਨੂੰ ਕੋਈ ਗੱਲ ਨਾ ਅਹੁੜੀ ਤਾ ਕਿੰਨੇ ਚਿਰ ਬਾਅਦ ਖੋਤੇ ਦੇ ਨੇੜੇ ਜਾਂਦਾ ਗੁੱਸੇ ਨਾਲ ਬੋਲਿਆ, 'ਤੇਰੇ ਬਾਪ ਨੇ ਵੀ ਲੇਲੇ ਦੇ ਬਾਪ ਅੱਗੇ ਮੈਨੂੰ ਗਾਲਾਂ ਕੱਢੀਆਂ ਸੀ।'

'ਤੇ ਮੈਂ ਕੀ ਕਰਾਂ, ਉਹਨੂੰ ਪੁੱਛ ਲੈਂਦਾ।' ਤੇ ਖੋਤਾ ਘੁੰਮ ਗਿਆ ਤੇ ਐਸੀ ਦੁਲੱਤੀ ਭੇੜੀਏ ਦੇ ਮੂੰਹ ਤੇ ਮਾਰੀ ਕਿ ਭੇੜੀਆ ਸਿਰ ਤੇ ਪੈਰ ਰੱਖ ਕੇ ਭੱਜਾ।

ਖੋਤਾ ਬੁੜ ਬੁੜਾਇਆ, 'ਹੂੰ ਆ ਗਿਆ ਵੱਡਾ, ਸਾਰੇ ਲੇਲੇ ਤਾਂ ਨਹੀਂ।'

***ਦਸੰਬਰ, 1992***

## ਉਪਾਅ/ਅਵਤਾਰ ਸਿੰਘ ਬਿਲੰਗ

'ਚੰਦਰਮਾ ਕੁੰਟਿਆ ਹੋਇਆ ਜਜਮਾਨ। ਇਹਨੂੰ ਮੋਤੀ ਪਹਿਨ ਓ ਚਾਂਦੀ 'ਚ ਮੜ੍ਹਾ ਕੇ। ਅਰ ਦੇਖੋ ਸਾਡੀ ਕਰਾਮਾਤ।'

ਮੁੰਡਾ ਸੀ ਉਸਦਾ ਮਾੜਕੂ ਜਿਹਾ। ਦੋ ਧੀਆਂ ਤੋਂ ਮਗਰੋਂ ਦੇਖਿਆ ਸੀ ਉਸਨੇ। ਉਹ ਹਰ ਸਾਲ ਪੱਤਰੀ ਖੁਲਵਾ ਕੇ ਦੇਖਦਾ ਅਤੇ ਮੁੰਡੇ ਦੀ ਸਿਹਤ ਲਈ ਪੰਡਤ ਦਾ ਦੱਸਿਆ ਓਹੜ ਪੋਹੜ ਕਰ ਲੈਂਦਾ।

ਹਾਲੇ ਪਿਛਲੇ ਸਾਲ ਹੀ ਉਹ ਸਵਾ ਮਣ ਤਿਲ-ਚੌਲੀ ਕੀੜਿਆਂ ਨੂੰ ਪਾ ਕੇ ਹਟਿਆ ਸੀ, ਚਾਂਦੀ ਦਾ ਚੰਦਰਮਾ ਬਣਵਾ ਕੇ ਵੀ ਪਵਾਇਆ ਸੀ, ਮੁੰਡੇ ਦੇ ਗਲ ਵਿਚ। ਪਰ ਮੁੰਡਾ ਸੀ, ਨਿੱਕੀ ਢਿੰਡ ਜਿਹੀ। ਸੱਤਾਂ ਸਾਲਾਂ ਦਾ ਹੋ ਕੇ ਵੀ ਧਰਤੀ ਨਹੀਂ ਸੀ ਛੱਡ ਰਿਹਾ।

ਮੋਤੀ ਪਹਿਨਾਉਣ ਵਾਲੀ ਗੱਲ ਉਸਨੇ ਘਰ ਆ ਕੇ ਕੀਤੀ।

'ਮਖਿਆ, ਕਿਹੜਾ ਉਪਾਅ ਨੀ ਕੀਤਾ, ਆਪਾਂ?' ਘਰ ਵਾਲੀ ਖਫਾ ਹੋ ਕੇ ਬੋਲੀ, 'ਜੇ ਮੇਰੀ ਮੰਨਦੈਂ ਤਾਂ ਦੁੱਧ ਦਾ ਹੀਲਾ ਕਰ।'

ਤੇ ਉਹ ਦੂਜੇ ਦਿਨ ਹੀ ਸੱਜਰ ਸੂਈ ਗਊ ਲੈ ਆਇਆ।

***ਦਸੰਬਰ, 1992***

## ਬੰਦੂਕਾਂ/ਧਰਮਪਾਲ ਸਾਹਿਲ

ਪੁਸਤਕ ਗੋਸ਼ਟੀ ਵਿਚ ਭਖਵੀਂ ਬਹਿਸ ਦੌਰਾਨ ਇਕ ਆਲੋਚਕ ਨੇ ਕਿਹਾ, 'ਸਾਡੇ ਇਨਕਲਾਬੀ ਲੇਖਕ, ਖੇਤਾਂ ਤੇ ਵਿਹੜਿਆਂ 'ਚੋਂ ਬੰਦੂਕਾਂ ਉਗਾਉਣ ਦੀ ਬਹੁਤ ਗੱਲ ਕਰਦੇ ਨੇ। ਪਰ ਹੁਣ ਜਦੋਂ ਬੰਦੂਕਾਂ ਉਗਣੀਆਂ ਸ਼ੁਰੂ ਹੋਈਆਂ ਹਨ ਤਾਂ ਡਾਢੇ ਪਰੇਸ਼ਾਨ ਕਿਉਂ ਹੋ ਗਏ ਨੇ?'

ਪੁਸਤਕ ਲੇਖਕ ਨੇ ਉੱਤਰ ਦਿੱਤਾ,

'ਸੱਚ ਮੁੱਚ, ਬੰਦੂਕਾਂ ਤੇ ਉਮੀਦ ਨਾਲੋਂ ਵੀ ਵੱਧ ਉਗ ਰਹੀਆਂ ਹਨ। ਪਰੰਤੂ ਅਫਸੋਸ ਇਹ ਹੈ ਕਿ ਉਨ੍ਹਾਂ ਨੂੰ ਚੁੱਕਣ ਵਾਲੇ ਹੱਥ ਹੋਰ ਨੇ ਤੇ ਚਲਾਉਣ ਵਾਲੇ ਦਿਮਾਗ ਹੋਰ। ਨਜ਼ਰਾਂ ਕਿਧਰੇ ਹੋਰ ਤੇ ਨਿਸ਼ਾਨੇ ਕਿਧਰੇ ਹੋਰ।'

***ਦਸੰਬਰ, 1992***

## ਹੱਦ/ਡਾ. ਸ਼ਿਆਮ ਸੁੰਦਰ ਦੀਪਤੀ

ਇਕ ਅਦਾਲਤ ਵਿਚ ਮੁਕੱਦਮਾ ਪੇਸ਼ ਹੋਇਆ,

'ਸ਼ਾਹਿਬ ਇਹ ਪਾਕਿਸਤਾਨੀ ਹੈ, ਸਾਡੇ ਦੇਸ਼ ਦੀ ਹੱਦ ਪਾਰ ਕਰਦਾ ਫੜਿਆ ਗਿਆ।'

'ਤੂੰ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹੈਂ?' ਮੈਜਿਸਟਰੇਟ ਨੇ ਪੁੱਛਿਆ।

'ਮੈਂ ਕੀ ਕਹਿਣਾ ਐ ਸਰਕਾਰ। ਮੈਂ ਖੇਤ ਨੂੰ ਪਾਣੀ ਲਾ ਕੇ ਬੈਠਾ ਸੀ। 'ਹੀਰ' ਦੇ ਸੁਰੀਲੇ ਬੋਲ ਮੇਰੇ ਕੰਨੀ ਪਏ ਤਾਂ ਮੈਂ ਉਹਨਾਂ ਬੋਲਾਂ ਨੂੰ ਸੁਣਦਿਆਂ ਤੁਰਿਆ ਆਇਆ, ਮੈਨੂੰ ਤੇ ਕੋਈ ਹੱਦ ਨਜ਼ਰ ਨਹੀਂ ਆਈ।'

***ਦਸੰਬਰ, 1992***

## ਅਰਥ ਬਦਲ ਗਏ/ਅਤਰ ਸਿੰਘ ਤਰਸਿੱਕਾ

'ਚੱਲ ਹੁਣ ਮੌਕਾ ਈ ਕਿਤੇ ਨਿਕਲ ਚੱਲੀਏ, ਨਹੀਂ ਤਾਂ ਤੂੰ ਵੀ ਸਾਰੀ ਉਮਰ ਤੜਫੇਂਗਾ ਤੇ ਮੈਂ ਵੀ ਸਿਸਕੀਆਂ ਭਰਦੀ ਰਹਾਂਗੀ।' ਜਵਾਨੀ ਦੇ ਹਸੀਨ ਦਿਨਾਂ 'ਚ ਕਦੇ ਇਹ ਸ਼ਬਦ ਮੇਰੀ ਮਹਿਬੂਬ ਨੇ ਕਹੇ ਸਨ ਜੋ ਅੱਜ ਵੀ ਮੇਰੇ ਕੰਨਾਂ 'ਚ ਮਿੱਠਾ ਸੰਗੀਤ ਬਣ ਝੁਨਝਨਾਹਟ ਛੇੜਦੇ ਰਹਿੰਦੇ ਹਨ।

ਹੁਣ ਇਕ ਦਹਾਕੇ ਤੋਂ ਵੀ ਵੱਧ ਸਮਾਂ ਹੋ ਗਿਆ ਸੀ ਇਸ ਦੁਖਾਂਤਕ ਮਹੌਲ ਦਾ ਸੰਤਾਪ ਨੰਗੇ ਪਿੰਡੇ ਤੇ ਹੰਢਾਉਂਦਿਆਂ। ਕਲ ਜਦ ਸਾਡੇ ਕਸਬੇ 'ਚ ਵੀ ਅੱਠ ਬੰਦਿਆਂ ਦਾ ਸਮੂਹਕ ਕਤਲ ਤੇ ਪੰਜ ਮੁਕਾਬਲੇ 'ਚ ਹਲਾਕ ਹੋਏ ਤਾਂ ਇਹ ਦ੍ਰਿਸ਼ ਦੇਖ ਕੇ ਸਭ ਦਾ ਦਿਲ ਕੰਬ ਉੱਠਿਆ। ਰਾਤੀਂ ਫਿਕਰਾਂ 'ਚ ਡੁੱਬੀ ਮੇਰੀ ਪਤਨੀ ਨੇ ਸਹਿਮੀ ਜਿਹੀ ਅਵਾਜ਼ 'ਚ ਕਿਹਾ, 'ਚਲ ਹੁਣ ਮੌਕਾ ਈ ਕਿਤੇ ਨਿਕਲ ਚੱਲੀਏ, ਨਹੀਂ ਤਾਂ ਤੂੰ ਵੀ ਸਾਰੀ ਉਮਰ ਤੜਫੇਂਗਾ ਤੇ ਮੈਂ ਵੀ ਸਿਸਕੀਆਂ ਭਰਦੀ ਰਹਾਂਗੀ।

***ਦਸੰਬਰ, 1992***

## ਭਾਗਾਂ ਵਾਲੀ/ਸੁਰਿੰਦਰ ਕੈਲੇ

ਥੱਪ ਥੱਪ ਦੀ ਅਵਾਜ਼ ਸੁਣ ਕੇ ਉਹ ਖਿੜਕੀ ਵਲ ਨੂੰ ਦੌੜੀ।

ਖਿੜਕੀ 'ਚੋਂ ਖੜ੍ਹਕੇ ਦੇਖਿਆ ਤੇ ਸੀਖਾਂ ਫੜੀ ਦੇਖਦੀ ਰਹੀ। ਗੁੱਸੇ ਤੇ ਨਫਰਤ ਨਾਲ ਉਸਦੇ ਮੱਥੇ ਦੀਆਂ ਰੇਖਾਵਾਂ ਖੜ੍ਹੀਆਂ ਹੋ ਗਈਆਂ। ਸਾਹਮਣੇ ਘਰ ਦੇ ਵਿਹੜੇ ਵਿਚ ਪ੍ਰਸਿਨੀ ਦਾ ਪਤੀ ਉਸ ਨੂੰ ਕੁੱਟ ਰਿਹਾ ਸੀ।

'ਕਿਹੋ ਜਿਹਾ ਭੈੜਾ ਆਦਮੀ ਹੈ। ਆਏ ਦਿਨ ਵਿਚਾਰੀ ਮਾਰ ਖਾਂਦੀ ਰਹਿੰਦੀ ਹੈ। ਜੇ ਮੇਰਾ ਪਤੀ ਅਜਿਹਾ ਹੁੰਦਾ ਤਾਂ...।'

ਉਸਨੇ ਜ਼ੋਰ ਨਾਲ ਸੀਖਾਂ ਨੂੰ ਘੁੱਟਿਆ। ਫੇਰ ਪਕੜ ਢਿੱਲੀ ਹੁੰਦੀ ਚਲੀ ਗਈ। ਉਸਨੇ

ਪ੍ਰਸਿਨੀ ਵਲ ਦੇਖਿਆ, 'ਕਿੰਨੀ ਭਾਗਾਂ ਵਾਲੀ ਹੈ ਪ੍ਰਸਿਨੀ, ਜਿਸਦਾ ਪਤੀ ਹਰ ਰੋਜ਼ ਘਰੇ ਤਾਂ ਮੁੜ ਆਉਂਦਾ ਹੈ।' ਮਨ 'ਚ ਕਹਿੰਦਿਆਂ ਉਸਨੇ ਖਿੜਕੀ ਬੰਦ ਕਰ ਦਿੱਤੀ ਤੇ ਸ਼ੀਸ਼ੇ ਸਾਹਮਣੇ ਖੜਕੇ ਢਲਦੇ ਚਿਹਰੇ ਨੂੰ ਦੇਖਣ ਲੱਗੀ।

***ਦਸੰਬਰ, 1992***

## ਨਵੀਂ ਕਾਰ/ਵਿਜੇ ਭਾਰਦਵਾਜ

ਇਕ ਵੱਡੇ ਦੇਸ਼ ਨੇ ਛੋਟੇ ਦੇਸ਼ ਨੂੰ ਆਰਥਿਕ ਜਾਲ ਵਿਚ ਫਸਾ ਲਿਆ ਤੇ ਵਿੱਤ ਮੰਤਰੀ ਨੂੰ ਤੋਹਫੇ ਵਜੋਂ ਇਕ ਸ਼ਾਨਦਾਰ ਕਾਰ ਭੇਂਟ ਕੀਤੀ। ਉੱਤਰ ਵਿੱਚ ਵਿੱਤ ਮੰਤਰੀ ਨੇ ਤਾਰ ਦਿੱਤੀ, 'ਏਨੀ ਸ਼ਾਨਦਾਰ ਕਾਰ ਭੇਜਣ ਲਈ ਧੰਨਵਾਦ ਪਰ ਇਸ ਵਿਚ ਸਟੀਅਰਿੰਗ ਵੀਲ੍ਹ ਨਹੀਂ ਹੈ।'

ਉੱਤਰ ਆਇਆ, 'ਇਹ ਰਿਮੋਟ ਕੰਟਰੋਲ ਵਾਲੀ ਕਾਰ ਹੈ। ਸਟੀਅਰਿੰਗ ਅਸੀਂ ਕਰਾਂਗੇ, ਤੁਸੀਂ ਸਿਰਫ ਐਕਸਲੇਟਰ ਦਬਾਉ।'

***ਦਸੰਬਰ, 1992***

## ਬਰਕਤ/ਨਿਸ਼ਾਨ ਸਿੰਘ ਜੌਹਲ

ਮੇਰੀ ਮਾਂ ਮੈਨੂੰ ਨਸੀਅਤ ਕਰਦੀ ਕਹਿੰਦੀ ਕਿ 'ਆਪਣੇ ਦੁੱਧ ਵਾਲੇ ਭਾਂਡੇ ਨੂੰ ਸਾਫ ਕਰਕੇ ਸੌਂਇਆ ਕਰ।'

'ਕਿਉ' ? ਮੈਂ ਖਿੱਝ ਕੇ ਪੁੱਛਦਾ।

'ਕਿਉਂਕਿ ਜਿਨਾਂ ਦੇ ਭਾਂਡੇ ਸਾਫ ਹੁੰਦੇ ਹਨ, ਉਹਨਾਂ ਦੇ ਘਰ ਰੱਬ ਰਾਤ ਨੂੰ ਬਰਕਤ ਪਾਉਂਦਾ ਹੈ।'

ਮੈਂ ਫਿਰ ਖਿੱਝ ਕੇ ਕਹਿੰਦਾ, ਕਿ 'ਉਸ ਰਾਤ ਮੇਹਰ ਦੇ ਘਰ ਅਣਪਛਾਤੇ ਆਦਮੀ ਆਏ ਸਨ। ਉਹਨਾਂ ਨੇ ਪਰਿਵਾਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ, ਉਹਨਾਂ ਦੇ ਸਿਰਾਣੇ ਪਏ ਦੁੱਧ ਵਾਲੇ ਭਾਂਡੇ ਗਿਲਾਸ, ਛੰਨੇ...ਆਦਿ ਸਾਰੇ ਖ਼ੂਨ ਨਾਲ ਭਰ ਗਏ ਸਨ। ਜਦ ਉਸ ਰਾਤ ਰੱਬ ਨੇ ਵੇਖਿਆ ਨਹੀਂ ਕਿ ਅੱਜ ਬਰਕਤ ਕਿਥੇ ਪਾਵਾਂ?'

***ਮਾਰਚ, 1993***

## ਆਸਤਕ/ਮਢਾਰ ਕਰਤਾਰਵੀ

'ਸਾਹਿਬ ਜੀ ਉਦਾਂ ਤਾਂ ਮੈਂ ਵੀ ਮੰਨਦਾਂ ਕਿ ਰੱਬ ਹਰ ਪਾਸੇ ਮੌਜੂਦ ਹੁੰਦਾ ਹੈ। ਫਿਰ ਬਾਬੇ ਨਾਨਕ ਨੇ ਤਾਂ ਮੱਕੇ ਵਿਚ ਇਹ ਸਾਬਤ ਕਰ ਵਿਖਾਇਆ ਸੀ। ਪਰ ਆਪਣੀ ਕਾਰ ਜਦੋਂ ਵੀ ਇਸ ਫਾਟਕ 'ਤੇ ਆ ਕੇ ਰੁਕਦੀ ਆ ਤਾਂ ਸਾਰੇ ਲੋਕੀਂ ਆਹ ਖੱਬੇ ਵੱਲ ਬਣੀ ਪੀਰਾਂ ਦੀ ਸਮਾਧ ਵੱਲ ਸਿਰ ਨਿਵਾ ਕੇ ਲੰਘਦੇ ਨੇ ਜਦ ਕਿ ਮੈਂ ਅਕਸਰ ਦੇਖਦਾਂ ਕਿ ਤੁਸੀਂ ਬਿਲਕੁਲ ਇਸਦੇ ਉਲਟ ਪਾਸੇ ਵਲ ਕਿਉਂ ਸਿਰ ਨਿਵਾਉਂਦੇ ਹੋ? ਤੁਸੀਂ ਤਾਂ ਰੱਬ ਨੂੰ ਮੰਨਣ ਵਾਲੇ ਹੋ।' ਨਵੇਂ ਡਰਾਇਵਰ ਨੇ ਆਪਣੇ ਅਫਸਰ ਨੂੰ ਝਿਜਕਦਿਆਂ ਅੱਜ ਪੁੱਛਣ ਦੀ ਹਿੰਮਤ ਕਰ ਹੀ ਲਈ ਸੀ।

'ਹਾਂ, ਸੁਣ! ਮੈਂ ਬਿਲਕੁਲ ਆਸਤਕ ਹਾਂ। ਉਸ ਰੱਬ ਦਾ ਮੇਰੇ 'ਤੇ ਬੜਾ ਕਰਮ ਹੈ। ਓਧਰ ਪਾਸੇ ਮੇਰੇ ਓਸ ਇੱਕੋ ਇੱਕ ਰੱਬ ਦਾ 'ਡੇਰਾ' , ਜਿਹਨੇ ਬਾਪ ਨਾਲ ਜਿੰਮੀਦਾਰਾਂ ਦੇ ਖੇਤਾਂ 'ਚ ਬਰੋਬਰ ਤੇ ਆਲੂ ਪੁੱਟੇ, ਝੋਨੇ ਲਾਏ, ਕਣਕਾਂ ਗਹਾਈਆਂ, ਤੂੜੀਆਂ ਦੇ ਕੁੱਪ ਬੰਨ੍ਹੇ, ਕੋਠੇ ਲਿਪਵਾਏ ਤੇ ਚੌਵੀ ਵਰ੍ਹੇ, ਬਾਬਲ-ਵਿਹੜੇ ਕੱਟਦਿਆਂ ਬਾਪੂ ਦੀ ਪੱਗ ਤੇ ਰਤਾ ਵੀ ਨਾ ਦਾਗ ਲੱਗਣ ਦਿੱਤਾ। ਉਹਨਾਂ ਦਿਹਾੜੀਆਂ ਦੀ ਮਿਹਨਤ ਸਦਕਾ ਮੈਂ ਪੜ੍ਹਿਆ-ਲਿਖਿਆ, ਤੇ ਅੱਜ ਜੋ ਵੀ ਹਾਂ, ਤੇਰੇ ਸਾਹਮਣੇ ਹਾਂ। ਹੁਣ ਤੂੰ ਹੀ ਦਸ, ਮੈਂ ਉਸ ਰੱਬ ਤੋਂ ਮੂੰਹ ਫੇਰ ਕੇ ਨਾਸਤਕ ਕਿਵੇਂ ਬਣ ਜਾਵਾਂ?'

ਇਹ ਸੁਣ ਕੇ ਡਰਾਈਵਰ ਦੀਆਂ ਅੱਖਾਂ ਭਰ ਆਈਆਂ।

*ਜੂਨ, 93*

## ਹੌਕੇ/ਭਗਵੰਤ ਰਸੂਲਪੁਰੀ

ਅਜੇ ਹਫਤਾ ਵੀ ਨਹੀਂ ਸੀ ਹੋਇਆ ਕਿ ਸਰਦਾਰਾਂ ਦੀ ਮੁਨੀਸ਼ ਕਾਲਜ ਦੇ ਹੋਸਟਲੋਂ ਹਵੇਲੀ 'ਚ ਆ ਧਮਕੀ ਸੀ। ਉਹਦੇ ਕੀਮਤੀ ਫੈਸ਼ਨੇਬਲ ਜੈਂਪਰ ਦੀ ਹਿੱਕ 'ਤੇ ਲੱਗੇ ਸ਼ੀਸ਼ੇ ਦਾ ਲਿਸ਼ਕਾਰਾ 'ਵਿਹੜੇ' ਦੀ ਹਵੇਲੀ 'ਚ ਗੋਹਾ ਕੂੜਾ ਸੁੰਭਰਦੀ ਬੀਰੋ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਕਰ ਕੇ ਰੱਖ ਗਿਆ ਸੀ। ਉਹਦਾ ਫਲਾਂ ਦੇ ਛਿਲੜਾਂ ਅਤੇ ਮੁਰਗੇ ਦੀਆਂ ਹੱਡੀਆਂ ਨੂੰ ਟੋਕਰੇ 'ਚ ਪਾਉਂਦਾ ਹੱਥ ਥਾਂਏ ਹੀ ਜੰਮ ਗਿਆ,

'ਹਾਏ ਨੀ ਕਿੰਨੇ ਸੁਹਣੇ ਆ ਕਪੜੇ... ਭੁੱਖ ਲੱਥਦੀ ਆ ਦੇਖ ਕੇ...ਕਿਵੇਂ ਲਾਲੇ ਦੀ ਟਿੰਡ ਵਾਂਗ ਸੂਟ ਤੇ ਲੱਗੇ ਸ਼ੀਸ਼ੇ ਚਮਕਦੇ ਆ...।' ਉਹ ਮਨ ਹੀ ਮਨ 'ਚ ਹੌਕਾ ਜਿਹਾ ਭਰਦੀ ਸੋਚਦੀ।

ਤੇ ਫਿਰ ਮੁਨੀਸ਼ ਦੇ ਲਾਗੇ ਆਉਣ ਤੇ ਹੈਰਾਨੀ ਜਿਹੀ 'ਚ ਬੀਰੋ ਦੇ ਹੱਥ ਜੁੜ ਗਏ। ਉਹ ਬੀਰੋ ਤੇ ਭਰਵੀਂ ਨਜ਼ਰ ਸੁੱਟ, ਥੋੜ੍ਹਾ ਮੁਸਕਰਾ ਕੇ ਅੱਗੇ ਲੰਘ ਗਈ।

ਅੰਦਰ ਆ ਸੋਫੇ ਤੇ ਬੈਠ, ਮਾਂ ਦੇ ਹੱਥੋਂ ਸ਼ਰਬਤ ਦਾ ਗਲਾਸ ਫੜਦੀ ਹੋਈ, ਉਹ ਕਹਿਣ ਲੱਗੀ, 'ਹੈ ਮਾਂ! ਬੀਰੋ ਦੇ ਭਰ ਜੋਬਨ ਸਰੀਰ ਤੋਂ ਨਜ਼ਰਾਂ ਤਿਲਕਦੀਆਂ...ਲਹੂ ਚੋਂਦੇ, ਸੂਹੇ ਮੁਖੜੇ ਵੱਲ ਦੇਖ ਕੇ ਤਾਂ ਮੇਰੀਆਂ ਅੱਖਾਂ ਅੱਗੇ ਹਨੇਰਾ ਜਿਹਾ ਆ ਗਿਆ...ਖਬਰੇ ਕਾਹਦੇ ਨਾਲ ਐਹੋ ਜਿਹੀ ਹੋ ਜਾਂਦੀ ਆ ਮੰਗ ਖਾਣੀ ਜਾਤ।' ਖਾਲੀ ਗਲਾਸ ਮੇਜ ਤੇ ਰੱਖਦੀ ਮੁਨੀਸ਼ ਦੇ ਹੜਬਾਂ ਨਿਕਲੇ ਚਿਹਰੇ ਤੇ ਉਸ ਪਲ ਉਦਾਸੀ ਦਾ ਗਾੜ੍ਹਾ ਧੂੰਆਂ ਫੈਲ ਗਿਆ।

*ਸਤੰਬਰ, 1993*

## ਵਿਦਾਇਗੀ/ਸੁਖਦੇਵ ਸਿੰਘ ਸ਼ਾਂਤ

ਮੌਤ ਸ਼ਾਮ ਦੇ ਸੱਤ ਵਜੇ ਹੋਣ ਕਰਕੇ ਲਾਸ਼ ਉਹਨਾਂ ਨੂੰ ਸਾਰੀ ਰਾਤ ਘਰ ਈ ਰੱਖਣੀ ਪੈਣੀ ਸੀ। ਭੁੰਜੇ ਦਰੀ ਵਿਛਾ ਕੇ ਲਾਸ਼ ਨੂੰ ਇੱਕ ਨੁੱਕਰੇ ਰੱਖ ਉਹ ਸਾਰੇ ਸਿਰ ਸੁੱਟ ਕੇ ਬੈਠ ਗਏ।

ਸ਼ਹਿਰ ਦੇ ਦੂਜੇ ਪਾਸੇ ਰਹਿੰਦੀ ਆਪਣੀ ਭੈਣ ਨੂੰ ਉਸ ਨੇ ਫੋਨ 'ਤੇ ਦੱਸਿਆ, 'ਭੈਣ ਲੀਲਾਵਤੀ ਗੁਜਰ ਗਏ ਹਨ। ਸੰਸਕਾਰ ਤਾਂ ਸਵੇਰੇ ਈ ਹੋ ਸਕੇਗਾ। ਤੁਸੀਂ ਆ ਜਾਉ।'

'ਵੀਰ ਜੀ, ਬਹੁਤ ਮਾੜੀ ਗੱਲ ਹੋਈ। ਚਲੋ, ਜੋ ਭਾਵੇ ਕਰਤਾਰ।....ਜੇ ਅਸੀਂ ਸਵੇਰੇ ਈ

ਆ ਜਾਈਏ...ਰਾਤ ਨੂੰ ਤਾਂ ਬੈਠਣਾ ਈ ਐਂ। ਸੰਸਕਾਰ ਕਿੰਨੇ ਕੁ ਵਜੇ ਹੋਏਗਾ?'

'ਦਸ ਤਾਂ ਵੱਜ ਈ ਜਾਣਗੇ, ਠੰਢ ਐ ਨਾ।'

'ਠੀਕ ਐ ਵੀਰ ਜੀ, ਅਸੀਂ ਪੌਣੇ ਦਸ ਤੱਕ ਹਰ ਹਾਲਤ ਵਿਚ ਪਹੁੰਚ ਜਾਵਾਂਗੇ।...ਜਾਣ ਲੱਗੀ ਨਾਲ ਗੱਲ ਨਹੀਂ ਹੋ ਸਕੀ...ਸ਼ਕਲ ਤਾਂ ਵੇਖ ਈ ਸਕਾਂਗੀ।' ਮਰੀ ਹੋਈ ਆਵਾਜ਼ ਵਿਚ ਭੈਣ ਦਾ ਉੱਤਰ ਮਿਲਿਆ।

ਭਰਾ ਇਕ ਲੰਮਾ ਹਉਕਾ ਭਰ ਕੇ ਲਾਸ਼ ਦੇ ਸਿਰਹਾਣੇ ਆ ਬੈਠਿਆ।

***ਸਤੰਬਰ, 1993***

## ਲੱਛਮੀ/ਧਰਮ ਪਾਲ ਸਾਹਿਲ

ਜਗ ਮਗ ਕਰਦੀ ਦੀਵਾਲੀ ਦੀ ਰਾਤ ਬੱਚੇ ਪਟਾਕੇ ਚਲਾ ਰਹੇ ਸਨ। ਪੰਜਾਂ ਕੁ ਵਰ੍ਹਿਆਂ ਦੀ ਪਿੰਕੀ ਬਾਬੇ ਦੇ ਕੁੱਛੜ 'ਚ ਬੈਠੀ ਨਜ਼ਾਰਾ ਵੇਖ ਕੇ ਖੁਸ਼ ਹੋ ਰਹੀ ਸੀ। ਪਿੰਕੀ ਨੇ ਅਚਾਨਕ ਪੁੱਛਿਆ:

'ਬਾਬਾ ਜੀ, ਦੀਵਾਲੀ ਕਿਉਂ ਮਨਾਉਂਦੇ ਨੇ?'

'ਪੁੱਤਰ, ਦੀਵਾਲੀ ਮਨਾਉਣ ਨਾਲ ਘਰ 'ਚ ਲੱਛਮੀ ਆਉਂਦੀ ਹੈ।'

'ਫਿਰ ਲੱਛਮੀ ਨਾਲ ਕੀ ਹੁੰਦਾ ਹੈ?'

'ਪੁੱਤਰ, ਜਿਸ ਘਰ ਲੱਛਮੀ ਆ ਜਾਵੇ ਉਸ ਘਰ ਨੂੰ ਭਾਗ ਲੱਗ ਜਾਂਦੇ ਨੇ! ਧੰਨ ਦੌਲਤ ਦੀ ਕਮੀ ਨਹੀਂ ਰਹਿੰਦੀ।'

'ਜੇ ਬਾਬਾ ਜੀ, ਸਾਡੇ ਘਰ ਵੀ ਲੱਛਮੀ ਆ ਗਈ ਤੇ ਤੁਸੀਂ ਮੈਨੂੰ ਸਿੰਮੀ ਦੇ ਸਾਇਕਲ ਵਰਗਾ ਸਾਇਕਲ ਲੈ ਦਿਉਗੇ ਨਾ?'

'ਹਾਂ ਹਾਂ ਪੁੱਤਰ! ਕਿਉਂ ਨਹੀਂ! ਜਰੂਰ ਲੈ ਕੇ ਦਿਆਂਗੇ ਆਪਣੇ ਪੁੱਤਰ ਨੂੰ ਸਾਇਕਲ। ਚੰਗਾ, ਰਾਤ ਬਹੁਤ ਹੋ ਗਈ ਹੈ, ਚਲ ਹੁਣ ਸੌਂ ਜਾਈਏ।' ਪਿੰਕੀ ਬਾਬੇ ਨਾਲ ਪਈ ਉਸਲਵੱਟੇ ਲੈ ਰਹੀ ਹੈ। ਉਸ ਨੂੰ ਨੀਂਦ ਨਹੀਂ ਆ ਰਹੀ। ਉਸ ਨੂੰ ਤੇ ਆਪਣੀ ਮੰਮੀ ਨਾਲ ਨੀਂਦ ਆਉਂਦੀ ਹੈ। ਪਰੰਤੂ ਅੱਜ ਉਸਦੀ ਮੰਮੀ ਜੰਮਣ ਪੀੜਾਂ ਨਾਲ ਬੇਹਾਲ ਹੈ।

ਤਦ ਨੂੰ ਪਿੰਕੀ ਦੀ ਦਾਦੀ ਘਬਰਾਈ ਹੋਈ ਅੰਦਰ ਆਈ ਤੇ ਭਰੇ ਗੱਚ ਨਾਲ ਬੋਲੀ, 'ਪਿੰਕੀ ਦੇ ਬਾਬਾ! ਸਾਡੇ ਘਰ ਤੇ ਮੁੜ ਲੱਛਮੀ ਆ ਗਈ ਏ!'

'ਆਹਾ ਜੀ, ਸਾਡੇ ਘਰ ਲੱਛਮੀ ਆ ਗਈ ਆਹਾ ਜੀ ਸਾਡੇ ਘਰ...

ਬਾਬਾ ਜੀ ਹੁਣ ਤੇ ਮੈਨੂੰ ਸਾਇਕਲ ਲੈ ਦਿਓਗੇ ਨਾ?' ਪਿੰਕੀ ਨੇ ਖੁਸ਼ੀ ਨਾਲ ਝੂਮਦਿਆਂ ਕਿਹਾ। ਪਰੰਤੂ ਦੂਸਰੇ ਹੀ ਪਲ ਬਾਬੇ ਦਾ ਉਤਰਿਆ ਚੇਹਰਾ ਵੇਖ ਕੇ ਪਿੰਕੀ ਨੇ ਹੈਰਾਨੀ ਨਾਲ ਪੁੱਛਿਆ! 'ਬਾਬਾ ਜੀ, ਸਾਡੇ ਘਰ ਤਾਂ ਲੱਛਮੀ ਆਈ ਹੈ, ਤੁਸੀਂ ਉਦਾਸ ਕਾਹਤੋਂ ਹੋ?' ਨਿਰ-ਉੱਤਰ ਹੋਏ ਬਾਬੇ ਨੇ ਪਿੰਕੀ ਨੂੰ ਘੁੱਟ ਕੇ ਸੀਨੇ ਨਾਲ ਲਾ ਲਿਆ।

***ਦਸੰਬਰ, 1993***

## ਸੁਖਮਨੀ ਕਿੱਟੀ/ਸੁਰਿੰਦਰ ਕੈਲੇ

'ਕੁੜੇ ਤੇਰੇ ਝੁਮਕੇ ਬੜੇ ਸੋਹਣੇ ਨੇ, ਨਵੇਂ ਬਣਵਾਏ ਲੱਗਦੇ ਨੇ?'

'ਪਿਛਲੇ ਮਹੀਨੇ ਮੇਰੀ ਕਿੱਟੀ ਨਿਕਲ ਆਈ ਸੀ, ਉਨ੍ਹਾਂ ਪੈਸਿਆਂ ਦੇ ਬਣਵਾਏ ਨੇ।'

ਗੇਟ ਦੇ ਬਾਹਰ ਧੁੱਪ ਸੇਕਦੀਆਂ ਗੁਆਂਢਣਾ ਚਾਹ ਦੀਆਂ ਚੁਸਕੀਆਂ ਨਾਲ ਗੱਲਾਂ ਕਰ ਰਹੀਆਂ ਸਨ।

ਕੋਲੋਂ ਲੰਘਦੀ ਇਕ ਹੋਰ ਗੁਆਂਢਣ ਅੰਮ੍ਰਿਤ ਕੌਰ ਨੇ ਉਸਦੇ ਝੁਮਕਿਆਂ ਵਲ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਿਆ।

'ਭੈਣ ਜੀ! ਸਤਿ ਸ੍ਰੀ ਅਕਾਲ! ਆ ਜੋ ਚਾਹ ਪੀ ਲਓ।' ਇਕ ਨੇ ਸੁਲਾਹ ਮਾਰੀ। ਹਾਲਾਂ ਕਿ ਉਸਨੂੰ ਪਤਾ ਸੀ ਕਿ ਉਹ ਕਿਸੇ ਦੇ ਘਰ ਚਾਹ ਨਹੀਂ ਪੀਂਦੀ।

'ਮੈਂ ਤਾਂ ਜਾਕੇ ਪਾਠ ਕਰਨਾ ਹੈ, ਫਿਰ ਕਦੇ ਸਹੀ!' ਕਹਿੰਦਿਆਂ ਉਹ ਤੇਜ਼ ਕਦਮੀ ਆਪਣੇ ਘਰ ਜਾ ਵੜੀ।

ਕੁਝ ਦਿਨਾਂ ਬਾਅਦ ਉਹੋ ਹੀ ਗੁਆਂਢਣਾ ਫਿਰ ਗਲੀ ਵਿਚ ਖੜੀਆਂ ਗੱਲਾਂ ਕਰ ਰਹੀਆਂ ਸਨ। ਕੋਲੋਂ ਲੰਘਦਿਆਂ ਅੰਮ੍ਰਿਤ ਕੌਰ ਨੂੰ ਫਿਰ ਚਾਹ ਦੀ ਸੁਲਾਹ ਮਾਰੀ।

'ਬੱਸ ਭੈਣ ਜੀ! ਹੁਣੇ ਲੰਗਰ ਛੱਕ ਕੇ ਆਈ ਹਾਂ।' ਅੰਮ੍ਰਿਤ ਕੌਰ ਨੇ ਪੈਰ ਮਲਦਿਆਂ ਕਿਹਾ।

'ਗੁਰਦੁਆਰਿਉਂ ਆਏ ਹੋ?'

'ਨਹੀਂ, ਇਸਤਰੀ ਸਤਿਸੰਗ ਵਾਲੇ ਪ੍ਰਧਾਨ ਭੈਣ ਜੀ ਦੇ ਘਰ ਕਿੱਟੀ ਪਾਰਟੀ ਸੀ ਅੱਜ।'

ਉਹ ਅੰਮ੍ਰਿਤ ਕੌਰ ਦੇ ਮੂੰਹੋਂ ਕਿੱਟੀ ਪਾਰਟੀ ਦਾ ਨਾਉਂ ਸੁਣ ਹੈਰਾਨ ਹੋ ਗਈਆਂ। ਉਹ ਜਾਣਦੀਆਂ ਸਨ ਕਿ ਉਹ ਤਾਂ ਹਰ ਵੇਲੇ ਪਾਠ ਕਰਨ ਤੇ ਮਾਲਾ ਫੇਰਨ ਵਿਚ ਰੁੱਝੀ ਰਹਿੰਦੀ ਹੈ ਤੇ ਕਿੱਟੀ ਪਾਰਟੀ ਨੂੰ ਉਹ ਤਾਸ਼, ਤੰਬੋਲਾ ਖੇਡਣ, ਚੁਗਲੀਆਂ ਕਰਨ ਤੇ ਖਾ ਪੀ ਕੇ ਸਮਾਂ ਖਰਾਬ ਕਰਨ ਵਾਲਾ ਕੰਮ ਸਮਝਦੀ ਹੈ।

'ਤੁਸੀਂ ਵੀ ਕਿੱਟੀ ਪਾ ਲਈ?' ਉਨ੍ਹਾਂ ਨੂੰ ਵਿਸ਼ਵਾਸ਼ ਨਹੀਂ ਸੀ ਆਉਂਦਾ। 'ਸਾਡੀ ਤਾਂ ਸੁਖਮਨੀ ਕਿੱਟੀ ਹੈ। ਕਿੱਟੀ ਕੱਢਕੇ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਦੀਆਂ ਹਾਂ ਤੇ ਫਿਰ ਲੰਗਰ ਛੱਕ ਕੇ ਘਰੋਂ ਘਰੀ ਜਾਂਦੀਆਂ ਹਾਂ।'

*ਦਸੰਬਰ, 1993*

## ਵਰਦੀ/ਹਰਭਜਨ ਸਿੰਘ ਖੇਮਕਰਨੀ

ਹਵੇਲੀ ਅੱਗੇ ਬੈਠਾ ਸਰਪੰਚ ਆਪਣੇ ਹਮੈਤੀਆਂ ਨਾਲ ਮਾਮਲੇ ਨਜਿੱਠਣ ਸਬੰਧੀ ਸਲਾਹ-ਮਸ਼ਵਰਾ ਕਰ ਰਿਹਾ ਸੀ। ਉਨ੍ਹਾਂ ਦੇ ਕੋਲ ਹੀ ਰੰਗਰੂਟੀ ਕਰਕੇ ਛੁੱਟੀ ਆਇਆ ਸਰਪੰਚ ਦਾ ਮੁੰਡਾ ਵਰਦੀ ਕੱਸੀ ਮਿੱਤਰ ਮੰਡਲੀ ਵਿਚ ਬੈਠਾ ਚਟਕਾਰੇ ਲੈ ਲੈ ਕੇ ਰੰਗਰੂਟੀ ਦੀਆਂ ਗੱਲਾਂ ਸੁਣਾ ਰਿਹਾ ਸੀ ਕਿ ਇਤਨੇ ਨੂੰ ਛੁੱਟੀ ਆਇਆ ਸੂਬੇਦਾਰ ਨਿਸ਼ਾਨ ਸਿੰਘ ਵਿਹੜੇ ਨੂੰ ਜਾਣ ਲਈ ਹਵੇਲੀ

ਅੱਗਿਉਂ ਲੰਘਣ ਲੱਗਾ ਤਾਂ ਸਰਪੰਚ ਦੇ ਮੁੰਡੇ ਨੇ ਉੱਠ ਕੇ ਠਾਹ ਕਰਦਾ ਸੈਲਿਊਟ ਮਾਰਿਆ। ਸੈਲਿਊਟ ਦਾ ਉੱਤਰ ਦੇ ਕੇ ਸੂਬੇਦਾਰ ਜਦੋਂ ਥੋੜ੍ਹਾ ਜਿਹਾ ਅੱਗੇ ਚਲਾ ਗਿਆ ਤਾਂ ਪਿਛਲੇ ਪਾਸਿਓਂ ਕਿਸੇ ਨੇ ਸ਼ਬਦਾਂ ਦਾ ਵਾਰ ਕੀਤਾ।

'ਆਜ਼ਾਦੀ ਤਾਂ ਇਹਨਾਂ ਨੂੰ ਮਿਲੀਆ। ਵੇਖਿਆ ਸੂਬੇਦਾਰ ਦਾ ਟੌਅਰ..ਸਰਪੰਚ ਦਾ ਮੁੰਡਾ ਵੀ ਸਲੂਟਾਂ ਮਾਰਦੇ।'

'ਭਾਊ ਜੀ, ਬੰਦੇ ਨੂੰ ਕੌਣ ਪੁੱਛਦੈ। ਇਹ ਤਾਂ ਮੋਢੇ ਤੇ ਲੱਗੇ ਫੁੱਲਾਂ ਦੀ ਇੱਜ਼ਤ ਆ।'

'ਕੋਈ ਨੀ ਸੂਬੇਦਾਰ ਨੂੰ ਸਨੇਹਾ ਭੇਜ ਦੇਨੇ ਆ ਕਿ ਹੁਣ ਵਰਦੀ ਪਾ ਕੇ ਪਿੰਡ ਨਾ ਆਇਆ ਕਰੇ।'

ਸਰਪੰਚ ਨੇ ਖਲਾਅ ਨੂੰ ਘੂਰਦਿਆਂ ਕਿਹਾ।

*ਦਸੰਬਰ, 1993*

## ਨਵਾਂ ਟੀ.ਵੀ./ਸੁਰਿੰਦਰ ਕੈਲੇ

ਸ਼ਾਮ ਪੈਂਦਿਆਂ ਬੱਚੇ ਨਵੇਂ ਲਿਆਂਦੇ ਸੈਕਿੰਡ ਹੈਂਡ ਟੀ.ਵੀ. ਮੂਹਰੇ ਬੈਠ ਜਾਂਦੇ ਤੇ ਤਦ ਤੱਕ ਦੇਖਦੇ ਰਹਿੰਦੇ ਜਦ ਤੱਕ ਨੀਂਦ ਨਾ ਆ ਜਾਂਦੀ। ਘਰ ਵਿਚ ਟੀ.ਵੀ. ਆਉਣ ਤੇ ਬੱਚਿਆਂ ਦੀਆਂ ਆਦਤਾਂ ਵਿਚ ਬੜਾ ਪਰੀਵਰਤਨ ਆ ਰਿਹਾ ਸੀ। ਉਹ ਅਜਿਹੀਆਂ ਬਾਜਾਰੂ ਚੀਜਾਂ ਦੀ ਮੰਗ ਕਰਨ ਲਗ ਪਏ ਸਨ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਪਹਿਲਾਂ ਪਤਾ ਵੀ ਨਹੀਂ ਸੀ ਹੁੰਦਾ। ਹੁਣ ਉਨ੍ਹਾਂ ਦੀ ਮੰਗ ਵੰਨ ਸਵੰਨੀਆਂ ਟੌਫੀਆਂ, ਕਰੈਕਰਜ, ਚਾਕਲੇਟ, ਚਿਪਸ, ਕੋਲਡ ਡਰਿੰਕਸ ਵਗੈਰਾ ਦੀ ਹੁੰਦੀ।

ਕੁੱਝ ਦਿਨ ਤਾਂ ਬਾਪ ਇੱਕ ਅੱਧ ਚੀਜ਼ ਲਿਆ ਬੱਚਿਆਂ ਨੂੰ ਪਰਚਾ ਦਿੰਦਾ ਰਿਹਾ। ਪਰ ਉਨ੍ਹਾਂ ਦੀ ਮੰਗ ਦਿਨ ਪ੍ਰਤੀ ਦਿਨ ਵਧਣ ਦੇ ਨਾਲ-ਨਾਲ ਜ਼ਿਦ ਵੀ ਵਧਣ ਲੱਗੀ। ਚੌਥੇ ਦਰਜੇ ਦਾ ਕਰਮਚਾਰੀ, ਉਪਰੋਂ ਥਲੀ ਦੇ ਚਾਰ ਬੱਚਿਆਂ ਦੀਆਂ ਵਿਗੜ ਰਹੀਆਂ ਆਦਤਾਂ ਤੋਂ ਪਰੇਸ਼ਾਨ ਹੋ ਗਿਆ। ਉਸ ਕੋਲ ਗੈਰ ਜਰੂਰੀ ਖਾਣ ਪੀਣ ਦੀਆਂ ਮਹਿੰਗੀਆਂ ਵਸਤਾਂ ਦਾ ਖਰਚ ਸਹਿਣ ਦੀ ਸਮਰੱਥਾ ਵੀ ਨਹੀਂ ਸੀ।

'ਇਹ ਟੀ.ਵੀ. ਵਧੀਆ ਨਹੀਂ, ਰੋਜ਼ ਖਰਾਬ ਰਹਿੰਦਾ ਹੈ। ਅਗਲੇ ਸਾਲ ਤੁਹਾਨੂੰ ਨਵਾਂ ਟੀ.ਵੀ. ਲਿਆ ਦੇਵਾਂਗੇ।'

ਆਪ ਖਰਾਬ ਕੀਤਾ ਟੀ.ਵੀ. ਦੁਕਾਨਦਾਰ ਨੂੰ ਚੁਕਾਉਂਦਿਆਂ ਉਸਨੇ ਬੱਚਿਆਂ ਨੂੰ ਲਾਰਾ ਲਾਇਆ।

*ਮਾਰਚ, 1994*

## ਖਾੜਕੂ/ਡਾ. ਹਰਨੇਕ ਸਿੰਘ ਕੈਲੇ

ਉਪਰੋਂ ਅੰਤਾਂ ਦੀ ਗਰਮੀ ਪੈ ਰਹੀ ਸੀ ਤੇ ਉਹ ਲੋਈ ਦੀ ਬੁੱਕਲ ਮਾਰੀ ਨਹਿਰ ਦੀ ਪਟੜੀ ਤੁਰਿਆ ਜਾ ਰਿਹਾ ਸੀ। ਇਕ ਸਿਪਾਹੀ ਨੇ ਉਸਨੂੰ ਵੇਖ ਲਿਆ। 'ਕੋਈ ਖਤਰਨਾਕ ਖਾੜਕੂ

ਲਗਦੈ' , ਉਸਨੇ ਸੋਚਿਆ। ਫਿਰ ਕੁਝ ਮਿੰਟਾਂ ਵਿਚ ਹੀ ਦਸ ਬਾਰਾਂ ਸਿਪਾਹੀਆਂ ਨੇ ਉਸਦੇ ਆਲੇ ਦੁਆਲੇ ਪੁਜੀਸ਼ਨਾਂ ਲੈ ਲਈਆਂ।

'ਹੈਂਡਜ ਅੱਪ' ਉਨ੍ਹਾਂ 'ਚੋਂ ਇਕ ਕੜਕਿਆ।

ਉਸਦੀ ਲੋਈ ਹੇਠਾਂ ਡਿੱਗ ਪਈ। ਪਰ ਉਸਦੇ ਹੱਥ ਉਪਰ ਨਾ ਉੱਠ ਸਕੇ ਕਿਉਂਕਿ ਉਸ ਦੀਆਂ ਦੋਵੇਂ ਬਾਹਾਂ ਹੀ ਮੋਢਿਆਂ ਤੋਂ ਕੱਟੀਆਂ ਹੋਈਆਂ ਸਨ।

*ਮਾਰਚ, 1994*

## ਸੰਤਰੇ/ਕਰਮਵੀਰ ਸਿੰਘ

ਉਸ ਸਰਕਾਰੀ ਕਰਮਚਾਰੀ ਦੀ ਕੁੜੀ ਬੇਹੱਦ ਸੋਹਣੀ ਸੀ। ਮੁੰਡੇ ਵਾਲਿਆਂ ਨੇ ਰਿਸ਼ਤਾ ਮੰਗਕੇ ਲਿਆ ਸੀ। ਇਕ ਦਿਨ ਉਹ ਕਰਮਚਾਰੀ ਪਠਾਨਕੋਟ ਕਿਸੇ ਸਰਕਾਰੀ ਕੰਮ ਗਿਆ ਹੋਇਆ ਸੀ। ਉਥੇ ਉਸਦੇ ਦਾਮਾਦ ਦਾ ਚਾਚਾ ਰਹਿੰਦਾ ਸੀ। ਉਸ ਸੋਚਿਆ! ਚਲੋ ਮਿਲਦੇ ਚੱਲੀਏ, ਉਂਝ ਸਪੈਸ਼ਲ ਕਿੱਥੇ ਨਿਕਲਿਆ ਜਾਂਦੈ ਅੱਜ ਕਲ। ਇਹ ਵੀ ਸੋਚਿਆ ਕਿ ਕੁੜਮਾਂ ਦਾ ਸਵਾਲ ਹੈ। ਕੁਝ ਲੈ ਹੀ ਚਲੀਏ, ਪਹਿਲੀ ਵਾਰ ਜਾਣਾ ਹੈ। ਦੋ ਦਰਜਨ ਸੰਤਰੇ ਉਸ ਲੈ ਲਏ, ਜੋ ਉਸ ਸੀਜਨ ਵਿਚ ਕਾਫੀ ਮਹਿੰਗੇ ਸਨ। ਸਸਤਾ ਫਰੂਟ ਲਿਜਾਣਾ ਉਸਨੇ ਠੀਕ ਨਾ ਸਮਝਿਆ। ਮਨ 'ਚ ਕਹਿਣ ਲੱਗਾ, ਚਲੋ ਸਮਝਾਂਗੇ ਟੀ.ਏ./ਡੀ.ਏ. ਨਹੀਂ ਮਿਲਿਆ।

ਉਸਨੇ ਕੋਠੀ ਜਾਂਦਿਆਂ ਫਤਹਿ ਬੁਲਾਈ ਤੇ ਸੰਤਰਿਆਂ ਦਾ ਲਿਫਾਫਾ ਟੌਰ ਨਾਲ ਮੇਜ ਤੇ ਰੱਖ ਦਿੱਤਾ। ਜਵਾਈ ਦੇ ਚਾਚੇ ਨੇ ਚੰਗੀ ਚਾਹ ਪਿਲਾਈ। ਸਾਰਾ ਟੀ ਸੈਟ ਚਾਂਦੀ ਦਾ ਸੀ। ਸ਼ਾਮ ਦਾ ਵੇਲਾ ਹੋ ਗਿਆ, ਥੋੜੀ ਦੇਰ ਬਾਅਦ ਉਨ੍ਹਾਂ ਨੇ ਦੋ-ਦੋ ਪੈਗ ਲਾਏ। ਫੇਰ ਚਾਚੇ ਨੇ ਕਿਹਾ ਕਿ ਆਓ ਬਾਹਰ ਥੋੜ੍ਹਾ ਟਹਿਲ ਲੈਂਦੇ ਹਾਂ। ਉਸਨੇ ਆਪਣੇ ਬਾਗ ਦਿਖਾਉਣੇ ਸ਼ੁਰੂ ਕਰ ਦਿੱਤੇ, 'ਇਹ ਸੇਬਾਂ ਦਾ ਹੈ, ਇਹ ਸੰਤਰਿਆਂ ਦਾ, ਇਹ ਮਾਲਟਿਆਂ ਦਾ, ਇਹ ਅੰਬਾਂ ਦਾ, ਇਹ ਬਦਾਮਾਂ ਦਾ। ਜਿਉਂ ਜਿਉਂ ਉਹ ਆਪਣੇ ਬਾਗ ਦਿਖਾ ਰਿਹਾ ਸੀ, ਤਿਉਂ ਤਿਉਂ ਉਸਦੀ ਫੂਕ ਨਿਕਲਦੀ ਜਾ ਰਹੀ ਸੀ। ਕੁੜੀ ਦਾ ਰਿਸ਼ਤਾ ਵੱਡੇ ਘਰ ਨਾਲ ਜੋੜ ਤਾਂ ਲਿਆ ਹੈ, ਰੱਬ ਸੁੱਖ ਰੱਖੇ ਸਹੀ। ਉਹ ਮਨ ਵਿਚ ਦੁਆ ਕਰ ਰਿਹਾ ਸੀ। ਚਾਚੇ ਨੇ ਨੌਕਰ ਨੂੰ ਅਵਾਜ਼ ਲਗਾ ਕੇ ਤਾਜ਼ੇ ਫਰੂਟ ਦੀਆਂ ਦੋ ਪੇਟੀਆਂ ਉਸ ਲਈ ਪੈਕ ਕਰਵਾ ਦਿੱਤੀਅ, ਜਿੰਨ੍ਹਾਂ ਵਿੱਚੋਂ ਇਕ ਨਾਗਪੁਰੀ ਸੰਤਰਿਆਂ ਦੀ ਸੀ। ਉਸਨੂੰ ਉਸ ਸਮੇਂ ਆਪਣੇ ਦੋ ਦਰਜਨ ਸੰਤਰਿਆਂ ਦਾ ਖਿਆਲ ਪਤਾ ਨਹੀਂ ਕਿਉਂ ਆ ਗਿਆ।

*ਮਾਰਚ, 1994*

## ਸੰਸਕ੍ਰਿਤੀ/ਹਰੀ ਕ੍ਰਿਸ਼ਨ ਮਾਇਰ

ਘਰ ਵਿਚ ਵਾਤਾਵਰਣ ਦੀ ਪਲੀਤੀ ਦੀਆਂ ਗੱਲਾਂ ਹੋ ਰਹੀਆਂ ਸਨ। ਬੱਚੇ ਨੇ ਆਪਣੇ ਪਾਪਾ ਨੂੰ ਸੁਆਲ ਕੀਤਾ, 'ਪਾਪਾ, ਕਹਿੰਦੇ ਹਿਮਾਲਾ ਦੀਆਂ ਚੋਟੀਆਂ ਵੀ ਪ੍ਰਬਤਰੋਹੀਆਂ ਨੇ ਪਲੀਤ ਕਰ ਦਿੱਤੀਆਂ ਨੇ।'

'ਹਾਂ ਬੇਟੇ' ਪਿਤਾ ਨੇ ਉੱਤਰ ਦਿੱਤਾ।

'ਪਾਪਾ, ਕਹਿੰਦੇ ਪੁਲਾੜ ਨੂੰ ਵੀ ਉਪ ਗ੍ਰਹਿਆਂ ਦੇ ਟੁੱਟੇ ਕਚਰੇ ਤੇ ਹੋਰ ਕੂੜਾ ਕਰਕਟ ਨੇ ਗੰਦਲਾ ਕਰ ਦਿੱਤਾ ਹੈ?'

'ਹਾਂ ਬੇਟੇ।'

'ਤੇ ਧਰਤੀ ਤੇ ਕੁਦਰਤੀ ਸਾਧਨਾਂ ਦੀ ਹੁਰਮਤੀ, ਮਨੁੱਖ ਕਿਸੇ ਤਰੀਕੇ ਨਾਲ ਕਰੀ ਜਾਂਦੈ, ਇਹ ਤਾਂ ਸਾਨੂੰ ਅੱਖੀਂ ਦੀਂਹਦਾ ਹੈ।'

'ਹਾਂ ਬੇਟੇ, ਮਨੁੱਖ ਜਿੱਥੇ ਕਿਤੇ ਵੀ ਜਾਂਦੈ, ਚਾਹੇ ਉਹ ਐਵਰੈਸਟ ਦੀ ਚੋਟੀ ਹੋਵੇ ਚਾਹੇ ਪੁਲਾੜ ਉਥੇ ਆਪਣੀ ਸੰਸਕ੍ਰਿਤੀ ਨਾਲ ਲੈ ਕੇ ਜਾਂਦੈ।'

*ਜੂਨ, 94*

## ਵੁੱਕਤ/ਬਿਕਰਮ ਜੀਤ 'ਨੂਰ'

ਥੱਬਾ ਸਾਰੇ ਨੋਟਾਂ ਵਿੱਚੋਂ ਕੁਝ ਨੋਟ ਇਕ ਦੁਕਾਨਦਾਰ ਨੂੰ ਫੜਾਉਣ ਲਗਿਆਂ ਉਸਦੇ ਹੱਥੋਂ ਇੱਕ ਰੁਪਏ ਵਾਲਾ ਢਾਲਾ ਹੇਠਾਂ ਡਿੱਗਿਆ ਅਤੇ ਰਿੜ੍ਹਦਾ ਰਿੜ੍ਹਦਾ ਨਾਲੀ 'ਚ ਜਾ ਪਿਆ।

'ਸੇਠ ਜੀ, ਤੁਹਾਡਾ ਇੱਕ ਰੁਪਿਆ ਡਿੱਗ ਪਿਐ' ਦੁਕਾਨਦਾਰ ਨੇ ਇਸ਼ਾਰਾ ਕਰਦਿਆਂ ਕਿਹਾ ਸੀ।

'ਜਾਣ ਦੇ ਯਾਰ' ਸੇਠ ਨੇ ਬੜੀ ਲਾਪ੍ਰਵਾਹੀ ਨਾਲ ਉੱਤਰ ਦਿੱਤਾ, 'ਕਿਹੜੀ ਵੁੱਕਤ ਰਹਿ ਗੀ ਰੁਪੈ ਸਾਲੇ ਦੀ ਅੱਜ ਕਲ੍ਹ? ਮਿਲਦਾ ਈ ਕੀ ਐ?'

ਸੇਠ ਦੇ ਚਲੇ ਜਾਣ ਤੋਂ ਬਾਅਦ ਕੁਦਰਤੀ ਉਸ ਦੁਕਾਨ ਦਾਰ ਦੀ ਨਿਗਾਹ ਨਾਲ ਦੀ ਇਕ ਕਬਾੜੀਏ ਦੀ ਦੁਕਾਨ 'ਤੇ ਜਾ ਪਈ ਜਿੱਥੇ ਮਿੱਟੀ ਘੱਟੇ ਨਾਲ ਅੱਟੀ ਮੈਲੇ ਉਲਝੇ ਵਾਲਾਂ ਤੇ ਲੀਰੋ ਲੀਰ ਪਹਿਰਾਵੇ ਵਾਲੀ ਇਕ ਕੁੜੀ ਨੇ ਗਲੀਆਂ, ਰੂੜੀਆਂ ਤੋਂ ਇਕੱਠੇ ਕੀਤੇ ਮੋਮੀ ਲਿਫਾਫੇ ਅਤੇ ਹੋਰ ਨਿੰਕ ਸੁੱਕ ਤੁਲਵਾਉਣ ਤੋਂ ਬਾਅਦ ਮਾਲਕ ਨੂੰ ਪੁੱਛਿਆ, 'ਜੀ ਕਿਤਨਾ ਪਈਸਾ?'

'ਗੁੱਡੀ ਕੁੱਲ ਇੱਕ ਰੁਪਿਆ ਬਣਿਆ।'

ਮਾਲਕ ਕਬਾੜੀਏ ਤੋਂ ਖੁਸ਼ੀ ਖੁਸ਼ੀ ਇਕ ਰੁਪਏ ਦਾ ਨੋਟ ਫੜ ਕੇ ਕੁੜੀ ਨੇ ਮੁੱਠੀ ਵਿਚ ਘੁੱਟ ਲਿਆ ਅਤੇ ਫਿਰ ਨੇੜੇ ਦੀ ਇੱਕ ਦੁਕਾਨ ਤੋਂ ਉਸ ਨੇ ਪੰਜਾਹ ਪੈਸਿਆਂ ਵਾਲੀ ਕੁਲਫੀ ਘੱਟੋ ਘੱਟ ਦੋ ਵਾਰੀ ਹੋਰ ਰੰਗਦਾਰ ਸ਼ਰਬਤ ਪੁਆ ਕੇ ਚੁਸਕੀਆਂ ਲੈ ਲੈ ਕੇ ਖਾਧੀ। ਪੱਚੀ ਪੈਸਿਆਂ ਦੀਆਂ ਦੋ ਮੋਟੀਆਂ ਮੋਟੀਆਂ ਸੰਤਰੇ ਦੀਆਂ ਗੋਲੀਆਂ ਛੋਟੇ ਭਰਾ ਵਾਸਤੇ ਖ੍ਰੀਦੀਆਂ ਅਤੇ ਬਚਦੇ ਚਾਰ ਆਨੇ ਉਸ ਨੇ ਕੱਲ੍ਹ ਨੂੰ 'ਕੰਮ' ਤੇ ਜਾਣ ਤੋਂ ਪਹਿਲਾਂ ਖਰਚਣ ਵਾਸਤੇ ਚੁੰਨੀ ਦੇ ਲੜ ਨਾਲ ਘੁੱਟ ਕੇ ਬੰਨ੍ਹ ਲਏ।

*ਜੂਨ, 1994*

## ਪੱਗ/ਮਢਾਰ ਕਰਤਾਰਵੀ

ਅੱਜ ਫੇਰ ਸੂਰਜ ਖੜ੍ਹੇ ਈ ਉਹ, ਨਸ਼ੇ 'ਚ ਧੁੱਤ, ਸ਼ਹਿਰ ਦੇ ਗੰਦੇ ਨਾਲੇ ਮੁੱਢ, ਕੇਸ ਖਲਾਰੀ, ਮੂੰਹੋਂ ਝੱਗ ਛੱਡੀ ਜਾ ਰਿਹਾ ਸੀ। ਜੁੱਤੀ ਕਿਧਰੇ ਪਈ ਸੀ, ਤੇ ਪੱਗ ਕਿਧਰੇ-

'ਤੇ ਨੇੜਲੇ ਬਜ਼ਾਰ ਤੋਂ ਮੇਰੇ ਕੰਨੀ ਪੈ ਰਹੀ ਕਿਸੇ ਮਕਬੂਲ ਗਾਇਕ ਦੀ ਅਵਾਜ਼ ਨੇ ਮੈਨੂੰ ਡੂੰਘੀ ਉਦਾਸ ਸੋਚ ਵਿਚ ਪਾ ਦਿੱਤਾ ਸੀ-

'..ਸਿਰ ਲੱਥਦਾ ਬੇਸ਼ਕ ਲੱਥ ਜਾਵੇ,
ਸਿੰਘ ਪੱਗ ਨੂੰ ਹੱਥ ਨਈਂ ਪਾਉਣ ਦੇਂਦੇ...'

*ਜੂਨ, 1994*

## ਦਾਜ ਦੀ ਬਲੀ/ਸੁਰਿੰਦਰ ਕੈਲੇ

ਆਸ ਨਾਲੋਂ ਘੱਟ ਦਾਜ ਮਿਲਣ ਕਾਰਨ ਘਰ ਵਾਲੇ ਖੁਸ਼ ਨਹੀਂ ਸਨ। ਉਹ ਪ੍ਰੀਤ ਨੂੰ ਤਾਨੇ ਮਿਹਣੇ ਮਾਰਦੇ, ਉਸਦੇ ਪੇਕਿਆਂ ਨੂੰ ਮੰਦਾ ਚੰਗਾ ਬੋਲਦੇ ਤੇ ਸਕੂਟਰ ਲਿਆਉਣ ਲਈ ਦਬਾਅ ਪਾਉਂਦੇ। ਪਰ ਪ੍ਰੀਤ ਤੇ ਇਹਨਾਂ ਗੱਲਾਂ ਦਾ ਕੋਈ ਅਸਰ ਨਾ ਪਿਆ, ਇਸ ਲਈ ਹੁਣ ਗੱਲ ਕੁੱਟਣ ਮਾਰਨ ਤੱਕ ਪਹੁੰਚ ਗਈ ਸੀ।

ਰਾਤੀਂ ਫੇਰ ਉਹਨਾਂ ਪ੍ਰੀਤ ਨੂੰ ਕੁੱਟਿਆ ਤੇ ਦੇਰ ਰਾਤ ਤੱਕ ਘੁਸਰ ਮੁਸਰ ਹੁੰਦੀ ਰਹੀ। ਉਸਦੀਆਂ ਚੀਕਾਂ ਗੁਆਂਢੀਆਂ ਦੇ ਕੰਨਾਂ ਵਿਚ ਤੀਰਾਂ ਵਾਂਗ ਖੁੱਭਦੀਆਂ ਰਹੀਆਂ ਪਰ ਉਹ ਬੇਬਸ ਗੱਲਾਂ ਕਰਦੇ ਸੌਂ ਗਏ।

'ਮਾਰਤੀ ਉਏ ਫੂਕਤੀ ਓਏ ਲੋਕੋ ਬਚਾਓ।'

ਅਗਲੀ ਸਵੇਰ ਸੱਸ ਪਿਟਦੀ ਗਲੀ ਵਿਚ ਨਿਕਲੀ।

ਘਰਾਂ ਦੇ ਕੰਮਾਂ ਤੋਂ ਵਿਹਲੀਆਂ ਹੋ ਗਲੀ 'ਚ ਬੈਠ ਧੁੱਪ ਸੇਕਦੀਆਂ ਔਰਤਾਂ ਦੇ ਦਿਲਾਂ ਵਿਚ ਹੌਲ ਪਏ, 'ਇਹ ਬਹੂ ਵੀ ਚਾੜ ਦਿੱਤੀ ਦਾਜ ਦੀ ਬਲੀ...।' ਘਰ ਵਿਚ ਸੜ ਮਰਨ ਦੀ ਇਸ ਦੂਸਰੀ ਘਟਨਾ ਦਾ ਅੰਦਾਜ਼ ਲਗਾਉਂਦੀਆਂ ਔਰਤਾਂ ਵਿੱਚੋਂ ਕਿਸੇ ਨੇ ਕਿਹਾ।

ਮੁਹੱਲੇ ਦੀਆਂ ਔਰਤਾਂ ਨੇ ਅੰਦਰ ਝਾਕਦਿਆਂ ਦੇਖਿਆ, ਪ੍ਰੀਤ ਦੀ ਨਣਦ ਅੱਗ ਦੀਆਂ ਲਪਟਾਂ ਵਿਚ ਘਿਰੀ ਹੋਈ ਸੀ ਤੇ ਉਹ ਆਪ ਚੰਡੀ ਦਾ ਰੂਪ ਧਾਰੀ ਖੜ੍ਹੀ ਸੀ।

*ਸਤੰਬਰ, 1994*

## ਅੰਨ੍ਹੇ/ਸੁਰਿੰਦਰ ਮਕਸੂਦਪੁਰੀ

ਉਂਜ ਭਾਵੇਂ ਉਹ ਨੇਤਰਹੀਣ ਸੀ ਪਰ ਮਨ ਅੰਦਰਲੀਆਂ ਅੱਖਾਂ ਅਤੇ ਹੱਥ ਵਿਚਲੀ ਡੰਗੋਰੀ ਨਾਲ ਉਹ ਸਭ ਕੁਝ ਜਾਂਚ ਭਾਂਪ ਲੈਂਦਾ। ਸੀ ਵੀ ਗੁਣਵਾਨ ਤੇ ਵਿਦਵਾਨ।

ਇਕ ਦਿਨ ਕੁਝ ਸ਼ੈਤਾਨ ਤੇ ਮਨਚਲੇ ਮੁੰਡੇ ਉਸ ਨੇਤਰਹੀਣ ਵਿਦਵਾਨ ਨੂੰ ਪੁੱਛਣ ਲੱਗੇ, 'ਸ੍ਰੀਮਾਨ ਜੀ, ਤੁਹਾਡੇ ਵਰਗੇ ਇਸ ਦੁਨੀਆਂ ਵਿਚ ਹੋਰ ਕਿੰਨੇ ਕੁ ਹੋਣਗੇ?' ਉਸ ਵਿਦਵਾਨ ਨੇ ਪੂਰਨ ਵਿਸ਼ਵਾਸ਼ ਨਾਲ ਜਵਾਬ ਦਿੱਤਾ, 'ਪੁੱਤਰੋ, ਮੇਰੇ ਵਰਗੇ ਤਾਂ ਇਸ ਦੁਨੀਆਂ ਵਿਚ ਬਹੁਤ ਘੱਟ ਨੇ ਪਰ ਤੁਹਾਡੇ ਵਰਗੇ ਅੱਖਾਂ ਵਾਲੇ ਅੰਨ੍ਹੇ ਬਹੁਤ ਜਿਆਦਾ ਹਨ ਜਿਹਨਾਂ ਨੂੰ ਛੋਟੇ ਵੱਡੇ ਚੰਗੇ, ਮਾੜੇ ਪਾਪ ਪੁੰਨ ਕਿਸੇ ਦੀ ਵੀ ਪਛਾਣ ਨਹੀਂ।'

*ਦਸੰਬਰ, 1994*

## ਇਹ ਤੇ ਉਹ/ਕਰਤਾਰ ਸਿੰਘ ਦੁੱਗਲ

ਅਪਣੇ ਬੰਗਲੇ ਦੇ ਬਾਹਰ ਅਮਲਤਾਸ ਦੇ ਲਾਂਭੇ ਉਹ ਖਲੋਤਾ ਹੁੰਦਾ ਓਦੋਂ ਜਦੋਂ ਇਹ ਪੜ੍ਹਕੇ ਉਥੋਂ ਗੁਜ਼ਰਦੀ। ਹਰ ਰੋਜ਼ ਭਾਵੇਂ ਚਿਚਲਾਂਦੀ ਧੁੱਪ ਹੋਵੇ, ਮੀਂਹ-ਕਣੀ ਹੋਵੇ, ਹਨੇਰੀ-ਝੱਖੜ ਹੋਵੇ। ਆਪਣੀਆਂ ਭੁੱਖੀਆਂ ਤਹਿਰਾਈਆਂ ਨਜ਼ਰਾਂ ਨਾਲ ਜਿਵੇਂ ਕੋਈ ਪੈਗਾਮ ਲੈ ਕੇ ਉਡੀਕ ਰਿਹਾ ਹੋਵੇ। ਦਿਨ, ਹਫਤੇ, ਮਹੀਨੇ, ਵਰ੍ਹੇ ਬੀਤ ਗਏ।

ਉਸ ਦਿਨ ਇਹ ਕਾਲਜ ਦੀ ਬੱਸ ਤੋਂ ਉੱਤਰੀ, ਸਿੱਧੀ ਉਹਦੇ ਕੋਲ ਆ ਕੇ ਖਲੋ ਗਈ। ਤੇ ਉਹਦੀਆਂ ਅੱਖੀਆਂ ਵਿੱਚ ਅੱਖੀਆਂ ਪਾਕੇ ਇੰਝ ਕਿਹਾ, 'ਮੇਰੀ ਪੜ੍ਹਾਈ ਅੱਜ ਖ਼ਤਮ ਹੋ ਗਈ ਏ, ਮੈਂ ਹੁਣ ਵਿਆਹ ਲਈ ਹਾਜ਼ਿਰ ਹਾਂ।'

ਜਹਾਜ਼ ਵਰਗੀ ਕੋਠੀ ਦੇ ਬਾਹਰ ਖਲੋਤੇ ਗੱਭਰੂ ਨੇ ਸੁਣਿਆ ਤੇ ਉਹਨੂੰ ਹੱਥ-ਪੈਰ ਪੈ ਗਏ, ਉਹਦਾ ਮੂੰਹ ਪੀਲਾ-ਭੂਕ ਹੋ ਗਿਆ। ਉਸ ਤੋਂ ਜਿਵੇਂ ਕੋਈ ਜਵਾਬ ਨਾ ਬਣ ਰਿਹਾ ਹੋਵੇ। ਧਰਤੀ ਵਿਹਲ ਨਹੀਂ ਦਿੰਦੀ ਸੀ ਕਿ ਉਸ ਵਿਚ ਸਮਾ ਜਾਏ।

*ਮਾਰਚ, 1995*

## ਲਕੀਰਾਂ/ਸੁਰਿੰਦਰ ਕੈਲੇ

ਪਾਪਾ! ਸੜਕ ਦੇ ਦੋਨੋਂ ਪਾਸੀਂ ਗੇਟ ਕਿਉਂ ਲਗੇ ਹੋਏ ਨੇ।

'ਆਹ ਗੇਟ ਅਪਣਾ ਹੈ ਤੇ ਔਹ ਚੰਦ ਤਾਰੇ ਵਾਲਾ ਪਾਕਿਸਤਾਨ ਦਾ। ਤੇ ਜਿਹੜੀ ਔਹ ਵਿਚਕਾਰ ਲਕੀਰ ਖਿੱਚੀ ਹੋਈ ਹੈ, ਉਹ ਸਰਹੱਦ ਦੀ ਹੈ। ਲਾਕੀਰ ਦੇ ਐਧਰਲਾ ਪਾਸਾ ਆਪਣਾ ਹੈ ਤੇ ਪਾਰਲਾ ਪਾਕਿਸਤਾਨ ਦਾ।'

ਕੁਝ ਪਲਾਂ ਬਾਅਦ ਬੱਚੀ ਦੇ ਮਨ ਵਿਚ ਕੋਈ ਖਿਆਲ ਆਇਆ ਤੇ ਉਸਨੇ ਉੱਚੀ ਅਵਾਜ਼ ਵਿਚ ਪਾਕਿਸਤਾਨੀ ਸੁਰੱਖਿਆ ਕਰਮਚਾਰੀ ਵਲ ਬਾਂਹ ਚੁਕਦਿਆਂ ਕਿਹਾ, 'ਅੰਕਲ....'

'ਬੇਬੀ! ਉਸਸੇ ਬਾਤ ਕਰਨੇ ਕਾ ਨਹੀਂ ਹੈ।'

ਬੱਚੀ ਝੇਂਪ ਗਈ। ਕੁਝ ਚਿਰ ਚੁੱਪ ਰਹਿਣ ਮਗਰੋਂ ਫਿਰ ਕਹਿਣ ਲੱਗੀ।

'ਪਾਪਾ! ਮੈਂ ਉਸ ਲਾਕੀਰ ਤੇ ਜਣਾ ਹੈ।'

'ਬੇਟੇ! ਇਸ ਗੇਟ ਤੋਂ ਅੱਗੇ ਕੋਈ ਨਹੀਂ ਜਾ ਸਕਦਾ।'

ਬੱਚੀ ਫਿਰ ਚੁੱਪਚਾਪ ਇਧਰ ਉਧਰ ਦੇਖਦੀ ਰਹੀ।

'ਪਾਪਾ.....ਪਾਪਾ....ਔਹ ਚਿੜੀ...!'

ਦੂਸਰੇ ਪਾਸਿਉਂ ਸਰਹੱਦ ਪਾਰ ਕਰ, ਭਾਰਤੀ ਝੰਡੇ ਉਪਰੋਂ ਫੜਫੜਾਕੇ ਇਧਰ ਆਈ ਚਿੜੀ ਨੂੰ ਦੇਖ ਬੱਚੀ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ।

'ਬੱਚੇ! ਇਹ ਲਾਕੀਰਾਂ ਬੰਦਿਆਂ ਲਈ ਨੇ।'

*ਜੂਨ, 1995*

## ਤਮੀਜ਼/ਡਾ. ਸਿਆਮ ਸੁੰਦਰ ਦੀਪਤੀ

ਘੁੰਮਦੇ ਫਿਰਦੇ ਇਕ ਦਿਨ ਰਮੇਸ਼ ਆਪਣੀ ਵਹੁਟੀ ਅਤੇ ਬੱਚਿਆਂ ਸਮੇਤ ਹੋਟਲ 'ਚ ਗਿਆ। ਬੱਚਿਆਂ ਦੇ ਕਹਿਣ 'ਤੇ ਦੋ ਪਲੇਟਾਂ ਨੂਡਲਜ਼ ਮੰਗਵਾ ਕੇ ਖਾਧੇ। ਬੈਰੇ ਪੰਤਾਲੀ ਰੁਪਏ ਦਾ ਬਿਲ ਪੇਸ਼ ਕੀਤਾ।

'ਹੈਂ! ਪੰਤਾਲੀ ਰੁਪਏ! ਇੰਨਾਂ ਸੇਵੀਆਂ ਦੇ' , ਰਮੇਸ਼ ਦੀ ਵਹੁਟੀ ਬੋਲੀ।

'ਹੌਲੀ ਬੋਲ! ਹੋਟਲ 'ਚ ਬੈਠੇ ਐਂ! ਕੁਝ ਤਮੀਜ਼ ਸਿੱਖ।' ਰਮੇਸ਼ ਨੇ ਕਿਹਾ ਤੇ ਉਹ ਚੁੱਪ ਕਰ ਗਈ ਤੇ ਦੋਵੇਂ ਉੱਠ ਕੇ ਬਾਹਰ ਆ ਗਏ।

ਬਾਹਰ ਆਉਂਦੇ ਹੀ ਬੱਚੇ ਨੇ ਕਿਹਾ, ਐਨਕ 'ਮੰਮੀ।'

ਇੰਨੇ 'ਚ ਖਿਡੌਣੇ ਵਾਲੇ ਨੇ ਐਨਕ ਬੱਚੇ ਨੂੰ ਫੜਾ ਦਿੱਤੀ।

ਰਮੇਸ਼ ਨੇ ਪੁੱਛਿਆ, ਕਿੰਨੇ ਪੈਸੇ।'

'ਜੀ, ਦੋ ਰੁਪਏ।'

'ਦੋ ਰੁਪਏ! ਰੁਪਏ ਦੀ ਹਰ ਕਿਤੇ ਮਿਲਦੀ ਐ' , ਕਹਿ ਕੇ ਇਕ ਰੁਪਈਆ ਉਸ ਨੂੰ ਫੜਾ ਦਿੱਤਾ।

'ਨ੍ਹੀ ਬਾਊ ਜੀ, ਦੋ ਰੁਪਏ ਦੀ ਹੈ' , ਖਿਡੌਣੇ ਵਾਲੇ ਨੇ ਕਿਹਾ ਤੇ ਪਿੱਛੇ ਜਾਂਦੇ ਰਮੇਸ਼ ਦੇ ਬੱਚੇ ਦੀ ਬਾਂਹ ਫੜਨ ਦੀ ਕੋਸ਼ਿਸ਼ ਕੀਤੀ।

ਰਮੇਸ਼ ਦੀ ਵਹੁਟੀ ਨੇ ਬੱਚੇ ਨੂੰ ਆਪਣੇ ਵਲ ਕਰਦਿਆਂ ਕਿਹਾ, 'ਆਹ ਕੀ ਕਰਦੈਂ, ਪਰੇ ਰਹਿ! ਤਮੀਜ ਨਹੀਂ ਤੈਨੂੰ ਗੱਲ ਕਰਨ ਦੀ।'

***ਸਤੰਬਰ, 95***

## ਦਾਇਰਾ/ਧਰਮਪਾਲ

ਪਰਮੇਸ਼ਰੀ ਨਵੀਂ ਮੁੱਲ ਲਿਆਂਦੀ ਗਾਂ ਨੂੰ ਹਰੇ ਤੌੜ 'ਚ ਲੈ ਗਈ। ਮਗਰ-ਮਗਰ ਉਸਦਾ 7-8 ਸਾਲਾ ਪੁੱਤਰ ਸੁੱਖਾ ਵੀ ਆ ਗਿਆ। ਪਰਮੇਸ਼ਰੀ ਨੇ ਤੌੜ ਵਿਚਕਾਰ ਕਿੱਲਾ ਗੱਡਿਆ ਤੇ ਲੰਮੀ ਜਿਹੀ ਰੱਸੀ ਛੱਡ ਕੇ ਗਾਂ ਨੂੰ ਬੰਨ੍ਹ ਦਿੱਤਾ। ਹੁਣ ਗਾਂ ਉਸ ਰੱਸੀ ਦੀ ਲੰਬਾਈ ਦੇ ਘੇਰੇ ਅੰਦਰ ਹੀ ਘੁੰਮ ਕੇ ਚਰ ਰਹੀ ਸੀ। ਨੇੜੇ ਖੜੋਤੇ ਸੁੱਖੇ ਨੇ ਪੁੱਛਿਆ- 'ਮਾਂ, ਗਾਂਈ ਨੂੰ ਇਹ ਰੱਸੀ ਕਾਹਤੋਂ ਬਨ੍ਹਤੀ, ਇਸ ਨੂੰ ਖੁਲ੍ਹੀ ਛੱਡ ਦੇ ਨਾ।'

'ਨਹੀਂ, ਪੁੱਤਰ, ਜੇ ਇਸ ਨੂੰ ਖੁਲ੍ਹੀ ਛੱਡਤਾ ਤਾਂ ਇਸਨੇ ਲੋਕਾਂ ਦੇ ਖੇਤਾਂ 'ਚ ਮੂੰਹ ਮਾਰਨੈ, ਫਿਰ ਲੋਕਾਂ ਦਾ ਉਲਾਂਭਾ ਆਊਗਾ।'

ਫਿਰ ਸੁੱਖਾ, ਨੇੜਲੀ ਫਿਰਨੀ ਤੋਂ ਪੱਠਿਆਂ ਨਾਲ ਲੱਦਿਆ ਗੱਡਾ ਖਿੱਚਦੇ ਬੌਲਦਾਂ ਦੇ ਗਲੇ 'ਚ ਟੁਣਕਦੀ ਟੱਲੀਆਂ ਦੀ ਆਵਾਜ਼ ਸੁਣਕੇ ਇਕਦਮ ਬੋਲ ਪਿਆ, 'ਮਾਂ, ਮੈਂ ਵੀ ਗਾਂ ਦੇ ਗਲ 'ਚ ਘੁੰਗਰੂ ਪਾਊਂਗਾ। ਮੈਨੂੰ ਘੁੰਗਰੂ ਲਿਆਦੇ।'

'ਘੁੰਗਰੂ ਤਾਂ ਪੁੱਤਰ ਸ਼ਹਿਰੋਂ ਮਿਲਦੇ ਨੇ। ਤੇਰੇ ਬਾਪੂ ਨੂੰ ਕਹਾਂਗੀ, ਲਿਆ ਦਊਗਾ

ਸ਼ਹਿਰੋਂ।'

'ਬਾਪੂ ਨੇ ਤਾਂ ਪਤਾ ਨਹੀਂ ਕਦੋਂ ਜਾਣਾ ਏ ਮਾਂ, ਤੁਹੀਉਂ ਲਿਆਦੇ ਨਾ ਸ਼ਹਿਰ ਜਾਕੇ।'

'ਨਾ ਵੇ, ਤੇਰੇ ਬਾਪੂ ਨੂੰ ਪਤਾ ਲੱਗ ਗਿਆ ਨਾ, ਕਿ ਮੈਂ ਇਕੱਲੀ ਸ਼ਹਿਰ ਗਈਆਂ, ਤਾਂ ਉਸ ਨੇ ਮੇਰੀਆਂ ਟੰਗਾਂ ਈ ਤੋੜ ਦੇਣੀਆਂ।' ਪਰਮੇਸ਼ਰੀ ਨੇ ਠੰਡਾ ਸਾਹ ਛੱਡਿਆ, ਤੇ ਰੱਸੀ ਦੇ ਦਾਇਰੇ 'ਚ ਚਰਦੀ ਗਾਂ ਨਾਲ ਆਪਣੀ ਤੁਲਨਾ ਕਰਨ ਲੱਗ ਪਈ।

'ਮਾਂ, ਮੈਂ ਚਲਾਂਗਾ ਤੇਰੇ ਨਾਲ ਸ਼ਹਿਰ, ਫਿਰ ਤਾਂ ਬਾਪੂ ਕੁਝ ਨਹੀਂ ਕਹੂਗਾ ਨਾ...।' ਸੁੱਖਾ ਬੋਲਿਆ ਤਾਂ ਪਰਮੇਸ਼ਰੀ ਨੂੰ ਲੱਗਾ ਜਿਵੇਂ ਸੁੱਖੇ ਦੇ ਰੂਪ 'ਚ ਉਸਦਾ ਪਤੀ ਹੀ ਬੋਲ ਰਿਹਾ ਹੋਵੇ।

***ਸਤੰਬਰ, 1995***

# ਬਦਲਾਵ/ਹਰਪ੍ਰੀਤ ਸਿੰਘ ਰਾਣਾ

ਰਾਜਨੀਤਿਕ ਵਿਸ਼ਿਆਂ 'ਤੇ ਲਿਖਣਾ ਉਸ ਨੂੰ ਹੱਦੋਂ ਵੱਧ ਪਸੰਦ ਸੀ। ਸਰਕਾਰ ਦੀਆਂ ਗਲਤ ਰਾਜਨੀਤਿਕ ਨੀਤੀਆਂ, ਜਬਰ ਆਦਿ 'ਤੇ ਉਹ ਬੜੀ ਦਲੇਰੀ ਅਤੇ ਬੇਬਾਕੀ ਨਾਲ ਲਿਖਦਾ। ਉਸ ਦੀਆਂ ਰਚਨਾਵਾਂ ਵਿਚ ਇਨਕਲਾਬੀ ਸੰਘਰਸ਼ ਦੀ ਤਿੱਖੀ ਸੁਰ ਦਾ ਬੋਲਬਾਲਾ ਹੁੰਦਾ। ਉਸਦੇ ਪਾਠਕ, ਆਲੋਚਕ ਅਤੇ ਦੋਸਤ-ਮਿੱਤਰ ਉਸਦੀ ਹਿੰਮਤ ਦੀ ਦਾਦ ਦਿੰਦੇ ਨਾ ਥੱਕਦੇ।

ਅਚਾਨਕ ਉਸ ਦੀਆਂ ਰਚਨਾਵਾਂ ਦੇ ਵਿਸ਼ਿਆਂ ਦਾ ਰੁਖ ਬਦਲ ਗਿਆ। ਹੁਣ ਉਹ ਰਾਜਨੀਤਿਕ ਵਿਸ਼ਿਆਂ ਦੀ ਜਗ੍ਹਾ ਕੇਵਲ ਸਮਾਜਿਕ ਵਿਸ਼ਿਆਂ 'ਤੇ ਹੀ ਲਿਖਦਾ। ਉਸ ਦੇ ਪਾਠਕ, ਆਲੋਚਕ ਅਤੇ ਦੋਸਤ-ਮਿੱਤਰ ਇਕ ਦਮ ਹੀ ਉਸਦੀਆਂ ਰਚਨਾਵਾਂ ਵਿਚ ਆਏ ਇਸ ਬਦਲਾਵ ਤੋਂ ਹੈਰਾਨ ਸਨ। ਆਖ਼ਰ ਪਤਾ ਲੱਗਾ ਕਿ ਉਸ ਦੀ ਸਰਕਾਰੀ ਨੌਕਰੀ ਲੱਗ ਗਈ ਹੈ।

***ਸਤੰਬਰ, 1996***

# ਕ੍ਰਾਂਤੀਕਾਲ/ਕੰਵਲਜੀਤ ਸਿੰਘ ਕੁਟੀ

ਓ ਗੱਲ ਸੁਣ ਯਾਰ! ਔਹ ਸਾਹਮਣੇ ਜੋ ਹਥਿਆਰ ਚੁੱਕੀ ਖੜੇ ਐ, ਉਹ ਕੌਣ ਐ?

'ਉਹ! ਉਹ ਤਾਂ ਕ੍ਰਾਂਤੀਕਾਰੀ ਐ। ਉਹ ਦੇਸ਼ ਵਿਚ ਸੱਤਾ 'ਤੇ ਕਾਬਜ ਹੋਏ ਬੈਠੇ ਭ੍ਰਿਸ਼ਟ ਲੋਕਾਂ ਦਾ ਕਤਲੇਆਮ ਕਰਕੇ ਦੇਸ਼ ਵਿਚ ਨਿਆਂਪੂਰਨ ਸੱਤਾ ਕਾਇਮ ਕਰਨਗੇ। ਲੋਕਾਂ ਨੂੰ ਉਹਨਾਂ ਦੇ ਹੱਕ ਦੁਆਉਣਗੇ। ਦੇਸ਼ ਵਿਚ ਚਾਰੇ ਪਾਸੇ ਕ੍ਰਾਂਤੀਕਾਲ ਚੱਲ ਰਿਹੈ ਨਾ...।'

'ਹੂੰ! ਅੱਛਾ, ਜਿਹੜੇ ਆਹ ਉਹਨਾਂ ਤੋਂ ਵੀ ਵੱਡੇ ਹਥਿਆਰ ਚੁੱਕੀ, ਉਹਨਾਂ ਵਲ ਵਧ ਰਹੇ ਨੇ, ਇਹ ਕੌਣ ਐ?'

'ਇਹ! ਇਹ ਤਾਂ ਅਹਿੰਸਾਵਾਦੀ ਐ। ਇਹ ਹਿੰਸਕ ਕ੍ਰਾਂਤੀਕਾਰੀਆਂ ਨੂੰ ਮੁਕਾ ਕੇ ਦੇਸ਼ ਵਿਚ ਅਹਿੰਸਾ ਦਾ ਰਾਜ ਕਾਇਮ ਕਰਨਗੇ.....।'

...ਤੇ ਫਿਰ ਉਹ ਚੁੱਪ ਹੋ ਗਏ।

***ਸਤੰਬਰ, 1996***

## ਪਸ਼ੂ/ਜਤਿੰਦਰ ਸਿੰਘ ਹੰਸ

ਗੁੱਸੇ 'ਚ ਆਏ ਜੱਗੇ ਨੇ ਪੰਜ-ਸੱਤ ਸੋਟੀਆਂ ਮੱਝ ਦੇ ਮਾਰੀਆਂ। 'ਕਿਉਂ ਮਾਰਦੇ ਹੋ ਬੇ-ਜ਼ੁਬਾਨ ਦੇ?' ਪਤਨੀ ਨੇ ਉਸਨੂੰ ਰੋਕਿਆ। 'ਮੱਝ ਨੇ ਮੇਰੇ ਟੱਕਰ ਮਾਰਨੀ ਸੀ, ਇਹ ਕਹਿੰਦੀ ਆ ਕਿਉਂ ਮਾਰਦੇ ਓ। ਪਸ਼ੂਆਂ ਨਾਲ ਕਾਹਦਾ ਪਿਆਰ? ਇਹਨਾਂ ਸੋਚਣਾ ਥੋੜ੍ਹੀ ਆ ਥਾਂ-ਕੁਥਾਂ ਸੱਟ ਲੱਗ ਜਾਵੇ।' ਜੱਗਾ ਗੁੱਸੇ 'ਚ ਬੋਲਿਆ।

'ਹੁਣ ਤੁਸੀਂ ਸੋਚ-ਸਮਝ ਕੇ ਮਾਰਦੇ ਓ? ਜੇ ਇਹਦੇ ਥਾਂ-ਕੁਥਾਂ ਲੱਗ ਜਾਵੇ।' ਪਤਨੀ ਨੇ ਕਿਹਾ।

'ਖੜ੍ਹ ਤੇਰੀ...ਵੱਡੀ ਮੱਝ ਦੀ ਵਕੀਲ।'

ਜੱਗੇ ਨੇ ਦੋ ਤਿੰਨ ਸੋਟੀਆਂ ਆਪਣੀ ਪਤਨੀ ਦੇ ਟਿਕਾਉਂਦਿਆਂ ਕਿਹਾ।

*ਮਾਰਚ, 1997*

## ਐਡਜਸਟ/ਭੁਪਿੰਦਰ ਕੌਰ

ਰਮਾ ਪੰਜ ਸਾਲ ਤੋਂ ਆਪਣੇ ਪਤੀ ਦਾ ਇੰਤਜ਼ਾਰ ਕਰ ਰਹੀ ਸੀ। ਪਤੀ ਦੀ ਚਿੱਠੀ ਮਿਲੀ ਤਾਂ ਉਸਦਾ ਦਿਲ ਪ੍ਰਸੰਨ ਹੋ ਗਿਆ। ਚਿੱਠੀ ਪੜ੍ਹਦਿਆਂ ਉਸਦਾ ਦਿਲ ਤੜਪ ਉੱਠਿਆ, ਲਿਖਿਆ ਸੀ ਅੱਜਕਲ੍ਹ ਸਵੀਟਜ਼ਰਲੈਂਡ ਵਿੱਚੋਂ ਭਾਰਤੀਆਂ ਨੂੰ ਵਾਪਸ ਭਾਰਤ ਭੇਜਿਆ ਜਾ ਰਿਹਾ ਹੈ।

ਮੇਰੀ ਬਿੱਲੀਆਂ ਨੈਣਾਂ ਵਾਲੀ ਤੇਰੇ ਤਲਾਕ ਦੇ ਕਾਗ਼ਜ਼ਾਤ ਭੇਜਣ ਤੇ ਮੈਂ ਕਾਗਜ਼ੀ ਗੋਰੀ ਨਾਲ ਵਿਆਹ ਕਰਾ ਕੇ ਉਥੇ ਦਾ ਵਸਨੀਕ ਬਣ ਜਾਵਾਂਗਾ ਤੇ ਤੈਨੂੰ ਸਵਿਟਜਰਲੈਂਡ ਵਿਚ ਬੁਲਾ ਕੇ ਤੇਰਾ ਹੱਕ ਤੈਨੂੰ ਦੇ ਦੇਵਾਂਗਾ।

ਕੁਝ ਦਿਨਾਂ ਬਾਅਦ ਰਮਾ ਨੂੰ ਫੇਰ ਚਿੱਠੀ ਮਿਲੀ- ਸਵਿਟਜਰਲੈਂਡ ਵਿਚ ਮੈਂ ਹੁਣ ਐਡਜਸਟ ਹਾਂ, ਤੂੰ ਵੀ ਕਿਸੇ ਨਾਲ ਵਿਆਹ ਕਰਾਕੇ ਭਾਰਤ ਵਿਚ ਹੀ ਐਡਜਸਟ ਹੋ ਜਾਹ।

*ਮਾਰਚ, 1997*

## ਬਿਨਾਂ ਤਨਖਾਹ ਤੋਂ/ਹਰਨੇਕ ਸਿੰਘ ਕੋਮਲ

ਮੰਤਰੀ ਬਨਣ ਉਪਰੰਤ ਉਸਨੇ ਐਲਾਨ ਕੀਤਾ ਸੀ ਕਿ ਉਹ ਸਰਕਾਰੀ ਖਜ਼ਾਨੇ ਵਿੱਚੋਂ ਤਨਖ਼ਾਹ ਨਹੀਂ ਲਵੇਗਾ। ਬਿਨਾਂ ਤਨਖਾਹ ਤੋਂ ਹੀ ਲੋਕਾਂ ਦੀ ਸੇਵਾ ਕਰੇਗਾ। ਇਹ ਖ਼ਬਰ ਸਾਰੇ ਅਖ਼ਬਾਰਾਂ ਵਿਚ ਛਪੀ ਸੀ ਅਤੇ ਸਭਨਾਂ ਨੇ ਮੰਤਰੀ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਸੀ।

ਉਹ ਮੰਤਰੀ ਜਿੱਥੇ ਵੀ ਜਾਂਦਾ, ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਇਹ ਜ਼ਰੂਰ ਕਹਿੰਦਾ ਕਿ ਉਹ ਤਾਂ ਲੋਕਾਂ ਦਾ ਸੇਵਕ ਹੈ ਤੇ ਬਿਨਾਂ ਤਨਖਾਹ ਤੋਂ ਲੋਕਾਂ ਦੀ ਖਿਦਮਤ ਕਰ ਰਿਹਾ ਹੈ।

ਇਕ ਦਿਨ ਉਹ ਮੰਤਰੀ ਇੱਕ ਪੇਂਡੂ ਇਕੱਠ ਨੂੰ ਸੰਬੋਧਨ ਕਰਕੇ ਹਟਿਆ ਸੀ ਜਿਸ ਵਿਚ ਉਸਨੇ ਬਿਨਾਂ ਤਨਖ਼ਾਹ ਤੋਂ ਸੇਵਾ ਕਰਨ ਦੀ ਗੱਲ ਕੀਤੀ ਸੀ। ਉਪਰੰਤ ਇੱਕ ਸਿੱਧਾ-ਸਾਦਾ ਪੇਂਡੂ ਖੜਾ ਹੋ ਗਿਆ ਤੇ ਹੱਥ ਜੋੜ ਕੇ ਮੰਤਰੀ ਨੂੰ ਕਹਿਣ ਲੱਗਾ:

'ਬੱਚਿਆਂ ਵਾਲਿਓ! ਮੇਰਾ ਮੁੰਡਾ ਚੌਦਾਂ ਜਮਾਤਾਂ ਪਾਸ ਐ। ਚੌਂਹ ਸਾਲਾਂ ਤੋਂ ਵਿਹਲਾ ਵਿਰਦੈ। ਕਿਤੇ ਨੌਕਰੀ ਨ੍ਹੀ ਮਿਲੀ। ਉਹਨੂੰ ਕਿਸੇ ਪਿੰਡ ਦਾ ਪਟਵਾਰੀ ਹੀ ਲਾ ਦਿਓ। ਉਹ ਵੀ ਘੋਡੇ ਵਾਂਗੂੰ ਬਿਨਾਂ ਤਨਖਾਹ ਤੋਂ ਸਾਰ ਲੂਗਾ।'

*ਜੂਨ, 1997*

## ਆਪਣਾ ਮੁਲਖ਼/ਗੁਰਦੀਪ ਸਿੰਘ ਪੁਰੀ (ਯੂ.ਕੇ.)

'ਤੂੰ ਹਿੰਦੁਸਤਾਨ ਜਾ ਕੇ ਕਿਉਂ ਨਹੀਂ ਰਹਿਣ ਲੱਗ ਪੈਂਦਾ?'

'ਉਹ ਵੀ ਕੋਈ ਮੁਲਖ਼ ਹੈ। ਨਾ ਸਫਾਈ, ਨਾ ਸੁਣਵਾਈ। ਹਰ ਗੱਲ ਵਿੱਚ ਧੱਕਾ, ਬੇਈਮਾਨੀ, ਰਿਸ਼ਵਤਖੋਰੀ। ਜੇ ਕੋਈ ਜਿਆਦਾ ਆਕੜਦਾ ਤਾਂ ਬਣਾ ਦਿਓ ਮੁਕਾਬਲਾ। ਹੂੰ...ਸਾਲਾ ਹਿੰਦੁਸਤਾਨ ਨਿਰਾ ਗੰਦਸਤਾਨ..।'

'ਤੂੰ ਹੁਣ ਕਿੱਧਰ ਦੀ ਤਿਆਰੀ ਕੀਤੀ ਐ ਪਈ?'

'ਇੰਡੀਆ ਦੀ।'

'ਕੀ ਕਿਹਾ? ਇੰਡੀਆ ਦੀ??'

'ਹਾਂ, ਮੁੰਡਾ ਵਿਆਹੁਣ ਚੱਲਿਆਂ ਹਾਂ। ਤੈਨੂੰ ਪਤਾ ਮਸਾਂ ਗੋਰੀ ਤੋਂ ਉਸਦਾ ਖਹਿੜਾ ਛੁਡਾਇਆ। ਹੁਣ ਰਾਜ਼ੀ ਹੋਇਆ ਇੰਡੀਆ ਵਿਆਹ ਕਰਾਉਣ ਨੂੰ।'

'ਪਰ ਹਿੰਦੁਸਤਾਨ ਤਾਂ ਤੇਰੇ ਕਹਿਣ ਅਨੁਸਾਰ ਨਿਰਾ ਗੰਦਸਤਾਨ ਹੈ।'

'ਆਪਣਾ ਮੁਲਖ਼ ਫਿਰ ਵੀ ਆਪਣਾ ਹੈ।'

'ਹਾਂ ਆਪਣਾ ਮੁਲਖ਼ ਆਪਣਾ ਹੀ ਹੈ ਕਿਉਂਕਿ ਤੇਰੇ ਵਰਗੇ ਇੱਜ਼ਤ ਦੇ ਨੰਗਿਆਂ ਦੀ ਪੱਤ ਜੁ ਢਕ ਦਿੰਦੈ।'

ਹੁਣ ਉਸ ਨੂੰ ਕੋਈ ਗੱਲ ਨਹੀਂ ਸੀ ਅਹੁੜ ਰਹੀ। ਬੱਸ ਬੇਸ਼ਰਮ ਹੋਇਆ ਹਲਕਾ ਜਿਹਾ ਰੋਣ ਵਰਗਾ ਹੱਸ ਰਿਹਾ ਸੀ।

*ਜੂਨ, 1997*

## ਸਿਸਟਮ/ਸੁਰਿੰਦਰ ਕੈਲੇ

'ਤੁਸੀਂ ਮਾਤਾ ਜੀ ਦੇ ਕੀ ਲਗਦੇ ਹੋ?'

'ਜੀ, ਮੈਂ ਇਨ੍ਹਾਂ ਦੀ ਨੂੰਹ ਹਾਂ ਤੇ ਇਹ ਮੇਰੇ ਪਤੀ ਹਨ।'

ਔਰਤ ਨੇ ਆਪਣੇ ਪਤੀ ਵਲ ਇਸ਼ਾਰਾ ਕਰਦਿਆਂ, ਡਾਕਟਰ ਨੂੰ ਕਿਹਾ। 'ਭਾਈ ਸਾਹਿਬ' , ਡਾਕਟਰ ਨੇ ਮਰੀਜ਼ ਦੇ ਪੁੱਤਰ ਨੂੰ ਸੰਬੋਧਨ ਕਰਦਿਆਂ ਕਿਹਾ, 'ਮਾਤਾ ਜੀ ਦਾ ਸਾਰਾ ਸਿਸਟਮ ਜਵਾਬ ਦੇ ਚੁੱਕਾ ਹੈ। ਅੰਤ ਸੇਵਾ ਹੀ ਹੈ ਜੋ ਤੁਸੀਂ ਕਰ ਸਕਦੇ ਹੋ- ਰੱਜ ਕੇ ਕਰੋ। ਮੇਰੀ ਸਲਾਹ ਤੁਸੀਂ ਇਨ੍ਹਾਂ ਨੂੰ ਘਰ ਲੈ ਜਾਵੋ।'

ਇਨਟੈਂਸਿਵ ਕੇਅਰ ਯੂਨਿਟ ਵਿਚ ਭਰਤੀ ਬਿਰਧ ਮਾਤਾ ਨੂੰ ਡਾਕਟਰ ਪਿਛਲੇ ਕਈ ਦਿਨਾਂ ਤੋਂ ਦੇਖ ਰਿਹਾ ਸੀ। ਸਾਰੀ ਜਾਂਚ ਪੜਤਾਲ ਤੋਂ ਸਿੱਧ ਹੋ ਗਿਆ ਸੀ ਕਿ ਮਰੀਜ਼ ਦਾ ਅੰਤ

ਸਮਾਂ ਨੇੜੇ ਆ ਗਿਆ ਹੈ, ਹੁਣ ਕੋਈ ਵੀ ਦਵਾ ਅਸਰ ਨਹੀਂ ਕਰ ਸਕਦੀ।

'ਡਾਕਟਰ ਸਾਹਿਬ, ਤੁਸੀਂ ਕਹਿੰਦੇ ਹੋ ਤਾਂ...।'

'ਨਹੀਂ ਜੀ ਨਹੀਂ' , ਨੂੰਹ ਨੇ ਆਪਣੇ ਪਤੀ ਦੀ ਗਲ ਵਿੱਚੋਂ ਕੱਟਦਿਆਂ ਕਿਹਾ, 'ਅਸੀਂ ਮਾਤਾ ਜੀ ਨੂੰ ਇੱਥੇ ਹੀ ਰੱਖਾਂਗੇ। ਭਲਾ ਹਸਪਤਾਲ ਤੋਂ ਵੱਧ ਸੇਵਾ ਘਰ ਹੋ ਸਕਦੀ ਹੈ?'

***ਦਸੰਬਰ, 1997***

## ਸਮਝੌਤਾ/ਰਾਓਵਰਿੰਦਰ ਸਿੰਘ

ਜੁਆਨ ਮੁੰਡਾ ਅੱਜ ਸਵੇਰੇ ਦਾ ਅੱਗ ਬਬੂਲਾ ਹੋਇਆ ਫਿਰ ਰਿਹਾ ਸੀ। ਉਸ ਦੀਆਂ ਅੱਖਾਂ ਵਿਚ ਖੂਨ ਉੱਤਰ ਰਿਹਾ ਸੀ। ਗੱਲ ਵੀ ਕੁਝ ਇਸ ਤਰ੍ਹਾਂ ਦੀ ਸੀ, ਕਿਉਂਕਿ ਉਸਦਾ ਬਾਪ ਇਸ ਉਮਰੇ ਦੂਜਾ ਵਿਆਹ ਕਰਵਾਉਣਾ ਚਾਹੁੰਦਾ ਸੀ। ਉਸ ਦੀ ਮਾਂ ਸਵੇਰ ਦੀ ਰੋਈ ਜਾ ਰਹੀ ਸੀ। ਉਸ ਨੂੰ ਆਪਣੇ ਪੁੱਤਰ ਤੋਂ ਹੀ ਆਸ ਸੀ ਕਿ ਉਹ ਉਸ ਦੇ ਹੱਕ ਲਈ ਲੜੇਗਾ। ਦੁਪਹਿਰੇ ਪਿਉ ਘਰ ਆਇਆ ਗੱਡੀ ਵਿੱਚੋਂ ਉਤਰਦੇ ਹੀ ਉਸ ਨੇ ਮੁੰਡੇ ਨਾਲ ਅੱਖ ਨਾ ਮਿਲਾਈ ਤੇ ਅੰਦਰ ਡਰਾਇੰਗ ਰੂਮ ਵਿਚ ਚਲਿਆ ਗਿਆ। ਮੁੰਡਾ ਆਪਣੇ ਆਪ ਤੇ ਕਾਬੂ ਨਾ ਰੱਖ ਸਕਿਆ। ਮੁੰਡੇ ਨੇ ਬੋਲਣਾ ਸ਼ੁਰੂ ਕੀਤਾ ਅਤੇ ਲਗਾਤਾਰ ਬੋਲਦਾ ਰਿਹਾ। ਇਕਦਮ ਪਿਉ ਅੰਦਰਲਾ ਮਨੁੱਖ ਜਾਗਿਆ, ਉਸਨੇ ਬੋਲਣਾ ਸ਼ੁਰੂ ਕੀਤਾ, ਮੁੰਡਾ ਚੁੱਪ ਹੋ ਗਿਆ।

ਪਿਉ ਚੁੱਪ ਕੀਤਾ ਤਾਂ ਮੁੰਡੇ ਨੇ ਸਥਿਤੀ ਦਾ ਲਾਭ ਲੈਂਦਿਆਂ ਆਪਣੀ ਸ਼ਰਤ ਰੱਖ ਦਿੱਤੀ 'ਜੇ ਮੇਰਾ ਵੀ ਉਸ ਲੜਕੀ ਨਾਲ ਵਿਆਹ ਨਾ ਹੋਇਆ, ਤਾਂ ਹੋਣ ਤੁਹਾਡਾ ਵੀ ਨਹੀਂ ਦੇਣਾ। ਨਾਲੇ ਹੀਰਾ ਬਾਗ ਵਾਲੀ ਕੋਠੀ ਮੇਰੇ ਨਾਂ ਲਵਾ ਦਿਓ।' ਪਿਉ ਦੇ ਚਿਹਰੇ ਤੇ ਮੁਸਕੁਰਾਹਟ ਸੀ। ਸਮਝੌਤਾ ਵਧੀਆ ਸੀ। ਸਭ ਕੁਝ ਦੇਖ ਸੁਣ ਰਹੀ ਮਾਂ ਉਦਾਸੀ ਦੇ ਹੋਰ ਡੂੰਘੇ ਸਮੁੰਦਰਾਂ ਵਿਚ ਗੁਆਚੀ ਕਿਸੇ ਸੁੰਨ ਅਵਸਥਾ 'ਚ ਵਹਿ ਗਈ ਲੱਗਦੀ ਸੀ।

***ਮਾਰਚ, 1998***

## ਭਵਿੱਖ/ਕੇਸਰਾ ਰਾਮ ਤਲਵਾੜਾ

ਉਹ ਆਪਣੇ ਭਵਿੱਖ ਬਾਰੇ ਬਹੁਤ ਚਿੰਤਤ ਰਹਿਣ ਲੱਗ ਪਿਆ ਸੀ। ਉਸ ਦੀ ਮੰਜਿਲ ਕਿੱਧਰ ਹੈ, ਕੀ ਹੈ, ਕੀ ਕਰੇ, ਕੀ ਨਾ ਕਰੇ, ਉਹ ਕੁਝ ਵੀ ਤੈਅ ਨਹੀਂ ਕਰ ਪਾ ਰਿਹਾ ਸੀ। ਓਵਰ-ਏਜ ਹੋਣ ਨੂੰ ਸੀ। ਪਰ ਨੌਕਰੀ ਮਿਲਣ ਦੀ ਕੋਈ ਆਸ ਨਜ਼ਰ ਨਹੀਂ ਆ ਰਹੀ ਸੀ। ਮੌਕੇ 'ਤੇ ਪੈਸਿਆਂ ਦਾ ਇੰਤਜ਼ਾਮ ਨਾ ਹੋਣ ਕਰਕੇ ਉਹ ਮਾਸਟਰ ਲਗਦਾ-ਲਗਦਾ ਰਹਿ ਗਿਆ ਸੀ।

ਇੰਟਰਵਿਊ ਦੇ ਕੇ ਆਉਂਦਿਆਂ ਉਸ ਦੀ ਨਜ਼ਰ ਫੁੱਟਪਾਥ ਉੱਤੇ ਬੈਠੇ ਇਕ ਮਾਮੂਲੀ ਪੜ੍ਹੇ-ਲਿਖੇ ਜੋਤਸ਼ੀ ਉਤੇ ਪਈ। ਨਿਰਾਸ਼ਾ ਕਿੱਥੇ...ਕਿੱਥੇ ਨਹੀਂ ਭਟਕਦੀ। ਜੋਤਸ਼ੀ ਨੂੰ ਪੰਜ ਰੁਪਏ ਦੇਣੇ ਪਏ। ਬਦਲੇ ਵਿਚ ਜੋਤਸ਼ੀ ਨੇ ਹੱਥ ਦੇਖ ਕੇ ਅੱਠ-ਦਸ ਕਾਮਨ ਤੇ ਗੋਲ-ਮੋਲ ਫਿਕਰੇ ਕਹਿ ਦਿੱਤੇ। ਦੇਖਦੇ ਹੀ ਦੇਖਦੇ ਉਸਦੀਆਂ ਅੱਖਾਂ ਵਿਚ ਚਮਕ ਅਤੇ ਬੁੱਲ੍ਹਾਂ ਉੱਤੇ ਕੁਟਿਲ ਮੁਸਕਰਾਹਟ

ਦੌੜ ਗਈ।

ਹੁਣ ਉਹ ਲੋਕਾਂ ਨੂੰ ਉਨ੍ਹਾਂ ਦਾ ਭਵਿੱਖ ਦੱਸਣ ਲੱਗ ਪਿਆ ਸੀ। ਆਪਣੇ ਘਰ ਵਿਚ ਹੀ ਉਸ ਨੇ ਆਪਣਾ ਦਫਤਰ ਖੋਲ੍ਹ ਲਿਆ। ਆਪਣੇ ਭਵਿੱਖ ਜਾਨਣ ਲਈ ਲੀਡਰ, ਵਪਾਰੀ ਅਤੇ ਸੱਟੇਬਾਜ਼ਾਂ, ਜਿਨ੍ਹਾਂ ਲਈ ਪੈਸੇ ਦੀ ਕੋਈ ਕੀਮਤ ਨਹੀਂ ਹੁੰਦੀ, ਦੀ ਉਸ ਕੋਲ ਭੀੜ ਲੱਗਣ ਲੱਗ ਪਈ। ਚੰਗਾ ਪੜ੍ਹਿਆ-ਲਿਖਿਆ ਹੋਣਾ ਉਸ ਦਾ ਪਲੱਸ ਪੁਆਇੰਟ ਸੀ। ਗਿਣੇ ਦਿਨਾਂ 'ਚ ਹੀ ਨਵੀਂ ਕੋਠੀ ਬਣ ਗਈ। ਕਾਰ ਆ ਗਈ ਅਤੇ ਟੈਲੀਫੋਨ ਲੱਗ ਚੁੱਕਾ ਸੀ। ਆਪਣੀ ਮੰਜ਼ਿਲ ਦਾ ਪਤਾ ਪੁੱਛਣ ਅਤੇ ਭਵਿੱਖ ਜਾਨਣ ਵਾਲਿਆਂ ਦੀ ਭੀੜ ਉਸ ਕੋਲ ਵਧਦੀ ਹੀ ਜਾ ਰਹੀ ਸੀ। ਹੁਣ ਉਹ ਆਪਣੇ ਭਵਿੱਖ ਬਾਰੇ ਬਿਲਕੁਲ ਨਿਸਚਿੰਤ ਸੀ।

*ਜੂਨ, 1998*

## ਸੱਚਾਈ/ ਅਸਰਫ ਸੁਹੇਲ (ਲਾਹੌਰ)

ਇਕ ਸਰਕਾਰੀ ਦਫਤਰ ਦੀ ਮਸੀਤ ਵਿਚ ਅਕਸਰ ਉਹ ਬੰਦੇ ਦੁਪਹਿਰ ਦੀ ਨਮਾਜ਼ ਪੜ੍ਹਨ ਆਂਵਦੇ ਸਨ ਜਿਹੜੇ ਰੋਜ਼ ਰਿਸ਼ਵਤ ਵੀ ਲੈਂਦੇ ਸਨ ਜਾਂ ਜਿਨ੍ਹਾਂ ਦਾ ਵਿਹਾਰ ਮਾੜਾ ਸੀ।

ਇਕ ਦਿਨ ਜਦੋਂ ਨਮਾਜ਼ੀ ਨਮਾਜ਼ ਪੜ੍ਹਨ ਆਏ ਤਾਂ ਮਸੀਤ ਦੇ ਬੂਹੇ ਤੇ ਕੋਈ ਬੰਦਾ ਇਕ ਇਬਾਰਤ ਲਿਖ ਗਿਆ ਹੋਇਆ ਸੀ। ਲਿਖਤ ਸੀ:

'ਜੇ ਤੁਸੀਂ ਅੱਜ ਕਿਸੇ ਕੋਲੋਂ ਰਿਸ਼ਵਤ ਲਈ ਏ ਤਾਂ ਵਾਪਸ ਚਲੇ ਜਾਓ, ਤੁਹਾਡੀ ਨਮਾਜ਼ ਕਿਸੇ ਕੰਮ ਦੀ ਨਹੀਂ।'

ਉਸ ਦਿਨ ਮਸੀਤ ਖਾਲੀ ਰਹੀ ਤੇ ਅਮਾਮ ਬੂਹੇ ਉੱਤੇ ਉਲੀਕੇ ਅੱਖਰ ਨੂੰ ਛੁਰੀ ਨਾਲ ਖੁਰਚਦਾ ਰਿਹਾ।

*ਜੂਨ, 1998*

## ਅਜ਼ਾਦੀ?/ਮਨਪ੍ਰੀਤ ਕੌਰ ਭਾਟੀਆ

ਸਾਰਾ ਕੰਮ ਨਿਪਟਾ ਕੇ ਆਪਣੀ ਸੱਸ ਨੂੰ ਸੁੱਤੀ ਦੇਖਕੇ ਰਮਾ ਕੁਝ ਦੇਰ ਬਰਾਮਦੇ ਵਿੱਚ ਟਹਿਲਣ ਲੱਗੀ। ਸੜਕ ਤੇ ਜਾਂਦੇ ਬੱਚਿਆਂ ਨੂੰ ਦੇਖ ਉਸ ਦੇ ਮਨ ਨੂੰ ਬਹੁਤ ਖੁਸ਼ੀ ਮਿਲੀ। ਅੱਜ ਆਜ਼ਾਦੀ ਦਿਵਸ ਹੋਣ ਕਾਰਨ ਬੱਚੇ ਹੱਥਾਂ ਵਿੱਚ ਫੁੱਲ, ਗੁਲਦਸਤੇ ਤੇ ਹੋਰ ਸਮਾਨ ਲੈ ਕੇ ਜਾ ਰਹੇ ਸਨ। ਸਭ ਬੱਚੇ ਅਜ਼ਾਦ ਪੰਛੀ ਵਾਂਗ ਭੱਜੇ ਜਾ ਰਹੇ ਸਨ। ਕੋਈ ਕਹਿ ਰਿਹਾ ਸੀ, ਮੈਂ ਅੱਜ ਗੀਤ ਗਾਵਾਂਗਾ ਤੇ ਕੋਈ ਕਹਿ ਰਿਹਾ ਸੀ, ਮੈਂ ਭੰਗੜਾ ਪਾਣਾ ਹੈ, ਕਿਉਂਕਿ ਅੱਜ ਸਕੂਲੇ ਅਜ਼ਾਦੀ ਦਿਵਸ ਮਨਾਉਣਾ ਹੈ। ਬੱਚਿਆਂ ਨੂੰ ਖੁਸ਼ ਦੇਖਕੇ ਰਮਾ ਦੇ ਚਿਹਰੇ ਤੇ ਮੁਸਕਰਾਹਟ ਬਿਖਰ ਗਈ।

'ਨੀ ਕੁੜੀਏ! ਕੱਪੜੇ ਤੇਰਾ ਪਿਉ ਧੋਊ?' ਇਹ ਸ਼ਬਦ ਸੁਣਦਿਆਂ ਹੀ ਰਮਾ ਜਲਦੀ ਨਾਲ ਕੱਪੜੇ ਸਮੇਟਣ ਲੱਗੀ।

*ਸਤੰਬਰ, 1998*

# ਮਜਬੂਰੀ/ਪਰਮਜੀਤ 'ਰਾਮਗੜ੍ਹੀਆ'

ਇੱਕ ਕਸਾਈ ਦੀ ਪਤਨੀ ਨੂੰ ਉਸਦੇ ਬੱਚੇ ਨੇ ਪੁੱਛਿਆ- 'ਮੰਮੀ ਪਾਪਾ ਕੀ ਕੰਮ ਕਰਦੇ ਹਨ?'

ਪਤਨੀ ਖਾਮੋਸ਼ ਸੀ।

ਤਾਂ ਉਸਦੀ ਮਾਂ ਨੇ ਝੱਟ ਬੱਚੇ ਨੂੰ ਕਲੇਜ਼ੇ ਨਾਲ ਲਾ ਲਿਆ। ਸਾਹਮਣੇ ਉਸਦਾ ਪਤੀ ਜਦੋਂ ਵਿਹੜੇ ਬੰਨ੍ਹੀ ਬੱਕਰੀ ਕੋਲੋਂ ਉਸਦੇ ਪਠੋਰੇ ਨੂੰ ਧੂਹ ਕੇ ਆਪਣੇ ਮੀਟ ਵਾਲੇ ਖੋਖੇ ਤੇ ਲਿਜਾ ਰਿਹਾ ਸੀ। ਉਹ ਜਾਣਦੀ ਹੋਈ ਵੀ ਬੱਚੇ ਨੂੰ ਉਸਦੇ ਸੁਆਲ ਦਾ ਜੁਆਬ ਨਾ ਦੇ ਸਕੀ। ਸਿਸਕਦੀ ਹੋਈ ਨੇ ਬੱਚੇ ਨੂੰ ਸੀਨੇ ਨਾਲ ਲਾ ਕੇ ਵਾਰ-ਵਾਰ ਚੁੰਮਿਆ।

***ਸਤੰਬਰ, 1998***

# ਨੇਤਾ/ਹਰਪ੍ਰੀਤ ਸਿੰਘ ਰਾਣਾ

ਰਾਮ ਸਿੰਘ ਦਾ ਲੰਗੋਟੀਆ ਯਾਰ ਸੋਹਣ ਸਿੰਘ ਜੋ ਹੁਣ ਫੌਜ ਵਿਚ ਸੀ, ਬੜੇ ਚਿਰਾਂ ਬਾਅਦ ਉਸ ਨੂੰ ਮਿਲਣ ਆਇਆ ਹੋਇਆ ਸੀ। ਦੋਨੋਂ ਬੈਠਕ ਵਿਚ ਬੈਠੇ ਗੱਲੀਂ ਬਾਤੀਂ ਲੱਗੇ ਹੋਏ ਸਨ ਕਿ ਰਾਮ ਸਿੰਘ ਦੇ ਪੁੱਤਰ ਸੁੰਦਰ ਨੇ ਚਾਹ ਦੀ ਟਰੇਅ ਫੜੀ ਬੈਠਕ ਵਿਚ ਪ੍ਰਵੇਸ਼ ਕੀਤਾ। ਸੁੰਦਰ ਨੇ ਸੋਹਣ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਮੇਜ਼ 'ਤੇ ਚਾਹ ਦੀ ਟਰੇਅ ਰੱਖ ਦਿੱਤੀ। ਸੋਹਣ ਸਿੰਘ ਨੇ ਉਸ ਦੀ ਬਾਂਹ ਫੜ ਕੇ ਆਪਣੇ ਵੱਲ ਖਿੱਚਿਆ ਤੇ ਗਲਵਕੜੀ ਵਿਚ ਲੈਂਦੇ ਹੋਏ ਹੱਸਦਿਆਂ ਬੋਲਿਆ, 'ਭਤੀਜਿਆ! ਕਿੰਨ੍ਹੀ 'ਚ ਪੜ੍ਹਦਾਂ...' ,

'ਜੀ...ਅੱਠਵੀ 'ਚ..।' ਸੁੰਦਰ ਇੱਕ ਦਮ ਬੋਲਿਆ।

'ਸ਼ਾਬਾਸ਼! 'ਤੇ ਸੋਹਣ ਸਿੰਘ, ਰਾਮ ਸਿੰਘ ਵੱਲ ਮੁਖਾਤਬ ਹੁੰਦੇ ਬੋਲਿਆ।

'ਰਾਮ ਸਿੰਹੁ! ਇਸ ਨੂੰ ਚੰਗਾ ਪੜ੍ਹਾ ਲਿਖਾ..ਤਾਂ ਜੋ ਵੱਡਾ ਅਫਸਰ ਬਣੇ, ਵਿਚੇ ਹੀ ਪੜ੍ਹਾਈ ਛਡਾ ਕੇ ਖੇਤਾਂ ਵਿਚ ਨਾ ਰੋਲ ਦੇਈਂ...।'

ਸੁੰਦਰ ਸਿੰਘ ਦੀ ਗਲਵਕੜੀ ਵਿੱਚੋਂ ਨਿਕਲਦਾ ਹੋਇਆ ਬੋਲਿਆ, 'ਮੈਂ ਨੀਂ ਬਹੁਤਾ ਪੜ੍ਹਨਾ ਪੁੜਨਾ...।'

'ਕਿਉਂ ਪੁੱਤ, ਫਿਰ ਤੂੰ ਵੱਡਾ ਅਫਸਰ ਕਿਵੇਂ ਬਣੇਗਾ...?'

'ਮੈਂ...ਮੈਂ ਤਾਂ ਨੇਤਾ ਬਣੂੰਗਾ' ਸੁੰਦਰ ਉਚੀ ਸਾਰੀ ਬੋਲਿਆ।

'ਨੇਤਾ...?' ਸੋਹਣ ਸਿੰਘ ਦੇ ਨਾਲ-ਨਾਲ ਰਾਮ ਸਿੰਘ ਵੀ ਹੈਰਾਨੀ ਨਾਲ ਸੁੰਦਰ ਵੱਲ ਤੱਕ ਰਿਹਾ ਸੀ।

'ਮੈਂ...ਮੈਂ ਤਾਂ ਨੇਤਾ ਬਣਨਾ, ਨੇਤਾ ਦਾ ਬੜਾ ਰੋਹਬ ਹੁੰਦਾ...।' ਪਲ ਭਰ ਰੁਕ ਕੇ ਸੁੰਦਰ ਆਪਣੇ ਪਿਤਾ ਵੱਲ ਵੇਖਦਿਆਂ ਬੋਲਿਆ।

'ਬਾਪੂ, ਉਸ ਦਿਨ ਵੇਖਿਆ ਨਹੀਂ, ਘੋਲੀ ਹੁਰਾਂ ਦਾ ਨੇਤਾ ਪਿਉ ਕਿੰਨੇ ਸਾਰੇ ਪੁਲਸੀਆਂ ਨਾਲ ਸ਼ਹਿਰੋਂ ਕਈ ਸਾਰੇ ਵੱਡੇ ਅਫਸਰ, ਸਾਡਾ ਸਰਪੰਚ, ਹੈਡਮਾਸਟਰ ਤੇ ਮਾਸਟਰ ਉਸ ਦੇ

ਪਿੱਛੇ ਪਿੱਛੇ ਜੀ ਜੀ ਕਰਦੇ ਘੁੰਮ ਰਹੇ ਸਨ, ਉਹ ਕਿਹੜਾ ਬਹੁਤਾ ਪੜ੍ਹਿਆ, ਕਹਿੰਦੇ ਪੰਜ ਵੀ ਪਾਸ ਨਹੀਂ..।' ਦੋਨੋਂ ਅਵਾਕ ਹੋਕੇ ਸੁੰਦਰ ਵੱਲ ਤੱਕ ਰਹੇ ਸਨ।

*ਸਤੰਬਰ, 1998*

## ਰੱਬ/ਸ਼ਿਆਰ ਸੁੰਦਰ ਅਗਰਵਾਲ

ਉਹ ਆਪਣੇ ਜਨਮ ਤੋਂ ਹੀ ਸੁਣਦਾ ਆ ਰਿਹਾ ਸੀ 'ਰੱਬ ਦੇ ਘਰ ਦੇਰ ਹੈ, ਹਨੇਰ ਨਹੀਂ।' ਪਰੰਤੂ ਜਦੋਂ ਇਹ ਦੇਰ ਅਮੁੱਕ ਜਾਪੀ ਅਤੇ ਡੂੰਘੇ ਹੁੰਦੇ ਜਾਂਦੇ ਦੁੱਖਾਂ ਦੇ ਜ਼ਖ਼ਮ ਅਜਿਹੇ ਹੋ ਗਏ ਤਾਂ ਉਸ ਨੇ ਰੱਬ ਕੋਲ ਜਾ ਕੇ ਗਰੀਬਾਂ ਦੀ ਦੁੱਖ ਕਥਾ ਸੁਣਾਉਣ ਦਾ ਫੈਸਲਾ ਕਰ ਲਿਆ। ਉਹ ਬਸਤੀ ਦੇ ਹਰ ਘਰ ਵਿਚ ਗਿਆ ਅਤੇ ਲੋਕਾਂ ਦੇ ਦੁੱਖ ਦਰਦ ਨੂੰ ਕਾਗਜ਼ ਉਪਰ ਉਲੀਕ ਲਿਆ। ਦੁਖੀ ਲੋਕਾਂ ਦੇ ਅੰਗੂਠਿਆਂ ਅਤੇ ਦਸਤਖਤਾਂ ਨਾਲ ਪੰਨੇ ਭਰ ਗਏ।

ਉਹ ਰੱਬ ਦੇ ਦਰਬਾਰ ਵਿਚ ਪਹੁੰਚਿਆ ਅਤੇ ਕਾਗਜ਼ਾਂ ਦਾ ਪੁਲੰਦਾ ਰੱਬ ਦੇ ਹੱਥਾਂ ਵਿਚ ਰੱਖ ਦਿੱਤਾ। ਰੱਬ ਨੇ ਇਕ ਵੀ ਕਾਗਜ਼ ਉਲਟਾ ਕੇ ਨਾ ਦੇਖਿਆ। ਰੱਬ ਅਡੌਲ ਬੈਠਾ ਰਿਹਾ। ਉਸ ਨੇ ਦਰਬਾਰੀਆਂ ਦੇ ਚਿਹਰਿਆਂ 'ਤੇ ਨਿਗ੍ਹਾ ਮਾਰੀ ਅਤੇ ਜਾਣ ਲਿਆ ਰੱਬ ਅਨਪੜ੍ਹ ਹੈ।

ਉਹ ਫਿਰ ਬਸਤੀ 'ਚ ਗਿਆ ਅਤੇ ਉਸ ਨੇ ਰੋਂਦੇ ਕਰਲਾਂਦੇ ਬੱਚਿਆਂ ਦੀਆਂ ਦਿਲ-ਕੰਬਾਉਂਦੀਆਂ ਆਵਾਜ਼ਾਂ ਨੂੰ 'ਟੇਪ' ਕਰ ਲਿਆ। ਲੋਕਾਂ ਦੇ ਦੁੱਖਾਂ ਦੀ ਦਾਸਤਾਨ ਉਨ੍ਹਾਂ ਦੀ ਗਮਗੀਨ ਆਵਾਜ਼ 'ਚ ਹੀ 'ਟੇਪ-ਰਿਕਾਰਡਰ' ਵਿਚ ਬੰਦ ਕਰ ਲਈ।

ਉਹ ਰੱਬ ਦੇ ਦਰਬਾਰ ਵਿਚ ਪਹੁੰਚਿਆ ਅਤੇ ਟੇਪ-ਰਿਕਾਰਡਰ ਰੱਬ ਦੇ ਅੱਗੇ ਰੱਖ ਕੇ ਚਾਲੂ ਕਰ ਦਿੱਤਾ। ਕੁਰਲਾਉਂਦੀਆਂ ਹੋਈਆਂ ਆਵਾਜ਼ਾਂ ਦਰਬਾਰ ਵਿਚ ਗੂੰਜਦੀਆਂ ਰਹੀਆਂ ਪਰੰਤੂ ਰੱਬ ਅਡੋਲ ਬੈਠਾ ਰਿਹਾ। ਰੱਬ ਦੁੱਖ-ਦਰਦ ਦੀ ਛੋਹ ਤੋਂ ਅਭਿੱਜ, ਬੈਠਾ ਮੁਸਕਰਾ ਰਿਹਾ ਸੀ। ਉਹ ਸਮਝ ਗਿਆ-ਰੱਬ ਬੋਲਾ ਹੈ।

ਉਸ ਨੇ ਦਿਲ ਨਾ ਛੱਡਿਆ। ਉਹ ਫਿਰ ਬਸਤੀ ਵਿਚ ਗਿਆ ਅਤੇ ਉਸ ਨੇ ਨਰਕ ਦਾ ਜੀਵਨ ਭੋਗਦੇ ਲੋਕਾਂ ਦੇ ਦੁੱਖ-ਦਰਦ ਨੂੰ ਚਿਤਰਾਂ ਰਾਹੀਂ ਕਾਗਜ਼ ਉੱਪਰ ਸਜੀਵ ਕੀਤਾ। ਉਹ ਫਿਰ ਰੱਬ ਦੇ ਦਰਬਾਰ ਵਿਚ ਪਹੁੰਚਿਆ ਅਤੇ ਸਾਰੇ ਦੇ ਸਾਰੇ ਚਿੱਤਰ ਰੱਬ ਸਾਹਮਣੇ ਕਰ ਦਿੱਤੇ। ਪਿੱਠ ਨਾਲ ਲੱਗੇ ਢਿੱਡਾਂ ਨੂੰ ਅਤੇ ਪੀਲੇ ਭੂਕ ਚਿਹਰਿਆਂ ਨੂੰ ਦੇਖ ਕੇ ਵੀ ਰੱਬ ਦੀਆਂ ਅੱਖਾਂ 'ਚੋਂ ਇੱਕ ਵੀ ਹੰਝੂ ਨਾ ਕਿਰਿਆ। ਰੱਬ ਨੇ ਅੱਖ ਤੱਕ ਨਾ ਝਪਕੀ। ਉਹ ਸਮਝ ਗਿਆ- ਰੱਬ ਅੰਨ੍ਹਾਂ ਹੈ।

ਹੁਣ ਉਸ ਦਾ ਸਬਰ ਦਮ ਤੋੜ ਗਿਆ। ਆਪਣੇ ਲੋਕਾਂ ਦੇ ਦੁੱਖ-ਤਕਲੀਫ ਦੱਸੇ ਬਿਨਾਂ ਉਹ ਵਾਪਸ ਨਹੀਂ ਸੀ ਜਾਣਾ ਚਾਹੁੰਦਾ। ਉਸ ਨੇ ਰੱਬ ਦਾ ਮੋਢਾ ਪਕੜ ਕੇ ਜੋਰ ਦੀ ਝੰਜੋੜਿਆ ਤਾਂ ਸਾਰੇ ਦਾ ਸਾਰਾ ਰੱਬ ਮਿੱਟੀ ਦੇ ਟੁਕੜੇ ਹੋ ਕੇ ਉਸ ਦੇ ਅੱਗੇ ਢੇਰੀ ਹੋ ਗਿਆ।

'ਰੱਬ ਮਿੱਟੀ ਦਾ...ਰੱਬ ਮਿੱਟੀ ਦਾ...' ਕਰਦਿਆਂ ਜਦੋਂ ਉਹ ਬਾਹਰ ਦੌੜਿਆ ਤਾਂ ਦਰਬਾਨਾਂ ਨੇ ਉਸਨੂੰ ਫੜ੍ਹ ਲਿਆ-ਨਾਸਤਕ ਹੋਣ ਦੀ ਸਜ਼ਾ ਦੇਣ ਲਈ।

*ਜੂਨ-1999*

## ਟੂਣਾ/ਅਸ਼ੋਕ ਸਰਾਹਣੂ

ਚਰੱਸਤੇ ਤੇ ਕੀਤੇ ਟੂਣੇ ਨੂੰ ਦੇਖ ਕੇ ਉਸ ਦੀਆਂ ਅੱਖਾਂ 'ਚ ਚਮਕ ਆ ਗਈ। ਪਾਈਆ ਕੁ ਮਸਰਾਂ ਦੀ ਦਾਲ, ਖਾਣ ਪੀਣ ਦਾ ਸਮਾਨ ਤੇ ਸਵਾ ਇੱਕੀ ਰੁਪਏ। ਬੱਸ ਸ਼ਾਮ ਦੇ ਰਾਸ਼ਨ ਦਾ ਪ੍ਰਬੰਧ ਹੋ ਗਿਆ। ਕਿਸੇ ਦੁਆਰਾ ਟਾਲੇ ਗਏ ਗ੍ਰਹਿ ਨਾਲ ਉਸ ਦੇ ਘਰ ਦੇ ਕਈ ਦਿਨਾਂ ਤੋਂ ਸੱਖਣੇ ਚੁਲ੍ਹੇ ਤੇ ਧਰੇ ਪਤੀਲੇ 'ਚੋਂ ਮਹਿਕ ਆ ਰਹੀ ਸੀ।

*ਜੂਨ-1999*

## ਹਨੇਰਾ/ਸੁਰਿੰਦਰ ਕੈਲੇ

ਉਸਨੇ ਕ੍ਰਾਂਤੀਕਾਰੀ ਨਾਵਲ 'ਜਿੱਤ ਦੀ ਦਿਸ਼ਾ ਵੱਲ' ਇਕੋ ਬੈਠਕ ਵਿਚ ਪੜ੍ਹ ਲਿਆ। ਅਪਣੇ ਆਪ ਵਿਚ, ਨਵੀਂ ਸ਼ਕਤੀ ਦਾ ਅਹਿਸਾਸ ਮਹਿਸੂਸ ਕਰਦਿਆਂ, ਉਸਨੇ ਆਪਣੇ ਪਤੀ ਨੂੰ ਕਿਹਾ, 'ਮੈਂ ਵੀ ਇਨਕਲਾਬੀ ਬਣ ਜਾਣਾ ਹੈ।'

ਉਸਦੇ ਲੋਕਪੱਖੀ ਸੋਚ ਵਾਲੇ ਪਤੀ ਨੇ ਮੁਸਕਰਾਉਂਦਿਆਂ, ਉਸਦੇ ਚਿਹਰੇ ਵੱਲ ਵੇਖਿਆ। ਉਸਦਾ ਚਿਹਰਾ ਨੂਰੋ-ਨੂਰ ਸੀ ਤੇ ਉਹ ਆਮ ਨਾਲੋਂ ਵਧ ਦ੍ਰਿੜ੍ਹ ਤੇ ਸਾਹਸੀ ਲਗਦੀ ਸੀ।

ਗੱਲਾਂ ਗੱਲਾਂ ਵਿਚ ਗੱਲ ਆਈ ਗਈ ਹੋ ਗਈ ਤੇ ਰਾਤੀਂ ਖਾਣਾ ਖਾ ਸਾਰਾ ਟੱਬਰ ਸੌਂ ਗਿਆ। ਦੇਰ ਰਾਤ ਨੂੰ ਨਿੱਕਾ ਬੱਚਾ ਰੋਣ ਲੱਗ ਪਿਆ। ਉਹ ਉੱਠੀ, ਫਰਿੱਜ ਵਿੱਚੋਂ ਦੁੱਧ ਵਾਲੀ ਗੜਵੀ ਕੱਢੀ, ਫਿਰ ਪਤੀ ਨੂੰ ਉਠਾਉਣ ਦੀ ਕੋਸ਼ਿਸ਼ ਕਰਨ ਲੱਗੀ,

'ਜੀ, ਉੱਠੋ, ਮੁੰਨਾ ਭੁੱਖਾ ਰੋ ਰਿਹਾ ਹੈ। ਮੇਰੇ ਨਾਲ ਰਸੋਈ ਤੱਕ ਚੱਲੋ, ਦੁੱਧ ਗਰਮ ਕਰਨਾ ਹੈ।'

'ਹੀਟਰ ਤੇ ਕਰ ਲੈ..ਆਹ ਤੇਰੇ ਕੋਲ ਤਾਂ ਪਿਆ ਹੈ।' ਪਤੀ ਨੇ ਰਜਾਈ ਵਿੱਚੋਂ ਮੂੰਹ ਬਾਹਰ ਕੱਢੇ ਬਗੈਰ ਹੀ ਕਿਹਾ।

'ਹੀਟਰ 'ਤੇ ਕਿਵੇਂ ਗਰਮ ਕਰਾਂ, ਬਿਜਲੀ ਤਾਂ ਬੰਦ ਹੈ।'

ਪਤੀ ਨੇ ਰਜਾਈ 'ਚੋਂ ਮੂੰਹ ਬਾਹਰ ਕੱਢਿਆ।

'ਤੂੰ ਆਪੇ ਹੀ ਗਰਮ ਕਰ ਲਿਆ, ਮੈਨੂੰ ਤਾਂ ਜ਼ੋਰ ਦੀ ਨੀਂਦ ਆਉਂਦੀ ਹੈ।'

'ਇਕੱਲੀ ਨੂੰ ਬਾਹਰੋਂ ਡਰ ਲਗਦੈ।'

'ਪਰ ਤੂੰ ਤਾਂ ਕਹਿੰਦੀ ਸੀ ਇਨਕਲਾਬੀ ਬਨਣਾ ਹੈ।'

ਪਤੀ ਨੂੰ ਸੁਣ, ਉਸਨੂੰ ਵੀ ਦਿਨ ਵਾਲੀ ਗੱਲ ਯਾਦ ਆ ਗਈ। ਉਸ ਨੇ ਆਪਣੇ ਆਪ ਨੂੰ ਨਿਡਰ ਮਹਿਸੂਸ ਕੀਤਾ। ਦਰਵਾਜ਼ਾ ਖੋਲ੍ਹਿਆ ਤੇ ਬਾਹਰ ਨਿਕਲ ਗਈ। ਪਰ ਦੂਸਰੇ ਹੀ ਪਲ ਉਸਦੇ ਪੈਰ ਪਿਛਾਂਹ ਪਰਤ ਆਏ। ਪਤੀ ਨੂੰ ਹਲੂਣਦਿਆਂ, ਉਸਨੇ ਫਿਰ ਉਠਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ-

'ਜੀ ਬਾਹਰ ਤਾਂ ਬਹੁਤ ਹਨੇਰਾ ਹੈ।'

*ਸਤੰਬਰ-1999*

## ਪੁੱਤਰਾਂ ਵਾਲੀ ਮਾਂ/ਅਮਰੀਕ ਕੰਡਾ

ਬੰਤੋ ਦੇ ਪਹਿਲੇ ਸਾਲ ਮੁੰਡਾ ਹੋਇਆ। ਸਾਰਾ ਪਰਿਵਾਰ ਖੁਸ਼ ਸੀ। ਤਿੰਨ ਸਾਲ ਬਾਅਦ ਫੇਰ ਬੱਚਾ ਹੋਣ ਵਾਲਾ ਸੀ। ਸਭ ਕਹਿ ਰਹੇ ਸਨ ਕਿ ਕਿਵੇਂ ਨਾ ਕਿਵੇਂ ਰੱਬ ਮੁੰਡਾ ਦੇਵੇ ਤਾਂ ਜੋੜੀ ਬਣ ਜਾਊਗੀ। ਰੱਬ ਨੇ ਉਨ੍ਹਾਂ ਦੀ ਸੁਣ ਲਈ ਤੇ ਜੋੜੀ ਬਣ ਗਈ। ਐਸਾ ਭਾਣਾ ਵਰਤਿਆ ਕਿ ਦੋ ਸਾਲ ਬਾਅਦ ਉਸ ਦੇ ਜੌੜੇ ਮੁੰਡੇ ਫੇਰ ਹੋ ਗਏ। ਸਾਰੇ ਪਿੰਡ ਵਿਚ ਬਹੁਤ ਚਰਚਾ ਹੋ ਰਹੀ ਸੀ। ਲੋਕ ਉਸ ਨੂੰ ਪੁੱਤਰਾਂ ਵਾਲੀ ਮਾਂ ਨਾਲ ਜਾਣਦੇ ਸਨ। ਸਾਰੇ ਪਿੰਡ ਵਿਚ ਉਸ ਦੀ ਅੱਲ ਹੀ ਪੈ ਗਈ ਸੀ। ਜੇ ਕਿਸੇ ਕੁੜੀ ਦੇ ਬੱਚਾ ਹੋਣ ਵਾਲਾ ਹੁੰਦਾ ਤਾਂ ਬੰਤੋ ਦੇ ਮੱਥੇ ਜ਼ਰੂਰ ਲਾਉਂਦੇ ਸਨ। ਇਕ ਦਿਨ ਬੰਤੋ ਦੇ ਘਰ ਵਾਲੇ ਦਾ ਐਕਸੀਡੈਂਟ ਹੋ ਗਿਆ ਪਰ ਬੰਤੋ ਨੂੰ ਹੌਂਸਲਾ ਸੀ ਉਸ ਦੇ ਚਾਰ ਪੁੱਤਰ ਸਨ। ਮੁੰਡੇ ਜਵਾਨ ਹੋ ਗਏ ਤੇ ਉਹਨਾਂ ਦੇ ਵਿਆਹ ਹੋ ਗਏ। ਅੱਜ ਪੁੱਤਰਾਂ ਵਾਲੀ ਮਾਂ ਆਪਣੀ ਇਕੱਲੀ ਜਿੰਦਗੀ ਬਤੀਤ ਕਰ ਰਹੀ ਸੀ। ਰੱਬ ਅੱਗੇ ਅਰਦਾਸ ਕਰ ਰਹੀ ਸੀ ਕਿ ਰੱਬਾ ਇਕ ਧੀ ਤਾਂ ਜ਼ਰੂਰ ਦੇਣੀ ਸੀ। ਇਹਨਾਂ ਮਤਲਬੀ ਪੁੱਤਰਾਂ ਤੋਂ ਤਾਂ ਮੈਂ 'ਕੱਲੀ ਹੀ ਚੰਗੀ ਸੀ। ਹੁਣ ਉਹ ਲੋਕਾਂ ਨੂੰ ਕਹਿ ਰਹੀ ਸੀ ਕਿ ਮੇਰੇ ਮੱਥੇ ਆਪਣੀਆਂ ਕੁੜੀਆਂ ਨਾ ਲਾਉਣ। ਉਹਨਾਂ ਦਾ ਹਾਲ ਵੀ ਮੇਰੇ ਵਰਗਾ ਨਾ ਹੋਵੇ।

***ਸਤੰਬਰ-1999***

## ਕਾਫਿਰ/ਨੂਰ ਸੰਤੋਖਪੁਰੀ

'ਜ਼ਰਾ ਰੁਕਿਉ ਤਾਂ ਸਹੀ!'

'ਹਾਂ, ਦੱਸੋ, ਕੀ ਕੰਮ ਏ?'

'ਕਾਫਿਰ ਕੌਣ ਹੁੰਦੇ ਨੇ?'

'ਜਿਹੜੇ ਉਸ ਪਰਵਰਦਿਗਾਰ, ਅੱਲ੍ਹਾ-ਤਾਲਾ, ਖੁਦਾ ਨੂੰ ਨਹੀਂ ਮੰਨਦੇ; ਉਨ੍ਹਾਂ ਨੂੰ ਕਾਫਿਰ ਕਿਹਾ ਜਾਂਦਾ ਏ।'

'ਐਸਾ ਤਾਂ ਸਿਰਫ ਇਨਸਾਨਾਂ ਬਾਰੇ ਹੀ ਸੋਚਿਆ ਜਾ ਸਕਦਾ ਏ।'

'ਤੁਸੀਂ ਕਿਸ ਦੇ ਮੁਤੱਲਿਕ ਪੁੱਛ ਰਹੇ ਹੋ?'

'ਮੈਂ ਸੋਚਦਾਂ, ਕਿ ਤਮਾਮ ਪਰਿੰਦਿਆਂ, ਜਾਨਵਰਾਂ ਨੂੰ ਕੀ ਕਿਹਾ ਜਾਵੇ; ਜਿਨ੍ਹਾਂ ਬਾਰੇ ਅਸੀਂ ਕਦੇ ਪਤਾ ਨਹੀਂ ਲਗਾ ਸਕਦੇ, ਕਿ ਉਹ ਖੁਦਾ ਨੂੰ ਮੰਨਦੇ ਨੇ ਜਾਂ ਨਹੀਂ?'

'ਲਗਦੈ, ਤੁਹਾਡਾ ਦਿਮਾਗ਼ ਫਿਰ ਗਿਐ।'

***ਦਸੰਬਰ-1999***

## ਸ਼ੇਰ ਤੇ ਆਦਮੀ/ਸੁਖਵੰਤ ਸਿੰਘ ਮਰਵਾਹਾ

ਇਕ ਦਿਨ ਸ਼ੇਰ ਤੇ ਆਦਮੀ ਵਿਚ ਬਹਿਸ ਛਿੜ ਗਈ। ਦੋਨੋਂ ਆਪਣੇ ਆਪ ਨੂੰ ਇਕ ਦੂਜੇ ਨਾਲੋਂ ਤਾਕਤਵਰ ਦੱਸ ਰਹੇ ਸਨ। ਸ਼ੇਰ ਨੇ ਕਿਹਾ, 'ਮੇਰੀ ਤਾਕਤ ਦਾ ਕੋਈ ਜਵਾਬ ਨਹੀਂ।

ਮੈਂ ਜੰਗਲ ਦੇ ਕਿਸੇ ਵੀ ਜਾਨਵਰ ਨੂੰ ਮਾਰ ਸਕਦਾ ਹਾਂ। ਆਦਮੀ ਵੀ ਆਪਣੇ ਆਪ ਨੂੰ ਸ਼ੇਰ ਕਹਿਕੇ ਫਖਰ ਮਹਿਸੂਸ ਕਰਦਾ ਹੈ।'

ਆਦਮੀ ਬੋਲਿਆ, 'ਇਹ ਮੰਨਿਆ ਕਿ ਤੂੰ ਬਹੁਤ ਬਹਾਦਰ ਹੈਂ ਤੇ ਜੰਗਲ ਦੇ ਕਿਸੇ ਜਾਨਵਰ ਨੂੰ ਮਾਰ ਸਕਦੈਂ। ਪਰ ਇਹ ਦੱਸ ਕਿ ਤੂੰ ਅਸਾਨੀ ਨਾਲ ਕਿਸੇ ਦੂਜੇ ਸ਼ੇਰ ਨੂੰ ਮਾਰ ਸਕਦੈਂ?'

'ਸਾਥੀ ਸ਼ੇਰ ਨੂੰ ਮਾਰਨਾ ਤਾਂ ਬਹੁਤ ਔਖਾ ਕੰਮ ਹੈ।' ਸ਼ੇਰ ਨੇ ਆਪਣੇ ਆਪ ਨੂੰ ਕਮਜ਼ੋਰ ਜਿਹਾ ਮਹਿਸੂਸ ਕਰਦਿਆਂ ਕਿਹਾ।

'ਪਰ ਮੇਰੇ ਲਈ ਇਹ ਬੜਾ ਮਾਮੂਲੀ ਕੰਮ ਐ, ਤੁਰੇ ਜਾਂਦੇ ਜਿਸ ਬੰਦੇ ਨੂੰ ਕਹੇਂ ਮੈਂ ਮਿੰਟਾਂ-ਸਕਿੰਟਾਂ ਵਿਚ ਮਾਰ ਮੁਕਾਵਾਂ।'

*ਮਾਰਚ-2000*

## ਪੂਰਨ/ਮਨਪ੍ਰੀਤ ਕੌਰ ਭਾਟੀਆ

ਉਹ ਜਦੋਂ ਵੀ ਸ਼ੀਸ਼ਾ ਦੇਖਦੀ ਮਨ ਹੀ ਮਨ ਕੁੜ੍ਹਣ ਲੱਗਦੀ ਤੇ ਉਸਦੀ ਜ਼ੁਬਾਨ ਰੱਬ ਨੂੰ ਗਾਲਾਂ ਦੇਣ ਲੱਗਦੀ, 'ਇਕ ਤਾਂ ਰੰਗ ਕਾਲਾ ਉੱਤੋਂ ਚਿਹਰੇ ਤੇ ਦਾਗ ਤੇ ਫਿਰ ਕੱਦ ਵੀ ਬੇਹੱਦ ਗਿੱਠਾ। ਉਹ ਕਰਤਾਰੇ ਦੀ ਸੀਬੋ ਵੀ ਤਾਂ ਰੱਬ ਨੇ ਹੀ ਬਣਾਈ ਏ। ਸੱਚੀਂ ਕਿਵੇਂ ਮਖਮਲ ਵਾਂਙੂੰ ਪੋਲੀ ਤੇ ਉੱਤੋਂ ਦੁੱਧ ਵਾਂਙ ਚਿੱਟੀ ਏ। ਸਾਰੇ ਪਿੰਡ ਦੇ ਗੱਭਰੂ ਮਰਦੇ ਨੇ ਉਹਦੇ ਤੇ ਇਕ ਮੈਂ...ਮੇਰੇ ਵੱਲ ਤਾਂ ਕੋਈ ਤੱਕਣ ਲਈ ਵੀ ਤਿਆਰ ਨਹੀਂ। ਪਤਾ ਨਹੀਂ ਉਸ ਰੱਬ ਨੇ ਮੇਰੇ ਤੋਂ ਕਿਹੜੀ ਦੁਸ਼ਮਣੀ ਦਾ ਬਦਲਾ ਲਿਆ ਏ...।' ਉਹ ਹਮੇਸ਼ਾ ਰੱਬ ਨੂੰ ਕੋਸਦੀ ਤੇ ਤਿਆਰ ਹੋ ਕੇ ਕਾਲਜ ਚੱਲ ਪੈਂਦੀ। ਪਰ ਹੁਣ ਤਾਂ ਉਹਨੇ ਇਹ ਸੋਚ ਕੇ ਸ਼ੀਸ਼ਾ ਦੇਖਣਾ ਹੀ ਛੱਡ ਦਿੱਤਾ ਕਿ ਕਿਉਂ ਸਵੇਰੇ-2 ਮਨ ਖ਼ਰਾਬ ਕਰਨਾ ਹੈ। ਵਕਤ ਗੁਜ਼ਰਦਾ ਗਿਆ। ਅੱਜ ਉਹ ਬੇਹੱਦ ਖੁਸ਼ ਸੀ। ਕਿਉਂਕਿ ਕਾਲਜ ਵੱਲੋਂ ਅੰਮ੍ਰਿਤਸਰ ਦੀ ਸੈਰ ਲਈ ਉਹਦੀ ਮਾਂ ਨੇ ਉਸਨੂੰ ਵੀ ਜਾਣ ਦੀ ਆਗਿਆ ਦੇ ਦਿੱਤੀ ਸੀ।

ਸਾਰੇ ਕਿਧਰੇ ਘੁੰਮਦੇ-2 ਜਦੋਂ ਉਹ ਪਿੰਗਲਵਾੜੇ ਪਹੁੰਚੇ ਤਾਂ ਉਹ ਦੰਗ ਰਹਿ ਗਈ ਕਿਵੇਂ ਅੱਖੋਂ, ਲੱਤੋਂ ਜਾਂ ਬਾਹੋਂ ਹੀਣੇ ਬੱਚੇ ਖੁਸ਼ੀ-ਖੁਸ਼ੀ ਕੰਮ ਕਰੀ ਜਾ ਰਹੇ ਸੀ। ਉਹਨਾਂ ਦਾ ਕੰਮ ਦੇਖ ਕੇ ਤਾਂ ਉਹ ਹੋਰ ਵੀ ਦੰਗ ਰਹਿ ਗਈ। ਜਿਹੜਾ ਕੰਮ ਇਕ ਚੰਗਾ ਭਲਾ ਬੰਦਾ ਵੀ ਇੰਨਾਂ ਵਧੀਆ ਨਹੀਂ ਸੀ ਕਰ ਸਕਦਾ, ਉਸ ਕੰਮ 'ਚ ਉਨ੍ਹਾਂ ਦੀ ਇੰਨੀ ਖੂਬਸੂਰਤੀ। ਉਸਨੂੰ ਕਿਸੇ ਦੇ ਚਿਹਰੇ ਤੇ ਵੀ ਦੁੱਖ ਦੇ ਚਿੰਨ੍ਹ ਨਹੀਂ ਲੱਭੇ। 'ਇਹ ਤਾਂ ਅਪੂਰਨ ਹੋ ਕੇ ਵੀ ਰੱਬ ਦੀ ਰਜ਼ਾ 'ਚ ਰਾਜ਼ੀ ਨੇ ਤੇ ਮੈਂ ਹਰ ਪੱਖੋਂ ਪੂਰਨ ਹੋ ਕੇ ਵੀ...।'

*ਮਾਰਚ-2000*

## ਸਧਰ/ਸੁਰਿੰਦਰ ਕੈਲੇ

ਸੰਗੀਤਾ ਉੱਚ ਦਰਜੇ ਦੀ ਗਾਇਕਾ ਹੈ।

ਉਸਦੀ ਆਵਾਜ਼ ਸੁਰੀਲੀ, ਮਿੱਠੀ, ਤਿੱਖੀ ਅਤੇ ਪ੍ਰਭਾਵਸ਼ਾਲੀ ਹੈ। ਜਦੋਂ ਉਹ ਸੁਰਬੱਧ ਗਾਉਂਦੀ ਹੈ, ਤਾਂ ਮਨ ਦੀਆਂ ਤਰੰਗਾਂ ਆਪਣੇ ਆਪ ਸੰਗੀਤਬੱਧ ਹੋ ਜਾਂਦੀਆਂ ਹਨ। ਅਵਾਜ਼ ਦੇ ਜਾਦੂ ਨਾਲ ਸਰੋਤਿਆਂ ਨੂੰ ਮੰਤਰ-ਮੁਗਤ ਕਰਨ ਦੀ ਕਲਾ ਵਿਚ ਉਹ ਪਰਬੀਨ ਹੈ।

ਅੱਜ ਪਹਿਲੀ ਵਾਰ, ਮੈਨੂੰ ਉਸਦੀ ਗਾਇਕੀ ਸੁਨਣ ਦਾ ਮੌਕਾ ਮਿਲਿਆ ਹੈ। ਮੇਰੇ ਦੋਸਤ ਦੇ ਘਰ 'ਇਸਤਰੀ ਸਤਿਸੰਗ ਸਭਾ' ਵਲੋਂ ਕੀਰਤਨ ਦਰਬਾਰ ਹੈ। ਕੀਰਤਨ ਵਿਚ, ਸੰਗੀਤਾ ਦੇ ਗਾਏ ਸ਼ਬਦਾਂ ਨੇ ਸੰਗਤਾਂ ਨੂੰ ਸਮਾਧੀ ਲੀਨ ਕਰ ਦਿੱਤਾ ਹੈ। ਰਾਗਾਂ ਵਿਚ ਸ਼ਬਦ ਗਾਇਨ ਦੀ ਉਸਦੀ ਪਰਪੱਕਤਾ ਨੇ ਸਰੋਤਿਆਂ ਨੂੰ ਬੰਨ੍ਹ ਕੇ ਬਿਠਾ ਲਿਆ ਹੈ। ਕੀਰਤਨ ਦੀ ਸਮਾਪਤੀ ਹੋਈ ਹੈ। ਹੁਣ ਹਰੇਕ ਦੀ ਜ਼ੁਬਾਨ 'ਤੇ ਸੰਗੀਤਾ ਦੀ ਆਵਾਜ਼ ਅਤੇ ਗਾਇਕੀ ਦੀ ਪ੍ਰਸੰਸਾ ਹੈ।

ਸੰਗੀਤਾ ਭੈਣ ਜੀ! ਤੁਸੀਂ ਤਾਂ ਕਮਾਲ ਕਰ ਦਿੱਤੀ। ਬਹੁਤ ਅਨੰਦ ਆਇਆ।' ਇਕ ਸ਼ਰਧਾਲੂ ਨੇ ਪ੍ਰਸੰਸਾ ਕੀਤੀ ਹੈ। 'ਮੇਰੀ ਤਾਂ ਐਸੀ ਸਮਾਧੀ ਲੱਗੀ, ਦੁਨੀਆਂ ਦੀ ਸੁੱਧ-ਬੁੱਧ ਵੀ ਭੁੱਲ ਗਈ। ਜੀਅ ਕਰਦਾ ਸੀ, ਤੁਹਾਡੇ ਮਿੱਠੇ ਬੋਲ ਕੰਨੀਂ ਪੈਂਦੇ ਰਹਿਣ।' ਕਿਸੇ ਹੋਰ ਨੇ ਮੋਹ ਭਿੱਜੇ ਬੋਲ ਕਹੇ।

ਸੰਗੀਤਾ ਸ਼ੁਕਰਾਨੇ ਵਜੋਂ ਮੁਸਕ੍ਰਾਈ।

ਐਨੀ ਵਧੀਆ ਅਵਾਜ਼ ਜੇ ਗਾਇਕੀ ਦੇ ਪਿੜ ਵਿਚ ਆਵੇ ਤਾਂ ਧੁੰਮਾਂ ਹੀ ਪੈ ਜਾਣ-ਸੋਚਦਿਆਂ ਮੈਂ ਸੰਗੀਤਾ ਨੂੰ ਸੰਬੋਧਨ ਹੋਇਆ-

'ਭੈਣ ਜੀ! ਤੁਹਾਡੀ ਅਵਾਜ਼ ਐਨੀ ਸੁਰੀਲੀ ਹੈ ਅਤੇ ਤੁਹਾਨੂੰ ਗਾਇਕੀ ਦੀ ਸਮਝ ਵੀ ਹੈ। ਫਿਰ ਤੁਸੀਂ ਕੈਸਿਟਾਂ ਵਗੈਰਾ ਕਿਉਂ ਨਹੀਂ ਕਢਵਾਉਂਦੇ? ਤੁਹਾਨੂੰ ਮੰਚ 'ਤੇ ਗਾਉਣਾ ਚਾਹੀਦਾ ਹੈ। ਨਾਟਕਾਂ ਵਿਚ ਤਾਂ ਤੁਸੀਂ ਇਕਦਮ ਛਾ ਜਾਵੋ।'

'ਗਾਉਣ ਦਾ ਮੈਨੂੰ ਬਚਪਨ ਤੋਂ ਹੀ ਸ਼ੌਕ ਸੀ। ਸਕੂਲ, ਕਾਲਜ ਵਿਚ ਗਾਇਆ ਕਰਦੀ ਸੀ। ਕਾਲਜ ਵਿਚ ਤਾਂ ਨਾਟਕਾਂ ਵਿਚ ਵੀ ਕੰਮ ਕੀਤਾ। ਮੇਰੇ ਪੇਕੇ ਘਰ ਅਲਮਾਰੀ ਭਰੀ ਪਈ ਹੈ, ਸਨਮਾਨਾਂ ਨਾਲ। ਪਰ...।'

ਉਸ ਨੇ ਸਾਹ ਲਿਆ ਤੇ ਫਿਰ ਕਹਿਣਾ ਸ਼ੁਰੂ ਕੀਤਾ-

'ਮੇਰੇ ਪਤੀ ਨੂੰ ਮਹਿਫਲਾਂ 'ਚ ਗਾਉਣਾ ਜਾਂ ਮੰਚ 'ਤੇ ਕੰਮ ਕਰਨਾ ਬਿਲਕੁਲ ਪਸੰਦ ਨਹੀਂ। ਉਹ ਤਾਂ ਪਰੀਵਾਰਕ ਮਾਹੌਲ ਵਿਚ ਵੀ ਸਾਹਿਤਕ ਜਾਂ ਲੋਕ ਗੀਤ ਗਾਉਣ ਦੀ ਆਗਿਆ ਨਹੀਂ ਦਿੰਦੇ। ਕਈ ਵਾਰ ਤਾਂ ਸੱਚ ਮੁੱਚ ਹੀ ਬੜਾ ਜੀਅ ਕਰਦਾ ਹੈ। ਪਰ ਮਨ ਮਾਰਨਾ ਪੈਂਦਾ ਹੈ। ਆਪਣੇ ਪਤੀ ਦੀ ਇੱਛਾ ਵਿਰੁੱਧ ਕੰਮ ਕਰਕੇ ਮੈਂ ਉਨ੍ਹਾਂ ਨੂੰ ਦੁਖੀ ਨਹੀਂ ਕਰਨਾ ਚਾਹੁੰਦੀ। ਉਹ ਬੜੇ ਧਾਰਮਿਕ ਸੁਭਾ ਵਾਲੇ ਵਿਅਕਤੀ ਹਨ, ਇਸ ਲਈ ਇਸਤਰੀ ਸਤਿਸੰਗ ਵਿਚ ਸ਼ਬਦ ਗਾਉਣ ਦੀ ਆਗਿਆ ਦਿੱਤੀ ਹੋਈ ਹੈ।'

ਸੰਗੀਤਾ ਪਲ ਭਰ ਰੁਕੀ ਹੈ। ਫਿਰ ਉਦਾਸੀ ਦੇ ਘੋਰ ਅੰਧੇਰੇ ਵਿਚ ਅਲੋਪ ਹੁੰਦਿਆਂ, ਹਾਉਕਾ ਭਰਦਿਆਂ ਕਹਿੰਦੀ ਹੈ- 'ਇੰਝ ਸ਼ਬਦ ਗਾ ਕੇ ਮਨ ਦੀ ਸਧਰ ਪੂਰੀ ਕਰ ਲਈਦੀ ਹੈ।'

***ਜੂਨ-2000***

# ਤਪੱਸਿਆ ਦਾ ਫਲ/ਸੁਰਿੰਦਰ ਕੈਲੇ

'ਕੁੱਤੀਏ...ਹਰਾ...ਮ।'

ਮੂੰਹੋਂ ਝੱਗ ਉਗਲਦਾ ਉਹ ਸੋਟੀ ਚੁੱਕ ਲੈਂਦਾ।

ਸੀਤੋ ਦੰਦਾਂ 'ਚ ਜੀਭ ਲੈ ਕੇ ਪੀੜ ਸਹਿੰਦੀ।

ਸ਼ਰਾਬੀ ਬਾਪ ਦਾ ਤਾਂਡਵ ਨਾਚ ਦੇਖ, ਬੱਚੇ ਸਹਿਮ ਜਾਂਦੇ ਤੇ ਘਰ ਦੇ ਕਿਸੇ ਖੂੰਜੇ ਵਿਚ ਪਏ ਮੰਜੇ 'ਤੇ ਸਾਹ ਖਿੱਚ ਕੇ ਪੈ ਜਾਂਦੇ।

'ਥੋਡੀ ਖ਼ਾਤਿਰ ਜ਼ੁਲਮ ਝੱਲ ਰਹੀ ਹਾਂ, ਨਹੀਂ ਤਾਂ ਕਦੇ ਦੀ ਇਸ ਦਰਿੰਦੇ ਨੂੰ ਛੱਡ ਕੇ ਚਲੀ ਜਾਂਦੀ।' ਬੱਚਿਆਂ ਨੂੰ ਹਿੱਕ ਨਾਲ ਲਾ, ਸੀਤੋ ਹੰਝੂ ਬਹਾਉਂਦੀ ਰਹਿੰਦੀ।

ਬੱਚੇ ਜਵਾਨ ਹੋ ਗਏ ਪਰ ਸ਼ਰਾਬੀ ਦੀ ਦਰਿੰਦਗੀ ਵਿਚ ਕੋਈ ਫਰਕ ਨਹੀਂ ਪਿਆ। ਅੱਜ ਫਿਰ ਉਸ ਨੇ ਆਪੇ ਤੋਂ ਬਾਹਰ ਹੁੰਦਿਆਂ, 'ਗਾਲ੍ਹਾਂ ਕੱਢਦਿਆਂ ਡੰਡਾ ਚੁੱਕ ਲਿਆ।

'ਬਾਪੂ...!

ਅੰਦਰ ਵੜਦੇ ਵੱਡੇ ਮੁੰਡੇ ਨੇ ਉਸ ਨੂੰ ਬਾਂਹ ਤੋਂ ਫੜ ਲਿਆ।

*ਸਤੰਬਰ, 2000*

# ਸਿਲਾ/ਮਨਪ੍ਰੀਤ ਕੌਰ ਭਾਟੀਆ

'ਸਤਵੰਤ, ਮੈਂ ਘੜਾ ਲੈ ਆਇਆਂ, '' ਬਿਸ਼ਨ ਸਿੰਘ ਨੇ ਦਰਵਾਜ਼ੇ 'ਚ ਕਦਮ ਰੱਖਦਿਆਂ ਹੀ ਕਿਹਾ।

'ਹੈਂਅ! ਸਤਵੰਤ ਖੁਸ਼ੀ 'ਚ ਢਿੱਲੀ ਜਿਹੀ ਮੰਜੀ ਤੋਂ ਉੱਠੀ ਤੇ ਘੜੇ ਨੂੰ ਬੱਚੇ ਵਾਂਙ ਗੋਦੀ 'ਚ ਚੁੱਕ ਕੇ ਖਿੜਖਿੜਾ ਕੇ ਹੱਸ ਪਈ। 'ਆਹ ਬਾਹਲਾ ਵਧੀਆ ਕੀਤਾ ਤੁਸਾਂ' , ਉਹ ਖੁਸ਼ੀ 'ਚ ਬੋਲੀ।

ਸਤਵੰਤ ਉਦੋਂ ਵੀ ਇਵੇਂ ਹੀ ਖੁਸ਼ ਸੀ ਜਦ ਪਹਿਲੀ ਵਾਰ ਬਿਸ਼ਨ ਸਿੰਘ ਘਰ ਫਰਿੱਜ ਲਿਆਇਆ ਸੀ। ਖੁਸ਼ੀ 'ਚ ਸਤਵੰਤ ਰਸੋਈ ਵੱਲ ਚੱਲ ਪਈ। ਪਰ ਬਿਸ਼ਨ ਸਿੰਘ ਬੇਹੱਦ ਉਦਾਸ ਹੋ ਗਿਆ। ਉਸਨੂੰ ਯਾਦ ਆਇਆ, ਕਿਵੇਂ ਮਿਹਨਤ ਕਰਕੇ ਉਹਨਾਂ ਨੇ ਘਰ ਦੀ ਇਕ-ਇਕ ਚੀਜ਼ ਬਣਾਈ ਸੀ। ਪਰ ਆਪਣੀ ਰਟਾਇਰਮੈਂਟ ਮਗਰੋਂ ਉਸਨੇ ਹਰ ਚੀਜ਼ ਆਪਣੇ ਤਿੰਨਾਂ ਪੁੱਤਰਾਂ ਵਿਚ ਵੰਡ ਦਿੱਤੀ, ਜਿਨ੍ਹਾਂ ਨੂੰ ਉਹ ਆਪਣੀ ਜਾਨ ਤੋਂ ਵੀ ਵੱਧ ਚਾਹੁੰਦਾ ਸੀ। ਪਰ ਸਮੇਂ ਨੇ ਐਸੀ ਕਰਵਟ ਬਦਲੀ ਕਿ ਸਭ ਦਾ ਪਿਆਰ ਹੌਲੀ-ਹੌਲੀ ਘਟਣ ਲੱਗਾ ਤੇ ਅੰਤ ਉਹ ਘਰ ਦੇ ਪਿਛਲੇ ਹਿੱਸੇ 'ਚ ਬਣੇ ਪੁਰਾਣੇ ਜਿਹੇ ਕਮਰੇ 'ਚ ਆ ਗਏ ਤੇ ਫਿਰ ਹੌਲੇ-ਹੋਲੇ ਸਭ ਦਾ ਉਥੇ ਆਉਣਾ ਜਾਣਾ ਵੀ ਘੱਟ ਹੋ ਗਿਆ। ਤੇ ਉਹ...ਉਹ ਰਹਿ ਗਏ ਰੱਬ ਆਸਰੇ।

'ਰੋਟੀ...।' ਸਤਵੰਤ ਨੇ ਮੁਸਕਰਾਉਂਦਿਆਂ ਕਿਹਾ। 'ਸੁਣੋ ਜੀ..ਕੱਲ੍ਹ ਦੋ ਹੱਥ ਪੱਖੀਆਂ ਵੀ ਲੈ ਆਇਓ, ਹੁਣ ਗਰਮੀ ਬਾਹਲੀ ਹੋ ਗਈ ਆ' , ਸਤਵੰਤ ਨੇ ਹੱਸਦਿਆਂ ਕਿਹਾ।

'ਹਾਏ ਰੱਬਾ, ਅਸਾਂ ਜੋ ਜਵਾਨੀ 'ਚ ਇੰਨੀ ਅਣਥੱਕ ਮਿਹਨਤ ਕੀਤੀ, ਉਸ ਦਾ ਸਾਨੂੰ

ਇਹ ਹੀ ਸਿਲਾ ਮਿਲਿਆ ਕਿ ਅਸੀਂ ਬੁਢਾਪੇ 'ਚ ਹੁਣ...' ਸੋਚਦਿਆਂ ਹੀ ਬਿਸ਼ਨ ਸਿੰਘ ਦੀ ਭੁੱਬ ਨਿਕਲ ਗਈ। ਬਿਸ਼ਨ ਸਿੰਘ ਨੂੰ ਇਵੇਂ ਦੇਖਦੇ ਹੀ ਕਦੋਂ ਦੇ ਹੰਝੂ ਸਾਂਭੀ ਬੈਠੀ ਬਨਾਵਟੀ ਖੁਸ਼ੀ ਪ੍ਰਗਟਾਉਂਦੀ ਸਤਵੰਤ ਦੀ ਵੀ ਕੂਕ ਨਿਕਲ ਗਈ।

*ਦਸੰਬਰ-2000*

## ਮਿਹਨਤ/ਟੀ.ਆਰ. ਸ਼ਰਮਾ

ਆਪਣੇ ਘਰ ਦੇ ਗੇਟ ਕੋਲ ਖੜਾ ਮੈਂ ਬਾਹਰਲੀ ਕੰਧ ਦੇ ਨਾਲ ਨਾਲ ਨਵੇਂ ਲਗਾਏ ਅਤੇ ਸੁਕਦੇ ਜਾ ਰਹੇ ਰੁੱਖਾਂ ਦੇ ਨਿੱਕੇ ਨਿੱਕੇ ਪੌਦਿਆਂ ਵੱਲ ਵੇਖ ਰਿਹਾ ਸੀ। ਐਨੇ ਨੂੰ ਗਵਾਂਢੀਆਂ ਦਾ 10 ਕੁ ਸਾਲ ਦਾ ਨੌਕਰ ਸ਼ੰਕਰ ਰੋਜ਼ ਵਾਂਗ ਹੱਸਦਾ ਕੂੜੇ ਨਾਲ ਭਰੀ ਟੋਕਰੀ ਚੁੱਕੀ ਬਾਹਰ ਆਇਆ। 'ਕਿਆ ਦੇਖ ਰਹੇ ਹੋ, ਬਾਬੂ ਜੀ' , ਸ਼ੰਕਰ ਨੇ ਪੁੱਛਿਆ ਤੇ ਸਾਮ੍ਹਣੇ ਰੂੜੀ ਦੇ ਢੇਰ 'ਤੇ ਆਪਣੀ ਟੋਕਰੀ ਖਾਲੀ ਕਰਨ ਲਈ ਰਪਾ ਰਪ ਅੱਗੇ ਨੂੰ ਟੁਰ ਗਿਆ। ਮੈਂ ਅਜੇ ਵੀ ਸੁੱਕਦੇ ਜਾ ਰਹੇ ਬੂਟਿਆਂ ਵੱਲ ਵੇਖ ਰਿਹਾ ਸੀ। ਮੁੜਦੇ ਆ ਰਹੇ ਸ਼ੰਕਰ ਨੂੰ ਸੰਬੋਧਿਤ ਕਰਦਿਆਂ ਮੈਂ ਮਖ਼ੌਲ ਨਾਲ ਕਿਹਾ- 'ਸ਼ੰਕਰ ਤੂੰ ਬਰਸਾਤ ਦੇ ਮੌਸਮ ਵਿਚ ਵੀ ਮੀਂਹ ਨਹੀਂ ਪੈਣ ਦਿੰਦਾ, ਮੇਰੇ ਸਾਰੇ ਬੂਟੇ ਸੁੱਕਦੇ ਜਾ ਰਹੇ ਹਨ।'

'ਮਿਹਨਤ ਕਰੋ, ਬਾਬੂ ਜੀ, ਬਾਲਟੀ ਲਵੋ, ਪਾਣੀ ਭਰੋ ਤੇ ਬੂਟਿਆਂ ਨੂੰ ਪਾਵੋ, ਮੀਂਹ ਦੇ ਸਹਾਰੇ ਨਾ ਰਹੋ' , ਸ਼ੰਕਰ ਨੇ ਕਿਹਾ ਤੇ ਹੱਸਣ ਲੱਗ ਪਿਆ।

ਸ਼ੰਕਰ ਦੀ ਗੱਲ ਵਲ ਮੈਂ ਸੰਜੀਦਗੀ ਨਾਲ ਸੋਚ ਹੀ ਰਿਹਾ ਸੀ ਕਿ ਸ਼ੰਕਰ ਬੋਲਿਆ- 'ਮੈਂ ਛੇਵੇਂ ਘਰ ਵਿਚ ਕੰਮ ਕਰ ਰਿਹਾ ਹਾਂ। ਮੈਂ ਤਾਂ ਇਹ ਵੀ ਵੇਖਿਆ ਹੈ ਕਿ ਸਾਰੇ ਬਾਬੂ ਜੀ ਕੰਮ ਨਾਲ ਹੀ ਖੁਸ਼ ਹੁੰਦੇ ਹਨ। ਮੇਰੀ ਮਾਂ ਨੇ ਵੀ ਮੈਨੂੰ ਇਹੋ ਹੀ ਸਿਖਿਆ ਦਿੱਤੀ ਹੈ।'

ਇਹ ਕਹਿ ਕੇ ਸ਼ੰਕਰ ਅੰਦਰ ਨੂੰ ਦੌੜ ਗਿਆ।

ਮੇਰੇ ਪੈਰ ਮੱਲੋ ਮੱਲੀ ਬਾਲਟੀ ਵੱਲ ਨੂੰ ਤੁਰ ਪਏ।

*ਦਸੰਬਰ-2000*

# ਭਾਗ ਚੌਥਾ

# 2001-2010



# ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਯਥਾਰਥ ਦਾ ਪ੍ਰਤੀਬਿੰਬ ਲਘੂਕਥਾਵਾਂ

ਅਣੂ ਪੰਜਾਬੀ ਸਾਹਿਤਕ ਮੈਗਜ਼ੀਨਾਂ ਦੀ ਲੜੀ ਵਿੱਚ ਕਈ ਪੱਖਾਂ ਤੋਂ ਵਿਲੱਖਣ ਹੈ। ਆਕਾਰ, ਪ੍ਰਕਾਰ ਮਿਆਰ ਅਤੇ ਸੰਚਾਰ ਪੱਖੋਂ ਇਹ ਆਪਣੀ ਉਦਾਹਰਣ ਆਪ ਹੈ। ਇਹ ਆਪਣੇ ਆਪ ਵਿੱਚ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਕੋਈ ਵਿਧਾ, ਕੋਈ ਵਿਸ਼ਾ, ਕੋਈ ਸੰਗ੍ਰਹਿ, ਕੋਈ ਪੱਤ੍ਰਿਕਾ ਆਕਾਰ ਪੱਖੋਂ ਕਦੇ ਛੋਟੀ ਜਾਂ ਵੱਡੀ ਨਹੀਂ ਹੁੰਦੀ ਬਲਕਿ ਇਸਨੇ ਆਪਣਾ ਵਡੱਪਣ ਆਪਣੀ ਨਿਰੰਤਰਤਾ, ਆਪਣੇ ਮਿਆਰ, ਆਪਣੀ ਵਿਲੱਖਣਤਾ, ਆਪਣੀ ਪ੍ਰਸਤੁਤੀ ਅਤੇ ਆਪਣੇ ਸੰਚਾਰ ਵਿੱਚੋਂ ਸਿਰਜਣਾ ਹੁੰਦਾ ਹੈ। ਇਸ ਪੱਖੋਂ ਅਣੂ ਨੇ ਲੰਮੇ ਸਮੇਂ ਦਾ ਨਿਰੰਤਰ ਤੇ ਲੜੀਬੱਧ ਸਫਰ ਤੈਅ ਕਰਕੇ ਆਪਣੀ ਪਛਾਣ ਅਤੇ ਸਥਾਪਤੀ ਨੂੰ ਕਾਇਮ ਰੱਖਿਆ ਹੈ। ਮਿੰਨੀ ਕਹਾਣੀ ਵਰਗੀ ਨਵੀਨ ਤੇ ਲਘੂ ਆਕਾਰੀ ਵਿਧਾ ਨੂੰ ਲੰਮੇ ਸਮੇਂ ਤੱਕ ਸਮਰਪਿਤ ਹੋ ਕੇ ਇਸ ਨੇ ਨਾ ਕੇਵਲ ਮਿੰਨੀ ਕਹਾਣੀਆਂ ਨੂੰ  ਛਾਪਿਆ ਹੀ ਬਲਕਿ ਇਹਨਾਂ ਦਾ ਵਿਸ਼ਲੇਸ਼ਣ, ਰੀਵਿਊ ਅਤੇ ਪੜਚੋਲ ਵੀ ਕੀਤੀ ਅਤੇ ਮਿੰਨੀ ਦੇ ਖੇਤਰ ਵਿੱਚ ਰਚੇ ਜਾਣ ਵਾਲੀ ਹਰ ਸਾਹਿਤਕ ਰਚਨਾ, ਸੰਗ੍ਰਹਿ, ਪੁਸਤਕ ਜਾਂ ਪੱਤ੍ਰਿਕਾ ਨੂੰ ਸਮਕਾਲ ਵਿੱਚ ਰਖਕੇ ਪਰਿਭਾਸ਼ਿਤ ਵੀ ਕੀਤਾ ਹੈ। ਇਸ ਪ੍ਰਕਾਰ ਅਣੂ ਦੇ ਕਈ ਪਾਸਾਰ ਹਨ ਪਰੰਤੂ ਇਹਨਾਂ ਵਿੱਚੋਂ ਸਭ ਤੋਂ ਵੱਧ ਮਹੱਤਵਪੂਰਨ ਪਾਸਾਰ ਮਿੰਨੀ ਕਹਾਣੀਆਂ ਦਾ ਲੜੀਵਾਰ ਪ੍ਰਕਾਸ਼ਨ ਹੈ। ਮਿੰਨੀ ਕਹਾਣੀਆਂ ਦੇ ਇਸ ਲੜੀਵਾਰ ਪ੍ਰਕਾਸ਼ਨ ਦਾ ਇਕ ਵੱਡਾ ਮਹੱਤਵ ਇਸ ਰੂਪ ਵਿੱਚ ਹੈ ਕਿ ਇਹ ਇਕ ਲੰਮੇ ਕਾਲਖੰਡ ਦੇ ਨਾਲ ਨਾਲ ਤੁਰਨ ਦਾ ਯਤਨ ਹੈ। ਮਿੰਨੀ ਕਹਾਣੀ ਦੇ ਆਰੰਭਕ ਦੌਰ ਤੋਂ ਲੈ ਕੇ ਹੁਣ ਦੇ ਵਿਕਸਿਤ ਦੌਰ ਤੱਕ ਇਹ ਵਿਧਾ ਕਿਸ ਵਿਕਾਸ ਪ੍ਰਕ੍ਰਿਆ ਵਿੱਚੋਂ ਨਿਕਲੀ, ਇਸ ਦਾ ਸੰਪੂਰਨ ਜੋੜ ਘਟਾਊ ਅਣੂ ਮੈਗਜ਼ੀਨ ਵਿੱਚੋਂ ਪ੍ਰਾਪਤ ਹੋ ਸਕਦਾ ਹੈ। ਜੇਕਰ ਇਸ ਦੇ ਅੰਕਾਂ ਨੂੰ ਲੜੀਵਾਰ ਰੂਪ ਵਿੱਚ ਘੋਖਿਆ ਜਾਵੇ ਤਾਂ ਹਰ ਬਦਲਦੇ ਦੌਰ ਦੀਆਂ ਸਮਾਜਿਕ ਸਭਿਆਚਾਰਕ ਤਬਦੀਲੀਆਂ ਦੇ ਨਾਲ ਨਾਲ ਮਿੰਨੀ ਕਹਾਣੀ ਦੀ ਵਿਧਾ, ਸੰਗਠਨ ਅਤੇ ਬਣਤਰ ਵਿੱਚ ਆ ਰਹੀਆਂ ਤਬਦੀਲੀਆਂ ਦਾ ਝਲਕਾਰਾ ਵੀ ਮਿਲਦਾ ਹੈ। ਵਰਤਮਾਨ ਦੌਰ ਦੇ ਅੰਕਾਂ ਦੀ ਦਹਿਲੀਜ਼ ਤੇ ਖੜੋ ਕੇ ਲੰਮੀ ਪਿਛਲਝਾਤ ਮਾਰਨ ਤੇ ਇਹ ਤੱਥ ਵੀ ਸਪੱਸ਼ਟ ਹੁੰਦਾ ਹੈ ਕਿ ਕੀ ਮਿੰਨੀ ਕਹਾਣੀ ਇਕ ਲੰਮੇ ਇਤਿਹਾਸਿਕ ਦੌਰ ਵਿੱਚ ਬਦਲਦੀਆਂ ਸਮਾਜਿਕ, ਆਰਥਕ, ਰਾਜਨੀਤਕ ਤੇ ਸਭਿਆਚਾਰਕ ਤਬਦੀਲੀਆਂ ਦਾ ਆਲੋਚਨਾਤਮਕ ਯਥਾਰਥ ਪ੍ਰਸਤੁਤ ਕਰ ਵੀ ਸਕੀ ਹੈ ਜਾਂ ਨਹੀਂ? ਕੀ ਮਿੰਨੀ ਕਹਾਣੀ ਆਪਣੇ ਜਨਮ ਕਾਲ ਦੀਆਂ ਵਿਧਾਗਤ ਜੁਗਤਾਂ ਤੋਂ ਵਿਕਾਸ ਕਰਕੇ ਆਪਣੇ ਸੰਗਠਨ ਵਿੱਚ ਸੁਹਜ਼ਾਤਮਕ, ਸੰਗਠਨਾਤਮਕ ਤਬਦੀਲੀਆਂ ਵੀ ਕਰ ਸਕੀ ਹੈ ਕਿ ਨਹੀਂ? ਉਪਰੋਕਤ

ਸੁਆਲਾਂ ਨੂੰ ਪਿਛੋਕੜ ਵਿੱਚ ਰਖਕੇ ਜਦੋਂ ਅਸੀਂ 2001 ਤੋਂ ਲੈ ਕੇ 2010 ਤੱਕ ਦੀਆਂ ਅਣੂ ਵਿੱਚ ਪ੍ਰਕਾਸ਼ਿਤ ਲਘੂ ਕਥਾਵਾਂ ਦਾ ਅਧਿਐਨ ਕਰਦੇ ਹਾਂ ਤਾਂ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ। 2001 ਤੋਂ 2010 ਤੱਕ ਦਾ 21ਵੀਂ ਸਦੀ ਦਾ ਪਹਿਲਾ ਦਹਾਕਾ ਵਿਸ਼ਵ ਪੱਧਰ ਤੇ ਗਲੋਬਲੀਕਰਨ ਦੀਆਂ ਚੁਣੌਤੀਆਂ ਦਾ ਦਹਾਕਾ ਹੈ ਜਿਸ ਨੇ ਜਿਵੇਂ ਜਿਵੇਂ ਇਤਿਹਾਸ, ਰਾਜਨੀਤੀ, ਸੱਭਿਆਚਾਰ, ਆਦਿ ਨੂੰ ਪ੍ਰਭਾਵਿਤ ਕੀਤਾ ਹੈ, ਉਸੇ ਤਰ੍ਹਾਂ ਸਾਹਿਤ ਨੇ ਵੀ ਪ੍ਰਭਾਵਿਤ ਕੀਤਾ ਹੈ। ਇਸ ਲਈ ਇਹ ਦੇਖਣਾ ਕਾਫੀ ਦਿਲਚਸਪ ਹੈ ਕਿ ਅਣੂ ਵਿੱਚ ਪਿਛਲੇ ਇਕ ਦਹਾਕੇ ਤੋਂ ਪ੍ਰਕਾਸ਼ਿਤ ਇਹਨਾਂ ਰਚਨਾਵਾਂ ਵਿੱਚ ਵਿਸ਼ਾ ਤੇ ਵਿਧਾ ਪੱਖੋਂ ਕਿਸ ਕਿਸਮ ਤੇ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ?

ਵਸਤੂਗਤ ਨਜ਼ਰੀਏ ਤੋਂ ਦੇਖੀਏ ਤਾਂ ਇਸ ਸੰਗ੍ਰਹਿ ਵਿੱਚ ਕਈ ਤਰ੍ਹਾਂ ਦੇ ਵਿਸ਼ੇ ਪ੍ਰਸਤੁਤ ਹੋਏ ਹਨ। ਸਭ ਤੋਂ ਵੱਧ ਕਹਾਣੀਆਂ ਰਿਸ਼ਤਿਆਂ ਵਿੱਚ ਆਈ ਅਸੰਵੇਦਨਸ਼ੀਲਤਾ, ਮਕਾਨਕੀਅਤਾ ਅਤੇ ਓਪਰੇਪਣ ਦੇ ਵਿਸ਼ੇ ਤੇ ਕੇਂਦਰਤ ਹਨ। ਮਾਂ ਨੂੰ ਛੁੱਟੀ / ਕਰਮਜੀਤ ਗਰੇਵਾਲ, ਰਿਸ਼ਤੇ ਦਰੜੂ ਮਕਾਬਲੇ / ਸਵਾਮੀ ਸਰਬਜੀਤ, ਦੁਖਾਂਤ / ਗੁਰਚਰਨ ਸਿੰਘ ਗੁਲਸ਼ਨ, ਪਲਾਸਟਿਕ ਦੀਆਂ ਗੁੱਡੀਆਂ / ਰੇਨੂੰ, ਹੜ / ਨੀਲਮ ਸੰਜੀਵ, ਅਕ੍ਰਿਤਘਣ / ਦਰਸ਼ਨ ਬਰੇਟਾ, ਪਸੰਦ / ਸੁਰਿੰਦਰ ਕੈਲੇ ਤੇ ਤਜ਼ਰਬਾ / ਸਰਵਨ ਸਿੰਘ ਪਤੰਗ, ਆਦਿ ਰਚਨਾਵਾਂ ਇਸੇ ਰੁਝਾਨ ਦੀਆਂ ਪ੍ਰਤਿਨਿਧ ਰਚਨਾਵਾਂ ਹਨ।

ਵਿਸ੍ਵੀਕਰਨ ਦੇ ਦੌਰ ਦਾ ਇਹ ਕੌੜਾ ਸੱਚ ਹੈ ਕਿ ਇਸ ਦੌਰ ਵਿੱਚ ਰਿਸ਼ਤਿਆਂ ਵਿਚਲੀ ਪਵਿੱਤਰਤਾ ਸਭ ਤੋਂ ਵੱਧ ਪਲੀਤ ਹੋਈ ਹੈ। ਰਿਸ਼ਤਾ ਚਾਹੇ ਭੈਣ-ਭਰਾ, ਪਤੀ-ਪਤਨੀ, ਮਾਂ-ਪੁੱਤ, ਮਾਂ-ਧੀ, ਨੂੰਹ ਸੱਸ ਆਦਿ ਵਿੱਚੋਂ ਕਿਸੇ ਦਾ ਵੀ ਹੋਵੇ।

ਪਰ ਤਸਵੀਰ ਦਾ ਦੂਜਾ ਪਾਸਾ ਵੀ ਹੈ। ਅੱਜ ਵੀ ਕੁਝ ਲੋਕ ਅਜਿਹੇ ਹਨ ਜੋ ਮਾਨਵੀ ਧਰਾਤਲ ਤੇ ਜ਼ਿੰਦਗੀ ਜਿਉਂਦੇ ਹਨ, ਦੂਜਿਆਂ ਦੇ ਦਰਦ ਨੂੰ ਸਮਝਦੇ ਹਨ, ਰਿਸ਼ਤਿਆਂ ਦੀ ਪਾਕੀਜ਼ਗੀ ਦੀ ਕਦਰ ਕਰਦੇ ਹਨ, ਨਵੇਂ ਰਿਸ਼ਤੇ ਸਿਰਜਦੇ ਹਨ ਅਤੇ ਪੁਰਾਣਿਆਂ ਨੂੰ ਪੁਨਰ ਪਰਿਭਾਸ਼ਿਤ ਕਰਦੇ ਹਨ। ਭਲਾ ਮਨੁੱਖ / ਨਿਰੰਜਨ ਬੋਹਾ, ਮੁੱਠੀ / ਰਣਜੀਤ ਸਿੰਘ ਭੁੱਲਰ, ਭਵਿੱਖ ਦੀ ਚਿੰਤਾ / ਰਣਜੀਤ ਆਜ਼ਾਦ ਕਾਂਝਲਾ, ਤਰਾਸ਼ਿਆ ਪੱਥਰ/ ਡਾ. ਬਲਦੇਵ ਸਿੰਘ ਖਹਿਰਾ, ਨਵੀਂ ਸੋਚ/ ਅੰਮ੍ਰਿਤ ਲਾਲ ਮੰਨਣ, ਬੋਝ/ ਕੁਲਵਿੰਦਰ ਕੌਸ਼ਲ, ਮਾਵਾਂ-ਧੀਆਂ / ਪ੍ਰੋ. ਪਰਮਜੀਤ ਸਿੰਘ, ਸਾਂਝ / ਅਮਰ ਘੋਲੀਆ ਅਤੇ ਦਰਦ ਦੀ ਸਾਂਝ / ਰਘਵੀਰ ਸਿੰਘ ਮਹਿਮੀ ਦੀਆਂ ਰਚਨਾਵਾਂ ਰਿਸ਼ਤਿਆਂ ਦੀਆਂ ਉਪਰੋਕਤ ਨਵੀਆਂ ਸਮੀਕਰਣਾਂ ਨੂੰ ਹੱਲ ਕਰਦੀਆਂ ਹਨ।

ਸੰਬੰਧਾਂ ਦੇ ਗਣਿਤ ਦਾ ਇਕ ਹੋਰ ਪੜਾਅ ਰਿਸ਼ਤਿਆਂ ਵਿਚਲੀ ਸੰਵੇਦਨਹੀਣਤਾ ਵਿੱਚੋਂ ਪੈਦਾ ਹੋਇਆ ਮਨੋਵਿਗਿਆਨਕ ਖਲਾਅ ਵੀ ਹੈ ਜਿਸ ਨੂੰ ਅਕਸਰ ਪੀੜ੍ਹਤ ਧਿਰ ਤਾਂ ਮਹਿਸੂਸ ਕਰਦੀ ਹੈ ਪਰੰਤੂ ਸਮਾਨਾਂਤਰ ਧਿਰ ਅਕਸਰ ਅਣਗੌਲਿਆ ਕਰਦੀ ਹੈ। ਜਿਵੇਂ ਸੁਰਿੰਦਰ ਕੈਲੇ

ਦੀ ਮਿੰਨੀ ਕਹਾਣੀ ਪਤਨੀ ਬਨਾਮ ਨੌਕਰਾਣੀ ਵਿੱਚੋਂ ਇਹੀ ਮਨੋਵਿਗਿਆਨਕ ਖਲਾਅ ਨਜ਼ਰ ਆਉਂਦਾ ਹੈ ਜਦੋਂ ਪਤੀ ਦੇ ਬੈਗ ਵਿੱਚੋਂ ਹਰ ਕਿਸੇ ਲਈ ਕੁਝ ਨਾ ਕੁਝ ਨਿਕਲਦਾ ਹੈ ਪਰ ਪਤਨੀ ਲਈ ਕੁਝ ਵੀ ਨਹੀਂ। ਇਸੇ ਤਰ੍ਹਾਂ ਰਸ਼ੀਦ ਅੱਬਾਸ ਦੀ ਲਘੂ ਕਥਾ ਟੁੱਟੀ ਪੌੜੀ ਵਿੱਚ ਸੰਬੰਧਾਂ ਦੇ ਗਣਿਤ ਦੀ ਖਤਰਨਾਕ ਸਮੀਕਰਨ ਉਭਰਦੀ ਹੈ ਜਦੋਂ ਬਜ਼ੁਰਗ ਨੂੰ ਘਰ ਵਿੱਚ ਬੇਦਖਲ ਵਰਗਾ ਦਰਜਾ ਦੇ ਦਿੱਤਾ ਜਾਂਦਾ ਹੈ। ਨੀਂਦ / ਮੋਹਨ ਲਾਲ ਫਿਲੋਰੀਆ, ਸਮਝ / ਮੇਜਰ ਸਿੰਘ ਨਾਭਾ ਆਦਿ ਰਚਨਾਵਾਂ ਇਸੇ ਸ਼੍ਰੇਣੀ ਵਿੱਚ ਆਉਂਦੀਆਂ ਹਨ।

ਇਸ ਦਹਾਕੇ ਦੀਆਂ ਬਦਲਦੀਆਂ ਪਰਿਸਥਿਤੀਆਂ ਵਿੱਚ ਹੈਸੀਅਤ ਅਤੇ ਸਟੇਟਸ ਦੇ ਅੰਤਰ ਸੰਬੰਧ ਅਤੇ ਅੰਤਰ ਦਵੰਦ ਵੀ ਸਾਹਮਣੇ ਆਉਂਦੇ ਹਨ। ਇਸ ਦੌਰ ਵਿੱਚ ਮਨੁੱਖ ਆਰਥਿਕਤਾ ਦੀ ਮਾਰ ਹੇਠ ਆਇਆ ਤ੍ਰਾਹ-ਤ੍ਰਾਹ ਵੀ ਕਰਦਾ ਹੈ ਪਰ ਦੂਜੇ ਪਾਸੇ ਕਿਤੇ ਨਾ ਕਿਤੇ ਆਪਣੇ ਸਟੇਟਸ ਨੂੰ ਧਿਆਨ ਵਿੱਚ ਰਖਕੇ ਹੈਸੀਅਤ ਨਾਲੋਂ ਵੱਧ ਵਿਖਾਵਾ ਵੀ ਕਰਦਾ ਹੈ ਜਾਂ ਕਰਨ ਦੀ ਇੱਛਾ ਰਖਦਾ ਹੈ। ਬਿਕਰਮਜੀਤ ਨੂਰ ਦੀ ਕਹਾਣੀ ਤਕਲੀਫ ਇਸੇ ਕੋਣ ਨੂੰ ਸਾਹਮਣੇ ਲਿਆਉਂਦੀ ਹੈ। ਆਰਥਿਕਤਾ ਦੇ ਨਾ ਬਰਾਬਰ ਅਤੇ ਅਸਾਵੇਂ ਪਾਸਾਰ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ ਬਲਕਿ ਅਸਾਵੀਆਂ ਸ਼ਰੇਣੀਆਂ ਵਿੱਚ ਵੰਡ ਦਿੱਤਾ ਹੈ। ਸ਼ਿਆਮ ਸੁੰਦਰ ਅਗਰਵਾਲ ਦੀ ਕਹਾਣੀ ਸੰਤੂ ਦੇ ਸੰਤੂ ਵਰਗੇ ਪਾਤਰ ਇਸੇ ਆਰਥਿਕਤਾ ਦੀ ਚੱਕੀ ਵਿੱਚ ਪਿਸਦੇ ਮਨੋਵਿਗਿਆਨਕ ਤੌਰ ਤੇ ਟੁੱਟ ਜਾਂਦੇ ਹਨ। ਗਿਣਤੀ / ਜਰਨੈਲ ਸਿੰਘ, ਭੁੱਖ ਦਾ ਦੁਖਾਂਤ / ਹੈਪੀ ਸਿੰਘ ਹੈਪੀ, ਅਭਿਮਨਿਉਂ / ਕੁਲਵਿੰਦਰ ਕੌਸ਼ਲ, ਕਾਨੂੰਨ / ਰਾਜਿੰਦਰ ਕੌਰ ਵੰਤਾ, ਦਾੜ੍ਹ ਹੇਠਾਂ / ਸੁਰਿੰਦਰ ਕੈਲੇ ਆਦਿ ਰਚਨਾਵਾਂ ਇਸੇ ਅਸਾਵੇਂ ਵਿਕਾਸ ਵਿੱਚੋਂ ਪੈਦੀ ਹੋਈ ਤ੍ਰਾਸਦਕ ਸਥਿਤੀ ਨੂੰ ਰੂਪਮਾਨ ਕਰਦੀਆਂ ਹਨ। ਸੁਰਿੰਦਰ ਕੈਲੇ ਦੀ ਰਚਨਾ ਸੀਰੀ ਵੀ ਇਸੇ ਸੱਚ ਦੀ ਲਖਾਇਕ ਹੈ ਕਿ ਆਰਥਿਕ ਪੈਮਾਨਿਆਂ ਨੇ ਬੰਦਿਆਂ ਨੂੰ ਭਈਏ ਅਤੇ ਸੀਰੀ ਵਿੱਚ ਬਦਲ ਦਿੱਤਾ ਹੈ। ਜਸਵੀਰ ਢੰਡ ਦੀ ਰਚਨਾ ਮੱਛੀਆਂ ਅਤੇ ਗੁਰਮੀਤ ਫਾਜਿਲਕਾ ਦੀ ਰਚਨਾ ਕੰਧਾਂ ਵੀ ਤਕੜੇ ਦਾ ਸੱਤੀ ਵੀਹੀਂ ਸੌ ਅਖਾਣ ਦੇ ਸੱਚ ਨੂੰ ਸਿੱਧ ਕਰਦੀਆਂ ਹਨ।

ਇਸ ਦਹਾਕੇ ਵਿੱਚ ਬਾਲ ਮਨੋਵਿਗਿਆਨ ਨੂੰ ਨਵੇਂ ਸਿਰਿਉਂ ਸਮਝਣ ਦੀ ਕੋਸ਼ਿਸ਼ ਹੋਈ ਹੈ । ਉਪਦੇਸ਼ ਸਾਹਿਤ ਤੋਂ ਅੱਗੇ ਲੰਘਕੇ ਇਹਨਾਂ ਰਚਨਾਵਾਂ ਵਿੱਚ ਬਾਲਾਂ ਦੇ ਬਾਲਪਣ ਨੂੰ ਧੁਰ ਅੰਦਰੋਂ ਮਹਿਸੂਸ ਕੇ ਸਹੀ ਤਰੀਕੇ ਨਾਲ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਦਰਸ਼ਨ ਜੋਗਾ ਦੀ ਰਚਨਾ ਭੁਲੇਖਾ, ਜਸਵੀਰ ਢੰਡ ਦੀ ਰਚਨਾ ਨਿੱਕੇ ਨਿੱਕੇ ਈਸਾ ਅਤੇ ਸੁਰਿੰਦਰ ਕੈਲੇ ਦੀ ਰਚਨਾ ਰੋਟੀ ਦਾ ਗੀਤ ਇਸੇ ਸੰਦਰਭ ਵਿੱਚ ਸਮਝੀਆਂ ਜਾਣ ਵਾਲੀਆਂ ਰਚਨਾਵਾਂ ਹਨ ਜਿੰਨ੍ਹਾਂ ਵਿੱਚ ਬਾਲਾਂ ਦੇ ਆਪਣੇ ਮਾਪਿਆਂ ਨਾਲ ਰਿਸ਼ਤੇ ਅਤੇ ਬਾਲਾਂ ਦੇ ਆਪਣੇ ਅਧਿਆਪਕਾਂ ਨਾਲ ਰਿਸ਼ਤੇ ਨੂੰ ਬਾਲਾਂ ਦੇ ਨਜ਼ਰੀਏ ਤੋਂ ਪਰਿਭਾਸ਼ਿਤ ਕੀਤਾ ਹੈ। ਜਗਦੀਸ਼ ਰਾਏ ਕੁਲਰੀਆਂ ਦੀ ਰਚਨਾ ਅਹਿਸਾਸ ਨੂੰ ਵੀ ਇਸੇ ਸੰਦਰਭ ਵਿੱਚ ਦੇਖਿਆ ਜਾਣਾ ਬਣਦਾ ਹੈ।

ਉਪਰੋਕਤ ਤੋਂ ਇਲਾਵਾ ਤਿੰਨ ਰਚਨਾਵਾਂ ਮੂਰਤੀ / ਸ਼ਿਆਮ ਸੁੰਦਰ ਦੀਪਤੀ, ਪੁਜਾਰਨ / ਡਾ. ਮਨੋਹਰ ਗਿੱਲ ਅਤੇ ਰਾਵਣ / ਸੁਰਿੰਦਰ ਕੈਲੇ ਧਰਮ ਤੇ ਸ਼ਰਧਾ ਦੇ ਵਪਾਰੀਕਰਨ ਨਾਲ ਜੁੜੀਆਂ ਰਚਨਾਵਾਂ ਹਨ। ਜਿੱਥੇ ਮੂਰਤੀ ਤੇ ਪੁਜਾਰਨ ਵਿੱਚ ਇਕ ਆਮ ਆਦਮੀ ਦੁਆਰਾ ਕੀਤਾ ਗਿਆ ਵਪਾਰੀਕਰਨ ਹੈ ਉਥੇ ਰਾਵਣ ਵਿੱਚ ਸਿਆਸਤਦਾਨਾਂ ਵੱਲੋਂ ਕੀਤਾ ਗਿਆ ਵਪਾਰੀਕਰਨ ਹੈ।

ਸੁਰਿੰਦਰ ਕੈਲੇ ਦੀ ਰਚਨਾ ਮਾਨਵ ਤੇ ਕੁਦਰਤ ਕੁਦਰਤੀ ਧਰਮ ਤੇ ਸਮਾਜਿਕਤਾ ਦੇ ਸੰਬੰਧਾਂ ਵਿੱਚੋਂ ਵਿਕਸਿਤ ਹੋਈ ਅੱਛੀ ਰਚਨਾ ਹੈ ਜਿਸ ਵਿੱਚ ਇਕ ਪਾਸੇ ਭੈਣ ਭਰਾ ਦੀਆਂ ਸਮਾਜਿਕ ਵਰਜਨਾਵਾਂ ਹਨ, ਦੂਜੇ ਪਾਸੇ ਨਸਲ ਦੇ ਵਿਕਾਸ ਦਾ ਸੰਕਟ ਹੈ। ਇਸੇ ਤਰ੍ਹਾਂ ਅਮਰ ਕੋਮਲ ਦੀ ਰਚਨਾ ਆਪਣੀ ਆਪਣੀ ਰਾਏ ਇੱਕੋ ਹੀ ਘਟਨਾਂ ਨੂੰ ਵੱਖ ਵੱਖ ਲੋਕਾਂ ਦੁਆਰਾ ਵੱਖ ਵੱਖ ਜ਼ਾਵੀਏ ਤੋਂ ਦੇਖਣ ਦੇ ਵਰਤਾਰੇ ਨੂੰ ਪ੍ਰਸਤੁਤ ਕਰਦੀ ਹੈ। ਜੀਵਨ ਤੇ ਮੁਕਤੀ / ਅਵਤਾਰ ਸਿੰਘ ਹੰਸ ਦੀ ਰਚਨਾ ਧਰਮ ਤੇ ਜੀਵਨ ਦੇ ਅੰਤਰ ਸੰਬੰਧ ਨੂੰ ਵਿਲੱਖਣ ਤਰੀਕੇ ਨਾਲ ਪ੍ਰਸਤੁਤ ਕਰਦੀ ਹੋਈ ਮੁਕਤੀ ਨਾਲੋਂ ਜੀਵਨ ਨੂੰ ਤਰਜੀਹ ਦੇ ਕੇ ਸਾਕਾਰਤਮਕ ਤਰਕ ਸਿਰਜਦੀ ਹੈ।

ਸ਼ਿਲਪ ਦੀ ਪੱਧਰ ਤੇ ਦੇਖੀਏ ਤਾਂ ਇਹਨਾਂ ਰਚਨਾਵਾਂ ਵਿੱਚ ਕੁਝ ਰਚਨਾਵਾਂ ਵਿਧਾਗਤ ਵਿਕਾਸ ਅਤੇ ਵਿਧਾਗਤ ਪਕਿਆਈ ਦੇ ਨਜ਼ਰੀਏ ਤੋਂ ਪੰਜਾਬੀ ਮਿੰਨੀ ਕਹਾਣੀ ਦੇ ਵਿਕਾਸ ਦੀ ਦਿਸ਼ਾ ਨੂੰ ਦਰਸਾਉਂਦੀਆਂ ਹਨ ਪਰੰਤੂ ਕੁਝ ਰਚਨਾਵਾਂ ਵਿਧਾਗਤ ਖੜੋਤ ਅਤੇ ਉਕਾਈਆਂ ਨੂੰ ਵੀ ਦਰਸਾਉਂਦੀਆਂ ਹਨ। ਬਹੁਤ ਸਾਰੀਆਂ ਰਚਨਾਵਾਂ ਵਿੱਚ ਕਥਾ ਰਸ ਦੀ ਅਣਹੋਂਦ ਹੈ, ਜਿਸ ਕਰਕੇ ਰਚਨਾਵਾਂ ਮਹਿਜ਼ ਮਕਾਨਕੀ ਘਟਨਾਵਾਂ ਬਣਕੇ ਰਹਿ ਜਾਂਦੀਆਂ ਹਨ, ਗਲੱਪ ਦੀ ਕਲਾਤਮਕਤਾ ਤੇ ਉਚਤਾ ਨੂੰ ਨਹੀਂ ਛੂੰਹਦੀਆਂ ਜਿਵੇਂ ਆਪਣੀ ਆਪਣੀ ਰਾਏ, ਦਰਦ ਦੀ ਸਾਂਝ, ਤਜ਼ਰਬਾ, ਸਫਲਾ ਜੀਵਨ, ਆਜ਼ਾਦੀ ਦਿਵਸ, ਸਮਝ, ਸ਼ਾਮਲਾਟ ਆਦਿ ਰਚਨਾਵਾਂ ਦੇ ਕਥਾਨਕ ਜਾਂ ਤਾਂ ਬਹੁਤ ਸੰਖੇਪ ਹਨ, ਜਾਂ ਭਾਰੀ ਹਨ ਜਾਂ ਮਕਾਨਕੀ ਹਨ, ਜਾਂ ਨਾਕਾਰਤਮਕ ਹਨ ਜਿਸ ਨਾਲ ਇਹ ਰਚਨਾਵਾਂ ਲਘੂ ਕਥਾ ਦੇ ਗਲਪੀ ਸੰਗਠਨ ਨਾਲ ਨਿਆਂ ਨਹੀਂ ਕਰਦੀਆਂ। ਕੁਝ ਰਚਨਾਵਾਂ ਵਿੱਚ ਇਕ ਖਾਸ ਕਿਸਮ ਦਾ ਉਲਾਰਪਣ ਤੇ ਉਪਭਾਵਕਤਾ ਵੀ ਨਜ਼ਰ ਆਉਂਦੀ ਹੈ। ਜਿਵੇਂ ਅਮਰ ਘੋਲੀਆ ਦੀ ਰਚਨਾ ਸਾਂਝ ਵਿੱਚ ਭਈਆ ਅਤੇ ਸੁੱਚਾ ਸਿੰਘ ਦੀ ਸਾਂਝ ਤਾਂ ਸਮਝ ਆਉਂਦੀ ਹੈ, ਪਰੰਤੂ ਉਸ ਦਾ ਧਾਹ ਮਾਰਨ ਉਪਭਾਵੁਕਤਾ ਦਾ ਪ੍ਰਗਟਾਵਾ ਹੀ ਹੈ। ਇਸੇ ਤਰ੍ਹਾਂ ਅਹਿਸਾਸ ਰਚਨਾ ਵਿੱਚ ਲੇਖਕ ਨੇ ਆਪਣਾ ਇੱਛਿਤ ਯਥਾਰਥ ਸਿਰਜਣ ਲਈ ਬੱਚੇ ਨੂੰ ਲੋੜ ਤੋਂ ਸਿਆਣਾ ਪਾਤਰ ਸਿਰਜਿਆ ਹੈ।

ਦੂਜੇ ਪਾਸੇ ਬਹੁਤ ਸਾਰੀਆਂ ਰਚਨਾਵਾਂ ਅਜਿਹੀਆਂ ਹਨ ਜਿਹੜੀਆਂ ਲਘੂ ਕਥਾ ਦੇ ਕਥਾਨਕ ਨੂੰ ਇਸ ਤਰ੍ਹਾਂ ਪ੍ਰਸਤੁਤ ਕਰਦੀਆਂ ਹਨ ਕਿ ਉਹਨਾਂ ਵਿੱਚ ਢੁਕਵੇਂ ਯਥਾਰਥ ਨੂੰ ਢੁਕਵੇਂ ਗਲਪੀ ਤਾਣੇ ਬਾਣੇ ਵਿੱਚ ਮੁਕੰਮਲ ਕਥਾ ਰਸ ਰਾਹੀਂ ਪਰਿਭਾਸ਼ਿਤ ਕੀਤਾ ਹੈ। ਭੁੱਖ ਦਾ ਦੁਖਾਂਤ,

ਭੁਲੇਖਾ, ਨਿੱਕੇ ਨਿੱਕੇ ਈਸਾ, ਪਤਨੀ ਬਨਾਮ ਨੌਕਰਾਣੀ, ਭਲਾ ਮਨੁੱਖ, ਮੁੱਠੀ, ਮੂਰਤੀ, ਸੰਤੂ, ਤਰਾਸ਼ਿਆ ਪੱਥਰ ਆਦਿ ਰਚਨਾ ਕਿਸੇ ਵੀ ਭਾਸ਼ਾ ਦੀ ਲਘੂ ਕਥਾ ਨਾਲ ਵਰ ਵੇਚਦੀਆਂ ਹਨ।

ਕਈ ਕਹਾਣੀਆਂ ਵਿੱਚ ਨਿਰਾਰਥਕ ਜਾਂ ਨਾਕਾਰਾਤਮਕ ਤਰਕ ਵੀ ਸਿਰਜੇ ਗਏ ਹਨ। ਰੌਸ਼ਨੀ / ਸੁਖਚੈਨ ਸਿੰਘ ਭੰਡਾਰੀ ਵਿੱਚ ਬੰਬ ਦੀ ਚੀਕ ਨਾਲ ਨਵਜੰਮੇ ਬਾਲ ਦਾ ਜਨਮ ਲੈਣਾ ਨਾਕਾਰਾਤਮਕ ਤਰਕ ਹੀ ਹੈ। ਇਸੇ ਤਰ੍ਹਾਂ ਨੇਕ ਹੋਣਾ ਵਿਚਲੀ ਘਟਨਾ ਵੀ ਅਖੀਰਲੇ ਸੰਵਾਦ ਤੇ ਜਾ ਕੇ ਨਾਕਾਰਾਤਮਕ ਹੈ। ਜਦ ਕਿ ਬਦੀ ਹਰ ਯੁੱਗ ਵਿਚ ਬਦੀ ਹੈ ਤੇ ਨੇਕੀ ਹਰ ਯੁੱਗ ਵਿੱਚ ਨੇਕੀ ਹੈ। ਇਸੇ ਤਰ੍ਹਾਂ ਸ਼ਾਮਲਾਟ ਰਚਨਾ ਦੇ ਸੰਵਾਦ ਵੀ ਤਰਕਹੀਨਤਾ ਦਾ ਪ੍ਰਗਟਾਵਾ ਕਰਦੇ ਹਨ।

ਇਸ ਪ੍ਰਕਾਰ **2001** ਤੋਂ **2010** ਤੱਕ ਦੇ ਦਹਾਕੇ ਦੀਆਂ ਇਹ ਰਚਨਾਵਾਂ ਪੰਜਾਬੀ ਮਿੰਨੀ ਕਹਾਣੀ ਦੇ ਵਿਕਾਸ ਦੀ ਦਸ਼ਾ ਤੇ ਦਿਸ਼ਾ ਦਾ ਪ੍ਰਮਾਣਿਕ ਦਸਤਾਵੇਜ਼ ਹਨ। ਇਹਨਾਂ ਵਿੱਚੋਂ ਪੰਜਾਬੀ ਮਿੰਨੀ ਕਹਾਣੀ ਦੇ ਸਿਖਰਲੇ ਦੌਰ ਦਾ ਵਿਕਾਸ, ਖੜੋਤ, ਤਰਕ, ਕੁਤਰਕ, ਸੀਮਾਵਾਂ ਤੇ ਸੰਭਾਵਨਾਵਾਂ ਸਾਹਮਣੇ ਆਉਂਦੀਆਂ ਹਨ ਅਤੇ ਪਾਠਕਾਂ, ਆਲੋਚਕਾਂ ਤੇ ਲੇਖਕਾਂ ਨੂੰ ਸਾਰੀਆਂ ਕਹਾਣੀਆਂ ਦੇ ਯਕਮੁਸ਼ਤ ਪਾਠ ਵਿੱਚੋਂ ਪੰਜਾਬੀ ਮਿੰਨੀ ਕਹਾਣੀ ਦਾ ਵਸਤੂ ਅਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਸਮੁੱਚਾ ਪਰਿਦ੍ਰਿਸ਼ ਸਾਹਮਣੇ ਆਉਂਦਾ ਹੈ।

**ਕੁਲਦੀਪ ਸਿੰਘ ਦੀਪ (ਡਾ.)**
ਪਿੰਡ ਰੋੜ੍ਹਾਂਵਾਲੀ, ਤਹਿ ਰਤੀਆ ਜ਼ਿਲ੍ਹਾ ਫਤਿਆਬਾਦ (ਹਰਿਆਣਾ)
**9855255956**, **9417600223**, kuldeep.deep@ymail.com

## ਬੋਝ/ਕੁਲਵਿੰਦਰ ਕੌਸਲ

'ਜੀ ਸੁਣਿਆ ਕੁਝ, ਆਪਣੇ ਮਰਾੜ੍ਹਾਂ ਦੇ ਬੰਤੇ ਨੇ ਦਵਾਈ ਪੀ ਲਈ' ਮਹਿੰਦਰੋ ਨੇ ਸ਼ਹਿਰੋਂ ਮੰਡੀ 'ਚੋਂ ਮੁੜ ਕੇ ਆਏ ਆਪਣੇ ਘਰਵਾਲੇ ਨੂੰ ਦੱਸਿਆ। 'ਆਹੋ, ਸਾਰੇ ਪਿੰਡ 'ਚ ਇਸੇ ਗੱਲ ਦੀ ਚਰਚਾ ਹੈ' ਜੀਤੇ ਨੇ ਉਦਾਸ ਲਹਿਜੇ 'ਚ ਕਿਹਾ।

'ਬੜਾ ਭਲਾ ਬੰਦਾ ਸੀ, ਅਗਲੇ ਹਫਤੇ ਉਹਦੀ ਕੁੜੀ ਦਾ ਵਿਆਹ ਸੀ, ਕਿਸੇ ਪਾਸਿਓਂ ਪੈਸੇ ਨਾ ਜੁੜੇ, ਇਹੋ ਬੋਝ ਮਨ ਤੇ ਲਈ ਫਿਰਦਾ ਸੀ, ਆਖਿਰ ਨੂੰ...! ਮਹਿੰਦਰੋ ਇਸ ਤੋਂ ਪਹਿਲਾਂ ਕਿ ਗੱਲ ਪੂਰੀ ਕਰਦੀ, ਅਪਦੀ ਜੁਆਨ ਹੁੰਦੀ ਧੀ ਵੱਲ ਦੇਖ ਉਸਦੀ ਭੁੱਬ ਨਿਕਲ ਗਈ।

*ਜੂਨ, 2001*

## ਗਿਣਤੀ/ਜਰਨੈਲ ਜਟਾਣਾ

ਸੀਮਾ ਦੇ ਬਾਪੂ ਨੇ ਘਰ ਦਾ ਗੁਜ਼ਾਰਾ ਸੌਖਿਆਂ ਚਲਾਉਣ ਹਿੱਤ ਦਸ-ਬਾਰਾਂ ਘਰਾਂ ਤੇ ਬੱਸ ਅੱਡੇ ਦੀ ਸਫਾਈ ਦਾ ਵਾਧੂ ਕੰਮ ਲੈ ਲਿਆ, ਜਿਸ ਕਾਰਨ ਦਸਵੀਂ ਕਰਨ ਤੋਂ ਬਾਦ ਸੀਮਾ ਨੂੰ ਅਗਲੀ ਕਲਾਸ ਵਿਚ ਦਾਖਲ ਨਹੀਂ ਕਰਵਾਇਆ ਜਾ ਸਕਿਆ। ਸੀਮਾਂ ਦੀਆਂ ਜਮਾਤਣਾਂ, ਜੋ ਅਗਲੀ ਕਲਾਸ ਵਿਚ ਦਾਖਲ ਹੋ ਗਈਆਂ ਸਨ, ਨਾਲ ਦੇ ਪਿੰਡੋਂ ਆਉਂਦੀਆਂ ਸਨ। ਇਕ ਦਿਨ ਸਵੇਰੇ-ਸਵੇਰੇ ਬੱਸ ਅੱਡੇ ਦੀ ਸਫਾਈ ਕਰਦਿਆਂ ਸੀਮਾ ਨੂੰ ਦੇਖ ਕੇ ਉਹ ਕੁੜੀਆਂ ਰੁਕ ਗਈਆਂ ਤੇ ਕਿਹਾ, 'ਸੀਮਾ ਤੂੰ ਇਹ ਕੰਮ ਕਿਉਂ ਕਰਨ ਲੱਗ ਪਈ, ਚਾਰ ਜਮਾਤਾਂ ਹੋਰ ਕਰਦੀ, ਬੀ.ਏ. ਤਾਂ ਹੋ ਜਾਂਦੀ।' ਸੀਮਾ ਅਚਾਨਕ ਪਏ ਛਾਪੇ ਕੋਲੋਂ ਆਪਣੇ ਆਪ ਨੂੰ ਸਾਂਭਦੀ ਹੋਈ ਭਰੇ ਗਲੇ ਨਾਲ ਬੋਲੀ, 'ਸਾਡੇ ਘਰਾਂ 'ਚ ਜਮਾਤਾਂ ਦੀ ਨਹੀਂ, ਕੰਮ ਵਾਲੇ ਘਰਾਂ ਦੀ ਗਿਣਤੀ ਹੁੰਦੀ ਹੈ।' ਆਖ ਕੇ ਇੱਕਦਮ ਆਪਣੇ ਘਰ ਵੱਲ ਮਣ-ਮਣ ਭਾਰੇ ਪੈਰਾਂ ਨਾਲ ਚੱਲ ਪਈ।

*ਸਤੰਬਰ-2001*

## ਅਹਿਸਾਸ/ਜਗਦੀਸ਼ ਰਾਏ ਕੁਲਰੀਆਂ

ਉਸਨੂੰ ਕਈ ਦਿਨ ਹੋ ਗਏ ਸਨ ਆਪਣੇ ਪਿਤਾ ਨਾਲ ਬੋਲੇ ਨੂੰ। ਰਹਿੰਦੇ ਤਾਂ ਦੋਵੇਂ ਇੱਕੋ ਘਰ ਵਿੱਚ ਸਨ, ਪਰ ਦੋਵਾਂ ਵਿੱਚ ਕੋਈ ਗੱਲਬਾਤ ਨਾ ਹੁੰਦੀ। ਇਸ ਵਾਰੇ ਘਰ ਦੇ ਦੂਜੇ ਮੈਂਬਰਾਂ ਨੂੰ ਵੀ ਪਤਾ ਸੀ। ਇੰਨਾਂ ਦੇ ਆਪਸ ਵਿੱਚ ਨਾ ਬੋਲਣ ਕਰਕੇ ਇੱਕ ਦਿਨ ਉਸ ਦੀ ਦਾਦੀ ਨੇ ਪੁੱਛ ਹੀ ਲਿਆ, 'ਬੇਟਾ ਤੂੰ ਆਪਣੇ ਪਿਤਾ ਨਾਲ ਕਿਉਂ ਨਹੀਂ ਬੋਲਦਾ, ਬੰਦੇ ਦਾ ਮਾਂ ਬਾਪ ਹੀ ਸਭ ਕੁਝ ਹੁੰਦੇ ਨੇ, ਤੇਰੇ ਵਾਸਤੇ ਈ ਕਮਾਈ ਕਰਦਾ ਫਿਰਦੈ, ਹੋਰ ਉਹਨੇ ਨਾਲ ਲੈ ਕੇ ਜਾਣੀਏ।' ਦਾਦੀ ਮਾਂ ਦੀਆਂ ਗੱਲਾਂ ਸੁਣ ਕੇ ਉਹ ਬੋਲਿਆ, 'ਅੰਮਾਂ! ਤੇਰੀਆਂ ਸਭ ਗੱਲਾਂ ਠੀਕ ਨੇ, ਮੇਰਾ ਕਿਹੜਾ ਕੋਈ ਗੁੱਸਾ ਗਿਲਾ ਐ, ਮੈਂ ਤਾਂ ਸਿਰਫ ਉਨ੍ਹਾਂ ਨੂੰ ਇਹ ਅਹਿਸਾਸ ਕਰਾਉਣ ਖਾਤਰ ਹੀ ਬੋਲਣੋ ਹਟਿਆਂ ਕਿ ਉਹ ਦਫਤਰੋਂ ਆਕੇ ਸਿੱਧੇ ਆਪਣੇ ਕਮਰੇ ਵਿੱਚ ਚਲੇ ਜਾਂਦੇ ਨੇ 'ਤੇ ਤੁਹਾਡੇ ਨਾਲ ਇੱਕ ਵੀ ਗੱਲ ਨੀਂ ਕਰਦੈ।'

*ਦਸੰਬਰ-2001*

# ਰੋਟੀ ਦਾ ਗੀਤ/ਸੁਰਿੰਦਰ ਕੈਲੇ

'ਅੰਕਲ! ਮੈਨੂੰ ਅੱਜ ਪਾਪਾ ਨੇ ਮਾਰਿਆ।'

ਮਨੀ ਨੇ ਰੋਣਹਾਕਾ ਮੂੰਹ ਬਣਾਉਂਦਿਆਂ, ਆਪਣੇ ਪਾਪਾ ਦੀ ਸ਼ਿਕਾਇਤ ਲਗਾਉਂਦਿਆ ਕਿਹਾ।

ਮਨੀ ਕੁਝ ਦਿਨਾਂ ਤੋਂ ਬਿਮਾਰ ਸੀ। ਪੇਟ ਦੀ ਬਿਮਾਰੀ ਕਾਰਨ ਉਸਨੂੰ ਖਾਣ-ਪੀਣ ਤੋਂ ਖਾਸ ਪ੍ਰਹੇਜ ਰੱਖਣ ਲਈ, ਡਾਕਟਰ ਨੇ ਹਦਾਇਤ ਕੀਤੀ ਸੀ। ਉਹ ਸੂਪ, ਜੂਸ ਤੇ ਖਿਚੜੀ ਵਗੈਰਾ ਨਾਲ ਗੁਜ਼ਾਰਾ ਕਰਦਾ ਆ ਰਿਹਾ ਸੀ।

ਰਾਤ ਦਾ ਖਾਣਾ ਖਾਣ ਲਈ ਸਾਰਾ ਟੱਬਰ, ਮੇਜ ਦੁਆਲੇ ਆ ਜੁੜਿਆ ਸੀ। ਮਨੀ ਨੂੰ ਵੀ ਕੁਰਸੀ ਤੇ ਬਿਠਾ ਖਿਚੜੀ ਦੇ ਦਿੱਤੀ ਗਈ। ਉਸਦੀਆਂ ਨਜ਼ਰਾਂ ਚਟਪਟੇ ਖਾਣੇ ਤੇ ਲੱਗੀਆਂ ਹੋਈਆਂ ਸਨ। ਉਸਦਾ ਬਾਲ ਮਨ ਲਲਚਾ ਰਿਹਾ ਸੀ ਪਰ ਡਰਦਾ ਮੰਗ ਨਹੀਂ ਸੀ ਰਿਹਾ।

ਅਨਚਾਹੇ ਮਨ ਨਾਲ, ਮਨੀ ਨੇ ਇਕ ਚਮਚਾ ਖਿਚੜੀ ਦਾ ਮੂੰਹ ਵਿਚ ਪਾ ਲਿਆ ਤੇ ਨਾਲ ਹੀ ਗੀਤ ਗਾਉਣ ਵਾਂਗ ਕਹੀ ਜਾਵੇ

ਮੈਂ ਤਾਂ ਰੋਟੀ ਖਾਣੀ ਆ...

ਮੈਂ ਤਾਂ ਰੋਟੀ ਖਾਣੀ ਆ....ਆ

ਮੈਂ ਤਾਂ ਰੋ....।

ਮਨੀ ਦੇ ਪਾਪਾ ਹਰਜੋਤ ਨੇ ਉਸਦੇ ਹਲਕੀ ਜਿਹੀ ਚਪੇੜ ਟਿਕਾ ਦਿੱਤੀ। ਮਨੀ ਡੁਸਕਣ ਲੱਗ ਗਿਆ ਤੇ ਖਿਚੜੀ ਵਾਲੀ ਪਲੇਟ ਚੁੱਕ ਕੇ ਆਪਣੇ ਕਮਰੇ ਵਿਚ ਚਲਾ ਗਿਆ।

ਖਾਣੇ ਤੋਂ ਬਾਅਦ ਦੀ ਸੈਰ ਕਰਦਾ, ਹਰਜੋਤ ਦਾ ਦੋਸਤ, ਮਨੀ ਦੀ ਖ਼ਬਰ ਲੈਣ ਆ ਗਿਆ। ਅਵਾਜ ਸੁਣਦਿਆਂ ਹੀ ਮਨੀ ਉਨ੍ਹਾਂ ਕੋਲ ਆ ਗਿਆ ਤੇ ਪਾਪਾ ਦੀ ਸ਼ਿਕਾਇਤ ਲਗਾ ਦਿੱਤੀ:

'ਅੰਕਲ! ਮੈਨੂੰ ਅੱਜ ਪਾਪਾ ਨੇ ਮਾਰਿਆ।'

'ਹਰਜੋਤ, ਕਿਉਂ ਮਾਰਿਆ ਮੇਡੀ ਡੱਡ ਨੂੰ?' ਮਨੀ ਦੇ ਅੰਕਲ ਨੇ ਪਿਆਰ ਜਿਤਾਉਂਦਿਆਂ ਹਰਜੋਤ ਨੂੰ ਪੁੱਛਿਆ।

'ਇਸਨੂੰ ਚੰਗਾ ਭਲਾ ਪਤਾ ਹੈ ਕਿ ਡਾਕਟਰ ਨੇ ਖਾਣੇ ਤੋਂ ਮਨਾ ਕੀਤਾ ਹੈ, ਫਿਰ ਵੀ ਰੋਟੀ ਲਈ ਜ਼ਿਦ ਕਰਦਾ ਸੀ।' ਹਰਜੋਤ ਨੇ ਆਪਣੀ ਨਰਾਜਗੀ ਦਾ ਕਾਰਨ ਦੱਸਿਆ।

ਅੰਕਲ ਦੀ ਲੱਤ ਨਾਲ ਚਿੰਬੜਿਆ ਮਨੀ ਕਹਿ ਰਿਹਾ ਸੀ, 'ਅੰਕਲ! ਮੈਂ ਕੋਈ ਰੋਟੀ ਥੋੜ੍ਹਾ ਹੀ ਮੰਗਦਾ ਸੀ। ਮੈਂ ਤਾਂ ਰੋਟੀ ਦਾ ਗੀਤ ਗਾਉਂਦਾ ਸੀ।'

*ਮਾਰਚ, 2002*

# ਦਾੜ੍ਹ ਹੇਠਾਂ/ਸੁਰਿੰਦਰ ਕੈਲੇ

ਇਮਤਿਹਾਨ ਪਾਸ ਕਰਨ ਮਗਰੋਂ ਉਸਦੇ ਅਫਸਰ ਲੱਗਣ ਵਿਚ ਬਹੁਤੀ ਦੇਰ ਨਹੀਂ ਸੀ। ਇੰਟਰਵਿਊ ਤੋਂ ਬਾਅਦ ਉਸਨੇ ਸਰਕਾਰੀ ਅਫਸਰ ਲੱਗ ਜਾਣਾ ਸੀ।

ਇਕ ਵਿਚੋਲੇ ਨੇ ਉਸ ਨੂੰ ਭੇਤ ਦੀ ਗੱਲ ਦੱਸੀ, 'ਜੇ ਨੌਕਰੀ ਲੈਣੀ ਹੈ ਤਾਂ ਵੀਹ ਲੱਖ ਦੇਣਾ ਪੈਣਾ ਹੈ। ਇਸ ਤੋਂ ਘੱਟ ਇਹ ਕੰਮ ਨਹੀਂ ਹੋਣ ਲੱਗਾ।'

ਉਹ ਦੂਰਅੰਦੇਸੀ ਬੰਦਾ ਸੀ ਤੇ ਮੌਕੇ ਨੂੰ ਅਜਾਈਂ ਨਹੀਂ ਸੀ ਗੁਆਉਣਾ ਚਾਹੁੰਦਾ। ਇਸ ਲਈ ਉਸਨੇ ਹਾਂ ਕਰ ਦਿੱਤੀ। ਪਰ ਅੰਦਰੋਂ ਉਹ ਬੜਾ ਕ੍ਰੋਧਿਤ ਹੋਇਆ ਤੇ ਮਨ ਵਿਚ ਪੱਕਾ ਇਰਾਦਾ ਧਾਰ ਲਿਆ ਕਿ ਕੋਈ ਗੱਲ ਨਹੀਂ, ਸਾਡੀ ਵਾਰੀ ਵੀ ਕਦੀ ਆਵੇਗੀ। ਇਕ ਵਾਰੀ ਦਾੜ੍ਹ ਹੇਠਾਂ ਆ ਜਾਣ ਦਿਓ ਫਿਰ ਦੇਖਣਾ ਕਿਵੇਂ ਇਨ੍ਹਾਂ ਨੂੰ ਚਬਾ ਚਬਾ ਕੇ ਬਦਲਾ ਲੈਂਦਾ ਹਾਂ।

ਹੁਣ, ਉਹ ਅਫਸਰ ਹੈ। ਉਨ੍ਹਾਂ ਹੀ ਅਫਸਰਾਂ ਦੇ, ਜਿਨ੍ਹਾਂ ਨੇ ਨੌਕਰੀ ਦੇਣ ਲਈ ਲੱਖਾਂ ਰੁਪਏ ਲਏ ਸਨ, ਬਿਨਾਂ ਪੈਸਿਆਂ ਦੇ ਕੰਮ ਕਰਨੇ ਪੈਂਦੇ ਹਨ। ਜਿਨ੍ਹਾਂ ਤੋਂ ਬਦਲਾ ਲੈਣ ਲਈ ਉਹ ਤਰਲੋਮੱਛੀ ਹੁੰਦਾ ਸੀ, ਕੁਝ ਵੀ ਨਾ ਵਿਗਾੜ ਸਕਦਾ।

ਹੁਣ ਉਸਦੀਆਂ ਦਾੜ੍ਹਾਂ ਥੱਲੇ ਆਮ ਲੋਕ ਹੁੰਦੇ ਹਨ ਤੇ ਉਹ ਉਨ੍ਹਾਂ ਨੂੰ ਖੂਬ ਚਬਾਉਂਦਾ ਹੈ।

*ਜੂਨ, 2002*

# ਭੁੱਖ ਦਾ ਦੁਖਾਂਤ/ਹੈਪੀ ਸਿੰਘ ਹੈਪੀ

ਸ਼ਹਿਰਨੁਮਾ ਕਸਬੇ ਦੇ ਬੱਸ ਅੱਡੇ 'ਤੇ ਬੱਸ ਰੁਕੀ। ਕਾਫੀ ਸਵਾਰੀਆਂ ਬੱਸ ਵਿੱਚੋਂ ਉੱਤਰੀਆਂ ਤੇ ਕਾਫੀ ਚੜ੍ਹੀਆਂ। ਪਰ ਇਨ੍ਹਾਂ ਸਵਾਰੀਆਂ ਵਿੱਚ ਸਭ ਤੋਂ ਵੱਧ ਸੋਚ ਦਾ ਕੇਂਦਰ ਬੁੱਢੀ ਮਾਈ ਸੀ, ਜੋ ਰੋ ਰਹੀ ਸੀ। ਅਗਾਂਹ ਪਿੰਡ ਜਾਣ ਲਈ ਬੁੱਢੀ ਮਾਈ ਇੱਕੋ-ਇੱਕ ਖੜੇ ਟੈਂਪੂ ਵਿਚ ਬੈਠ ਗਈ। 'ਵੇ ਪੁੱਤਾ! ਜ਼ਰ੍ਹਾ ਜਲਦੀ ਚੱਲ।' ਬੁੱਢੀ ਮਾਈ ਦੇ ਮੂੰਹੋਂ ਕੰਬਦੇ ਬੋਲ ਨਿਕਲੇ।

'ਚੱਲਦੇ ਆਂ ਬੇਬੇ, ਇਕ-ਦੋ ਸਵਾਰੀਆਂ ਹੋਰ ਆ ਲੈਣ ਦੇ।' ਟੈਂਪੂ ਡਰਾਇਵਰ ਬੋਲਿਆ।

ਬੁੱਢੀ ਮਾਈ ਪਤਾ ਨਹੀਂ ਕੀ ਸੋਚ-ਸੋਚ ਹੰਝੂ ਕੇਰੀਂ ਜਾ ਰਹੀ ਸੀ ਤੇ ਟੈਂਪੂ ਡਰਾਇਵਰ ਨੂੰ ਗੁੱਸਾ ਆ ਰਿਹਾ ਸੀ। ਕਾਫੀ ਚਿਰ ਉਡੀਕ ਤੋਂ ਬਾਅਦ ਬੁੱਢੀ ਮਾਈ ਫੇਰ ਬੋਲੀ, 'ਵੇ ਪੁੱਤ, ਜਲਦੀ ਚੱਲ।'

'ਸਬਰ ਕਰ ਬੇਬੇ, ਚੱਲਦੇ ਆਂ।' ਟੈਂਪੂ ਡਰਾਇਵਰ ਖਿਝ ਕੇ ਬੋਲਿਆ।

'ਪੁੱਤ, ਮੇਰਾ ਭਤੀਜਾ ਪੂਰਾ ਹੋ ਗਿਆ...ਉਹਦੇ ਦਾਗ ਤੇ ਜਾਣਾ। ...ਬਾਕੀ ਮਕਾਨ ਆਲੀਆਂ ਚੱਲੀਆਂ ਗਈਆਂ, ਮੈਂ ਈ ਰਹਿ ਗਈ ਆਂ।' ਬੁੱਢੀ ਮਾਈ ਦੀ ਭੁੱਬ ਨਿਕਲ ਗਈ।

'ਚੁੱਪ ਕਰ ਬੇਬੇ, ਚਾਰ ਸਵਾਰੀਆਂ ਆ ਲੈਣ ਦੇ।...ਨਾਲੇ ਮਰਨ ਆਲਾ ਤੇ ਮਰ ਗਿਆ। ਪਰ ਸਾਨੂੰ ਕਿਉਂ ਭੁੱਖਿਆਂ ਮਾਰਨਾ?' ਆਖ ਟੈਂਪੂ ਡਰਾਇਵਰ ਬੱਸ ਅੱਡੇ ਵੱਲ ਤੱਕਣ ਲੱਗ ਪਿਆ।

*ਜੂਨ, 2002*

## ਚਿਨਾਰ ਉਦਾਸ ਹਨ/ਸੁਖਚੈਨ ਸਿੰਘ ਭੰਡਾਰੀ

'ਰਹਿਮਤ ਦੇ ਅੱਬਾ! ਸ੍ਰੀਨਗਰ ਤੋਂ ਅੰਮੀ ਦੀ ਚਿੱਠੀ ਆਈ ਹੈ।' ਬੀਵੀ ਨੇ ਖਾਵੰਦ ਦੇ ਘਰ ਆਉਂਦਿਆਂ ਹੀ ਗੱਲ ਤੋਰੀ।

'ਕੀ ਲਿਖਿਐ ਅੰਮੀ ਜਾਨ ਨੇ?'

'ਲਿਖਿਆ ਹੈ ਕਿ ਇਸ ਵਾਰ ਗਰਮੀਆਂ ਦੀਆਂ ਛੁੱਟੀਆਂ ਵਿਚ, ਅਸੀਂ ਬੱਚਿਆਂ ਨੂੰ ਲੈ ਕੇ ਕਸ਼ਮੀਰ ਨਾ ਆਈਏ।'

'ਕਿਉਂ?' ਖ਼ਾਵੰਦ ਨੇ ਹੈਰਾਨੀ ਨਾਲ ਪੁੱਛਿਆ।

'ਅੰਮੀ ਲਿਖਦੀ ਏ ਕਿ ਇੱਥੇ ਚਿਨਾਰਾਂ ਦੇ ਰੁੱਖ ਹੁਣ ਉਦਾਸ ਤੇ ਸਹਿਮੇ ਹੋਏ ਹਨ। ਉਨ੍ਹਾਂ ਵਿੱਚੋਂ ਹੁਣ ਮਹਿਕ ਭਰੀ ਹਵਾ ਦੀ ਥਾਂ, ਆਦਮੀ ਦੇ ਲਹੂ ਦੀ ਬੋ ਵਗਦੀ ਹੈ।'

*ਸਤੰਬਰ, 2002*

## ਭੁਲੇਖਾ/ਦਰਸ਼ਨ ਜੋਗਾ

'ਕੱਲ੍ਹ ਜੋ ਪਾਠ ਪੜ੍ਹਾਇਆ ਸੀ ਉਸ ਨੂੰ ਸਾਰੇ ਯਾਦ ਕਰੋ।' ਕਹਿੰਦਿਆਂ ਅਧਿਆਪਕਾ ਕੁਰਸੀ 'ਤੇ ਬੈਠ ਗਈ।

ਲੜਕੇ ਅਤੇ ਲੜਕੀਆਂ ਪਾਠ ਯਾਦ ਕਰਨ ਲੱਗੇ। ਪਿਛਾਂਹ ਬੈਠੀਆਂ ਦੋ ਲੜਕੀਆਂ ਆਪਸ 'ਚ ਹੌਲੀ-ਹੌਲੀ ਕੁਝ ਕਹਿ ਰਹੀਆਂ ਸਨ।

'ਹਾਏ-ਹਾਏ ਨੀ ਦੱਸਾਂ ਮੈਡਮ ਨੂੰ।' ਇਕ ਲੜਕੀ ਇਕ ਦਮ ਉੱਚੀ ਆਵਾਜ਼ 'ਚ ਬੋਲੀ ਜਿਵੇਂ ਦੂਸਰੀ ਨੇ ਕੋਈ ਬਹੁਤ ਹੀ ਗਲਤ ਗੱਲ ਕਹਿ ਦਿੱਤੀ ਹੋਵੇ।

ਅਧਿਆਪਕਾਂ ਅਵਾਜ਼ ਸੁਣਦਿਆਂ ਇਕ-ਦਮ ਲਾਲ ਪੀਲੀ ਹੁੰਦੀ ਕੜਕੀ।

'ਇਧਰ ਆਓ ਨੀ ਕੀ ਕਰਦੀਓਂ, ਕੀ ਕਹਿੰਦੀ ਸੀ ਦੱਸ ਤੂੰ?'

ਅਧਿਆਪਕਾ ਨੇ ਲੜਕੀ ਨੂੰ ਕੋਲ ਬੁਲਾ ਕੇ ਡਾਟਣਾਂ ਸ਼ੁਰੂ ਕਰ ਦਿੱਤਾ।

ਲੜਕੀ ਅਧਿਆਪਕਾ ਅੱਗੇ ਨੀਵੀਂ ਪਾਈ ਚੁੱਪ ਖੜ੍ਹੀ ਸੀ।

'ਨੀ ਬੋਲਦੀ ਕਿਉਂ ਨ੍ਹੀਂ? ਘਰਦੇ ਥੋਨੂੰ ਪੜ੍ਹਨ ਭੇਜਦੇ ਐ, ਤੁਸੀਂ ਪਤਾ ਨ੍ਹੀ ਕੀ ਊਜ-ਜਲੂਲ ਬਕਦੀਆਂ ਰਹਿੰਨੀਉਂ, ਫਟਾ ਫਟ ਦੱਸ ਨਹੀਂ ਆ ਡੰਡੇ ਮੇਰੇ ਕੋਲ। ਤੂੰ ਦੱਸ ਨੀ ਕੀ ਕਹਿੰਦੀ ਸੀ ਤੈਨੂੰ ਇਹ? 'ਅਧਿਆਪਕਾ ਦਾ ਗੁੱਸਾ ਦੂਜੀ ਲੜਕੀ ਵੱਲ ਵੀ ਵਰ੍ਹ ਰਿਹਾ ਸੀ।

ਦੂਜੀ ਲੜਕੀ ਵੀ ਅਧਿਆਪਕਾ ਦਾ ਗੁੱਸਾ ਵੇਖਕੇ ਬੋਲ ਨਾ ਸਕੀ।

'ਥੋਨੂੰ ਸ਼ਰਮ ਨ੍ਹੀ ਆਉਂਦੀ, ਹੁਣ ਬੋਲਦੀਆਂ ਕਿਉਂ ਨ੍ਹੀ? ਹਾਂ ਦੱਸ, ਨਹੀਂ ਮੈ ਤੈਨੂੰ ਜਮਾਤ 'ਚੋਂ ਬਾਹਰ ਕੱਢ ਦਿਊਂ, ਨਾਲੇ ਤੇਰੇ ਘਰਦਿਆਂ ਨੂੰ ਬੁਲਾਕੇ ਦੱਸੂੰ। ਜਲਦੀ ਕਰ ਨਹੀਂ ਤਾਂ...।'

ਡੰਡਾ ਨੇੜੇ ਆਉਂਦਾ ਵੇਖਕੇ ਲੜਕੀ ਦੀਆਂ ਅੱਖਾਂ ਪਿਆਲਿਆਂ ਵਾਂਗ ਭਰ...ਆਈਆਂ।

'ਮੈਡਮ ਜੀ ਇਹ ਤਾਂ ਊਂਈਂ ਕਰਦੀ ਐ, ਮੈਂ ਤਾਂ ਕਿਹਾ ਸੀ ਬੀ, ਮੈਡਮ ਜੀ ਤਾਂ ਮੈਨੂੰ ਮੇਰੀ ਮੰਮੀ ਵਰਗੇ ਲੱਗਦੇ ਐ, ਮੇਰੀ ਮੰਮੀ ਵਰਗਾ ਮੜ੍ਹੰਗੈ, ਮੇਰਾ ਜੀਅ ਕਰਦੈ ਗੋਦੀ 'ਚ ਬੈਠ ਜਾਂ।

ਮੇਰੀ ਮੰਮੀ ਮਰੀ ਨੂੰ ਦੋ ਸਾਲ ਹੋਗੇ ਜੀ।'

ਭਰੇ ਹੋਏ ਗਲੇ ਨਾਲ ਬੋਲਦੀ ਕੁੜੀ ਦੀਆਂ ਅੱਖਾਂ 'ਚ ਤਰਿਪ-ਤਰਿਪ ਪਾਣੀ ਡਿੱਗਣ ਲੱਗਾ। ਬੱਚੀ ਦੀ ਗੱਲ ਸੁਣਦਿਆਂ ਮੈਡਮ ਦਾ ਡੰਡੇ ਵਾਲਾ ਹੱਥ ਇਕ ਦਮ ਢਿੱਲਾ ਪੈ ਗਿਆ। ਉਸਨੇ ਲੜਕੀ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ, 'ਜ੍ਹਾ ਆਪਣੀ ਜਗ੍ਹਾ 'ਤੇ ਬੈਠ ਜ੍ਹਾ।' ਕੁਰਸੀ 'ਤੇ ਬੈਠਿਆਂ ਉਸਨੂੰ ਆਪਣਾ ਆਪ ਛੋਟਾ-ਛੋਟਾ ਤੇ ਬੋਝਲ ਜਾਪ ਰਿਹਾ ਸੀ। ਜਮਾਤ ਵਿਚ ਬੈਠੇ ਛੋਟੇ-ਛੋਟੇ ਬੱਚੇ ਰਿਸ਼ੀ ਲੱਗ ਰਹੇ ਸਨ।

***ਸਤੰਬਰ, 2002***

## ਅਭਿਮੰਨਿਊਂ/ਕੁਲਵਿੰਦਰ ਕੌਸ਼ਲ

ਯੁੱਗ ਬੀਤ ਜਾਣ ਤੋਂ ਬਾਅਦ ਅੱਜ ਫਿਰ ਅਭਿਮੰਨਿਊਂ ਕੌਰਵਾਂ ਦੇ ਚੱਕਰਵਿਊ 'ਚ ਘਿਰ ਗਿਆ ਹੈ। ਉਸਦੇ ਨਿਕਲਣ ਦੇ ਸਾਰੇ ਰਾਹ ਬੰਦ ਹਨ। ਪਹਿਲੇ ਦਰਵਾਜੇ ਤੇ ਭ੍ਰਿਸ਼ਟਾਚਾਰ, ਦੂਸਰੇ ਤੇ ਬੇਰੁਜ਼ਗਾਰੀ, ਤੀਸਰੇ ਤੇ ਗਰੀਬੀ...। ਹਰ ਇਕ ਦਰਵਾਜੇ ਤੇ ਕੋਈ ਨਾ ਕੋਈ ਮੂੰਹ ਅੱਡੀ ਖੜ੍ਹਾ ਹੈ। ਅਭਿਮੰਨਿਊਂ ਨੂੰ ਆਪਣੇ ਪਿਤਾ ਤੇ ਗੁੱਸਾ ਆ ਰਿਹਾ ਹੈ, ਜਿਸ ਨੇ ਉਸ ਕੋਲ ਅਜਿਹੇ ਚੱਕਰਵਿਊ ਦਾ ਕਦੇ ਜ਼ਿਕਰ ਵੀ ਨਹੀਂ ਕੀਤਾ ਸੀ।

ਉਸਦੇ ਹੱਥੋਂ ਹਥਿਆਰ ਡਿਗ ਪਏ ਹਨ ਅਤੇ ਉਹ ਸਭ ਦੇ ਵਿਚਾਲੇ ਬੇਵਸ ਹੋਇਆ ਖੜ੍ਹਾ ਹੈ। ਪਹਿਲੀ ਵਾਰ ਪਾਂਡਵਾਂ ਦਾ ਪੁੱਤਰ ਮੌਤ ਤੋਂ ਡਰਿਆ ਹੈ। ਉਸ ਕੋਲ ਦੋਹੀ ਰਾਹ ਹਨ, ਚੁੱਪ ਚਾਪ ਮੌਤ ਕਬੂਲ ਲਵੇ ਜਾਂ ਲੜ ਮਰੇ। ਅਚਾਨਕ ਉਸਦੇ ਚਿਹਰੇ ਤੇ ਚਮਕ ਆ ਗਈ ਹੈ। ਉਹਨੇ ਕਮਾਨ ਚੁੱਕੀ ਅਤੇ ਤੀਰ ਚੜ੍ਹਾ ਲਿਆ ਹੈ। ਉਸਦੇ ਫੂੰਕਾਰੇ ਨਾਲ ਚਾਰੇ ਦਿਸ਼ਾਵਾਂ ਕੰਬ ਗਈਆਂ।

***ਸਤੰਬਰ, 2002***

## ਨੀਂਦ/ਮੋਹਨ ਲਾਲ ਫਿਲੌਰੀਆ

ਪਤੀ ਬਹੁਤ ਦਿਨਾਂ ਬਾਅਦ ਘਰ ਪਰਤਿਆ। ਬਹੁਤ ਥੱਕਿਆ ਹੋਇਆ ਸੀ। ਰੋਟੀ ਖਾਧੀ ਤੇ ਸੌਂ ਗਿਆ। ਘੂਕ ਸੌਂ ਗਿਆ। ਪਤਨੀ ਨੇ ਜਗਾਉਣ ਦੀ ਕੋਸ਼ਿਸ਼ ਕੀਤੀ। ਉਹ ਨਾ ਉੱਠਿਆ। ਪਤਨੀ ਬੁੜਬੁੜਾਈ:

'ਜੇ ਘਰ ਆ ਕੇ ਸੌਣਾ ਹੀ ਸੀ। ਤਾਂ ਕੀ ਲੋੜ ਸੀ ਘਰ ਆਉਣ ਦੀ।' ਫਿਰ ਉਹ ਵੀ ਸੌਂ ਗਈ। ਪਤੀ ਨੀਂਦ ਪੂਰੀ ਕਰਕੇ ਉਠਿਆ। ਪਤਨੀ ਘੂਕ ਸੁੱਤੀ ਪਈ ਸੀ। ਉਸ ਨੇ ਜਗਾਉਣ ਦੀ ਕੋਸ਼ਿਸ਼ ਕੀਤੀ। ਉਹ ਨਾ ਉੱਠੀ। ਉਹ ਬੁੜਬੁੜਾਇਆ:

'ਜਦ ਦੇਖੋ ਸੁੱਤੀ ਰਹਿੰਦੀ ਹੈ। ਬੱਸ'

## ਰੌਸ਼ਨੀ/ਸੁਖਚੈਨ ਸਿੰਘ ਭੰਡਾਰੀ

ਅਫ਼ਗਾਨਿਸਤਾਨ ਦਾ ਇਕ ਨਿੱਕਾ ਜਿਹਾ ਪਿੰਡ ਕਾਯਦਾ। ਉਹ ਵੀ ਅਮਰੀਕੀ ਬੰਬਬਾਰੀ ਦੀ ਜ਼ਦ ਵਿਚ ਸੀ। ਇਸੇ ਲਈ ਪਿੰਡ ਦੇ ਕਈ ਲੋਕ ਪਿੰਡ ਤੋਂ ਕੁਝ ਹਟਕੇ, ਬੰਕਰਾਂ ਵਿਚ ਪਨਾਹ ਲੈ ਰਹੇ ਸਨ। ਅਜਿਹੇ ਹੀ ਇਕ ਬੰਕਰ ਵਿਚ ਰਜ਼ੀਆ ਨੂੰ ਬੱਚਾ ਹੋਣ ਦੀਆਂ ਪੀੜਾਂ ਸ਼ੁਰੂ ਹੋ

ਗਈਆਂ। ਉਹ ਰਹਿ-ਰਹਿਕੇ ਚੀਕ ਉਠਦੀ। ਉਸਦੀ ਬੁੱਢੀ ਸੱਸ ਸ਼ਰੀਫਾ ਬੀ, ਉਸਦਾ ਸਿਰ ਆਪਣੀ ਝੋਲੀ ਵਿਚ ਲਈ, ਉਸਨੂੰ ਸਹਾਰਾ ਦੇਈ ਬੈਠੀ ਸੀ। ਰਜ਼ੀਆ ਦਾ ਚਿਹਰਾ ਪਸੀਨੇ ਨਾਲ ਸਰਾਬੋਰ ਹੁੰਦਾ ਜਾ ਰਿਹਾ ਸੀ। ਉਹ ਜ਼ੋਰਦੀ ਚੀਕੀ, 'ਅੰਮੀ! ਮੈਥੋਂ ਹੋਰ ਨਹੀਂ ਬਰਦਾਸ਼ਤ ਹੁੰਦਾ। ਮੈਂ ਮਰ ਜਾਵਾਂਗੀ, ਅੰਮੀ।'

'ਤੂੰ ਫਿਕਰ ਨਾ ਕਰ ਰੱਜੋ। ਤੇਰਾ ਖ਼ਾਵਿੰਦ ਸੁਹੇਲ, ਦਾਈ ਨੂੰ ਲੈ ਕੇ ਬਸ ਆਉਂਦਾ ਹੀ ਹੋਵੇਗਾ।...ਹੇ ਅੱਲਾ ਤਾਲਾ, ਰਹਿਮਤ ਫਰਮਾ। ਇਹ ਚੰਦਰੀ ਬੰਬਬਾਰੀ ਤੇ ਉਪਰੋਂ ਇਹ ਰਾਤ ਦਾ ਡੂੰਘਾ ਹਨੇਰਾ...।' ਤੇ ਇਸਤੋਂ ਪਹਿਲਾਂ ਕਿ ਸ਼ਰੀਫ਼ਾ ਬੀ ਕੁਝ ਹੋਰ ਆਖਦੀ, ਥੋੜ੍ਹੀ ਹੀ ਦੂਰ ਜਹਾਜ਼ ਤੋਂ ਇਕ ਬੰਬ ਡਿਗਿਆ। ਜ਼ੋਰ ਦਾ ਧਮਾਕਾ ਹੋਇਆ ਤੇ ਰਜ਼ੀਆ ਦੀ ਚੀਕ ਉਭਰੀ। ਉਸੇ ਚੀਕ ਦੇ ਨਾਲ, ਇਕ ਨਵੇਂ ਜੰਮੇ ਬਾਲ ਦੇ ਰੋਣ ਦੀ ਆਵਾਜ਼ ਨੇ, ਉਸ ਹਨੇਰੇ ਬੰਕਰ ਵਿਚ ਜਿਵੇਂ ਰੌਸ਼ਨੀ ਭਰ ਦਿੱਤੀ।

***ਮਾਰਚ, 2003***

# ਨੇਕ ਹੋਣਾ/ਪ੍ਰੇਮ ਬਰਨਾਲਵੀ

ਬੱਚੇ ਨੇ ਬੁੱਢੇ ਨੂੰ ਪੁੱਛਿਆ, 'ਬਾਬਾ ਜੀ ਸੁਣਿਆ ਅਸੀਂ ਪਹਿਲਾਂ ਵੀ ਇੱਕ ਵਾਰ ਉਜੜੇ ਸੀ।'

'ਹਾਂ ਕਾਕਾ ਮੁਲਕ ਦੀ ਵੰਡ ਵੇਲੇ ਅਸੀਂ ਪੇਸ਼ਾਵਰ ਤੋਂ ਉਜੜਕੇ ਇੱਥੇ ਆਏ ਸਾਂ।'

'ਤੇ ਹੁਣ ਫੇਰ ਹਿੰਦੁਸਤਾਨ ਤੋਂ ਉਜੜ ਕੇ ਹਿੰਦੂਸਤਾਨ 'ਚ ਰਿਫ਼ੂਜੀ ਬਣੇ ਬੈਠੇ ਹਾਂ। ਅਜਿਹਾ ਕਿਉਂ?'

ਜਵਾਬ ਵਿਚ ਬੁੱਢੇ ਨੇ ਉਹ ਕਹਾਣੀ ਸੁਣਾਈ ਜਿਸ 'ਚ ਗੁਰੂ ਨਾਨਕ ਦੇਵ ਜੀ ਖ਼ੂਬ ਆਦਰ ਸਤਿਕਾਰ ਕਰਨ ਵਾਲਿਆਂ ਨੂੰ ਉਜੜ ਜਾਣ ਦਾ ਸ਼ਾਪ ਤੇ ਪਾਣੀ ਤਕ ਵੀ ਨਾ ਪੁੱਛਣ ਵਾਲਿਆਂ ਨੂੰ ਵਸੇ ਰਹਿਣ ਦਾ ਵਰ ਦੇਂਦੇ ਹਨ। ਬਾਬਾ ਜੀ ਦੇ ਸਾਥੀ ਮਰਦਾਨੇ ਦੀ ਸ਼ੰਕਾ ਦਾ ਹੱਸ ਦੇ ਨਿਵਾਰਣ ਕਰਦੇ ਹਨ- ਭਲੇ ਲੋਕ ਉਜੜਕੇ ਜਿੱਥੇ ਵੀ ਜਾਣਗੇ ਨੇਕੀ ਸਥਾਪਤ ਕਰਨਗੇ। ਇਸ ਲਈ ਅਜਿਹੇ ਲੋਕਾਂ ਦਾ ਇੱਕ ਥਾਂ ਟਿਕੇ ਰਹਿਣਾ ਲੋਕਾਈ ਲਈ ਕਲਿਆਣਕਾਰੀ ਨਹੀਂ। ਇਸਦੇ ਉਲਟ ਦੁਸ਼ਟ, ਦੁਰਜਨ ਲੋਕ ਆਪਣੀਆਂ ਬੁਰਾਈਆਂ ਬਾਕੀ ਦੁਨੀਆਂ 'ਚ ਨਾ ਫੈਲਾਉਣ ਇਸ ਲਈ ਉਨ੍ਹਾਂ ਦਾ ਇੱਕ ਥਾਂ ਬਸੇ ਰਹਿਣਾ ਹੀ ਬਿਹਤਰ ਹੈ। ਕਹਾਣੀ ਸੁਣਕੇ ਬੱਚੇ ਨੂੰ ਲੱਗਾ ਜਿਵੇਂ ਉਸਦੇ ਅੰਦਰ ਕੁਝ ਅਟਕ ਗਿਆ ਹੈ। ਰਤਾ ਕੁ ਚੁੱਪੀ ਮਗਰੋਂ ਖੁੱਲੇ ਅਸਮਾਨ ਵੱਲ ਵੇਖ ਕਿਹਾ, 'ਇਹ ਗੱਲ ਉਸ ਜੁਗ ਲਈ ਸਹੀ ਸੀ, ਬਹੁਤ ਸਹੀ ਸੀ ਪਰ ਅੱਜ ਨੇਕ ਦਰਬਦਰ ਭਟਕਣ ਇਹ...'

***ਸਤੰਬਰ, 2003***

## ਸਾਂਝ/ਅਮਰ ਘੋਲੀਆ

ਵਿਦੇਸ਼ ਤੋਂ ਕਈ ਸਾਲਾਂ ਬਾਅਦ ਕਮਾਈ ਕਰਕੇ ਮੁੜੇ ਸੁੱਚਾ ਸਿੰਘ ਨੂੰ ਪਿੰਡ ਨਾਲੋਂ ਜਿਆਦਾ ਆਪਣੇ ਆਪ ਵਿਚ ਆਈ ਤਬਦੀਲੀ ਦਾ ਅਹਿਸਾਸ ਹੋ ਰਿਹਾ ਸੀ। ਏਨਾ ਅਰਸਾ ਮਾਂ-ਬਾਪ ਤੇ ਸਕੇ ਸੰਬੰਧੀਆਂ ਤੋਂ ਦੂਰ ਰਹਿਣ ਨਾਲ ਉਸ ਦਾ ਉਨ੍ਹਾਂ ਪ੍ਰਤੀ ਮੋਹ ਕਈ ਗੁਣਾ ਵਧ ਗਿਆ ਸੀ। ਸੀਰੀ ਰੱਖੇ ਭੱਈਏ ਜਿਸ ਨੂੰ ਹਰ ਗੱਲ 'ਤੇ ਝਿੜਕ ਦਿਆ ਕਰਦਾ ਸੀ ਅਤੇ ਥੋੜ੍ਹਾ ਬਹੁਤਾ ਵੀ ਗਲਤ ਕੰਮ ਕਰਨ ਤੇ ਚਾਰ ਲਾ ਵੀ ਦਿੰਦਾ ਸੀ, ਨਾਲ ਵਿਸ਼ੇਸ਼ ਤੌਰ 'ਤੇ ਮੋਹ ਜਾਗ ਪਿਆ ਸੀ।

ਕੱਲ ਦੇਸੀ ਘਿਉ ਨਾਲ ਭਰੀ ਪੀਪੀ ਠੇਡਾ ਵੱਜਣ ਨਾਲ ਭੱਈਏ ਹੱਥੋਂ ਛੁੱਟ ਕੇ ਦੂਰ ਜਾ ਡਿੱਗੀ ਸੀ ਅਤੇ ਸਾਰਾ ਘਿਉ ਜਮੀਨ ਤੇ ਢੇਰੀ ਹੋ ਗਿਆ ਸੀ। ਕੋਲ ਹੀ ਫਿਰਦੇ ਸੁੱਚਾ ਸਿੰਘਦੇ ਭਰਾ ਨੇ ਪੀਪੀ ਵਿਚਲਾ ਘਿਉ ਧਰਤੀ ਤੇ ਡੁੱਲ੍ਹਿਆ ਵੇਖ ਕੇ ਗਾਲ੍ਹਾਂ ਦੀ ਝੜੀ ਲਾ ਦਿੱਤੀ ਤੇ ਕੋਲ ਹੀ ਪਏ ਡੰਡੇ ਨੂੰ ਚੁੱਕ ਕੇ ਗੁੱਸੇ ਨਾਲ ਲਾਲ ਹੋਇਆ ਭਈਏ ਨੂੰ ਕੁੱਟਣ ਆਇਆ ਤਾਂ ਵਰਾਂਡੇ ਵਿਚ ਪੱਖੇ ਥੱਲੇ ਬੈਠੇ ਸੁੱਚਾ ਸਿੰਘ ਨੇ ਭਰਾ ਨੂੰ ਵਰਜਿਆ ਤੇ ਭੱਜ ਕੇ ਆ ਕੇ ਭੱਈਏ ਨੂੰ ਜੱਫੀ ਵਿਚ ਲੈ ਲਿਆ।

'ਕਮਲਿਆ! ਤੂੰ ਕੀ ਜਾਣੇ ਇਹਦੇ ਦੁੱਖਾਂ ਨੂੰ? ਮੈਨੂੰ ਪੁੱਛ ਕੇ ਵੇਖ ਪ੍ਰਦੇਸ਼ਾਂ ਵਿਚ ਕਿਵੇਂ ਦਿਨ ਕਟੀਆਂ ਕਰੀਦੀਆਂ ਨੇ।' ਕਹਿ ਕੇ ਉਸ ਨੇ ਧਾਹ ਹੀ ਤਾਂ ਮਾਰ ਦਿੱਤੀ ਸੀ।

***ਦਸੰਬਰ, 2003***

## ਕੰਧਾਂ/ਗੁਰਮੀਤ ਸਿੰਘ ਫਾਜ਼ਿਲਕਾ

ਕਮੇਟੀ ਵਲੋਂ ਆਏ ਹਾਊਸ ਟੈਕਸ ਤੇ ਨਜ਼ਰਾਂ ਟਿਕਾਈ ਕਦੇ ਤਾਂ ਉਹ ਆਪਣੇ ਛੋਟੇ ਜਿਹੇ ਘਰ ਬਾਰੇ ਸੋਚਦਾ ਤੇ ਕਦੇ ਟੈਕਸ ਦੀ ਰਕਮ ਦੇ ਅੱਖਰਾਂ ਵੱਲ....ਹੈਂਅ ਕੀ ਭੋਰਾ ਕੁ ਥਾਂ ਤੇ ਟੈਕਸ ਲਾ ਤਾ, ਲਾਉਣਾ ਈ ਆ ਤਾਂ ਵੱਡੀਆਂ ਕੋਠੀਆਂ ਵਾਲਿਆਂ ਨੂੰ ਲਾਉਣ- ਸਹੁਰੀ ਦੋਗਲੀ ਨੀਤੀ ਕਹਿੰਦੇ ਕੁਸ਼ ਆ ਕਰਦੇ ਕੁਸ਼ ਆ।'

ਨੋਟਿਸ ਤੇ ਲਿਖੀ ਨਿਸਚਿਤ ਮਿਤੀ ਨੂੰ ਉਹ ਆਪਣਾ ਲਿਖਤੀ ਇਤਰਾਜ਼ ਲੈ ਕਮੇਟੀ ਦਫ਼ਤਰ ਗਿਆ। ਲੰਮੀ ਸਾਰੀ ਲਾਈਨ ਵੇਖ ਉਹਨੂੰ ਵੰਨ ਥਰਡ ਦੀ ਥਾਂ ਪੂਰੇ ਦਿਨ ਦੀ ਛੁੱਟੀ ਸਕੂਲੋਂ ਲੈਣ ਦਾ ਖਿਆਲ ਐਵੇਂ ਹੀ ਆਇਆ। ਚਲੋ ਕੰਮ ਬਣ ਜੇ...ਛੁਟੀ ਦਾ ਕੀ ਏ। ਸੋਚਦੇ ਉਹਨੂੰ ਵਾਜ ਪਈ ਤਾਂ ਕਮੇਟੀ ਅਫ਼ਸਰ ਦੇ ਰੂ-ਬ-ਰੂ ਹੁੰਦੇ ਆਪਣੀ ਭਰਾਵਾਂ ਦੀ ਸਾਂਝੀ ਥਾਂ ਨੂੰ ਲੱਗੇ ਟੈਕਸ ਦੀ ਗੱਲ ਤੋਰੀ- ਸਾਂਝੀ ਥਾਂ ਜਿਸ ਵਿਚ ਉਹ ਕਈ ਸਾਲਾਂ ਤੋਂ ਰਹਿੰਦੇ ਆ ਰਹੇ ਸਨ। ਚਿਰਾਂ ਤੋਂ ਵਿਹੜਾ ਸਾਂਝਾ ਸੀ। ਕਿਸੇ ਨੇ ਲੋੜ ਹੀ ਨਹੀਂ ਸੀ ਸਮਝੀ ਵਿਚਾਲੇ ਕੰਧ ਦੀ। ਸਾਂਝੇ ਵਿਹੜੇ ਦੀ ਗੱਲ ਸੁਣਕੇ ਅਫਸਰ ਦੇ ਬੋਲ....

'ਮਾਸਟਰ ਜੀ ਸਾਡੇ ਰਿਕਾਰਡ ਵਿਚ ਤਾਂ ਰਕਬਾ ਕੱਠਾ ਹੀ ਐ- ਹਾਂ ਜੇ ਵਿਚਾਲੇ ਕੰਧ ਕਰ ਲਵੋ ਤਾਂ ਰਕਬਾ ਅੱਡ ਅੱਡ ਆਊਗਾ- ਨਾਲੇ ਅਸੀਂ ਚੁਬਾਰੇ ਆਲੇ ਨੂੰ ਟੈਕਸ ਲਾਉਣਾ ਏ

ਥਾਂ ਭਾਵੇਂ ਥੋੜ੍ਹੀ ਹੋਵੇ ਭਾਵੇਂ ਬਹੁਤੀ।'

'ਪਰ ਇਹ ਨਿਆਂ ਤਾਂ ਨਹੀਂ ਨਾ ਮਾਲਕੋ....।'

'ਭਾਵੇਂ ਕੁਝ ਸਮਝ ਲਵੋ ਉਪਰੋਂ ਹੁਕਮ ਏਵੇਂ ਹੀ ਆਏ ਨੇ ਜਨਾਬ....।'

'ਅੱਛਾ.....।' ਉਦਾਸੀ ਜਿਹੀ ਸੋਚ ਵਿਚ ਕੰਧਾਂ....ਚੁਬਾਰਾ.....ਟੈਕਸ...ਲੋਕ ਰਾਜ ਦੇ ਅਖੌਤੀ ਚਿਹਰੇ ਸਾਹਮਣੇ ਫਿਰਨ ਲੱਗੇ।

*ਦਸੰਬਰ, 2003*

## ਕਾਨੂੰਨ/ਰਾਜਿੰਦਰ ਕੌਰ ਵੰਤਾ

'ਕੀ ਏ ਬਈ?' ਬਾਹਰ ਵੱਡੇ ਗੇਟ 'ਤੇ ਖੜ੍ਹੀ ਸੇਲਜ਼ ਗਰਲ ਨੂੰ ਮੈਂ ਰਸੋਈ ਦੀ ਜਾਲੀ ਵਾਲੀ ਖਿੜਕੀ 'ਚੋਂ ਬਾਹਰ ਝਾਕਦਿਆਂ ਪੁੱਛਿਆ।

'ਮੈਡਮ! ਮੇਰੇ ਕੋਲ ਕੁਝ ਸਾਮਾਨ ਹੈ। ਜ਼ਰਾ ਬਾਹਰ ਆ ਕੇ ਵੇਖ ਲਓ।' ਮੈਨੂੰ ਆਵਾਜ਼ ਕੁਝ ਜਾਣੀ-ਪਛਾਣੀ ਜਿਹੀ ਲੱਗੀ।

ਗੈਸ ਬੰਦ ਕਰ, ਮੈਂ ਝੱਟ ਬੂਹਾ ਖੋਲ੍ਹ ਕੇ ਬਾਹਰ ਗੇਟ ਕੋਲ ਪੁੱਜ ਗਈ।

'ਹੈਂ! ਸ਼ੰਮੀ ਤੂੰ? ਇਹ ਕੀ....?' ਆਪਣੇ ਕਾਲਜ ਦੀ ਹੁਸੀਨ ਤੇ ਚੰਚਲ ਦੋਸਤ ਨੂੰ ਬਿਖ਼ਰੀ ਜਿਹੀ ਹਾਲਤ ਵਿਚ ਵੇਖ ਮੈਂ ਹੈਰਾਨ ਪਰੇਸ਼ਾਨ ਹੋ ਰਹੀ ਸਾਂ। ਇਸ ਤੋਂ ਪਹਿਲਾਂ ਕਿ ਉਹ ਕੁਝ ਕਹਿੰਦੀ, ਮੈਂ ਉਸ ਦਾ ਹੱਥ ਫੜ ਉਸ ਨੂੰ ਅੰਦਰ ਲੈ ਆਈ।

'ਰੀਨਾ! ਦੋ ਕੱਪ ਚਾਹ ਬਣਾਈ।' ਆਪਣੀ ਛੋਟੀ ਨਨਾਣ ਨੂੰ ਕਹਿ ਮੈਂ ਉਸ ਨਾਲ ਸੋਫੇ 'ਤੇ ਹੀ ਬੈਠ ਗਈ।

'ਗੱਲ ਸੁਣ! ਤੇਰਾ ਤਾਂ ਕੁਝ ਮਹੀਨੇ ਪਹਿਲਾਂ ਕਿਸੇ ਅਮੀਰ ਮੁੰਡੇ ਨਾਲ ਵਿਆਹ ਹੋ ਗਿਆ ਸੀ ਤੇ ਇਹ ਕੀ?' ਮੇਰੀ ਹੈਰਾਨੀ, ਮੇਰੀ ਸਮਝ ਤੇ ਹਾਵੀ ਹੋ ਰਹੀ ਸੀ।

'ਉਹ ਧੋਖੇਬਾਜ਼ ਤਾਂ ਪਹਿਲਾਂ ਹੀ ਵਿਆਹਿਆ ਹੋਇਆ ਸੀ।' ਮਸਾਂ ਹੀ ਬੋਲ ਸਕੀ ਉਹ।

'ਹੈਂ? ਫਿਰ ਕੀ ਹੋਇਆ?'

'ਹੋਣਾ ਕੀ ਸੀ। ਉਸ ਦੀ ਪਹਿਲੀ ਬੀਵੀ ਆਪਣੇ ਜ਼ੋਰੇ-ਹੱਕ ਨਾਲ ਲੈ ਗਈ ਉਸ ਨੂੰ।'

'ਤੇ ਤੂੰ ਉਸ 'ਤੇ ਧੋਖਾ-ਦੇਹੀ ਦਾ ਕੇਸ ਕਰ ਦੇਣਾ ਸੀ।' ਮੈਂ ਆਪਣੇ ਇਨਕਲਾਬੀ ਵਿਚਾਰਾਂ ਦਾ ਇਜ਼ਹਾਰ ਕਰਦਿਆਂ ਕਿਹਾ।

'ਕੇਸ?' ਇਕ ਵਿਅੰਗਾਤਮਕ ਜਿਹਾ ਹਾਸਾ ਉਸ ਦੇ ਚਿਹਰੇ 'ਤੇ ਖਿਲਰ ਗਿਆ।

'ਉਸ ਲਈ ਪੈਸਾ ਕਿਥੋਂ ਲਿਆਉਂਦੀ? ਮਾਂ-ਬਾਪ ਦੀ ਗਰੀਬੀ ਨੇ ਹੀ ਤਾਂ ਮੇਰੇ ਅਜਿਹੇ ਨਸੀਬ ਘੜੇ ਸੀ।' ਆਪਣੇ ਵਧੇ ਪੇਟ ਵੱਲ ਵੇਖਦਿਆਂ ਉਸ ਦੇ ਰੋਕ-ਰੋਕ ਰੱਖੇ ਹੰਝੂ ਉਸ ਦੀਆਂ ਪੀਲੀਆਂ ਭੂਕ ਗੱਲ੍ਹਾਂ 'ਤੇ ਰੁੜ੍ਹਨ ਲਈ ਮਜ਼ਬੂਰ ਹੋ ਗਏ।

*ਮਾਰਚ, 2004*

## ਦੁਖਾਂਤ/ਡਾ. ਗੁਰਚਰਨ ਸਿੰਘ ਗੁਲਸ਼ਨ

'ਤਿੰਨ ਸਦੀਆਂ ਪਹਿਲਾਂ ਆਖੇ ਉਸਦੇ ਸ਼ਬਦ ਅੱਜ ਵੀ ਭਾਵੇਂ ਹਵਾ ਵਿਚ ਤੈਰ ਰਹੇ ਹਨ ਪਰ ਅਸੀਂ ਕਦੋਂ ਦੇ ਸੌਂ ਚੁੱਕੇ ਹਾਂ ਤੇ ਉਸਦੀ ਸ਼ਕਲ ਸੂਰਤ ਦੇ ਨਾਲ ਨਾਲ ਉਸਦੇ ਆਖੇ ਸ਼ਬਦਾਂ, ਜਿਨ੍ਹਾਂ ਵਿਚ ਵਜ਼ਨ ਹੈ, ਦਲੀਲ ਹੈ, ਤੇ ਕੁਝ ਕਰ ਗੁਜ਼ਰਨ ਲਈ ਵੰਗਾਰ ਵੀ, ਨੂੰ ਅਸਾਂ ਔਪਰਾ ਸਮਝ ਕੁਝ ਕੁਝ ਭੁਲਾ ਦਿੱਤਾ ਹੈ ਤੇ ਕੁਝ ਸ਼ਬਦਾਂ ਦੇ ਅਰਥ ਹੀ ਅਸਾਂ ਉਲਟੇ ਪੁਲਟੇ ਭਾਵਾਂ ਨਾਲ ਜੋੜ ਲਏ ਹਨ। ਸਾਡੇ ਸੁੱਤੇ ਹੋਣ ਦਾ ਸਬੂਤ ਹਨ ਉਹ ਘੁਰਾੜੇ ਜੋ ਅਸੀਂ ਕਿੰਨੇ ਸਮੇਂ ਤੋਂ ਮਾਰਨ ਲਗ ਪਏ ਹਾਂ ਤੇ ਜਿਨ੍ਹਾਂ ਦੀ ਅਵਾਜ਼ ਦੂਰ ਦੂਰ ਤਕ ਫੈਲ ਕੇ ਸਾਨੂੰ ਸ਼ਰਮਸਾਰ ਕਰ ਰਹੀ ਹੈ ਉਸ ਖਰਗ਼ੋਸ਼ ਵਾਂਙ ਜੋ ਤਿੰਨ ਚਾਰ ਕੋਹ ਦੌੜ ਕੇ ਕੁਝ ਇਸ ਤਰ੍ਹਾਂ ਸੁਸਤਾਂਦਾ ਹੈ ਕਿ ਉਸਨੂੰ ਆਪਣੀ ਮਿੱਥੀ ਹੋਈ ਮੰਜ਼ਿਲ ਹੀ ਭੁੱਲ ਗਈ ਹੈ।' ਬਿਰਧ ਬਾਬਾ ਆਖੀ ਜਾ ਰਿਹਾ ਹੈ ਤੇ ਉਸਦੇ ਆਸੇ ਪਾਸੇ ਬੈਠੇ, ਖੜੋਤੇ ਲੋਕੀਂ ਬਸ ਘੁਰਾੜੇ ਮਾਰ ਰਹੇ ਹਨ। ਉਹ ਫਿਰ ਬੋਲਦਾ ਹੈ-

'ਘੜੀ ਪਲ ਲਈ ਹਲਚਲ ਜ਼ਰੂਰ ਹੁੰਦੀ ਹੈ ਜਦੋਂ ਕੋਈ ਤੁਹਾਡੇ ਸਿਰਾਂ 'ਤੇ ਪੈਰ ਰਖ ਅੱਗੇ ਲੰਘਣ ਲੱਗਦਾ ਹੈ ਤਾਂ ਕਿਸੇ ਪਾਸੇ, ਕਿਸੇ ਕੋਨੇ ਵਿਚ, ਤੁਸੀਂ ਉਭੜਵਾਹੇ ਉੱਠ ਦੌੜਦੇ ਹੋ ਬਿਨਾਂ ਸੋਚੇ ਸਮਝੇ ਉਲਝ ਪੈਂਦੇ ਹੋ ਤੇ ਫਿਰ ਆਪਣੇ ਵਿਚੋਂ ਕਈ ਸਿਰ ਕਟਵਾ ਮੁੜ ਗੂੜ੍ਹੀ ਨੀਂਦਰ ਸੌਂ ਜਾਂਦੇ ਹੋ।'

ਇਸ ਵਾਰ ਉਸਨੇ ਉਹਨਾਂ ਨੂੰ ਸਿੱਧਾ ਸੰਬੋਧਨ ਕੀਤਾ ਪਰ ਅੱਖਾਂ ਭਰੀਆਂ ਭਰੀਆਂ ਤੇ ਘੁਰਾੜੇ ਉਸੇ ਮਸ਼ੀਨੀ ਅੰਦਾਜ਼ ਵਿਚ ਜਾਰੀ ਸਨ। ਬਿਰਧ ਬਾਬੇ ਨੇ ਅਪਣੀ ਚਿੱਟੀ ਸਫੈਦ ਦਾੜ੍ਹੀ ਤੇ ਚਾਦਰ, ਜਿਸ ਤੇ ਧੂੜ ਹੀ ਧੂੜ ਸੀ, ਵਲ ਸੰਕੇਤ ਕਰਦਿਆਂ ਆਖਿਆ- 'ਮੈਨੂੰ ਵੀ ਮੌਕਾ ਦਿਓ ਕਿ ਅਪਣੇ ਅਪ ਨੂੰ, ਆਪਣੀ ਚਾਦਰ ਨੂੰ ਝਾੜ ਪੂੰਝ ਆਪਣੇ ਅਸਲੀ ਰੰਗ ਰੂਪ ਤੋਂ ਸਾਰੇ ਸੰਸਾਰ ਨੂੰ ਇਕ ਵਾਰ ਫਿਰ ਵਾਕਿਫ ਕਰ ਸਕਾਂ।' ਕੁਝ ਚਿਰ ਮਗਰੋਂ ਉਸਨੇ ਹੌਕਾ ਭਰਦਿਆਂ ਆਖਿਆ- 'ਪਰ ਲਗਦੈ ਹਾਲਾਂ ਉਹ ਸਮਾਂ ਨਹੀਂ ਆਇਆ।' - ਤੇ ਉਹ ਆਪ ਵੀ ਸਿਰ ਸੁੱਟ ਚੁੱਪ ਜਿਹਾ ਹੋ ਗਿਆ ਤੇ ਹੌਲੀ ਹੌਲੀ ਘੁਰਾੜੇ ਮਾਰ ਰਹੇ ਲੋਕਾਂ ਵਿਚ ਹੀ ਗਾਇਬ ਹੋ ਗਿਆ।

*ਮਾਰਚ, 04*

## ਨਿੱਕੇ-ਨਿੱਕੇ ਈਸਾ/ਜਸਬੀਰ ਢੰਡ

'ਸ਼ਿੰਦਰ! ਕੱਲ੍ਹ ਕਿਉਂ ਨੀ ਆਈ?'

'ਜੀ ਕੱਲ੍ਹ ਨਾ, ਮੇਰੀ ਬੀਬੀ ਬਾਹਲ਼ੀ ਢਿੱਲੀ ਹੋ ਗੀ ਸੀ'

'ਕਿਉਂ? ਕੀ ਹੋਇਆ ਤੇਰੀ ਬੀਬੀ ਨੂੰ?'

'ਜੀ ਉਹਦੀ ਨਾ ਬੱਖੀ 'ਚੋਂ ਨਾੜ ਭਰਦੀ ਐ, ਕੱਲ੍ਹ ਮਾਨਸਾ ਦਖਾਉਣ ਜਾਣਾ ਸੀ'

'ਦਿਖਾ ਆਏ ਫੇਰ?'

'ਨਾ ਜੀ....'

'ਕਿਉਂ?'

'ਜੀ ਕੱਲ੍ਹ ਨਾ ਪੈਸੇ ਨੀ ਹੈਗੇ ਸੀ...'

'ਫੇਰ?'

'ਜੀ ਅੱਜ ਲੈ ਕੇ ਜਾਊ ਮੇਰਾ ਬਾਪੂ....'

'ਅੱਜ ਕਿੱਥੋਂ ਆ ਗੇ ਪੈਸੇ?'

'ਜੀ- ਸੀਰ ਆਲ਼ਿਆਂ ਦਿਓ ਲਿਆਇਐ 'ਧਾਰੇ...'

ਪਹਿਲੀ ਜਮਾਤ ਵਿਚ ਪੜ੍ਹਦੀ ਸ਼ਿੰਦਰ ਆਪਣੇ ਅਧਿਆਪਕ ਨਾਲ਼ ਸਿਆਣਿਆਂ ਵਾਂਝ ਗੱਲਾਂ ਕਰਦੀ ਹੈ। ਪੱਕਾ ਸਾਂਵਲਾ ਰੰਗ ਪਰ ਨੈਣ-ਨਕਸ਼ ਸੁਹਣੇ, ਆਪਣੀ ਉਮਰ ਦੇ ਬੱਚਿਆਂ ਨਾਲੋਂ ਦੋ ਤਿੰਨ ਸਾਲ ਵੱਡੀ ਤੇ ਸਮਝਦਾਰ...ਆਪ ਔਖੀ ਹੋ ਕੇ ਵੀ ਮਾਂ ਨੇ ਪੜ੍ਹਨੇ ਪਾਈ ਹੈ ਕਿ ਧੀ ਚਾਰ ਅੱਖਰ ਉਠਾਉਣ ਜੋਗੀ ਹੋ ਜਾਵੇ।

ਅਗਲੇ ਦਿਨ ਉਹ ਘੰਟਾ ਕੁ ਲੇਟ ਆਉਂਦੀ ਹੈ।

'ਲੇਟ ਹੋ ਗੀ ਅੱਜ?'

'ਜੀ, ਅੱਜ ਬੀਬੀ ਫੇਰ ਬਾਹਲ਼ੀ ਔਖੀ ਸੀ, ਰੋਟੀਆਂ ਪਕਾ ਕੇ ਆਈ ਆਂ...

ਨਾਲੇ ਪਹਿਲਾਂ ਸਾਰਾ ਘਰ ਸੰਭਰਿਆ...'

ਅਧਿਆਪਕ ਕੁੜੀ ਦੇ ਮੂੰਹ ਵੱਲ ਤਕਦਾ ਹੈ।

'ਤੂੰ ਰੋਟੀਆਂ ਪਕਾ ਲੈਨੀ ਐਂ?'

'ਹਾਂ ਜੀ! ਦਾਲ਼ ਵੀ, ਮੇਰੀ ਬੀਬੀ ਪਈ-ਪਈ ਦੱਸ ਦਿੰਦੀ ਐ...ਮੈਂ ਧਰ ਲੈਨੀ ਆਂ।'

ਕੁੜੀ ਦੇ ਚਿਹਰੇ ਤੇ ਆਤਮ-ਵਿਸ਼ਵਾਸ ਦਾ ਜਲੌਅ ਦਿਖਾਈ ਦਿੰਦਾ ਹੈ।

'ਅੱਜ ਫੇਰ ਤੇਰੀ ਬੀਬੀ ਨੇ ਤੈਨੂੰ ਘਰੇ ਰਹਿਣ ਨੂੰ ਨੀ ਆਖਿਆ?'

ਅਧਿਆਪਕ ਦਾ ਜੀਅ ਕਰਦਾ ਹੈ ਕਿ ਕੁੜੀ ਨੂੰ ਛੁੱਟੀ ਦੇ ਦੇਵੇ।

'ਨਾ ਜੀ.. ਅੱਜ ਤਾਂ ਬੀਬੀ ਬਾਪੂ ਨੂੰ ਕਹੀ ਜਾਂਦੀ ਸੀ, ਜੇ ਮੈਂ ਮਰ ਵੀ ਗਈ ਤਾਂ ਸ਼ਿੰਦਰ ਨੂੰ ਪੜ੍ਹਨੋਂ ਨਾ ਹਟਾਈਂ....!'

ਜਮਾਤ ਵਿਚ ਚਾਲ਼ੀ-ਪੰਜਾਹ ਬੱਚਿਆਂ ਦੇ ਸ਼ੋਰ ਦੇ ਬਾਵਜੂਦ ਅਧਿਆਪਕ ਦੇ ਅੰਦਰ ਇੱਕ ਚੁੱਪ ਪੱਸਰ ਜਾਂਦੀ ਹੈ। ਸੁੰਨ ਜਿਹਾ ਹੋਇਆ ਉਹ ਕੁੜੀ ਦੇ ਮੂੰਹ ਵੱਲ ਵੇਖਦਾ ਹੈ।....ਕਿੰਨੇ ਹੀ ਨਿੱਕੇ-ਨਿੱਕੇ ਈਸਾ ਸੂਲ਼ੀ ਤੇ ਲਟਕ ਰਹੇ ਹਨ!

*ਜੂਨ, 2004*

# ਪਤਨੀ ਬਨਾਮ ਨੌਕਰਾਣੀ/ਸੁਰਿੰਦਰ ਕੈਲੇ

ਅਮਾਨਤ ਬਹੁਤ ਖੁਸ਼ ਸੀ ਕਿਉਂਕਿ ਉਸਦੇ ਪਤੀ ਨੇ ਅੱਜ ਵਿਦੇਸ਼ੀ ਯਾਤਰਾ ਤੋਂ ਵਾਪਸ ਘਰ ਆਉਣਾ ਸੀ। ਰਾਤ ਦਾ ਖਾਣਾ ਵੀ ਉਹ ਚੰਗੀ ਤਰ੍ਹਾਂ ਨਹੀਂ ਸੀ ਖਾ ਸਕੀ। ਪਤੀ ਦੇ ਆਉਣ ਦੀ ਤਾਂਘ ਵਿਚ ਉਸਦੀ ਭੁੱਖ ਕਿਧਰੇ ਗੁਆਚ ਗਈ ਸੀ। ਦੇਰ ਰਾਤ ਤੱਕ ਬਿਸਤਰ ਤੇ ਪਈ ਉਹ ਪਾਸੇ ਪਲਟਦੀ ਰਹੀ ਪਰ ਨੀਂਦ ਨਹੀਂ ਸੀ ਆ ਰਹੀ। ਉਸਨੇ ਅੱਖਾਂ ਬੰਦ ਕਰਕੇ ਸੌਣ ਦਾ

ਯਤਨ ਕੀਤਾ। ਉਸਦੀਆਂ ਅੱਖਾਂ ਅੱਗੇ ਤਾਂ ਪਤੀ ਦੀ ਤਸਵੀਰ ਹੀ ਘੁੰਮਦੀ ਰਹੀ ਸੀ।

'ਅਮੀਂ! ਆਹ ਸਾਰਾ ਬੈਗ ਤੇਰੇ ਲਈ ਤੋਹਫਿਆਂ ਦਾ ਹੈ।'

ਨਵਜੋਤ ਨੇ ਬੈਗ ਉਸਨੂੰ ਫੜਾਉਂਦਿਆਂ ਕਿਹਾ।

ਅਮਾਨਤ ਨੇ ਝੱਟ ਬੈਗ ਖੋਹਲਕੇ ਦੇਖਣਾ ਸ਼ੁਰੂ ਕਰ ਦਿੱਤਾ। ਵਧੀਆ ਤੇ ਮਹਿੰਗੇ ਕੱਪੜੇ, ਕਰੀਮਾਂ, ਲਿਪਸਟਕਾਂ, ਅਤਰ ਵਗੈਰਾ ਦਾ ਢੇਰ ਲੱਗ ਗਿਆ/ਧੁੱਪ ਦੀਆਂ ਐਨਕਾਂ ਦੇਖ ਤਾਂ ਉਹ ਫੁੱਲੀ ਨਹੀਂ ਸੀ ਸਮਾਉਂਦੀ। ਬੜੀ ਦੇਰ ਤੋਂ ਉਸਦੀ ਤਾਂਘ ਸੀ ਵਧੀਆ ਐਨਕਾਂ ਲੈਣ ਦੀ।

'ਹਾਇ! ਆਹ ਬੈਗ ਤਾਂ ਮੇਰੀ ਜਾਨ ਹੈ।'

ਸੁੰਦਰ ਤੇ ਮਹਿੰਗਾ ਵੱਡਾ ਪਰਸ ਦੇਖ ਤਾਂ ਉਹ ਬੈੱਡ ਤੇ ਉੱਛਲ ਹੀ ਪਈ।

'ਤੁਹਾਨੂੰ ਮੇਰਾ ਕਿੰਨਾ ਖਿਆਲ ਹੈ। ਸੱਚੀਂ, ਤੁਸੀਂ ਮੈਨੂੰ ਏਨਾ ਪਿਆਰ ਕਰਦੇ ਹੋ?' ਕਹਿੰਦਿਆਂ ਉਸਨੇ ਨਵਜੋਤ ਨੂੰ ਗਲਵਕੜੀ ਪਾ ਲਈ।

'ਟਰ.......ਟਰ......ਟਰ.....।'

ਜੋਰ ਨਾਲ ਘੰਟੀ ਵਜੀ ਤੇ ਉਹ ਤ੍ਰਭਕ ਗਈ। ਉਸਦਾ ਮਨਮੋਹਨਾ ਸੁਪਨਾ ਅੱਧਵਾਟਿਓਂ ਟੁੱਟ ਗਿਆ।

ਨਵਜੋਤ ਘਰ ਆ ਗਿਆ ਸੀ।

'ਅਮੀਂ! ਚਾਹ ਬਣਾ। ਚਾਹ ਪੀਕੇ ਨਹਾਵਾਂਗਾ ਤੇ ਫਿਰ ਗੱਲਾਂ ਕਰਾਂਗੇ।

ਅਮਾਨਤ ਚਾਹ ਬਣਾ ਲਿਆਈ ਤੇ ਨਵਜੋਤ ਮੂੰਹ ਹੱਥ ਧੋ ਕੇ ਸੋਫੇ ਤੇ ਬੈਠ ਗਿਆ। ਅਟੈਚੀ ਖੋਲ੍ਹ ਕੇ ਨਿੱਕ ਸੁੱਕ ਕੱਢਣ ਲੱਗਾ।

'ਆਹ ਘੜੀ, ਜੀਨ, ਟੌਪ ਤੇ ਸੈਂਡਲ ਧੀ ਲਈ ਨੇ।'

ਨਵਜੋਤ ਨੇ ਦੱਸਿਆ।

ਅਮਾਨਤ ਨੇ ਓਪਰੀ ਜਿਹੀ ਨਜਰ ਨਾਲ ਦੇਖਿਆ ਤੇ ਸਾਰੀਆਂ ਚੀਜਾਂ ਇਕ ਪਾਸੇ ਰੱਖ ਦਿੱਤੀਆਂ।

'ਇਹ ਦੋ ਕੁ ਚੀਜਾਂ ਭੈਣ ਲਈ ਲੈ ਲਈਆਂ ਸਨ। ਇਕ ਕਮੀਜ ਜੀਜੇ ਲਈ ਤੇ ਦੋ ਚਾਰ ਖਿਡਾਉਣੇ, ਭਾਣਜੇ ਲਈ ਨੇ। ਮੈਂ ਅਪਣੇ ਲਈ ਤਾਂ ਕੁੱਝ ਨਹੀਂ ਲਿਆ। ਹਰ ਚੀਜ਼ ਤਾਂ ਇਥੇ ਮਿਲ ਜਾਂਦੀ ਹੈ। ਫਿਰ ਐਵੇਂ ਭਾਰ ਚੁੱਕਣ ਦਾ ਕੀ ਫਾਇਦਾ? ਐਹ ਸਭ ਤੋਹਫੇ ਨੇ। ਇਹ ਗਰਮ ਸੂਟ ਮੈਨੂੰ ਸਰੀ ਵਾਲੀ ਭੂਆ ਨੇ ਲੈ ਕੇ ਦਿੱਤਾ। ਬਾਕੀ ਚੀਜਾਂ ਦੋਸਤਾਂ ਵਲੋਂ ਦਿੱਤੇ ਗਏ ਗਿਫਟ ਨੇ।'

ਨਵਜੋਤ ਨੇ ਦੋਸਤਾਂ ਵਲੋਂ ਮਿਲੇ ਤੋਹਫਿਆਂ ਦਾ ਢੇਰ ਲਗਾ ਦਿੱਤਾ।

ਅਟੈਚੀ ਕਰੀਬ ਖਾਲ੍ਹੀ ਹੋ ਚੁੱਕਾ ਸੀ। ਅਮਾਨਤ ਨੂੰ ਆਸ ਸੀ ਕਿ ਅਖੀਰ 'ਚ ਜ਼ਰੂਰ ਮੇਰੇ ਲਈ ਲਿਆਂਦਾ ਤੋਹਫਾ ਦੇਵੇਗਾ। ਕੰਮ ਵਾਲੀ ਮਹਿਮਾਨ ਕਮਰੇ 'ਚ ਆ ਗਈ। ਬਾਹਰੋਂ ਆਈਆਂ ਚੀਜਾਂ ਨੂੰ ਦੇਖਣ ਦਾ ਮਨ ਉਸ ਨੂੰ ਮੱਲੋ ਮੱਲੀ ਇਧਰ ਲੈ ਆਇਆ ਸੀ। ਪੈਰ ਜਿਹੇ ਮਲਦੀ ਉਹ ਦੂਸਰੇ ਕਮਰੇ ਵਿਚ ਚਲੀ ਗਈ।

'ਇਹ ਸੂਟ ਭੂਆ ਦੀ ਬੇਟੀ ਨੇ ਉਂਝ ਹੀ ਅਟੈਚੀ ਵਿਚ ਰੱਖ ਦਿੱਤਾ ਸੀ। ਕਹਿੰਦੀ ਸੀ ਮੈਂ ਤਾਂ ਇਸਨੂੰ ਪਾਉਂਦੀ ਨਹੀਂ, ਕਿਸੇ ਨੂੰ ਦੇ ਦੇਣਾ। ਇਹ ਕੰਮ ਵਾਲੀ ਨੂੰ ਦੇ ਦਿੰਦੇ ਹਾਂ।'

ਤੇ ਹੁਣ ਅਟੈਚੀ ਬਿਲਕੁਲ ਖਾਲੀ ਸੀ। ਅਮਾਨਤ ਡਡਿਆਈਆਂ ਅੱਖਾਂ ਨਾਲ ਇਧਰ ਉਧਰ ਦੇਖ ਰਹੀ ਸੀ। ਉਹ ਮਹਿਸੂਸ ਕਰ ਰਹੀ ਸੀ ਕਿ ਇਸ ਘਰ ਵਿਚ ਉਸਦੀ ਹੈਸੀਅਤ ਤਾਂ ਇਕ ਨੌਕਰਾਣੀ ਜਿੰਨੀ ਵੀ ਨਹੀਂ।'

'ਵਾਪਸੀ ਵੇਲੇ ਮੇਰੇ ਕੋਲ ਕਾਫੀ ਪੈਸੇ ਬਚ ਗਏ ਸਨ ਤੇ ਮੈਂ ਉਨ੍ਹਾਂ ਦਾ ਸੋਨਾ ਖਰੀਦ ਲਿਆ।'

ਨਵਜੋਤ ਨੇ ਆਪਣੇ ਹੱਥ ਵਿਚੋਂ ਸੋਨੇ ਦਾ ਮੋਟਾ ਕੜਾ ਉਤਾਰਦਿਆਂ ਕਿਹਾ।

ਅਮਾਨਤ ਦਾ ਚਿਹਰਾ ਇਕ ਦਮ ਖਿੜ ਗਿਆ। ਉਸਨੂੰ ਲੱਗਿਆ ਇਹ ਕੜਾ ਨਵਜੋਤ ਨੇ ਉਸੇ ਲਈ ਹੀ ਬਣਵਾਇਆ ਹੋਵੇਗਾ।

'ਇਸ ਸੋਨੇ ਦਾ ਬੇਟੀ ਨੂੰ ਕੋਈ ਚੰਗਾ ਜਿਹਾ ਗਹਿਣਾ ਬਣਵਾ ਦਿਆਂਗੇ।'

ਨਵਜੋਤ ਨੇ ਕੜਾ ਆਪਣੀ ਜੇਬ ਵਿਚ ਪਾਉਂਦਿਆਂ ਕਿਹਾ।

ਅਮਾਨਤ ਦਾ ਸਬਰ ਟੁੱਟ ਗਿਆ। ਉਹ ਇਕ ਦਮ ਉੱਠੀ। ਬਾਥਰੂਮ ਵਿਚ ਜਾਕੇ ਪਾਣੀ ਵਾਲੀ ਟੂਟੀ ਪੂਰੀ ਖੋਲ੍ਹ ਦਿੱਤੀ। ਉਸਦੀਆਂ ਭੁੱਬਾਂ ਪਾਣੀ ਦੇ ਸ਼ੋਰ ਵਿਚ ਸਮਾ ਗਈਆਂ।

***ਸਤੰਬਰ, 2004***

## ਸ਼ਾਮਲਾਟ/ਅਵੱਲ ਸਰਹੱਦੀ

ਐਤਵਾਰ ਦਾ ਦਿਨ ਸੀ। ਮੈਂ ਕੇਸੀਂ ਇਸ਼ਨਾਨ ਕਰਕੇ ਧੁੱਪੇ ਕੁਰਸੀ ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸਾਂ। ਸਾਡੀ ਬਰਤਨ ਸਾਫ ਕਰਨ ਵਾਲੀ ਧਿਆਨੋ ਸਫ਼ਾਈ ਕਰਦੀ-ਕਰਦੀ ਬੋਲੀ ਜਾਂਦੀ ਸੀ। ਮੈਂ ਕੀ ਕਰਾਂ, ਕਿੱਥੇ ਜਾਵਾਂ ਮੈਂ ਸਾਰਾ ਦਿਨ ਕੋਠੀਆਂ ਵਿੱਚ ਕੰਮ ਕਰਕੇ ਬੱਚੇ ਪਾਲਾਂ ਅਤੇ ਉਹ ਸ਼ਾਮ ਨੂੰ ਜੋ ਕਮਾਏ, ਉਸ ਦੀ ਸ਼ਰਾਬ ਪੀ ਲਵੇ। ਉਸ ਨੂੰ ਘਰ ਦੇ ਰਾਸ਼ਨ ਦਾ ਕੋਈ ਫ਼ਿਕਰ-ਫਾਕਾ ਨਹੀਂ। ਬੱਚਿਆਂ ਦੀ ਪੜ੍ਹਾਈ ਦਾ ਕੋਈ ਖਿਆਲ ਨਹੀਂ। ਉਸਨੂੰ ਸਿਰਫ਼ ਸ਼ਰਾਬ ਦਾ ਪਤਾ ਹੈ। ਹਰ ਰੋਜ਼ ਸ਼ਾਮ ਨੂੰ ਉਹ ਪੀ ਕੇ ਆਉਂਦਾ ਹੈ ਅਤੇ ਗਾਲਾਂ ਕੱਢਣ ਲੱਗ ਜਾਂਦਾ ਹੈ। ਮੈਂ ਕਰਾਂ ਤਾਂ ਕੀ ਕਰਾਂ। ਜਦੋਂ ਉਹ ਬੋਲ ਹਟੀ ਤਾਂ ਮੈਂ ਆਖਿਆ 'ਧਿਆਨੋ ਤੂੰ ਅਜਿਹੇ ਪਤੀ ਨੂੰ ਬਰਦਾਸ਼ਤ ਕਿਉਂ ਕਰਦੀ ਏਂ। ਜਦੋਂ ਕਿ ਉਸਨੂੰ ਤੇਰਾ ਅਤੇ ਬੱਚਿਆਂ ਦਾ ਕੋਈ ਧਿਆਨ ਨਹੀਂ, ਤੂੰ ਤਲਾਕ ਹੀ ਦੇ ਛੱਡ ਉਸ ਨੂੰ।' ਮੇਰੀ ਗੱਲ ਸੁਣ ਕੇ ਉਹ ਇਕਦੱਮ ਭੜਕ ਪਈ 'ਤਲਾਕ ਦੇ ਦਿਆਂ ਤੁਸੀਂ ਆਂਟੀ ਨੂੰ ਤਲਾਕ ਕਿਉਂ ਨਹੀਂ ਦੇ ਦਿੰਦੇ। ਮੈਨੂੰ ਸਲਾਹ ਦੇ ਰਹੇ ਹੋ, ਮੈਂ ਕਿਉਂ ਦਿਆਂ ਤਲਾਕ ਉਸ ਨੂੰ, ਉਹ ਤਾਂ ਮੇਰੇ ਸਿਰ ਦਾ ਸਾਂਈ ਹੈ। ਤਲਾਕ ਦੇ ਕੇ ਮੈਂ ਸ਼ਾਮਲਾਟ ਜ਼ਮੀਨ ਬਣ ਜਾਵਾਂ?

***ਸਤੰਬਰ, 2004***

## ਧਾਗਾ/ਧਰਮਪਾਲ ਸਾਹਿਲ

ਉਸ ਧਾਰਮਿਕ ਸਥਾਨ ਤੇ ਮੱਥਾ ਟੇਕਣ ਮਗਰੋਂ, ਉਹ ਵੀ ਪਰਕਰਮਾ ਪੂਰੀ ਕਰਦੀ ਪਈ ਸੀ ਕਿ ਉਸ ਧਾਰਮਿਕ ਥਾਂ ਦੇ ਪਿਛਵਾੜੇ ਇਕ ਦਰੱਖਤ ਦੀਆਂ ਨੀਵੀਆਂ ਟਾਹਣੀਆਂ ਤੇ ਕੁਝ

ਔਰਤਾਂ ਨੂੰ ਧਾਗੇ ਬੰਨ੍ਹਦੇ ਵੇਖ ਉਸ ਨੇ ਪੁਜਾਰੀ ਨੂੰ ਪੁੱਛਿਆ, 'ਇਹ ਧਾਗੇ ਬੰਨ੍ਹਣ ਨਾਲ ਕੀ ਹੁੰਦੈ?'
'ਕੋਈ ਮੰਨਤ ਮੰਨ ਕੇ ਇੱਥੇ ਧਾਗਾ ਬੰਨ੍ਹ ਦਿਓ ਤਾਂ ਇਸ ਥਾਂ ਦੀ ਸ਼ਕਤੀ ਨਾਲ ਮੰਨਤ ਜਰੂਰ ਪੂਰੀ ਹੁੰਦੀ ਹੈ। ਮੰਨਤ ਪੂਰੀ ਹੋਣ ਤੇ ਇੱਥੇ ਆ ਕੇ ਧਾਗਾ ਖੋਲ੍ਹ ਦੇਈਦਾ ਹੈ।'
'ਪਰ ਸਾਨੂੰ ਆਪਣੇ ਧਾਗੇ ਦੀ ਪਛਾਣ ਕਿਵੇਂ ਹੋਵੇਗੀ, ਰੋਜ਼ ਬੱਝਦੇ ਇੰਨੇ ਧਾਗਿਆਂ 'ਚੋਂ।'
'ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਜਿਹੜਾ ਮਰਜ਼ੀ ਖੋਲ੍ਹ ਦਿਓ। ਮਤਲਬ ਤਾਂ ਇੱਥੇ ਹਾਜ਼ਰੀ ਲਵਾਉਣ ਨਾਲ ਐ।'
'ਅੱਛਾ, ਇਹ ਸਾਰੇ ਧਾਗੇ ਅੱਜ ਹੀ ਬੰਨ੍ਹੇ ਨੇ ਲੋਕਾਂ ਨੇ?' ਉਸ ਨੇ ਉਸ ਸਥਾਨ ਤੇ ਜੁੜੀ ਸ਼ਰਧਾਲੂਆਂ ਦੀ ਭੀੜ ਵੱਲ ਤੇ ਧਾਗਿਆਂ ਨਾਲ ਭਰੀਆਂ ਟਾਹਣੀਆਂ ਵੇਖਦਿਆਂ ਪੁੱਛਿਆ।
'ਨਹੀਂ.....ਨਹੀਂ...ਅੱਜ ਹੀ ਨਹੀਂ... ਕਈ ਸਾਲਾਂ ਤੋਂ....।'
'ਠੀਕ ਹੈ' ਕਹਿ ਕੇ ਉਸ ਨੇ ਹੱਥਲਾ ਧਾਗਾ ਆਪਣੀ ਵੀਣੀ ਤੇ
ਵਲੇਟਿਆ। ਫਿਰ ਪੁਜਾਰੀ ਤੇ ਗੁੱਝਾ ਜਿਹੀ ਮੁਸਕਰਾਹਟ ਛੱਡਦੀ ਉਹ ਧਾਰਮਿਕ ਸਥਾਨ ਦੀਆਂ ਪੌੜੀਆਂ ਉੱਤਰ ਆਈ।

*ਸਤੰਬਰ, 2004*

## ਭਲਾ ਮਨੁੱਖ/ਨਿਰੰਜਣ ਬੋਹਾ

ਨਵੀਂ ਆਈ ਕਲਰਕ ਕੁੜੀ ਦੀਪਾਂ ਤੇ ਹੈੱਡ ਕਲਰਕ ਅਸ਼ੋਕ ਸ੍ਰੀ ਵਾਸਤਵਾ ਦੇ ਆਪਸ ਵਿਚ ਘੁਲ ਮਿਲ ਜਾਣ ਦੇ ਚਰਚੇ ਸਾਰੇ ਦਫ਼ਤਰ ਵਿਚ ਸਨ।

ਨਾਜ਼ੁਕ ਤੇ ਮਾਸੂਮ ਜਿਹੀ ਵਿਖਾਈ ਦੇਂਦੀ ਦੀਪਾਂ ਦੇ ਨੇੜੇ ਆਉਣ ਦੀ ਕੋਸ਼ਿਸ਼ ਬਹੁਤ ਸਾਰੇ ਮਰਦ ਕਰਮਚਾਰੀਆਂ ਨੇ ਕੀਤੀ ਪਰ ਉਹ ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਾ ਕਰਦੀ। ਉਸ ਕਿਰਾਏ ਤੇ ਕਮਰਾ ਵੀ ਅਸ਼ੋਕ ਦੇ ਗੁਆਂਢ ਵਿਚ ਲਿਆ ਸੀ। ਉਹ ਅਸ਼ੋਕ ਦੇ ਸਕੂਟਰ ਦੇ ਪਿੱਛੇ ਬੈਠ ਕੇ ਦਫ਼ਤਰ ਆਉਂਦੀ ਤੇ ਉਸ ਨਾਲ ਹੀ ਵਾਪਸ ਜਾਂਦੀ। ਜਦੋਂ ਕਦੇ ਉਹ ਦੁਪਹਿਰ ਦਾ ਭੋਜਨ ਵੀ ਇਕੱਠੇ ਬਹਿ ਕੇ ਖਾ ਲੈਂਦੇ ਤਾਂ ਦਫ਼ਤਰ ਦੇ ਹੋਰ ਨੌਜਵਾਨ ਕਰਮਚਾਰੀ ਈਰਖਾ ਨਾਲ ਭੁੱਜ ਜਾਂਦੇ।

ਅਸ਼ੋਕ ਵਿਚ ਆਈ ਤਬਦੀਲੀ ਤੇ ਸਾਰੇ ਹੈਰਾਨ ਸਨ। ਹਮੇਸ਼ਾ ਹੀ ਆਪਣੇ ਕੰਮ ਨਾਲ ਕੰਮ ਰੱਖਣ ਵਾਲੇ ਅਸ਼ੋਕ ਨੇ ਦਫ਼ਤਰ ਵਿਚ ਕੰਮ ਕਰਦੀ ਕਿਸੇ ਹੋਰ ਕੁੜੀ ਵੱਲ ਕਦੇ ਅੱਖ ਭਰ ਕੇ ਵੀ ਨਹੀਂ ਸੀ ਵੇਖਿਆ, ਪਰ ਆਪਣੇ ਤੋਂ ਕਿਤੇ ਛੋਟੀ ਉਮਰ ਦੀ ਦੀਪਾਂ ਨਾਲ ਉਹ ਬਿਲਕੁਲ ਇਕ ਮਿਕ ਹੋਇਆ ਵਿਖਾਈ ਦੇਂਦਾ ਸੀ।

'ਕਦੇਂ ਸਾਨੂੰ ਵੀ ਅਸ਼ੋਕ ਸਮਝ ਕੇ ਚਾਹ ਦੀ ਪਿਆਲੀ ਸਾਂਝੀ ਕਰ ਲਿਆ ਕਰੋ- ਅਸੀਂ ਵੀ ਇਸੇ ਦਫ਼ਤਰ ਵਿਚ ਕੰਮ ਕਰਦੇ ਹਾਂ....ਕੀ ਫ਼ਰਕ ਏ ਸਾਡੇ ਤੇ ਅਸ਼ੋਕ ਵਿੱਚ।' ਕੁੜੀਆਂ ਦਾ ਸ਼ਿਕਾਰੀ ਕਹਾਉਣ ਵਾਲੇ ਸਟੈਨੋ ਕੁਲਦੀਪ ਨੇ ਚਾਹ ਦੀ ਪਿਆਲੀ ਬਦੋ ਬਦੀ ਦੀਪਾਂ ਦੇ ਹੱਥ ਵਿਚ ਪਕੜਾਉਂਦਿਆਂ ਕਿਹਾ ਸੀ।

'ਫਰਕ ਤਾਂ ਬਹੁਤ ਹੈ ਮਿਸਟਰ ਕੁਲਦੀਪ! ਬਿਗਾਨੀ ਕੁੜੀ ਨੂੰ ਚਾਹ ਦਾ ਕੱਪ ਪੇਸ਼ ਕਰਨ

ਵਾਲੇ ਤਾਂ ਤੁਹਾਡੇ ਵਰਗੇ ਬਹੁਤ ਨੇ ਪਰ ਉਸਨੂੰ ਛੋਟੀ ਭੈਣ ਦਾ ਦਰਜ਼ਾ ਅਸ਼ੋਕ ਵਰਗਾ ਕੋਈ ਭਲਾ ਮਨੁੱਖ ਹੀ ਦੇ ਸਕਦਾ ਹੈ।'

ਕੁਲਦੀਪ ਦੇ ਕੰਬਦੇ ਹੱਥਾਂ ਵਿਚੋਂ ਚਾਹ ਦਾ ਕੱਪ ਡਿਗਣੋਂ ਮਸਾਂ ਹੀ ਬਚਿਆ।

***ਦਸੰਬਰ, 2004***

# ਮੁੱਠੀ/ਰਣਜੀਤ ਸਿੰਘ ਭੁੱਲਰ

ਅੱਜ ਫ਼ੌਜੀ ਮੇਜਰ ਸਿੰਘ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਪਾਠ ਦਾ ਭੋਗ ਸੀ। ਘਰ ਦੇ ਇਕ ਕਮਰੇ ਵਿਚ ਭੋਗ ਦੇ ਸ਼ਲੋਕ ਉਚਾਰੇ ਜਾ ਰਹੇ ਸਨ ਦੂਜੇ ਕਮਰੇ ਵਿਚ ਸੁਰਜੀਤ ਕੌਰ ਤੇ ਦਬਾਅ ਬਣਾਇਆ ਜਾ ਰਿਹਾ ਸੀ ਕਿ ਉਹ ਆਪਣੇ ਦਿਉਰ ਕੁਲਦੀਪ ਸਿੰਘ ਨੂੰ ਪਤੀ ਸਵੀਕਾਰ ਕਰ ਲਵੇ।

ਸੁਰਜੀਤ ਦੀ ਸੱਸ ਨਿਹਾਲੋ ਨੇ ਇੱਕ ਸੁਲਝੀ ਹੋਈ ਔਰਤ ਵਾਂਗ ਸਮਝਾਂਦਿਆਂ ਕਿਹਾ, 'ਸੁਰਜੀਤ ਤੂੰ ਚਾਰ-ਚਾਰ ਧੀਆਂ ਦੀ ਮਾਂ ਐਂ ਪੁੱਤ ਦੋਹਾਂ ਪਰਿਵਾਰਾਂ ਬਾਰੇ ਸੋਚੀਂ।'

'ਮਾਸੀ ਜੀ ਨਸ਼ਈ ਮਰਦ ਤਾਂ ਸਿਉਖੇ ਰੁੱਖ ਤੋਂ ਵੀ ਮਾੜਾ ਹੁੰਦੈ।' ਸੁਰਜੀਤ ਦੀ ਵੱਡੀ ਭੈਣ ਦਾ ਇਸ਼ਾਰਾ ਕੁਲਦੀਪ ਵੱਲ ਸੀ।

'ਨਾ ਧੀਏ ਕੌੜਾ ਬੋਲ ਨਾ ਬੋਲ, ਔਲਾਦ ਦਾ ਪਿਆਰ ਲੈ ਕੇ ਸ਼ੈਦ ਸ਼ਰਾਬ ਈ ਛੱਡ ਜੇ ਚੰਦਰਾ।' ਨਿਹਾਲੋ ਨੇ ਕੁਲਦੀਪ ਦਾ ਪੱਖ ਪੂਰਿਆ।

ਪਿੰਡ ਦੀ ਸਰਪੰਚਣੀ ਸੀਤੋ ਜੋ ਕਾਫੀ ਦੇਰ ਤੋਂ ਚੁੱਪ ਬੈਠੀ ਸੀ ਨੇ ਆਪਣੀ ਰਾਏ ਦਿੰਦਿਆਂ ਆਖਿਆ, 'ਧੀਏ ਮਰਦ ਪੱਖੀ ਸਮਾਜ ਵਿਚ ਮਰਦ ਬਿਨਾਂ ਰਹਿਣਾ ਉਨਾਂ ਹੀ ਔਖੇ ਜਿੰਨਾ ਬਿਨਾ ਹੱਥਾਂ ਦੇ ਰੋਟੀ ਖਾਣਾ।'

ਕੋਲ ਬੈਠੀਆਂ ਔਰਤਾਂ ਨੇ ਆਪਣੀ ਰਾਏ ਦਿੱਤੀ, 'ਪਹਾੜ ਜਿੱਡੀ ਜ਼ਿੰਦਗੀ ਕਿਵੇਂ ਟੱਪੂ ਵਿਚਾਰੀ ਦੀ ਇਹ ਤਾਂ ਪਹਿਲਾਂ ਈ ਧੀਆਂ ਦੀ ਮਾਂ ਐਂ।'

ਭੋਗ ਦੀ ਰਸਮ ਤੋਂ ਬਾਅਦ ਸੁਰਜੀਤ ਦੇ ਸਾਹਮਣੇ ਫੈਸਲੇ ਦੀ ਘੜੀ ਆਣ ਖੜ੍ਹੀ।

'ਹਾਂ, ਭਾਈ ਦੱਸੋ, ਕੀ ਵਿਚਾਰ ਐ?' ਸੁਰਜੀਤ ਦੇ ਸਹੁਰੇ ਹਰਦੇਵ ਸਿੰਘ ਨੇ ਕਮਰੇ 'ਚ ਵੜਦਿਆਂ ਕਿਹਾ।

'ਏਨੇ ਕੀ ਦਸਣੈ ਵਿਚਾਰੀ ਨੇ, ਕੁਲਦੀਪ ਨੂੰ ਬੁਲਾਓ ਤੇ ਚਾਦਰ ਪੁਆ ਦਿਓ।'

ਹਰਦੇਵ ਸਿੰਘ ਦੇ ਪਿੱਛੇ ਖੜ੍ਹੇ ਠੇਕੇਦਾਰ ਗੁਰਮੁਖ ਸਿੰਘ ਨੇ ਜਿਵੇਂ ਫੈਸਲਾ ਹੀ ਸੁਣਾ ਦਿੱਤਾ ਹੋਵੇ।

'ਜਿਵੇਂ ਤੇਰਾ ਮਨ ਮੰਨਦੈ ਉਵੇਂ ਹੀ ਕਰ ਬੇਟਾ।' ਕੋਲ ਬੈਠੇ ਸੁਰਜੀਤ ਦੇ ਬੁੱਢੇ ਪਿਤਾ ਨੇ ਹੰਝੂ ਪੂੰਜਦਿਆਂ ਕਿਹਾ।

'ਚਲੋ ਸਰਦਾਰ ਜੀ ਅਰਦਾਸ....।' ਸੁਰਜੀਤ ਦੇ ਪਿਤਾ ਨੇ ਹਰਦੇਵ ਸਿੰਘ ਨੂੰ ਇਸ਼ਾਰੇ ਨਾਲ ਆਖਿਆ।

'ਚਲ ਠੀਕ ਐ ਪੁੱਤ ਸੋਚ ਸਮਝ ਕੇ ਦਸ ਦੇਵੀਂ, ਰੱਬ ਵੀ ਪਤਾ ਨੀ ਕਿਉਂ ਉਨ੍ਹਾਂ ਨੂੰ ਲੈ

ਜਾਂਦੈ ਜਿੰਨਾਂ ਦੀ ਲੋੜ ਹੋਵੇ ਮੈਨੂੰ ਚੰਦਰੀ ਨੂੰ....,' ਨਿਹਾਲੋ ਦਾ ਗਲ ਭਰ ਆਇਆ।

'ਪਰ ਮਾਂ ਜੀ ਮੈਂ ਕੱਲੀ ਫੈਸਲਾ ਕਿਵੇਂ ਲੈ ਲਵਾਂ? ਮੇਰੀਆਂ ਚਾਰੇ ਧੀਆਂ ਦਾ ਵੀ.....।'

ਸੁਰਜੀਤ ਨੇ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਆਪਣੀਆਂ ਧੀਆਂ ਵੱਲ ਤੱਕਿਆ ਜਿਵੇਂ ਕੁੱਝ ਪੁੱਛਣਾ ਚਾਹੁੰਦੀ ਹੋਵੇ।

'ਮੰਮੀ ਜੀ ਤੁਸੀਂ ਕੋਈ ਫੈਸਲਾ ਲੈ ਲਵੋ, ਅਸੀਂ ਤੁਹਾਡੇ ਨਾਲ ਹਾਂ।' ਰਮਨ ਤੇ ਅਮਨ ਇਕੱਠੀਆਂ ਹੀ ਬੋਲ ਪਈਆਂ।

'ਠੀਕ ਐ ਬੱਚਿਓ ਜੇ ਤੁਸੀਂ ਚਾਰੇ ਉਂਗਲਾਂ ਬਣੋਗੀਆਂ ਤਾਂ ਮੈਂ ਅੰਗੂਠਾ ਬਣਕੇ ਮੁੱਠੀ ਦੀ ਤਾਕਤ ਪੂਰੀ ਕਰਾਂਗੀ।' ਐਨਾ ਕਹਿ ਸੁਰਜੀਤ ਨੇ ਜਿਵੇਂ ਮਨ ਹੀ ਮਨ ਫੈਸਲਾ ਕਰ ਲਿਆ ਹੋਵੇ।

*ਦਸੰਬਰ, 2004*

## ਭਵਿੱਖ ਦੀ ਚਿੰਤਾ/ਰਣਜੀਤ ਆਜ਼ਾਦ ਕਾਂਝਲਾ

ਉਹ ਨਿਮੋਸ਼ੇ ਚੇਹਰੇ ਸਮੇਤ ਆਪਣੇ ਪੰਜਵੀਂ ਸ਼੍ਰੇਣੀ 'ਚੋਂ ਪਾਸ ਹੋਏ ਨਿੱਕੇ ਜਿਹੇ ਪੁੱਤਰ ਨੂੰ ਲੈ ਕੇ ਮੇਰੇ ਸਾਹਮਣੇ ਆ ਖੜ੍ਹੀ ਹੋਈ ਤੇ ਬੋਲੀ, 'ਵੀਰ ਜੀ! ਮੇਰੇ ਇਸ ਪੁੱਤਰ ਨੂੰ ਛੇਵੀਂ 'ਚ ਦਾਖਲ ਕਰ ਲੋ।' ਮੈਂ ਇਕ ਬੱਝਵੀਂ ਨਜ਼ਰ ਉਸ ਇਸਤਰੀ ਵੱਲ ਤੇ ਡੂੰਘੀ ਨੀਝ ਨਾਲ ਉਸ ਦੇ ਪੁੱਤ ਵੱਲ ਤੱਕਿਆ ਤੇ ਦੱਬਵੀਂ ਆਵਾਜ਼ 'ਚ ਕਿਹਾ, 'ਓਏ! ਤੇਰੇ ਪੈਰਾਂ 'ਚ ਚੱਪਲ ਬਗੈਰਾ....!....!!'

'ਵਾਕ ਪੂਰਾ ਹੋਣ ਤੋਂ ਪਹਿਲਾਂ ਹੀ ਮੁੰਡੇ ਦੀ ਮਾਂ ਬੋਲੀ, ' ਵੀਰ ਜੀ! ਮੈਂ ਇਹਨੂੰ ਬਹੁਤ ਔਖਿਆਈ ਨਾਲ ਪੜ੍ਹਾ ਰਹੀ ਹਾਂ। ਇਹਦਾ ਪਿਉ ਸ਼ਰਾਬੀ ਸੀ। ਸਾਰੀ ਜ਼ਮੀਨ ਸ਼ਰਾਬ 'ਚ ਉਡਾ 'ਤੀ। ਪਿਛਲੇ ਸਾਲ ਈ ਬਹੁਤੀ ਸ਼ਰਾਬ ਪੀ ਕੇ ਮਰ ਗਿਆ। ਉਹ ਤਾਂ ਖਹਿੜਾ ਛੁਡਾ ਗਿਆ!....!! ਐਨੀ ਮਹਿੰਗਾਈ 'ਚ ਪੰਜ ਜੀਆਂ ਦੇ ਟੱਬਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਹੁੰਦੈ! ਮੈਂ ਮਾੜਾ-ਮੋਟਾ ਕੱਪੜੇ ਸਿਊਣ ਦਾ ਕੰਮ ਕਰਕੇ ਘਰ ਦਾ ਤੋਰਾ ਤੋਰਦੀ ਆਂ। ਉਂਝ ਚੰਦਰਾ ਪੜ੍ਹਨ ਨੂੰ ਚੰਗੈ।' ਐਨਾ ਕਹਿ ਉਹ ਕਿਸੇ ਡੂੰਘੀ ਉਦਾਸੀ ਵਿਚ ਉੱਤਰ ਗਈ।

'.....ਲਿਆ ਦੇਖਾਂ ਤੇਰਾ 'ਅੰਕ-ਬਿਊਰਾ' ਮੈਂ ਕਹਿੰਦਿਆਂ ਮੁੰਡੇ ਦੇ ਹੱਥ 'ਚ ਫੜਿਆ ਸਰਟੀਫ਼ਿਕੇਟ ਲੈ ਕੇ ਵੇਖਿਆ। ਉਹ ਸੱਚ ਮੁੱਚ ਹੀ ਵਾਹਵਾ ਚੰਗੇ ਅੰਕਾਂ ਵਿਚ ਪਾਸ ਸੀ। ਮੇਰੇ ਮਨ ਵਿਚ ਉਸ ਬੱਚੇ ਦੇ ਭਵਿੱਖ ਪ੍ਰਤੀ ਕਈ ਪ੍ਰਸ਼ਨ ਉੱਭਰੇ।

'ਵੀਰ ਜੀ! ਮੈਨੂੰ ਤਾਂ ਏਹੋ ਚਿੰਤਾ ਵੱਢ ਵੱਢ ਖਾਈ ਜਾ ਰਹੀ ਐ ਕਿ ਕਿਤੇ ਇਹ ਵੀ ਆਪਣੇ ਪਿਉ ਵਰਗਾ ਈ ਨਾ ਬਣ ਜਾਵੇ। ਚਾਰ ਅੱਖਰ ਪੜ੍ਹਕੇ ਕਿਸੇ ਮਾੜੀ ਮੋਟੀ ਨੌਕਰੀ 'ਤੇ ਲੱਗ' ਜੂ। ਬੱਸ ਮੈਨੂੰ ਤਾਂ ਇਹਦੀ ਜ਼ਿੰਦਗੀ ਦਾ ਫ਼ਿਕਰ ਐ!' ਫੇਰ ਏਨਾ ਕਹਿ ਉਹ ਧਰਤੀ ਵੱਲ ਤੱਕਣ ਲੱਗ ਪਈ।

ਇਕ ਮਾਂ ਦੀ ਆਪਣੇ ਪੁੱਤਰ ਦੇ ਭਵਿੱਖ ਪ੍ਰਤੀ ਰੀਝ ਨੂੰ ਮਹਿਸੂਸ ਕਰਦਿਆਂ ਮੈਂ ਦਿਲਬਰੀ ਦਿੰਦੇ ਹੋਏ ਕਿਹਾ, 'ਕੋਈ ਨੀਂ ਭੈਣ ਜੀ! ਤੁਸੀਂ ਫਿਕਰ ਨਾ ਕਰੋ। ਹੁਣ ਮੈਂ ਇਹਦੀਆਂ ਕਿਤਾਬਾਂ ਤੇ ਕੱਪੜਿਆਂ ਦਾ ਪ੍ਰਬੰਧ ਖੁਦ ਕਰਿਆ ਕਰਾਂਗਾ।'

ਮੈਂ ਮਨ ਹੀ ਮਨ ਵਿਚ ਉਸ ਮਾਂ ਅੱਗੇ ਆਪਣਾ ਸੀਸ ਝੁਕਾ ਦਿੱਤਾ।

*ਮਾਰਚ, 2005*

## ਮਾਨਵ ਤੇ ਕੁਦਰਤ/ਸੁਰਿੰਦਰ ਕੈਲੇ

ਕਰੋਪੀ ਕੁਦਰਤ ਦੀ। ਅਜਿਹਾ ਭੂਚਾਲ ਆਇਆ ਕਿ ਹੇਠਲੀ ਉੱਪਰ ਹੋ ਗਈ। ਪਲਾਂ ਵਿੱਚ ਹੀ ਸਭ ਤਹਿਸ਼-ਨਹਿਸ਼ ਹੋ ਗਿਆ। ਘੁੱਗ ਵਸਦੀ ਦੁਨੀਆਂ ਕਬਰਾਂ ਵਿੱਚ ਬਦਲ ਗਈ।

ਕਰਿਸ਼ਮਾ ਕੁਦਰਤ ਦਾ। ਮਾਨਵਜਾਤੀ ਦੀ ਤਬਾਹੀ ਦੇ ਬਾਵਜੂਦ ਤਿੰਨ ਮਾਨਵ ਬਚ ਗਏ। ਮਾਂ, ਧੀ ਤੇ ਪੁੱਤਰ। ਸ਼ਹਿਰ 'ਚ ਫੈਲ ਰਹੀ ਮਹਾਂਮਾਰੀ ਤੋਂ ਬਚਣ ਲਈ, ਉਹ ਦੂਰ ਜੰਗਲਾਂ ਵਿਚ ਨਿਕਲ ਗਏ। ਕਿਧਰੇ ਵੀ ਮਨੁੱਖਜਾਤੀ ਦੇ ਹੋਣ ਦਾ ਨਿਸ਼ਾਨ ਬਾਕੀ ਨਹੀਂ ਸੀ। ਉਨ੍ਹਾਂ ਦਾ ਧਰਮ ਮਾਸਾਹਾਰੀ ਬਨਣ ਦੀ ਆਗਿਆ ਨਹੀਂ ਸੀ ਦਿੰਦਾ, ਇਸ ਕਰਕੇ ਕੰਦ ਮੂਲ ਖਾਕੇ ਦਿਨ ਕਟੀ ਕਰਦੇ ਗਏ।

ਮਾਂ ਵੰਸ ਵਿਚ ਵਾਧੇ ਲਈ ਵਿਆਕੁਲ ਸੀ। ਉਹ ਜਵਾਨ ਮੁੰਡੇ ਤੇ ਧੀ ਲਈ ਬਹੂ ਤੇ ਵਰ ਦੀ ਭਾਲ ਵਿੱਚ ਭਟਕਦੀ ਫਿਰਦੀ। ਪਰ ਮਨੁੱਖਜਾਤੀ ਦਾ ਤਾਂ ਜਿਵੇਂ ਨਾਸ ਹੀ ਹੋ ਗਿਆ ਸੀ।

ਸੰਕਟ ਧਰਮ ਦਾ। ਮਾਂ ਚਾਰੋਂ ਕੂੰਟਾਂ ਭਾਲ ਕੇ ਥੱਕ ਗਈ। ਉਸਨੂੰ ਮਾਨਵਜਾਤੀ ਦੇ ਬੀਜ ਨਾਸ ਹੋਣ ਦਾ ਡਰ ਘੇਰ ਕੇ ਖਲੋ ਗਿਆ। ਧਰਮ, ਸਮਾਜ ਅਤੇ ਪਰੰਪਰਾ, ਭੈਣ ਭਰਾ ਨੂੰ ਵਿਆਹ ਦੇ ਬੰਧਨ ਦੀ ਇਜਾਜਤ ਨਹੀਂ ਦਿੰਦੇ। ਸਦੀਆਂ ਪੁਰਾਣੀਆਂ ਪਰੰਪਰਾਵਾਂ, ਸੰਸਕਾਰ ਤੇ ਧਰਮ ਨੂੰ ਤੋੜਨਾ ਨਾ ਤਾਂ ਮਾਂ ਦੇ ਵੱਸ ਵਿਚ ਸੀ ਤੇ ਨਾ ਹੀ ਬੱਚਿਆਂ ਦੇ। ਪਰ ਦੂਸਰੇ ਪਾਸੇ ਮਾਨਵਜਾਤੀ ਦੀ ਹੋਂਦ ਨੂੰ ਬਚਾਉਣ ਦਾ ਸਵਾਲ ਸੀ।

ਧਰਮ ਮਾਂ ਦਾ। ਮਾਂ ਮਾਨਵਜਾਤੀ ਤੇ ਧਰਮ ਦੋਨਾਂ ਨੂੰ ਬਚਾਉਣਾਂ ਚਾਹੁੰਦੀ ਸੀ। ਕਿਸੇ ਇੱਕ ਪੱਖ ਵਿਚ ਖੜ੍ਹੋਣ ਦਾ ਹੌਸਲਾ ਉਸ ਵਿਚ ਨਹੀਂ ਸੀ। ਸੋਚ ਸੋਚ ਉਸਨੇ ਸਮਾਧੀ ਲਾਉਣ ਦਾ ਫੈਸਲਾ ਕੀਤਾ। ਸਮਾਧੀ 'ਚੋਂ ਇਕ ਰਸਤਾ ਉਸਨੂੰ ਨਜਰ ਆਇਆ। ਉਸਨੇ ਪੁੱਤਰ ਤੇ ਧੀ ਨੂੰ ਪਾਸ ਬੁਲਾਇਆ ਤੇ ਕਿਹਾ,

'ਹੇ! ਮੇਰੇ ਜਾਨ ਨਾਲੋਂ ਪਿਆਰੇ ਬੱਚਿਓ। ਮੈਂ ਹਰ ਕੀਮਤ ਤੇ ਮਾਨਵਜਾਤੀ ਬਚਾਉਣਾ ਚਾਹੁੰਦੀ ਹਾਂ। ਇਸ ਲਈ ਤੁਹਾਡੇ ਲਈ ਜੀਵਨ ਸਾਥੀਆਂ ਦੀ ਅੰਤਮ ਭਾਲ ਲਈ ਵਿਦਾ ਹੋ ਰਹੀ ਹਾਂ। ਤੁਸੀਂ ਸਾਲ ਭਰ ਮੇਰੀ ਉਡੀਕ ਕਰਨਾ। ਜੇ ਮੈਂ ਨਾ ਪਰਤੀ ਤਾਂ ਤੁਸੀਂ ਕੁਦਰਤ ਧਰਮ ਦੀ ਪਾਲਣਾ ਕਰਨੀ। ਪਰਮਾਤਮਾ ਤੁਹਾਨੂੰ ਸੁੱਖ ਤੇ ਲੰਮੀਆਂ ਉਮਰਾਂ ਬਖਸ਼ੇ।'

ਬੱਚਿਆਂ ਨੂੰ ਛੱਡ ਕੇ ਗਈ ਮਾਂ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਬੀਤ ਗਿਆ ਹੈ। ਉਹ ਵਾਪਸ ਨਹੀਂ ਪਰਤੀ। ਇਧਰ ਝੁੱਗੀ ਪਹਿਲਾਂ ਨਾਲੋਂ ਵੱਡੀ ਹੋ ਗਈ ਹੈ। ਆਲੇ ਦੁਆਲੇ ਫੁੱਲ ਖਿੜੇ ਹੋਏ ਹਨ ਤੇ ਫੁੱਲਾਂ ਵਿਚ ਇਕ ਬਾਲ ਖੇਡ ਰਿਹਾ ਹੈ।

*ਜੂਨ, 2005*

## ਸਮਝ/ਮੇਜਰ ਸਿੰਘ ਨਾਭਾ

ਹਰਨਾਮੇ ਦੇ ਚਾਰੇ ਮੁੰਡੇ ਸਰਵਿਸ ਕਰਦੇ ਸਨ। ਸਾਰੇ ਆਪਣੇ ਆਪਣੇ ਟੱਬਰਾਂ ਨੂੰ ਲੈ ਕੇ ਖਿੰਡ ਪੁੰਡ ਗਏ। ਹਰਨਾਮੇ ਦੀ ਕਿਸੇ ਵੀ ਮੁੰਡੇ ਨਾਲ ਦਾਲ ਨਾ ਗਲੀ। ਉਹ ਪਿੰਡ ਇਕੱਲਾ ਹੀ ਰਹਿ ਗਿਆ। ਆਖਰ ਉਸਦੀ ਇਕਲੌਤੀ ਧੀ ਉਸਨੂੰ ਆਪਣੇ ਪਾਸ ਲੈ ਗਈ। ਉਹ ਉਥੇ ਰਹਿਣ ਲੱਗ ਪਿਆ। ਉਸਦੀ ਧੀ ਦੇ ਦੂਜੀ ਕੁੜੀ ਨੇ ਜਨਮ ਲਿਆ ਤਾਂ ਹਰਨਾਮਾ ਬੜੀ ਨਮੋਸ਼ੀ ਨਾਲ ਧੀ ਨੂੰ ਦਿਲਾਸਾ ਦੇਣ ਲੱਗਿਆ,

'ਧੀਏ ਰੱਬ ਨੇ ਬੜਾ ਮਾੜਾ ਕੀਤਾ, ਜੇ ਚੰਗਾ ਜੀਅ ਦੇ ਦਿੰਦਾ....।'

ਧੀ ਨੇ ਟੋਕਦਿਆਂ ਅੱਗੋਂ ਝੱਟ ਕਿਹਾ, 'ਬਾਪੂ, ਹੁਣ ਕੀ ਤੂੰ ਆਪਣੇ ਪੁੱਤਾਂ ਕੋਲ ਹੀ ਰਹਿਨੈ?'

*ਜੂਨ, 2005*

## ਮੂਰਤੀ/ਡਾ. ਸਿਆਮ ਸੁੰਦਰ ਦੀਪਤੀ

ਉਹ ਬਾਜ਼ਾਰ 'ਚੋਂ ਲੰਘ ਰਿਹਾ ਸੀ। ਇਕ ਫੁੱਟਪਾਥ ਤੇ ਪਈਆਂ ਮੂਰਤੀਆਂ ਦੇਖ ਕੇ ਉਹ ਰੁਕ ਗਿਆ।

ਉਹ ਮੂਰਤੀ ਕਲਾ ਦਾ ਕਾਫ਼ੀ ਪ੍ਰੇਮੀ ਸੀ। ਉਹ ਉਹਨਾਂ ਵੱਲ ਵੱਧ ਗਿਆ।

ਫੁੱਟਪਾਥ ਤੇ ਪਈਆਂ ਉਹ ਖ਼ੂਬਸੂਰਤ ਮੂਰਤੀਆਂ। ਵਧੀਆ ਤਰਾਸ਼ੀਆਂ ਹੋਈਆਂ। ਰੰਗਾਂ ਦੇ ਸੁਮੇਲ ਵਿੱਚ, ਮੂਰਤੀ ਕਲਾ ਦਾ ਇਕ ਚੰਗਾ ਨਮੂਨਾ ਸਨ ਉਹ।

ਉਹ ਸੋਚ ਰਿਹਾ ਸੀ ਕਿ ਇਕ ਮੂਰਤੀ ਲੈ ਜਾਵੇ।

ਉਸ ਨੂੰ ਗੌਰ ਨਾਲ ਮੂਰਤੀਆਂ ਦੇਖਦੇ ਦੇਖ, ਮੂਰਤੀ ਵਾਲੇ ਨੇ ਕਿਹਾ, 'ਲੈ ਜਾਓ ਸਾ' ਬ, ਭਗਵਾਨ ਕ੍ਰਿਸ਼ਣ ਦੀ ਮੂਰਤੀ ਹੈ।'

'ਭਗਵਾਨ ਕ੍ਰਿਸ਼ਨ?' ਉਸ ਦੇ ਮੂੰਹੋਂ ਇਹ ਇਕ ਸਵਾਲੀਏ ਦੇ ਤੌਰ ਤੇ ਨਿਕਲਿਆ।

'ਹਾਂ ਸਾ' ਬ! ਭਗਵਾਨ ਕ੍ਰਿਸ਼ਨ। ਆਪ ਤੋਂ ਹਿੰਦੂ ਹੈਂ, ਆਪ ਤੋ ਜਾਨਤੇ ਹੀ ਹੋਂਗੇ।'

ਉਹ ਖੜ੍ਹਾ ਮੂਰਤੀ ਵੱਲ ਦੇਖਦਾ ਰਿਹਾ। ਸੋਚਣ ਲੱਗਿਆ, ਇਹ ਮੂਰਤੀ ਤਾਂ ਆਦਮੀ ਨੂੰ ਹਿੰਦੂ ਬਣਾਉਂਦੀ ਹੈ।

'ਸੋਚ ਕਿਆ ਰਹੇ ਹੋ, ਬਹੁਤ ਮਹਿੰਗੀ ਨਹੀਂ ਹੈ। ਪੈਕ ਕਰ ਦੂੰ ਸਾ' ਬ। ਯੇ ਤੋ ਹਰ ਹਿੰਦੂ ਕੇ ਘਰ ਮੇਂ ਹੋਤੀ ਹੈ।' ਮੂਰਤੀ ਵਾਲੇ ਨੇ ਕਿਹਾ।

'ਨਹੀਂ ਚਾਹੀਦੀ' , ਆਖ ਕੇ ਉਹ ਉਥੋਂ ਤੁਰ ਪਿਆ।

## ਮਾਵਾਂ ਧੀਆਂ/ਪ੍ਰੋਂ ਪਰਮਜੀਤ ਸਿੰਘ

'ਮਾਂ ਜੀ, ਦਾਲ ਕਿਹੜੀ ਬਨਾਉਣੀ ਏ?' ਰਸੋਈ 'ਚੋਂ ਹੀ ਮੇਰੀ ਪਤਨੀ ਨੇ ਵਿਹੜੇ ਵਿੱਚ ਬੈਠੀ ਮੇਰੀ ਮਾਂ ਤੋਂ ਪੁੱਛਿਆ।

'ਪੁੱਤਰ! ਜਿਹੜੀ ਤੇਰਾ ਜੀਅ ਕਰਦੈ ਧਰ ਲੈ....' ਮਾਂ ਨੇ ਬੜੇ ਪਿਆਰ ਨਾਲ ਕਿਹਾ।

'ਤੂੰ ਆਹ ਦਾਲ ਸਬਜ਼ੀ ਮਾਂ ਨੂੰ ਪੁੱਛ ਕੇ ਕਿਉਂ ਬਣਾਉਂਦੀ ਏਂ? ਜੋ ਜੀਅ ਆਏ ਬਣਾ ਲਿਆ ਕਰ, '' ਮੈਂ ਆਪਣੀ ਪਤਨੀ ਦੇ ਜ਼ਰ੍ਹਾ ਨੇੜੇ ਹੋ ਕੇ ਕਿਹਾ।

'ਵੇਖੋ ਜੀ, ਦਾਲ-ਸਬਜ਼ੀ ਬਨਾਉਣੀ ਤਾਂ ਉਹੋ ਹੀ ਹੈ ਜੋ ਘਰ 'ਚ ਮੌਜੂਦ ਹੈ। ਮਾਂ ਜੀ ਨੂੰ ਪੁੱਛ ਲੈਨੀ ਆ ਤਾਂ ਉਨ੍ਹਾਂ ਨੂੰ ਹੋ ਜਾਂਦੈ ਕਿ ਉਨ੍ਹਾਂ ਦੀ ਵੀ ਇਸ 'ਚ ਪੁੱਛ ਪੜਤਾਲ ਏ, ਉਨ੍ਹਾਂ ਦਾ ਵੀ ਕੋਈ ਮਾਣ ਰੱਖਦੈ.....ਤੁਸੀਂ ਆਪ ਹੀ ਦੱਸੋ ਮੇਰਾ ਏਦ੍ਹੇ 'ਚ ਕੀ ਘਸਦੈ।'

ਮੇਰੀ ਪਤਨੀ ਦੇ ਇਨ੍ਹਾਂ ਬੋਲਾਂ ਨੇ ਮੇਰੇ ਮਨ ਵਿੱਚੋਂ ਨੂੰਹ-ਸੱਸ ਦੇ ਰਿਸ਼ਤੇ ਬਾਰੇ ਸੁਣੀ ਸਾਰੀ ਕੁੜੱਤਣ ਕੱਢ ਕੇ ਮਾਂ-ਧੀ ਦੇ ਰਿਸ਼ਤੇ ਦੀ ਮਿਠਾਸ ਭਰ ਦਿੱਤੀ।

## ਸੰਤੂ/ਸਿਆਮ ਸੁੰਦਰ ਅਗਰਵਾਲ

ਅੱਧਖੜ ਉਮਰ ਦਾ ਸਿਧਰਾ ਜਿਹਾ ਬੇ-ਮੇਚ ਬੂਟ ਪਾਈ ਪਾਣੀ ਦੀ ਬਾਲਟੀ ਚੁੱਕ ਜਦੋਂ ਪੌੜੀਆਂ ਚੜ੍ਹਨ ਲੱਗਾ ਤਾਂ ਮੈਂ ਉਸਨੂੰ ਸੁਚੇਤ ਕੀਤਾ, 'ਧਿਆਨ ਨਾਲ ਚੜ੍ਹੀਂ। ਪੌੜੀਆਂ 'ਚੋਂ ਕਈ ਥਾਵਾਂ ਤੋਂ ਇੱਟਾਂ ਨਿਕਲੀਆਂ ਹੋਈਐਂ। ਡਿੱਗ ਨਾ ਪਈਂ।'

'ਚਿੰਤਾ ਨਾ ਕਰੋਜੀ! ਮੈਂ ਤਾਂ ਪੰਜਾਹ ਕਿਲੋ ਆਟਾ ਚੁੱਕ ਕੇ ਪੌੜੀਆਂ ਚੜ੍ਹਦਾ ਨਹੀਂ ਡਿੱਗਦਾ।'

ਤੇ ਸਚਮੁਚ ਵੱਡੀਆਂ ਵੱਡੀਆਂ ਦਸ ਬਾਲਟੀਆਂ ਪਾਣੀ ਦੀਆਂ ਢੋਂਦੇ ਸੰਤੂ ਦਾ ਪੈਰ ਇਕ ਵਾਰ ਵੀ ਨਹੀਂ ਸੀ ਫਿਸਲਿਆ।

ਦੋ ਰੁਪਏ ਦਾ ਇੱਕ ਨੋਟ ਅਤੇ ਚਾਹ ਦਾ ਕੱਪ ਦਿੰਦਿਆਂ ਪਤਨੀ ਨੇ ਕਿਹਾ, ' ਸੰਤੂ ਤੂੰ ਰੋਜ਼ ਆ ਕੇ ਪਾਣੀ ਭਰ ਜਿਆ ਕਰ।'

ਚਾਹ ਦੀਆਂ ਚੁਸਕੀਆਂ ਲੈਂਦੇ ਸੰਤੂ ਨੇ ਖੁਸ਼ ਹੁੰਦਿਆਂ ਕਿਹਾ, 'ਰੋਜ਼ ਵੀਹ ਰੁਪਏ ਬਣ ਜਾਂਦੇ ਐ ਪਾਣੀ ਦੇ। ਕਹਿੰਦੇ ਐ ਅਜੇ ਮਹੀਨਾ ਪਾਣੀ ਨਹੀਂ ਔਂਦਾ। ਮੌਜਾਂ ਲੱਗ ਗਈਆਂ।'

ਉਸੇ ਦਿਨ ਨਹਿਰ ਵਿੱਚ ਪਾਣੀ ਆ ਗਿਆ ਤੇ ਟੂਟੀ ਵਿੱਚ ਵੀ।

ਅਗਲੀ ਸਵੇਰ ਪੌੜੀਆਂ ਚੜ੍ਹ, ਜਦੋਂ ਸੰਤੂ ਨੇ ਪਾਣੀ ਲਈ ਬਾਲਟੀ ਮੰਗੀ ਤਾਂ ਪਤਨੀ ਨੇ ਕਿਹਾ, ' ਹੁਣ ਤਾਂ ਲੋੜ ਨਹੀਂ। ਰਾਤ ਉੱਪਰ ਈ ਟੂਟੀ 'ਚ ਪਾਣੀ ਆ ਗਿਆ ਸੀ।'

'ਨਹਿਰ 'ਚ ਪਾਣੀ ਆ ਗਿਆ।' ਸੰਤੂ ਨੇ ਹੌਕਾ ਲਿਆ ਤੇ ਵਾਪਸੀ ਲਈ ਪੌੜੀਆਂ ਵੱਲ ਕਦਮ ਘੜੀਸਨ ਲੱਗਾ। ਕੁਝ ਛਿਣ ਬਾਦ ਹੀ ਕਿਸੇ ਦੇ ਪੌੜੀਆਂ ਵਿੱਚੋਂ ਡਿੱਗਣ ਦੀ ਆਵਾਜ਼ ਆਈ। ਮੈਂ ਭੱਜ ਕੇ ਦੇਖਿਆ। ਸੰਤੂ ਵਿਹੜੇ ਵਿੱਚ ਮੂਧੇ ਮੂੰਹ ਪਿਆ ਸੀ।

## ਤਕੱਲਫ/ਬਿਕਰਮਜੀਤ ਨੂਰ

ਕਾਰ ਇੱਕ ਸ਼ਾਨਦਾਰ ਹੋਟਲ ਅੱਗੇ ਜਾ ਰੁਕੀ ਸੀ।

ਮਹਾਂਨਗਰ ਵਰਗੇ ਸ਼ਹਿਰ ਵਿੱਚ ਆਪਣੇ ਮਾਮੇ ਦੇ ਮੁੰਡੇ ਦੀ ਸ਼ਾਦੀ ਦੇ ਮੌਕੇ ਮੈਂ ਤੇ ਮੇਰੀ ਪਤਨੀ- ਦੋ ਨਿੱਕੇ ਨਿੱਕੇ ਬੱਚਿਆਂ ਸਮੇਤ ਪਹੁੰਚੇ ਹੋਏ ਸਾਂ।

ਮਾਮਾ ਜੀ ਦੇ ਦੋ ਜਵਾਈ ਸਨ। ਛੋਟਾ ਮੀਸਣਾ ਸੀ, ਪਰ ਵੱਡਾ ਚੰਗਾ ਸੀ। ਕੰਮ-ਕਾਰ ਦੋਹਾਂ ਦੇ ਵਧੀਆ ਸਨ।

ਅਸੀਂ ਆਪਣੀਆਂ ਅਜੀਬੋ-ਗਰੀਬ ਜਿਹੀਆਂ ਗੱਲਾਂ ਕਰਦੇ ਤਾਂ ਉਹ ਸਾਰੇ ਬਿਲਕੁਲ ਹੀ ਨਾ ਹੱਸਦੇ, ਸਗੋਂ ਗੰਭੀਰ ਹੋ ਕੇ ਸਾਡੇ ਮੂੰਹਾਂ ਵੱਲ ਦੇਖਣ ਲੱਗਦੇ।

ਮਾਮੇ ਦੇ ਵੱਡੇ ਜਵਾਈ ਨਾਲ ਹੀ ਘੁੰਮਦੇ-ਫਿਰਦੇ ਕਾਫੀ ਕੁਵੇਲੇ ਜਿਹੇ ਇਸ ਆਲੀਸ਼ਾਨ ਹੋਟਲ ਵਿੱਚ ਜਾ ਪਹੁੰਚੇ ਸਾਂ। ਖਾਂਦੇ-ਪੀਂਦੇ ਲੋਕਾਂ ਦੀ ਖੂਬਸੂਰਤ ਭੀੜ ਸੀ। ਖਾਣੇ ਤੋਂ ਪਹਿਲਾਂ ਠੰਡੇ ਮੰਗਵਾ ਲਏ ਗਏ ਸਨ। ਖਾਣਾ ਬੇਸ਼ੱਕ 'ਬੇਸੁਆਦਾ' ਜਿਹਾ ਸੀ, ਪਰ ਪਰੋਸਿਆ ਸਲੀਕੇ ਨਾਲ ਗਿਆ ਸੀ। ਫਿਰ, ਇਸ ਦੇ ਖਾਣ ਦਾ 'ਢੰਗ' ਵੀ ਨਵੀਨ ਕਿਸਮ ਦਾ ਸੀ, ਜਿਸ ਤੋਂ ਘੱਟੋ ਘੱਟ ਮੈਂ ਅਤੇ ਮੇਰੇ ਬਾਲ ਬੱਚੇ ਅਣਜਾਣ ਸਨ।

ਬੈਰੇ ਨੂੰ ਮੇਜ਼ ਵੱਲ ਆਉਂਦਾ ਦੇਖ ਕੇ ਮੈਂ ਜ਼ਰਾ ਕਾਹਲੀ ਨਾਲ ਕਹਿ ਦਿੱਤਾ ਸੀ, ਪੈਸੇ ਮੈਂ ਦਿਆਂਗਾ।'

ਪਰ ਮੈਂ ਦੇਖਿਆ ਸੀ, ਮਾਮੇ ਦੇ ਜਵਾਈ ਦੇ ਚਿਹਰੇ ਤੇ ਮੁਸਕਰਾਹਟ ਫੈਲ ਗਈ ਸੀ। ਮੈਂ ਕੁਝ ਝੇਂਪ ਜਿਹਾ ਗਿਆ ਸਾਂ, ਜਿਵੇਂ ਕਿਸੇ ਨੇ ਮੇਰੀ ਹੱਤਕ ਕਰ ਦਿੱਤੀ ਹੋਵੇ।

ਬਿੱਲ ਇੱਕ ਪਲੇਟ ਵਿੱਚ ਰੱਖਿਆ ਹੋਇਆ ਸੀ, ਜਿਹੜੀ ਕਿ ਬੈਰੇ ਨੇ ਮੇਜ਼ ਤੇ ਰੱਖ ਦਿੱਤਾ ਸੀ। ਮੈਂ ਟੇਢੀ ਨਜ਼ਰ ਮਾਰ ਕੇ ਦੇਖ ਲਿਆ ਸੀ। ਬਿੱਲ ਮੇਰੀ ਮਹੀਨੇ ਦੀ ਤਨਖਾਹ ਦੇ ਲਗਭਗ ਤੀਜੇ ਹਿੱਸੇ ਦੇ ਬਰਾਬਰ ਸੀ ਜਿਹੜਾ ਕਿ ਬਹੁਤ ਹੀ ਆਰਾਮ ਨਾਲ ਮਾਮੇ ਦੇ ਜਵਾਈ ਨੇ ਭਰ ਦਿੱਤਾ ਸੀ। ਉਸ ਨੇ ਬੈਰੇ ਨੂੰ 'ਟਿੱਪ' ਵੀ ਦਿੱਤੀ ਸੀ।

ਉਸ ਦਿਨ ਤੋਂ ਬਾਅਦ ਉਸ ਮੇਜ਼ਬਾਨ ਨਾਲ ਅਸੀਂ ਹੋਰ ਵੀ ਇੱਧਰ ਉਧਰ ਦੀ ਬਥੇਰੀ ਸੈਰ ਕੀਤੀ। ਹੋਟਲਾਂ ਵਿੱਚ ਵੀ ਜਾਂਦੇ ਰਹੇ ਅਤੇ ਸਿਨੇਮਾ ਘਰਾਂ ਵਿੱਚ ਵੀ। ਪਰ ਪਹਿਲੇ ਦਿਨ ਦੀ 'ਪੈਸੇ ਮੈਂ ਦਿਆਂਗਾ' ਵਾਲੀ ਅਸਲੀਅਤ ਨੂੰ ਮੈਂ ਦੁਬਾਰਾ ਤਕੱਲਫ ਵਜੋਂ ਵੀ ਨਾ ਦੁਹਰਾਇਆ।

## ਹੜ੍ਹ/ਨੀਲਮ ਸੰਜੀਵ

'ਮਾਂ ਉਹ ਪਿੰਡ ਦੀਆਂ ਕੁੜੀਆਂ, ਜਨਾਨੀਆਂ ਸਭ ਕਿੱਥੇ ਜਾ ਰਹੀਆਂ ਨੇ? ਤੇ ਉਨ੍ਹਾਂ ਨੇ ਚੁੱਕਿਆ ਕੀ ਆ?'

ਦੀਪੀ ਮਾਂ ਤੋਂ ਪੁੱਛ ਰਹੀ ਸੀ।

'ਧੀਏ ਉਹ ਗੁੱਡੀ ਫੂਕਣ ਚੱਲੀਆਂ।'

'ਕਿਉਂ, ਇਹਦੇ ਨਾਲ ਕੀ ਹੋਊ?'

'ਕਹਿੰਦੇ ਨੇ ਅਜਿਹਾ ਕਰਨ ਤੇ ਮੀਂਹ ਪੈਂਦਾ ਆ।'

'ਪਰ ਮਾਂ, ਇਹ ਤਾ ਨਕਲੀ ਗੁੱਡੀ ਆ।'

'ਹਾਂ ਪੁੱਤਰ ਹੈ ਤਾਂ ਨਕਲੀ।

'ਮਾਂ ਜੇ ਗੁੱਡੀ ਫੂਕਣ ਨਾਲ ਸਚਮੁਚ ਮੀਂਹ ਪੈਂਦਾ ਹੋਵੇ ਤਾਂ ਜਿਸ ਹਿਸਾਬ ਨਾਲ ਇੱਥੇ ਰੋਜ਼ ਜਿਊਂਦੀਆਂ ਜਾਗਦੀਆਂ ਹੱਸਦੀਆਂ ਤੇ ਖੇਡਦੀਆਂ ਗੁੱਡੀਆਂ ਫੂਕੀਆਂ ਜਾਂਦੀਆਂ ਨੇ ਉਸ ਹਿਸਾਬ ਨਲ ਮੀਂਹ ਤਾਂ ਕੀ ਇੱਥੇ ਹੜ੍ਹ ਆ ਜਾਣਾ ਸੀ।'

## ਟੁੱਟੀ ਪੌੜੀ/ਰਸ਼ੀਦ ਅਬਾਸ

'ਆਹ ਪੌੜੀ ਕਿਸੇ ਕੰਮ ਦੀ ਤਾਂ ਰਹੀ ਨੀ...ਥਾਂ-ਥਾਂ ਤੋਂ ਟੁੱਟੀ ਪਈ ਏ...ਸੁੱਟ ਈ ਦਿੰਨੇ ਆਂ....ਐਵੇਂ ਬੇਕਾਰ ਚੀਜ਼ਾਂ ਨੂੰ ਘਰ ਰੱਖਣ ਦਾ ਕੀ ਫੈਦਾ...'

'ਬਸ ਪੁੱਤ! ਸੁੱਟਣੀ ਕ੍ਹਾਨੂੰ ਆਂ...ਆਹ ਟੁੱਟੇ ਡੰਡਿਆਂ ਨੂੰ ਕਟਵਾ ਕੇ ਏਸ ਨੂੰ ਛੋਟੀ ਕਰਵਾ ਲਿਆ...ਵੇਲੇ-ਕੁਵੇਲੇ ਕੰਮ ਆ ਜਾਇਆ ਕਰੂ... ਇੱਥੇ ਸਟੋਰ 'ਚ ਪਈ ਰਹੂ....'

ਆਪਣੀਆਂ ਅਤੇ ਆਪਣੇ ਪਿਤਾ ਦੀਆਂ ਉਪਰੋਕਤ ਗੱਲਾਂ ਵਿੱਚ ਗੁਆਚਿਆ, ਰੋਟੀ ਖਾ ਰਿਹਾ ਰਿਟਾਇਰਡ ਕਲਰਕ ਰਮੇਸ਼ਵਰ, ਆਪਣੀ ਜੁਆਨੀ ਦੇ ਦਿਨਾਂ ਨੂੰ ਯਾਦ ਕਰ ਰਿਹਾ ਸੀ। ਉਸ ਵੇਲੇ ਉਸ ਦੇ ਕੰਨੀਂ ਪਈ ਆਵਾਜ਼ ਉਸ ਨੂੰ ਵਰਤਮਾਨ ਵਿੱਚ ਵਾਪਸ ਖਿੱਚ ਲਿਆਈ:

'ਸਮਾਨ ਸੈੱਟ ਹੋ ਗਿਆ ਥੋਡਾ?....ਮੈਂ ਥੋਡੇ ਪੋਤੇ ਨੂੰ ਕਹਿ ਦਿੱਤੈ ਉਹ ਥੋਡਾ ਮੰਜਾ ਵੀ ਟਿਕਾ ਜੂ...ਸੌਂ ਵੀ ਇੱਥੇ ਈ ਜਾਇਆ ਕਰੀਓ.... ਆਹ ਪੌੜੀ ਨੂੰ ਏਸ ਸਟੋਰ 'ਚੋਂ ਚੱਕ ਕੇ ਕਿੱਧਰੇ ਹੋਰ ਧਰ ਦੇਵਾਂਗੇ...ਥੋਡਾ ਮੰਜਾ ਅਰਾਮ ਨਾਲ ਡਹਿ ਜਾਇਆ ਕਰੂ...ਥੋਡੇ ਵਾਲੇ ਕਮਰੇ 'ਚ ਥੋਡੇ ਪੋਤੇ ਲਈ 'ਰੀਡਿੰਗ ਰੂਮ' ਬਣਾ ਦੇਵਾਂਗੇ...ਉਹ ਹੁਣ ਵੱਡੀ ਕਲਾਸ 'ਚ ਹੋ ਗਿਐ....'

ਪਾਣੀ ਫੜ੍ਹਾਉਣ ਆਇਆ, ਰਮੇਸ਼ਵਰ ਦਾ ਅਫਸਰ ਪੁੱਤਰ ਆਦਰਪੂਰਵਕ ਉਸ ਨੂੰ ਉਸਦੇ ਨਵੇਂ ਠਿਕਾਣੇ ਦਾ ਹੁਕਮ ਸੁਣਾ ਗਿਆ।

## ਪੁਜਾਰਣ/ਡਾ. ਮਨੋਹਰ ਸਿੰਗਲ

ਇਕ ਔਰਤ ਨੂੰ ਕੁਝ ਘਰੇਲੂ ਸਮੱਗਰੀ ਦੀ ਲੋੜ ਸੀ। ਉਸ ਦੀ ਮੰਗ ਦੀ ਪੂਰਤੀ ਕਰਨ ਉਪਰੰਤ ਦੁਕਾਨਦਾਰ ਨੇ ਉਪਹਾਰ ਸਰੂਪ ਉਸ ਨੂੰ ਇਕ ਖੂਬਸੂਰਤ ਕੈਲੰਡਰ ਭੇਂਟ ਕੀਤਾ। ਕੈਲੰਡਰ ਸ਼ਿਵ ਜੀ ਦਾ ਸੀ। ਵੇਖਦਿਆਂ ਜੀਅ ਲਲਚਾ ਗਿਆ। 'ਵੀਰ ਜੀ ਮੈਂ ਸ਼ਿਵ ਜੀ ਦੀ ਪੁਜਾਰਣ ਹਾਂ' ਕਹਿ ਕੇ ਉਸ ਨੇ ਇਕ ਹੋਰ ਕੈਲੰਡਰ ਦੀ ਮੰਗ ਕਰ ਲਈ। ਦੁਕਾਨਦਾਰ ਬੜੀ ਹੀ ਦਿਆਲੂ ਜਿਹੀ ਕਿਸਮ ਦਾ ਆਦਮੀ ਸੀ। ਉਸ ਨੇ ਔਰਤ ਦੇ ਸ਼ਬਦਾਂ ਤੇ ਫੁੱਲ ਚੜ੍ਹਾਏ ਤੇ ਨਿਹਾਲ ਹੋ ਕੇ ਇਕ ਨਹੀਂ ਉਸ ਨੂੰ ਦੋ-ਦੋ ਕੈਲੰਡਰ ਦੇ ਦਿੱਤੇ।

ਖ਼ੁਸ਼ੀ-ਖ਼ੁਸ਼ੀ ਉਹ ਕੈਲੰਡਰ ਲੈ ਕੇ ਆਪਣੇ ਘਰ ਗਈ।

ਅਗਲੇ ਦਿਨ ਉਸ ਨੇ ਉਹੀ ਕੈਲੰਡਰ ਆਪਣੇ ਗੁਆਂਢੀਆਂ ਨੂੰ ਵੇਚ ਦਿੱਤੇ।

***ਸਤੰਬਰ, 2007***

## ਰਾਵਣ/ਸੁਰਿੰਦਰ ਕੈਲੇ

ਹਰ ਸਾਲ ਵਾਂਗ ਇਸ ਵਾਰ ਵੀ ਦੁਸਹਿਰਾ ਮਨਾਇਆ ਜਾ ਰਿਹਾ ਹੈ। ਪਿਛਲੇ ਦਿਨਾਂ ਤੋਂ ਖੁਲ੍ਹੇ ਮੈਦਾਨ ਵਿਚ ਦਸ ਸਿਰ ਵਾਲਾ ਰਾਵਣ ਦਾ ਪੁਤਲਾ ਖੜ੍ਹਾ ਕੀਤਾ ਹੋਇਆ ਹੈ। ਇਹ ਦਸ ਸਿਰ ਰਾਵਣ ਦੀ ਸੱਤਾ ਦੀ ਤਾਕਤ ਦੇ ਪ੍ਰਤੀਕ ਹਨ। ਉਸਦੀ ਤਾਕਤ ਹੀ ਸੀ ਜੋ ਰਾਜਭਾਗ ਚਲਾ ਰਹੀ ਸੀ ਅਤੇ ਉਸਦੇ ਅਨਿਆਏ ਤੇ ਜਬਰ ਵਿਰੁੱਧ ਕਿਸੇ ਨੂੰ ਵੀ ਉਂਗਲ ਉਠਾਉਣ ਦੀ ਜੁਰਅਤ ਨਹੀਂ ਸੀ ਕਰਨ ਦਿੰਦੀ।

ਰਾਵਣ ਦੇ ਪੁਤਲੇ ਕੋਲ ਹੀ ਪੰਡਾਲ ਵਿਚ ਰੋਜ਼ਾਨਾ ਰਾਮਲੀਲਾ ਦਾ ਪ੍ਰਦਰਸ਼ਨ ਹੋ ਰਿਹਾ ਹੈ ਅਤੇ ਅੱਜ ਰਾਵਣ ਤੇ ਰਾਮ ਦੀ ਜਿੱਤ ਹੋਣ ਵਾਲੀ ਹੈ। ਮੈਦਾਨ ਦਰਸ਼ਕਾਂ ਨਾਲ ਭਰਿਆ ਹੋਇਆ ਹੈ ਤੇ ਚਾਰੇ ਪਾਸੇਮੇਲੇ ਦੀਆਂ ਰੌਣਕਾਂ ਲੱਗੀਆਂ ਹੋਈਆਂ ਹਨ।

ਸ਼ਾਮ ਢਲ ਗਈ ਹੈ। ਦੁਸਹਿਰਾ ਕਮੇਟੀ ਨੇ ਰਾਵਣ ਦਾ ਪੁਤਲਾ ਸਾੜਨ ਲਈ ਚੁਣੀਦਾ ਦਸ ਸਿਆਸਤਦਾਨਾਂ ਨੂੰ ਬੁਲਾਇਆ ਹੋਇਆ ਹੈ ਜੋ ਮੰਚ ਤੇ ਬੈਠੇ ਮੇਲੇ ਦਾ ਨਜ਼ਾਰਾ ਤੱਕ ਰਹੇ ਹਨ ਅਤੇ ਸੂਰਜ ਦੇ ਡੁੱਬਣ ਦੀ ਉਡੀਕ ਵਿੱਚ ਹਨ ਤਾਂ ਜੋ ਰਾਵਣ ਨੂੰ ਜਲਾਇਆ ਜਾਵੇ।

ਸੂਰਜ ਦੇ ਥੱਲੇ ਹੁੰਦਿਆਂ ਹੀ ਖਾਸ ਮਹਿਮਾਨ ਰਾਵਣ ਨੂੰ ਜਲਾ ਦਿੰਦੇ ਹਨ। ਪੁਤਲੇ ਵਿੱਚ ਰੱਖੇ ਪਟਾਕੇ ਅਤੇ ਕੱਪੜਿਆਂ ਨੂੰ ਲੱਗੀ ਅੱਗ ਤਾਕਤਵਰ ਰਾਵਣ ਦੇ ਚੀਥੜੇ ਉਡਾ ਦਿੰਦੇ ਹਨ। ਦਸ ਸਿਰਾ ਰਾਵਣ ਮਾਰਿਆ ਜਾਂਦਾ ਹੈ ਤੇ ਰਾਮ ਦੀ ਜਿੱਤ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ।

'ਇਹ ਕਿਹੋ ਜਿਹਾ ਮੇਲਾ ਹੈ, ਇਹ ਕਿਹੋ ਜਿਹਾ ਦੁਸਹਿਰਾ ਹੈ ਜਿੱਥੇ ਅਨਿਆਏ ਤੇ ਜਬਰ ਦੀ ਇਕ ਕੜੀ ਖਤਮ ਕੀਤੀ ਗਈ ਹੈ ਪਰ ਉਸ ਨੂੰ ਸਾੜਣ ਵਾਲੇ ਦਸ ਹੋਰ 'ਰਾਵਣ' ਆਪਣੀ ਤਾਕਤ ਦੇ ਨਸ਼ੇ ਵਿਚ ਝੂੰਮਦੇ ਪੰਡਾਲ 'ਚੋਂ ਬਾਹਰ ਨਿਕਲ ਰਹੇ ਹਨ।

***ਦਸੰਬਰ, 2007***

# ਪਿੱਠ/ਮਹਿੰਦਰ ਮਾਨ

ਬਲਵਿੰਦਰ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਐਮ.ਏ. ਪੰਜਾਬੀ ਕਰ ਰਹੀ ਸੀ। ਜਿਸ ਮੁੰਡੇ ਨਾਲ ਉਸ ਦੇ ਵਿਆਹ ਦੀ ਗੱਲਬਾਤ ਚੱਲ ਰਹੀ ਸੀ, ਉਹ ਮਸਾਂ ਦੱਸਵੀਂ ਪਾਸ ਸੀ। ਵੈਸੇ ਮੁੰਡਾ ਸੋਹਣਾ, ਸੁਨੱਖਾ ਅਤੇ ਉੱਚਾ ਲੰਬਾ ਸੀ। ਬਲਵਿੰਦਰ ਦੇ ਨਾਂਹ ਨੁੱਕਰ ਕਰਦਿਆਂ ਉਸ ਦਾ ਵਿਆਹ ਉਸੇ ਮੁੰਡੇ ਨਾਲ ਪੱਕਾ ਕਰ ਦਿੱਤਾ ਗਿਆ। ਵਿਆਹ ਦੇ ਕਾਰਡ ਛਪਾ ਲਏ ਗਏ। ਨਾਈ ਨੂੰ ਪਿੰਡ ਵਿਚ ਵਿਆਹ ਦੇ ਕਾਰਡ ਵੰਡਣ ਲਈ ਦੇ ਦਿੱਤੇ ਗਏ, ਪਰ ਪਿੰਡ ਦੇ ਸਰਕਾਰੀ ਹਾਈ ਸਕੂਲ ਵਿਚ ਬਲਵਿੰਦਰ ਦਾ ਡੈਡੀ ਜਰਨੈਲ ਸਿੰਘ ਵਿਆਹ ਦਾ ਕਾਰਡ ਆਪ ਲੈ ਕੇ ਗਿਆ। ਵਿਆਹ ਦਾ ਕਾਰਡ ਸਕੂਲ ਮੁਖੀ ਨੂੰ ਫੜਾਂਦਿਆਂ ਜਰਨੈਲ ਸਿੰਘ ਨੇ ਕਿਹਾ, 'ਆ ਲਉ ਬਲਵਿੰਦਰ ਦੇ ਵਿਆਹ ਦਾ ਕਾਰਡ, ਮੈਂ ਸੋਚਿਆ, ਉਸ ਦੇ ਵਿਆਹ ਦਾ ਕਾਰਡ ਮੈਂ ਆਪ ਦੇ ਕੇ ਆਉਨਾਂ। ਤੁਹਾਡੇ ਸਕੂਲੋਂ ਪੜ੍ਹੀ ਜੂ ਹੋਈ।'

ਵਿਆਹ ਦਾ ਕਾਰਡ ਲੈਂਦਿਆਂ ਸਕੂਲ ਮੁਖੀ ਨੇ ਪੁੱਛਿਆ, 'ਮੁੰਡਾ ਕਿੰਨਾ ਕੁ ਪੜ੍ਹਿਆ ਹੋਇਐ ਅਤੇ ਕੀ ਕਰਦੈ?'

'ਸਾਹਿਬ ਜੀ ਮੁੰਡਾ ਦਸਵੀਂ ਪਾਸ ਐ ਤੇ ਆਪਣੇ ਡੈਡੀ ਨਾਲ ਖੇਤੀ ਕਰਦੈ।'

'ਪਰ ਏਨੇ ਥੋੜ੍ਹੇ ਪੜ੍ਹੇ ਮੁੰਡੇ ਨਾਲ ਵਿਆਹ ਕਰਨ ਦੀ ਤੁਹਾਨੂੰ ਕੀ ਲੋੜ ਐ? ਨਾਲੇ ਕਹਿੰਦੇ ਤੁਹਾਡੀ ਬਲਵਿੰਦਰ ਤਾਂ ਐਮ.ਏ. ਕਰਦੀ ਐ।'

'ਸਾਹਿਬ ਜੀ, ਮੁੰਡਾ ਪੜ੍ਹਿਆ ਚਾਹੇ ਘੱਟ ਐ। ਪਰ ਉਸ ਦੀ ਪਿੱਠ ਬੜੀ ਮਜ਼ਬੂਤ ਐ। ਉਸ ਦੀਆਂ ਦੋ ਭੈਣਾ ਜਰਮਨ 'ਚ ਐ। ਮੁੰਡੇ ਦਾ ਜਰਮਨ ਜਾਣ ਦਾ ਤੁੱਕਾ ਲੱਗ ਸਕਦੈ। ਜੇ ਨਾ

ਵੀ ਲੱਗੇ ਤਾਂ ਵੀ ਕੋਈ ਗੱਲ ਨਹੀਂ। ਮੁੰਡੇ ਦੇ ਹਿੱਸੇ ਪੂਰੇ ਪੰਦਰਾਂ ਕਿੱਲੇ ਜ਼ਮੀਨ ਦੇ ਆਂਦੇ ਐ।' ਇਹ ਕਹਿ ਕੇ ਜਰਨੈਲ ਸਿੰਘ ਛੇਤੀ ਨਾਲ ਸਕੂਲ ਮੁਖੀ ਦੇ ਦਫਤਰ ਵਿੱਚੋਂ ਬਾਹਰ ਆ ਗਿਆ।

## ਤਜ਼ਰਬਾ/ਸਰਵਨ ਸਿੰਘ ਪਤੰਗ

ਮੈਂ ਆਪਣੇ ਪਿੰਡ ਦੇ ਗ੍ਰਾਮ ਸੇਵਕ ਬੂਝਾ ਸਿੰਘ ਨੂੰ ਪੁੱਛਿਆ, ਮੈਂ ਮੂੰਗੀ ਬੀਜਣਾ ਚਹੁੰਦਾ ਹਾਂ। ਕ੍ਰਿਪਾ ਕਰਕੇ ਮੈਨੂੰ ਦੱਸੋ ਕਿ ਸਾਬਤ ਮੂੰਗੀ ਤੇ ਧੋਵੀਂ ਮੂੰਗੀ ਬੀਜਣ ਦਾ ਢੁੱਕਵਾਂ ਸਮਾਂ ਕਿਹੜਾ ਹੈ?

ਉਸਨੇ ਸਿਰ ਨੂੰ ਖੁਰਕਦਿਆਂ ਤੇ ਕੁਝ ਸੋਚਕੇ ਦੱਸਿਆ, 'ਐਂ ਕਰੀਂ ਬੱਸ ਪੰਦਰਾਂ ਵੀਹਾਂ ਦਿਨਾਂ ਦੇ ਫਰਕ ਨਾਲ ਬੀਜ ਦੇਵੀਂ ਧੰਨ ਧੰਨ ਹੋਜੂ, ਮੇਰਾ ਪੱਕਾ ਤਜ਼ਰਬਾ ਹੈ।'

## ਤਰਾਸ਼ਿਆ ਪੱਥਰ/ਡਾ. ਬਲਦੇਵ ਸਿੰਘ ਖਹਿਰਾ

ਡਾ. ਮਲਹੋਤਰਾ ਸਵੇਰੇ ਮੰਦਿਰੋਂ ਪਰਤੇ ਤਾਂ ਉਹਨਾਂ ਦੇ ਮਾਤਾ ਜੀ ਦਹਿਲੀਜ਼ 'ਤੇ ਖੜ੍ਹੇ ਸੀ। ਹੱਥ ਵਿਚ ਅਖਬਾਰ, ਦਮਕਦਾ ਚਿਹਰਾ ਤੇ ਪੂਰੇ ਖੁਸ਼। ਉਹਨਾਂ ਮਾਂ ਨੂੰ ਏਨਾ ਖੁਸ਼ ਪਹਿਲਾਂ ਕਦੇ ਨਹੀਂ ਸੀ ਦੇਖਿਆ, ਝਟਪਟ ਕਾਰ ਖੜ੍ਹੀ ਕਰਕੇ ਉਸ ਵੱਲ ਵਧੇ।

'ਵੇ ਪੁੱਤ! ਵਧਾਈਆਂ, ਭਗਵਾਨ ਨੇ ਮੇਰੀ ਝੋਲੀ 'ਚ ਬਹੁਤ ਵੱਡੀ ਖੁਸ਼ੀ ਪਾਈ ਐ, ਵੇ ਜਿਉਂਦਾ ਰਹੁ ਬੱਚਿਆ!'

'ਕੁਝ ਦੱਸੋਂ ਵੀ, ਕਿਹੜੀ ਖੁਸ਼ੀ ਨੇ ਮੇਰੀ ਮਾਂ ਨੂੰ.....'

'ਲੈ...ਜਿਵੇਂ ਪਤਾ ਈ ਨੀ....ਆਪਣੀ ਕਮਲ' ਸਾਹੋ-ਸਾਹ ਹੋਈ ਮਾਂ ਨੇ ਪੁੱਤ ਨੂੰ ਫਿਰ ਜੱਫੀ ਵਿੱਚ ਲੈ ਲਿਆ, 'ਆਪਣੀ ਕਮਲ ਆਈ.ਏ.ਐਸ. ਵਿਚ ਸੈਕਿੰਡ ਆਈ ਐ' ਪੋਤੀ ਦੀ ਪ੍ਰਾਪਤੀ ਉੱਤੇ ਦਾਦੀ ਲਗਭਗ ਨੱਚਣ ਹੀ ਲੱਗ ਪਈ।

'ਬੀ ਜੀ! ਤੁਹਾਨੂੰ ਵੀ ਬਹੁਤ ਵਧਾਈਆਂ...ਸਭ ਤੁਹਾਡੀਆਂ ਅਸੀਸਾਂ ਦਾ ਫਲ ਐ' ਡਾਕਟਰ ਤੇ ਮਿਸਿਜ਼ ਮਲਹੋਤਰਾ ਮਾਂ ਦੇ ਪੈਰਾਂ ਉਤੇ ਝੁਕ ਗਏ।

ਮਾਂ ਨੇ ਫਿਰ ਪੁੱਤਰ ਨੂੰ ਜੱਫੀ ਪਾ ਲਈ, ਪੁੱਤਰ ਨੇ ਹੌਲੀ ਜਿਹੀ ਮਾਂ ਦੇ ਕੰਨ ਵਿਚ ਕਿਹਾ, 'ਜਿਸ ਦਿਨ ਕਮਲ ਜੰਮੀ ਸੀ, ਉਸ ਦਿਨ ਤਾਂ ਬੀ ਜੀ! ਤੁਸੀਂ ਕਿਹਾ ਸੀ ਕਿ ਬਹੂ ਨੇ ਪੱਥਰ ਜੰਮ ਦਿੱਤਾ....ਯਾਦ ਐ?

ਪਰ ਮਾਂ ਉਸੇ ਲੋਰ ਵਿਚ ਬੋਲੀ, 'ਭਗਵਾਨ ਵੀ ਪਹਿਲਾਂ ਪੱਥਰ ਹੀ ਹੁੰਦੈ, ਉਸ ਨੂੰ ਘੜ-ਤਰਾਸ਼ ਕੇ ਪੂਜਣਯੋਗ ਬਣਾ ਲਿਆ ਜਾਂਦੈ।'

## ਪਸੰਦ/ਸੁਰਿੰਦਰ ਕੈਲੇ

ਉਨ੍ਹਾਂ ਦਾ ਵਿਆਹ ਹੋਏ ਨੂੰ ਥੋੜ੍ਹਾ ਹੀ ਸਮਾਂ ਹੋਇਆ ਸੀ।

ਪਤੀ, ਪਤਨੀ, ਦੋਨੋਂ ਹੀ ਇਕ ਦੂਸਰੇ ਨੂੰ ਬਹੁਤ ਪਿਆਰ ਕਰਦੇ ਸਨ। ਪਰ ਇਕ ਗੱਲ ਤੇ ਅਕਸਰ ਉਨ੍ਹਾਂ ਵਿਚ ਤਕਰਾਰ ਹੋ ਜਾਂਦੀ। ਉਹ ਗੱਲ ਸੀ ਰੰਗਾਂ ਦੀ ਪਸੰਦ।

'ਤੈਨੂੰ ਕਿਸੇ ਪੰਡਤ ਨੇ ਦੱਸਿਆ ਬਈ ਗੁਲਾਬੀ ਰੰਗ ਹੀ ਪਾਉਣਾ? ਜਦੋਂ ਵੀ ਕੋਈ ਕੱਪੜਾ

ਖ਼ੀਦਣ ਲੱਗੋ, ਤੇਰੀ ਨਜ਼ਰ ਹੀ ਨਹੀਂ ਟਿਕਦੀ ਕਿਸੇ ਹੋਰ ਰੰਗ 'ਤੇ।'

ਪਤੀ ਅਕਸਰ ਖਿੱਝਦਾ। ਉਹ ਚਾਹੁੰਦਾ ਸੀ ਕਿ ਉਸਦੀ ਪਤਨੀ, ਉਹ ਰੰਗ ਵੀ ਪਹਿਨੇ ਜਿਹੜਾ ਉਸਨੂੰ ਬਹੁਤ ਪਸੰਦ ਹੈ। ਪਰ ਉਹ ਤਾਂ ਸਿਰਫ ਗੁਲਾਬੀ ਰੰਗ ਤੇ ਹੀ ਮਰਦੀ ਸੀ।

'ਤੁਸੀਂ ਵੀ ਤਾਂ ਹਮੇਸ਼ਾ ਨੀਲਾ ਰੰਗ ਹੀ ਪਹਿਨਦੇ ਹੋ। ਹੋਰ ਰੰਗ ਤੁਹਾਨੂੰ ਵੀ ਨਹੀਂ ਭਾਉਂਦੇ। ਕਦੀ ਤੁਸੀਂ ਮੇਰੇ ਕਹੇ ਤੋਂ ਗੁਲਾਬੀ ਪੱਗ ਬੰਨ੍ਹੀ ਹੈ?'

ਪਤਨੀ ਵੀ ਆਪਣਾ ਰੋਸਾ ਜਾਹਰ ਕਰਦੀ।

'ਡਾਰਲਿੰਗ! ਦਰਅਸਲ ਗੱਲ ਇਹ ਹੈ ਕਿ ਇੱਕ ਕੁੜੀ ਮੇਰੀ ਜਮਾਤਨ ਹੁੰਦੀ ਸੀ। ਸੁਹਣੀ, ਸੁਨੱਖੀ ਤੇ ਉਸਦੀ ਮੇਰੇ ਨਾਲ ਬਣਦੀ ਵੀ ਬੜੀ ਸੀ। ਉਹ ਨੀਲੇ ਰੰਗ ਦੀ ਦਿਵਾਨੀ ਸੀ। ਬੱਸ ਉਸੇ ਕਰਕੇ ਮੈਨੂੰ ਵੀ ਨੀਲੇ ਰੰਗ ਨਾਲ ਮੋਹ ਹੋ ਗਿਆ।'

ਪਤੀ ਨੇ ਆਪਣੇ ਖਾਸ ਰੰਗ ਦੀ ਪਸੰਦ ਦਾ ਕਾਰਨ ਦੱਸਿਆ।

ਪਤਨੀ ਵੀ ਪੜ੍ਹੀ ਲਿਖੀ ਤੇ ਨੌਕਰੀ ਕਰਦੀ ਸੀ। ਉਸਦਾ ਸਮਾਜ ਵਿਚ ਵਿਚਰਨਾ ਸਹਿਜ ਸੀ। ਉਸਦੇ ਵਿਚਾਰ ਅਧੁਨਿਕ ਤੇ ਸਪੱਸ਼ਟ ਸਨ, ਜਿਸ ਕਰਕੇ ਉਸਨੇ ਪਤੀ ਦੀ ਗੱਲ ਦਾ ਬੁਰਾ ਨਹੀਂ ਮਨਾਇਆ। ਤੇ ਉਸਨੇ ਵੀ ਆਪਣੀ ਪਸੰਦ ਪਿਛੋਕੜ ਦੱਸਦਿਆਂ ਕਿਹਾ,

'ਡੀਅਰ! ਇਹੋ ਗੱਲ ਮੇਰੀ ਹੈ। ਮੇਰਾ ਵੀ ਇਕ ਜਮਾਤੀ ਹੁੰਦਾ ਸੀ। ਉਹ ਗੁਲਾਬੀ ਰੰਗ ਤੇ ਮਰਦਾ ਸੀ। ਮੇਰੇ ਗੁਲਾਬੀ ਰੰਗ ਪਹਿਨਿਆਂ ਦੇਖਕੇ ਉਹ ਬੜਾ ਖੁਸ਼ ਹੁੰਦਾ। ਇੰਝ ਹੀ ਇਹ ਰੰਗ ਮੇਰੀ ਮੁੱਢਲੀ ਪਸੰਦ ਬਣ ਗਿਆ।'

ਪਤੀ ਤੋਂ ਪਤਨੀ ਦੀ ਇਹ ਗੱਲ ਹਜ਼ਮ ਨਾ ਹੋਈ। ਇਸੇ ਕਰਕੇ ਉਹ ਪਿਛਲੇ ਹਫਤੇ ਤੋਂ ਮੂੰਹ ਵੱਟੀ ਫਿਰਦਾ ਹੈ।

# ਕਿਰਾਏ ਦਾ ਮਕਾਨ/ਸੁਰਿੰਦਰ ਕੈਲੇ

ਮਨਪਸੰਦ ਦਾ ਘਰ ਸ਼ਰਨਜੀਤ ਦਾ ਬਚਪਨ ਤੋਂ ਹੀ ਸੁਪਨਾ ਸੀ। ਬਚਪਨ ਤੋਂ ਜਵਾਨੀ, ਤੇ ਜਵਾਨੀ 'ਚ ਸ਼ਾਦੀ ਹੋ ਜਾਣ ਪਿੱਛੋਂ ਉਸਦਾ ਸੁਪਨਾ ਵਾਰ-ਵਾਰ ਉਸਦੇ ਮਸਤਕ 'ਚ ਦਸਤਕ ਦਿੰਦਾ ਰਿਹਾ। ਉਹ ਤੇ ਉਸਦਾ ਪਤੀ ਘਰ ਦੀ ਪ੍ਰਾਪਤੀ ਲਈ ਪੈਸਾ ਜੋੜਨ ਦੀ ਕੋਸ਼ਿਸ਼ ਕਰਦੇ ਪਰ ਬੈਂਕ ਬੈਲੇਂਸ ਉੱਥੇ ਦਾ ਉੱਥੇ ਹੀ ਰਹਿੰਦਾ। ਬੱਚਿਆਂ ਦੀ ਪਾਲਣਾ, ਪੜ੍ਹਾਈ, ਵਿਆਹ ਆਦਿ ਦੇ ਖ਼ਰਚਿਆਂ ਨੇ ਉਨ੍ਹਾਂ ਦੇ ਹੱਥ ਬੰਨ੍ਹੀ ਰੱਖੇ। ਉਹ ਮਕਾਨ ਤਾਂ ਬਦਲਦੇ ਰਹੇ ਪਰ ਘਰ ਨਸੀਬ ਨਾ ਹੋਇਆ। ਕਿਰਾਏ ਦੇ ਘਰਾਂ ਵਿਚ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਜਿਸ ਕਰਕੇ ਇਹ ਮਕਾਨ ਉਸ ਨੂੰ ਕਦੀ ਵੀ ਘਰ ਨਾ ਲੱਗਦੇ।

'ਆਪਣੇ ਘਰ ਮੈਂ ਮਨ ਪਸੰਦ ਦਾ ਰੰਗ ਕਰਵਾ ਸਕਾਂਗੀ। ਜਿਸ ਦੀਵਾਰ ਤੇ ਚਾਹਾਂ ਮੇਖਾਂ ਲਗਾ ਕੇ ਫ਼ੋਟੋਆਂ ਟੰਗ ਸਕਾਂਗੀ। ਲੋੜ ਮੁਤਾਬਕ ਅਲਮਾਰੀਆਂ, ਖੁਲ੍ਹੀ ਰਸੋਈ ਤੇ ਬਾਥਰੂਮ ਬਣਵਾ ਸਕਾਂਗੀ। ਹੋਰ ਤਾਂ ਹੋਰ, ਆਪਣੇ ਘਰ ਵਿਚ ਜਿਵੇਂ ਮਰਜ਼ੀ ਰਹਿ ਸਕਾਂਗੀ, ਜੋ ਚਾਹਾਂ ਕਰ ਸਕਾਂਗੀ। ਉੱਚੀ ਉੱਚੀ ਬੋਲਾਂਗੀ, ਨੱਚਾਂਗੀ, ਗਾਵਾਂਗੀ ਸ਼ੋਰ ਮਚਾਵਾਂਗੀ ਤੇ ਜਿਵੇਂ ਜੀ ਕਰੂ ਖਰੂਦ ਪਾਵਾਂਗੀ। ਕੋਈ ਮੈਨੂੰ ਰੋਕਣ ਟੋਕਣ ਵਾਲਾ ਨਹੀਂ ਹੋਵੇਗਾ। ਮਕਾਨ ਮਾਲਕਾਂ ਦੀਆਂ

ਬੰਦਸ਼ਾਂ ਤੇ ਰੋਕਾਂ ਤੋਂ ਮੁਕਤ ਮੈਂ ਆਪਣੀ ਮਰਜੀ ਦੀ ਮਾਲਕ ਹੋਵਾਂਗੀ।'

ਸ਼ਰਨਜੀਤ ਆਪਣੇ ਨਵੇਂ ਬਣਾਏ ਵਧੀਆ ਘਰ ਦੇ ਲਾਅਨ ਵਿਚ ਚਹਿਲ ਕਦਮੀ ਕਰਦੀ, ਬਚਪਨ ਦੇ ਸੁਪਨੇ ਨੂੰ ਯਾਦ ਕਰ ਰਹੀ ਸੀ। ਇਹ ਘਰ ਉਨ੍ਹਾਂ ਨੂੰ ਸੇਵਾ ਮੁਕਤੀ ਦੇ ਮਿਲੇ ਪੈਸਿਆਂ ਕਰਕੇ ਹੀ ਸੰਭਵ ਹੋ ਸਕਿਆ ਸੀ।

ਹੁਣ ਉਹ ਖ਼ੁਸ਼ ਹੈ ਕਿ ਇਹ ਨਵਾਂ ਮਕਾਨ ਉਸ ਦਾ ਆਪਣਾ ਘਰ ਹੈ। ਨਰਮ ਨਰਮ ਘਾਹ ਤੇ ਚਹਿਲ ਕਦਮੀ ਕਰਨਾ ਉਸਨੂੰ ਚੰਗਾ ਚੰਗਾ ਲੱਗਦਾ ਹੈ। ਉਹ ਅੰਤਰੀਵ ਖ਼ੁਸ਼ੀ ਵਿਚ ਮਸਤ ਹੈ। ਇਸੇ ਮਸਤੀ ਦੇ ਆਲਮ ਵਿਚ, ਉਸਨੇ ਕਿਸੇ ਗੀਤ ਦਾ ਮੁੱਖੜਾ, ਉੱਚੀ ਸੁਰ ਵਿਚ ਛੋਹ ਲਿਆ ਹੈ।

'ਮੰਮੀ ਪਲੀਜ਼!...... ਚੁੱਪ ਕਰੋ' , ਉਸਦੇ ਪੁੱਤਰ ਨੇ ਅੰਦਰੋਂ ਚੀਕਦਿਆਂ ਕਿਹਾ,

'ਰੌਲਾ ਸੁਣਕੇ ਮੁੰਨੀ ਜਾਗ ਪਵੇਗੀ।'

ਉਹ ਚੁੱਪ ਕਰ ਗਈ। ਉਸਦੇ ਅੰਦਰੋਂ ਇਕ ਚੀਸ ਜਿਹੀ ਉੱਠੀ, 'ਮੇਰਾ ਗੁਣਗਣਾਉਣਾ ਵੀ ਬੱਚਿਆਂ ਨੂੰ ਰੌਲਾ ਲਗਦਾ ਹੈ।'

ਦਰਦ ਭਰੇ ਮਨ ਨਾਲ ਉਹ ਸੋਚਣ ਲੱਗੀ ਕਿ ਇਹ ਕਿਹੋ ਜਿਹੀ ਵਿਡੰਬਣਾ ਹੈ ਕਿ ਮੈਂ ਆਪਣੇ ਘਰ ਵਿਚ ਉੱਚੀ 'ਵਾਜ ਵੀ ਨਹੀਂ ਕੱਢ ਸਕਦੀ। ਪੈਰਾਂ ਹੇਠਲਾ ਨਰਮ ਨਰਮ ਘਾਹ ਉਸਨੂੰ ਸੂਲਾਂ ਵਾਂਗ ਚੁੱਭਣ ਲੱਗਾ। ਟੁੱਟਦੇ ਸੁਪਨੇ ਦਾ ਹੌਕਾ ਭਰਦਿਆਂ ਉਸਨੇ ਆਪਣੇ ਆਪ ਨੂੰ ਕਿਹਾ, 'ਮੈਂ ਤਾਂ ਅੱਜ ਵੀ ਆਪਣੇ ਘਰ ਨਹੀਂ, ਕਿਰਾਏ ਦੇ ਮਕਾਨ ਵਿਚ ਹੀ ਰਹਿ ਰਹੀ ਹਾਂ!'

## ਨਵੀਂ ਸੋਚ/ਅੰਮ੍ਰਿਤ ਲਾਲ ਮੰਨਣ

ਸੜਕ ਕਿਨਾਰੇ ਖੜੀ ਫਰੂਟ ਦੀ ਰੇਹੜੀ ਕੋਲ ਜਦੋਂ ਮੈਂ ਮੋਟਰ ਸਾਈਕਲ ਰੋਕੀ ਤਾਂ ਉਥੇ ਇੱਕ ਅਧੇੜ ਉਮਰ ਦੀ ਔਰਤ ਅਤੇ ਇੱਕ ਸੁਨੱਖੀ ਮੁਟਿਆਰ ਵੀ ਫਲ ਖ਼੍ਰੀਦ ਰਹੀਆਂ ਸਨ। ਮੈਂ ਵੀ ਕੁਝ ਸੇਬ ਚੁਨਣ ਲੱਗਾ। ਇੰਨੇ ਵਿਚ ਔਰਤ ਨੇ ਇਕ ਰਿਕਸ਼ੇ ਵਾਲੇ ਨੂੰ ਅਵਾਜ਼ ਦਿੱਤੀ ਅਤੇ ਕਹਿਣ ਲੱਗੀ, 'ਸੁਲਤਾਨਵਿੰਡ ਰੋਡ ਟਾਹਲੀ ਵਾਲੇ ਚੌਕ ਦੇ ਕਿੰਨੇ ਪੈਸੇ' । 'ਅੱਠ ਰੁਪਏ ਬੀਬੀ ਜੀ' ਰਿਕਸ਼ੇ ਵਾਲੇ ਦਾ ਉੱਤਰ ਸੀ। 'ਕੋਈ ਅੱਠ ਉਠ ਨਹੀਂ ਮਿਲਣੇ, ਪੰਜ ਰੁਪਏ ਦੇਵਾਂਗੀ।' ਔਰਤ ਨੇ ਕਿਹਾ। ਮੈਂ ਉਨ੍ਹਾਂ ਦੀ ਵਾਰਤਾਲਾਪ ਸੁਣ ਰਿਹਾ ਸਾਂ। ਮੈਂ ਔਰਤ ਨੂੰ ਕਿਹਾ 'ਭੈਣ ਜੀ ਮੈਂ ਉਧਰ ਹੀ ਜਾਣਾ ਹੈ, ਤੁਸੀਂ ਮੇਰੇ ਨਾਲ ਬੈਠ ਸਕਦੇ ਹੋ।' 'ਜਾਹ ਭਰਾ ਜਾਹ ਕੰਮ ਕਰ।' ਔਰਤ ਦਾ ਖਰਵਾ ਉੱਤਰ ਸੁਣ ਕੇ ਮੈਂ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਸਾਂ। ਮੈਂ ਮੋਟਰ ਸਾਈਕਲ ਸਟਾਰਟ ਕਰ ਚੱਲਣ ਹੀ ਲੱਗਾ ਸੀ ਕਿ ਕੋਲ ਖੜ੍ਹੀ ਮੁਟਿਆਰ ਮੋਟਰ ਸਾਈਕਲ ਪਿੱਛੇ ਬੈਠਦੀ ਕਹਿਣ ਲੱਗੀ 'ਅੰਕਲ ਜੀ ਚਲੋ ਮੈਂ ਵੀ ਉਧਰ ਹੀ ਜਾਣਾ ਹੈ।' ਮੇਰੀ ਸ਼ਰਮਿੰਦਗੀ ਖਤਮ ਹੋ ਚੁੱਕੀ ਸੀ।

## ਪਲਾਸਿਟਕ ਦੀਆਂ ਗੁੱਡੀਆਂ/ਰੇਣੂ

ਮੈਂ ਤੇ ਰਾਜੀ ਹਮੇਸ਼ਾ ਗੁੱਡੀਆਂ ਨਾਲ ਖੇਡਦੀਆਂ ਹੁੰਦੀਆਂ ਸੀ....ਗੁੱਡੀਆਂ...ਪਲਾਸਟਿਕ ਦੀਆਂ....ਰਾਜੀ ਨੂੰ ਹਮੇਸ਼ਾ ਸ਼ੋਖ ਰੰਗ ਪਸੰਦ ਸੀ, ਮੈਂ ਕਈ ਵਾਰ ਜੇ ਕਿਸੇ ਗੁੱਡੀ ਨੂੰ ਫਿੱਕੇ ਰੰਗ

ਦੇ ਕੱਪੜੇ ਪਾ ਦੇਣੇ ਤਾਂ ਉਸਨੇ ਝਟ ਹੀ ਬਦਲ ਦੇਣੇ....ਤੇ ਗੁੱਡੀ ਨੂੰ ਫੇਰ ਦੁਲਹਨ ਵਾਂਗ ਸਜਾ ਦੇਣਾ... ਮੈਨੂੰ ਕਹਿੰਦੀ ਹੁੰਦੀ ਸੀ, 'ਕਿਉਂ, ਗੁੱਡੀਆਂ ਦਾ ਦਿਲ ਨੀ ਹੁੰਦਾ?'

ਇੰਝ ਉਹਨਾਂ ਪਲਾਸਟਿਕ ਦੀਆਂ ਗੁੱਡੀਆਂ ਦਾ ਵਿਆਹ ਰਚਾਉਂਦੇ ਕਦੋਂ ਸਾਡੀ ਉਮਰ ਵੀ ਵਿਆਹ ਲਾਇਕ ਹੋ ਗਈ ਪਤਾ ਹੀ ਨਹੀਂ ਲੱਗਾ... ਮੇਰਾ ਵਿਆਹ ਪਹਿਲਾਂ ਹੋ ਗਿਆ...ਤੇ ਰਾਜੀ ਦਾ ਕੁਝ ਚਿਰ ਬਾਅਦ....ਤੇ ਮੈਂ ਕੁਝ ਕੁ ਮਹੀਨਿਆਂ ਬਾਅਦ ਜਦ ਆਪਣੇ ਘਰ ਗਈ ਤਾਂ ਪਤਾ ਲੱਗਾ..ਕੇ ਰਾਜੀ ਵੀ ਘਰ ਆਈ ਹੋਈ ਹੈ....ਮੈਂ ਭੱਜ ਕੇ ਉਸਨੂੰ ਮਿਲਣ ਗਈ...ਪਰ ਰਾਜੀ ਦਾ ਰੰਗ ਰੂਪ ਤੇ ਪਹਿਰਾਵਾ ਵੇਖ ਕੇ ਮੈਥੋਂ ਦਹਿਲੀਜ਼ ਮਸਾਂ ਹੀ ਟੱਪ ਹੋਈ!!!!

ਉਸਨੇ ਮੈਨੂੰ ਦੱਸਿਆ ਕਿ ਇੱਕ ਐਕਸੀਡੈਂਟ ਵਿਚ ਉਸਦੇ ਪਤੀ ਦੀ ਮੌਤ ਹੋ ਗਈ ਤੇ ਸਹੁਰੇ ਵਾਲਿਆਂ ਨੇ ਉਸਨੂੰ ਪੇਕੇ ਘਰ ਦਾ ਰਾਹ ਵਿਖਾ ਦਿੱਤਾ....ਮੈਂ ਸਾਰਾ ਦਿਨ ਉਸ ਨਾਲ ਬੈਠੀ ਗੱਲਾਂ ਕਰਦੀ ਰਹੀ...ਤੇ ਝਿਜਕਦੇ ਝਿਜਕਦੇ ਮੈਂ ਕਹਿ ਹੀ ਬੈਠੀ..., 'ਰਾਜੀ, ਜਿੰਦਗੀ ਐਥੇ ਰੁਕ ਤਾਂ ਨਹੀਂ ਜਾਂਦੀ...ਮੈਂ ਤੇਰੇ ਘਰ ਵਾਲਿਆਂ ਨਾਲ ਗੱਲ ਕਰ ਕੇ ਸਮਝਾਂਦੀ ਹਾਂ ਕੇ ਉਹ ਤੈਨੂੰ ਤੇਰੀਆਂ ਖੁਸ਼ੀਆਂ ਮੋੜਨ ਦਾ ਯਤਨ ਕਰਨ....।

ਪਰ ਉਸਨੇ ਮੇਰੀ ਬਾਂਹ ਫੜ ਮੈਨੂੰ ਰੋਕ ਲਿਆ ਕਿ ਨਹੀਂ ਇਹ ਮੈਥੋਂ ਨਹੀਂ ਹੋਣਾ....ਮੈਂ ਉਸਨੂੰ ਸਿਰਫ ਇੱਕੋ ਸਵਾਲ ਪੁੱਛਿਆ, 'ਪਲਾਸਟਿਕ ਦੀਆਂ ਗੁੱਡੀਆਂ ਦਾ ਦਿਲ ਹੁੰਦਾ ਹੈ ਤੇ ਲਹੂ ਮਾਸ ਵਾਲੀਆਂ ਦਾ ਨਹੀਂ?'

ਉਸਨੇ ਮੇਰੇ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ ਪਰ ਸ਼ੋਖ ਰੰਗ ਉਸਦੇ ਚਿਹਰੇ ਤੇ ਸਾਫ ਦਿਖਾਈ ਦੇਣ ਲੱਗਾ।

*ਮਾਰਚ, 2009*

## ਮੱਛੀਆਂ/ਜਸਬੀਰ ਢੰਡ

ਸ਼ਹਿਰ ਦੇ ਬਾਹਰਵਾਰ ਠੇਕਾ, ਠੇਕੇ ਦੇ ਨਾਲ਼ ਦੋ ਢਾਬੇ।

ਢਾਬਿਆਂ ਦੇ ਸਾਹਮਣੇ ਕੰਧ ਦੇ ਨਾਲ ਸੜਕ ਉੱਤੇ ਉਹ ਆਂਡਿਆਂ ਦੀ ਰੇਹੜੀ ਲਾਉਂਦਾ।

ਆਮ ਤੌਰ ਤੇ ਉਹ ਕਚਹਿਰੀਆਂ ਦੇ ਬੰਦ ਹੋਣ ਤੇ ਹੀ ਆਉਂਦਾ। ਰੁਲਿਆ-ਖੁਲ਼ਿਆ ਜਿਹਾ, ਜਿਹੋ ਜਿਹਾ ਉਹ ਆਪ ਸੀ ਉਹੋ ਜਿਹੇ ਉਹਦੇ ਗਾਹਕ ਸਨ। ਦਿਹਾੜੀ-ਟੱਪਾ ਕਰਕੇ ਸਾਈਕਲਾਂ ਤੇ ਪਿੰਡਾਂ ਨੂੰ ਪਰਤ ਰਹੇ ਥੱਕੇ-ਟੁੱਟੇ ਦਿਹਾੜੀਦਾਰ ਜਾਂ ਦਿਨ-ਭਰ ਸਵਾਰੀਆਂ ਢੋ-ਢੋ ਥੱਕੇ ਰਿਕਸ਼ਿਆਂ ਵਾਲੇ। ਸ਼ਹਿਰ ਦੀ ਭੀੜ ਤੋਂ ਬਾਹਰ ਇਕਾਂਤ ਜਿਹੀ ਥਾਂ...ਠੇਕੇ ਤੋਂ ਅਧੀਆ-ਪਊਆ ਲੈਂਦੇ। ਉਹਦੀ ਰੇਹੜੀ ਤੋਂ ਗਲਾਸ ਮਿਲ ਜਾਂਦਾ। ਘਸਮੈਲ਼ੇ ਜਿਹੇ ਪਲਾਸਟਿਕ ਦੇ ਟੀਨ ਵਿੱਚੋਂ ਬੱਬਲ਼-ਵੱਡਾ ਜਿਹਾ ਪਾਣੀ ਦੇ ਦਿੰਦਾ। ਪੰਜਾਂ ਰੁਪਈਆਂ ਦੇ ਦੋ ਉੱਬਲੇ ਆਂਡੇ- ਸਸਤੇ ਜਿਹੇ ਵਿਚ ਉਹ ਉਨ੍ਹਾਂ ਦਾ ਡੰਗ ਲਾਹ ਦਿੰਦਾ। ਢਾਬਿਆਂ ਵਾਲ਼ੇ ਤਾਂ ਲੁੱਟਦੇ ਸਨ। ਖਾਲੀ ਗਲਾਸ ਦੇ ਵੀ ਪੈਸੇ ਮੰਗਦੇ।

ਸਾਹਮਣੇ ਢਾਬਿਆਂ ਵਾਲ਼ੇ ਅਕਸਰ ਉਸਨੂੰ ਲਲਕਾਰੇ ਮਾਰਦੇ, 'ਵਗ ਜਾ ਉਇ! ਅੱਡੇ ਤੇ ਚਲਾ ਜਾ...ਐਥੇ ਬਾਹਲ਼ਾ ਦੁੱਧ ਐ....ਕਿੱਥੋਂ ਰੋਡਾ ਲੱਗਿਐ ਸਾਲ਼ਾ!'

ਉਹ ਆਪਣੀ ਰੇੜ੍ਹੀ ਤੇ ਖਲੋਤਾ ਈ ਘੁਰ-ਘੁਰ ਕਰੀ ਜਾਂਦਾ, 'ਸੜਕ ਤੇ ਖੜ੍ਹਾ..ਕਿਉਂ? ਸੜ੍ਹਕ ਕਿਸੇ ਦੇ ਪਿਓ ਦੀ ਐ? ਤੁਸੀਂ ਵਗ ਜੋ ਅੱਡੇ ਤੇ ਜੇ ਬਾਹਲ਼ੇ ਔਖੇ ਓ!' ਉਹ ਢਾਬਿਆਂ ਵਾਲੇ ਨੂੰ ਘੱਟ ਪਰ ਆਪਣੇ ਗਾਹਕਾਂ ਨੂੰ ਹੀ ਜਿਵੇਂ ਸੁਣਾਉਤੀ ਕਰੀ ਜਾਂਦਾ।

ਆਪ ਹੀ ਗੱਲਾਂ ਕਰੀ ਜਾਂਦਾ। ਆਪਣੇ ਗਾਹਕਾਂ ਦਾ ਜੀਅ ਲਵਾਈ ਰੱਖਦਾ।

ਕਈ ਵਾਰੀ ਮੈਂ ਸੋਚਦਾ ਦੋ ਰੁਪਈਆਂ ਦਾ ਤਾਂ ਕੱਚਾ ਆਂਡਾ ਹੀ ਵਿਕੀ ਜਾਂਦੈ। ਇਹਨੂੰ ਕੀ ਬਚਦਾ ਹੋਊ?

ਇਕ ਸ਼ਾਮ ਮੈਂ ਸੈਰ ਲਈ ਕਚਹਿਰੀਆਂ ਮੂਹਰਦੀ ਲੰਘਿਆ ਤਾਂ ਵੇਖਿਆ ਉਸਦੀ ਰੇੜ੍ਹੀ ਕੰਧ ਨਾਲ ਟੇਢੀ ਹੋਈ ਪਈ ਸੀ। ਟੁੱਟੇ ਹੋਏ ਆਂਡੇ ਖਿੱਲਰੇ ਪਏ ਸਨ ਜਿਨ੍ਹਾਂ ਤੇ ਮੱਖੀਆਂ ਭਿੰਨ-ਭਿੰਨ ਕਰ ਰਹੀਆਂ ਸਨ। ਆਪ ਉਹ ਕਿਧਰੇ ਨਜ਼ਰ ਨਹੀਂ ਆਇਆ।

ਇੱਕ ਰਿਕਸ਼ੇ ਵਾਲੇ ਤੋਂ ਪੁੱਛਿਆ ਤਾਂ ਉਸਨੇ ਦੱਸਿਆ, 'ਰਾਤ ਨ੍ਹੇਰੇ ਹੋਏ ਬੰਦੇ ਆਏ ਤੇ ਰੇਹੜੀ ਭੰਨ ਗਏ, ਨਾਲੇ ਸਾਰੇ ਆਂਡੇ। ਉਹਦੇ ਸਿਰ 'ਚ ਪਿੱਛੋਂ ਦੀ ਡਾਂਗ ਮਾਰੀ। ਉਹ ਤਾਂ ਹਸਪਤਾਲ 'ਚ ਦਾਖਲ ਐ। ਆਹ ਢਾਬੇ ਵਾਲਿਆਂ ਦੀ ਬੇੜੀ 'ਚ ਵੱਟੇ ਪਏ ਜਾਪਦੇ ਐ।'

ਉਸਨੇ ਢਾਬਿਆਂ ਵੱਲ ਕੈਰੀ ਅੱਖ ਨਾਲ਼ ਵੇਖਦਿਆਂ ਜ਼ੋਰ ਦੀ ਜਰਦੇ ਦੀ ਪਿਚਕਾਰੀ ਮਾਰੀ।

*ਸਤੰਬਰ, 2009*

## ਆਪਣੀ ਆਪਣੀ ਰਾਏ/ਡਾ. ਅਮਰ ਕੋਮਲ

ਰੇਲਵੇ ਸਟੇਸ਼ਨ ਦੇ ਪਲੇਟ-ਫਾਰਮ ਦੇ ਇੱਕ ਬੈਂਚ ਤੇ ਬੈਠੇ ਤਿੰਨ ਨੌਜਵਾਨ ਗੱਡੀ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਦੇ ਸਾਹਮਣਿਓਂ ਇੱਕ ਅਜੀਬ ਕਿਸਮ ਦਾ ਵਿਅਕਤੀ ਲੰਘਿਆ। ਜਿਸ ਦਾ ਪਹਿਰਾਵਾ ਧਾਰਮਿਕ ਸੀ। ਉਸ ਦਾ ਉੱਚਾ ਲੰਮਾ ਕੱਦ, ਮੋਟਾ ਡਾਹਢਾ ਸਰੀਰ, ਸਰੀਰ ਉਪਰ ਵੱਡਾ ਉਚਾ ਪੱਗੜ, ਪੱਗੜ ਉਪਰ ਲੋਹੇ ਦੇ ਚੱਕ, ਲੋਹੇ ਦੀਆਂ ਜੰਜੀਰਾਂ, ਪਾਈਆਂ ਹੋਈਆਂ ਸਨ। ਗਲ ਵਿਚ ਅਨੇਕਾਂ ਲੋਹੇ ਦੇ ਅਸਤਰ ਸ਼ਸ਼ਤਰ, ਹੱਥਾਂ ਵਿਚ ਦੋ ਤਲਵਾਰਾਂ, ਇੱਕ ਛੋਟੀ ਤੇ ਇੱਕ ਵੱਡੀ। ਪਿੱਠ ਪਿੱਛੇ ਲੋਹੇ ਦੀ ਢਾਲ, ਪਿੰਜਣੀਆਂ ਉਪਰ ਪਟੇ ਚਾੜ੍ਹ ਰੱਖੇ ਸਨ। ਇੱਕ ਹੱਥ ਪਾਣੀ ਪੀਣ ਲਈ ਲੋਹੇ ਦਾ ਗੜਵਾ, ਗਲ ਵਿਚ ਲੋਹੇ ਦੇ ਮਣਕਿਆਂ ਵਾਲੀਆਂ ਅਨੇਕਾਂ ਮਾਲਾਵਾਂ, ਅੱਖਾਂ ਉਪਰ ਕਾਲੀਆਂ ਐਨਕਾਂ, ਫੌਜੀਆਂ ਵਾਂਗ ਪਰੇਡ ਕਰਦਾ ਉਹ ਜਾ ਰਿਹਾ ਸੀ।

ਤਿੰਨਾਂ ਵਿੱਚੋਂ ਇੱਕ ਨੌਜਵਾਨ ਨੇ ਸਵਾਲੀਆ ਲਹਿਜੇ ਵਿੱਚ ਪੁੱਛਿਆਂ, 'ਇਸ ਵਿਅਕਤੀ ਸਬੰਧੀ ਤੁਹਾਡੀ ਕੀ ਰਾਏ ਹੈ?'

'ਇਹ ਤਾਂ ਧਾਰਮਿਕ ਵਿਅਕਤੀ ਹੈ। ਆਪਣੇ ਇਸ਼ਟ ਵਿੱਚ ਪੱਕਾ, ਰੱਬ ਦਾ ਪੁਜਾਰੀ, ਦ੍ਰਿੜ ਸੰਕਲਪੀ, ਸਾਧੂ ਬਿਰਤੀ ਵਾਲਾ, ਫੱਕਰ, ਨਿਰਪੱਖ, ਨਿਰਲੇਪ, ਸਾਦਾ ਗਰੀਬ, ਆਪਣੀ ਧੁਨ ਵਿਚ ਪੱਕਾ.....ਮਹਾਂ ਯਾਤਰੀ।' ਇੱਕ ਨੋਜਵਾਨ ਦਾ ਉੱਤਰ ਸੀ।

'ਪਰ....ਪਰ...ਮੇਰਾ ਖ਼ਿਆਲ ਹੈ.....' ਦੂਜਾ ਨੌਜਵਾਨ ਬੋਲਿਆ, 'ਅਜਿਹੇ ਵਿਅਕਤੀ ਕੰਮ-ਚੋਰ, ਵਿਹਲੇ ਰਹਿਕੇ ਖਾਣ ਵਾਲੇ, ਪਲਾਇਣਵਾਦੀ ਹੁੰਦੇ ਹਨ। ਰੱਬ ਦੀਆਂ ਦਿੱਤੀਆਂ ਖਾਣ

ਵਾਲੇ, ਵਿਹਲੀ, ਭਰਮੀ, ਨਸ਼ੀਲੇ ਪਦਾਰਥਾਂ ਦੇ ਸ਼ੌਕੀਨ, ਜਿਹੜੇ ਧਾਰਮਿਕ ਪਹਿਰਾਵੇ ਸਦਕੇ ਆਪਣਾ ਹਲਵਾ ਮੰਡਾ ਚਲਾਉਂਦੇ ਹਨ। ਅਜਿਹੇ ਵਿਅਕਤੀ, ਧਰਤੀ 'ਤੇ ਭਾਰ ਹਨ। ਜਿੰਨ੍ਹਾਂ ਨੇ ਕਦੇ ਨਾ ਸਮਾਜ ਦਾ, ਨਾ ਦੇਸ਼ ਕੌਮ ਦਾ ਭਲਾ ਕੀਤਾ ਹੁੰਦਾ ਹੈ।....'

ਤੀਜਾ ਵਿਅਕਤੀ ਜੋ ਅਜੇ ਤੱਕ ਚੁੱਪ ਸੀ, ਮੁਸਕਰਾ ਕੇ ਕਹਿਣ ਲੱਗਾ, 'ਦੋਸਤੋ' ਮੈਨੂੰ ਤਾਂ ਇੰਝ ਲੱਗਦੈ, ਅਜਿਹੇ ਬੰਦਿਆਂ ਨੂੰ ਧਰਮ ਰਾਜ ਨੇ ਸਜ਼ਾ ਦਿੱਤੀ ਹੋਈ ਹੈ। ਜਿੰਨ੍ਹਾਂ ਨੇ ਆਪਣੇ ਪਿਛਲੇ ਜਨਮ ਵਿਚ, ਭਰੂਣ ਹੱਤਿਆ ਕਰਵਾਈ ਸੀ; ਖੇਤਾਂ ਵਿੱਚੋਂ ਹਰੇ ਦਰਖਤ ਕਟਵਾਏ ਸਨ, ਪਿੰਡਾਂ ਦੇ ਟੋਭੇ ਬੰਦ ਕਰਵਾਏ, ਉਨ੍ਹਾਂ ਨੂੰ ਇਸ ਜਨਮ ਵਿਚ ਹਰ ਸਮੇਂ ਪੰਜ ਕਿੱਲੋ ਸਿਰ 'ਤੇ, ਦਸ ਕਿੱਲੋ ਪਿੱਠ ਤੇ, ਸੱਤ ਕਿੱਲੋ ਹੱਥਾਂ ਵਿਚ ਅਤੇ ਲੱਕ ਦੁਆਲੇ ਚਾਰ ਕਿੱਲੋ ਭਾਰ ਉਠਾਈ ਰੱਖਣਗੇ। ਇਹੋ ਸਜ਼ਾ ਦਾ ਇਹ ਹੁਣ ਭੁਗਤਾਣ ਕਰ ਰਹੇ ਹਨ।'

ਤਿੰਨਾਂ ਵਿੱਚੋਂ ਕੌਣ ਸਹੀ ਸੀ। ਸਮਝਣਾ ਮੁਸ਼ਕਲ ਸੀ। ਇਹ ਇੰਨ੍ਹਾਂ ਦੀ ਆਪਣੀ ਆਪਣੀ ਰਾਏ ਸੀ।

***ਮਾਰਚ, 2010***

## ਸੀਰੀ/ਸੁਰਿੰਦਰ ਕੈਲੇ

'ਕੁੜੇ ਬਸੰਤ ਕੁਰੇ, ਸੁਣਿਐ ਕੁੱਛ? ਆਹ ਤਾਂ ਰੱਬ ਨੇ ਲੋਹੜਾ ਈ ਮਾਰਿਆ।' ਅੰਦਰ ਵੜਦੀ ਗੁਆਂਢਣ ਨੇ ਗੱਲ ਸ਼ੁਰੂ ਕਰਦਿਆਂ ਕਿਹਾ।

ਕੀ ਹੋਇਆ ਭੈਣੇ?

ਬਸੰਤ ਕੌਰ ਦੇ ਗੱਲ ਸਮਝ ਨਾ ਆਈ ਤੇ ਉਸਨੇ ਅੱਗੋਂ ਜਾਨਣਾ ਚਾਹਿਆ।

'ਹੋਣਾ ਕੀ ਸੀ, ਸਰਪੰਚ ਨੇ ਵੀਰੂ ਸਾਂਝੀ ਦੇ ਮੁੰਡੇ ਨੂੰ ਨਰਮੇ ਤੇ ਸਪਰੇ ਕਰਨ ਲਾਇਆ ਸੀ। ਉਸਨੂੰ ਦਵਾਈ ਚੜ੍ਹ ਗਈ ਤੇ ਉੱਥੇ ਹੀ ਬੇਹੋਸ਼ ਹੋ ਗਿਆ।'

'ਹਾਇ! ਹਾਇ! ਫੇਰ ਕੀ ਹੋਇਆ?'

'ਸਰਪੰਚ ਮੁੰਡੇ ਨੂੰ ਟਰਾਲੀ 'ਚ ਪਾ ਕੇ ਸ਼ਹਿਰ ਲੈ ਗਿਆ। ਪਰ ਉਹ ਤਾਂ ਵਿਚਾਰਾ ਰਾਹ 'ਚ ਈ ਪੂਰਾ ਹੋ ਗਿਆ।'

ਗੁਆਂਢਣ ਨੇ ਦਰਦ ਭਰੇ ਮਨ ਨਾਲ ਦੱਸਦਿਆਂ ਤੇ ਹਮਦਰਦੀ ਜਤਾਉਂਦਿਆਂ ਕਿਹਾ,

'ਵਿਚਾਰੇ ਗਰੀਬ ਨਾਲ ਤਾਂ ਬਹੁਤਾ ਈ ਧੱਕਾ ਹੋਇਆ। ਕੱਲਾ ਕੱਲਾ ਜਵਾਕ ਸੀ ਵੀਰੂ ਦੇ।'

'ਤਾਂ ਈ ਤਾਂ ਮੈਂ ਨੀ ਅਪਣੇ ਗੁਰਿੰਦਰ ਨੂੰ ਸਪਰੇ ਤੇ ਲੱਗਣ ਦਿੰਦੀ, ਭਾਵੇਂ ਇਹਦਾ ਬਾਪੂ ਕਈ ਵਾਰ ਕਹਿੰਦਾ ਵੀ ਹੁੰਦਾ। ਮੈਂ ਖਹਿੜੇ ਪੈ ਜਾਂਦੀ ਆਂ ਬਈ ਭਈਏ ਥੋੜ੍ਹੇ ਨੇ ਸਪਰੇਆਂ ਨੂੰ। ਰੱਬ ਨਾ ਕਰੇ, ਜੇ ਐਂ ਚੰਗੀ ਮਾੜੀ ਹੋ ਜੇ। ਨਾਲੇ ਪੁੱਤ ਕਿਹੜਾ ਲੱਖੀਂ ਹਜ਼ਾਰੀਂ ਮਿਲਦੇ ਨੇ.....।'

ਬਸੰਤ ਕੌਰ ਨੇ ਆਪਣਾ ਪੱਖ ਦਰਸਾਉਂਦਿਆਂ ਕਿਹਾ।

ਇਨ੍ਹਾਂ ਦੋਹਾਂ ਦੀਆਂ ਗੱਲਾਂ ਸੁਣ ਵਿਹੜੇ ਵਾਲੀ ਕਰਮੋ ਗੋਹਾ ਕੂੜਾ ਕਰਨੋਂ ਰੁਕ ਗਈ। ਉਸਦੀਆਂ ਅੱਖਾਂ ਵਿੱਚੋਂ ਛਮ ਛਮ ਹੰਝੂ ਚੋਣ ਲੱਗੇ। ਕਈ ਸਾਲ ਪਹਿਲਾਂ ਦੀ ਘਟਨਾ ਫਿਰ ਤਾਜ਼ਾ

ਹੋ ਗਈ। ਉਸਦਾ ਇਕਲੌਤਾ ਪੁੱਤਰ ਵੀ ਇੰਝ ਹੀ ਅਜਾਈਂ ਮੌਤ ਦੇ ਮੂੰਹ ਜਾ ਪਿਆ ਸੀ। ਘੁੱਟ ਕੇ ਕਲੇਜਾ ਫੜੀਂ ਕਰਮੋਂ, ਬਸੰਤ ਕੌਰ ਦੀਆਂ ਗੱਲਾਂ ਸੁਣ ਤੜਪ ਉੱਠੀ। ਉਸਦਾ ਰੋਹ ਆਪ ਮੁਹਾਰੇ ਫੁੱਟ ਪਿਆ:

'ਜਿਹੜਾ ਮਰ ਗਿਆ, ਉਹ ਕਿਹੜਾ ਕਿਸੇ ਮਾਂ ਦਾ ਪੁੱਤ ਸੀ, ਸੀਰੀ ਈ ਸੀ ਨਾ।'

*ਜੂਨ, 2010*

## ਮਾਂ ਨੂੰ ਛੁੱਟੀ/ਕਰਮਜੀਤ ਗਰੇਵਾਲ

ਸ਼ਾਮ ਦੀ ਰੋਟੀ ਸਾਰਾ ਪਰਿਵਾਰ ਰਸੋਈ ਦੇ ਸਾਹਮਣੇ ਵੱਡੇ ਕਮਰੇ ਵਿਚ ਬੈਠ ਕੇ ਖਾਂਦਾ ਹੈ ਜਿੱਥੇ ਟੀ.ਵੀ. ਰੱਖਿਆ ਹੋਇਆ ਹੈ। ਨੂੰਹ ਤੇ ਪੁੱਤ ਆਪੋ ਆਪਣੇ ਦਫਤਰ ਤੋਂ ਆ ਕੇ ਅਰਾਮ ਕਰਨ ਲੱਗ ਜਾਂਦੇ ਹਨ। ਮਾਂ ਉਨ੍ਹਾਂ ਦੀ ਲੋੜ ਮੁਤਾਬਕ ਪਾਣੀ, ਚਾਹ ਕਦੇ ਦੁੱਧ ਗਰਮ ਕਰਦੀ ਹੈ। ਕਦੇ ਪੋਤਾ-ਪੋਤੀ ਆਪਣੀ ਪਸੰਦ ਦੀਆਂ ਚੀਜ਼ਾਂ ਬਣਵਾਉਂਦੇ ਹਨ। ਮਾਂ ਦਾ ਕੰਮ ਸਾਰਾ ਦਿਨ ਨਹੀਂ ਮੁੱਕਦਾ। ਨੌਕਰ ਰੱਖਣ ਦਾ ਰਿਵਾਜ ਇਸ ਘਰ ਵਿੱਚ ਸ਼ੁਰੂ ਤੋਂ ਹੀ ਨਹੀਂ ਹੈ।

ਸ਼ਨੀਵਾਰ ਨੂੰ ਸਾਰੇ ਜਾਣੇ ਦੇਰ ਰਾਤ ਤੱਕ ਟੀ.ਵੀ. ਤੇ ਚੱਲਦੀ ਫਿਲਮ ਦੇਖਦੇ ਰਹੇ ਇੱਕ ਮਾਂ ਤੋਂ ਸਿਵਾਏ। ਨੂੰਹ, ਰਸੋਈ 'ਚ ਗੇੜਾ ਜਿਹਾ ਮਾਰਦੀ ਫਿਰ ਟੀ.ਵੀ. ਅੱਗੇ ਆ ਬਹਿੰਦੀ।

ਮਾਂ ਨੇ ਇਕੱਲੀ ਨੇ ਹੀ ਰੋਟੀ ਬਣਾ ਕੇ ਸਭ ਨੂੰ ਖਵਾਈ। ਗਿਆਰਾਂ ਕੁ ਵਜੇ ਫਿਲਮ ਖਤਮ ਹੋਈ।

ਪਾਪਾ ਸੌਣ ਵਾਲੇ ਕਮਰੇ ਵੱਲ ਜਾਂਦਿਆਂ ਆਖਣ ਲੱਗੇ, 'ਮੈਨੂੰ ਸਵੇਰੇ ਅੱਠ ਵਜੇ ਤੱਕ ਨਾ ਜਗਾਉਣਾ, ਐਤਵਾਰ ਦੀ ਛੁੱਟੀ ਹੈ, ਰੱਜ ਕੇ ਨੀਂਦ ਲਾਹਵਾਂਗੇ।'

ਨੂੰਹ ਤੇ ਪੁੱਤ ਵੀ ਛੁੱਟੀ ਵਾਲੇ ਦਿਨ ਲੇਟ ਉੱਠਣ ਦੀ ਗੱਲ ਕਰਕੇ ਸੌਣ ਚਲੇ ਗਏ।

ਪੋਤਾ ਤੇ ਪੋਤੀ ਬੋਲੇ,

'ਸਾਨੂੰ ਵੀ ਛੇਤੀ ਨਾ ਜਗਾਇਓ, ਅਸੀਂ ਕਿਹੜਾ ਕੱਲ੍ਹ ਸਕੂਲ ਜਾਣਾ?'

ਸਭ ਦੀਆਂ ਗੱਲਾਂ ਸੁਣਦੀ ਮਾਂ ਅਜੇ ਵੀ ਕੰਮ ਵਿੱਚ ਮਸ਼ਰੂਫ ਸੀ ਰਸੋਈ ਵਿਚ ਭਾਂਡਿਆਂ ਦਾ ਢੇਰ ਪਿਆ ਸੀ। ਸੌਣ ਲਈ ਉਸਨੂੰ ਘੰਟਾ ਲੱਗ ਜਾਣਾ ਸੀ। ਤੜਕੇ ਵੀ ਸਾਰਿਆਂ ਤੋਂ ਪਹਿਲਾਂ ਉੱਠਕੇ ਉਸਨੇ ਹੀ ਚਾਹ ਬਨਾਉਣੀ ਸੀ। ਕੰਮ ਕਰਦੀ ਮਾਂ ਨੂੰ ਅਚਾਨਕ ਖਿਆਲ ਆਇਆ ਭਲਾ ਮੈਨੂੰ ਛੁੱਟੀ ਕਿਹੜੇ ਦਿਨ ਹੋਵੇਗੀ?

*ਜੂਨ, 2010*

ਕੁੱਲ ਅੱਖਰ : 241143

ਕੁੱਲ ਸ਼ਬਦ : 58996